

## Thinking Real Estate?

**BUYERS** we'll find the right home for you. We have a common goal: Making you a homeowner.
**SELLERS** we know your local markets

*Pradeep Singh*
**847-322-5832**
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

COLDWELL BANKER
Residential Brokerage

## BIG BAZAAR
**Grocery, Sweets & Catering**
5425 E. Thompson Rd. Indianapolis IN 46237
*Fresh Vegetables Every Thursday
**Buffet** Mon to Sat. 11am to 3pm / Sunday 2pm to 7pm

*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery

## Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
**Landmark Realty**
40600 Ann Arbor Rd., Suite# 150,
Plymouth, MI 48170
**Call: 734-751-4455**
rajsshergill@yahoo.com

Raj Shergill
*Associate Broker*



Twentieth Year of Publication | ਮਿਡਵੈਸਟ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 20, Issue 48, November 30, 2019 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਕੈਪਟਨ ਖਿਲਾਫ ਬਾਗੀ ਸੁਰਾਂ ਹੋਈਆਂ ਤਿੱਖੀਆਂ

## ਕਾਂਗਰਸੀ ਵਿਧਾਇਕਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਉਠਾਏ ਸਵਾਲ



**ਚੰਡੀਗੜ੍ਹ:** ਵਾਅਦਾਖਿਲਾਫੀ ਕਾਰਨ ਲੋਕ ਰੋਹ ਦਾ ਸਾਹਮਣਾ ਕਰ ਰਹੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਖਿਲਾਫ ਹੁਣ ਕਾਂਗਰਸੀ ਵਿਧਾਇਕਾਂ ਨੇ ਵੀ ਬਗਾਵਤ ਦਾ ਝੰਡਾ ਚੁੱਕ ਲਿਆ ਹੈ। ਕਾਂਗਰਸ ਦੇ ਆਪਣੇ ਵਿਧਾਇਕ ਹੀ ਸਰਕਾਰ ਉਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜਕੜ ਅਤੇ ਰਿਸ਼ਵਤਖੋਰੀ ਬਾਰੇ ਸਵਾਲ ਉਠਾ ਰਹੇ ਹਨ। ਨਸ਼ਾ ਵਿਕਣ ਦੀ ਗੱਲ ਹੋਵੇ ਜਾਂ ਬੇਅਦਬੀ ਦਾ ਮਾਮਲਾ, ਬਹੁਤ ਸਾਰੇ ਕਾਂਗਰਸੀ ਆਗੂ ਵੀ ਇਨ੍ਹਾਂ ਸਮੱਸਿਆਵਾਂ ਦੇ ਨਾ ਹੱਲ ਹੋਣ ਦੀ ਹਕੀਕਤ ਨੂੰ ਮੰਨ ਰਹੇ ਹਨ।

ਪਟਿਆਲਾ ਵਿਚ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਵਿਚ ਚਾਰ ਕਾਂਗਰਸੀ ਵਿਧਾਇਕਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਅੰਦਰ ਫੈਲੇ ਭ੍ਰਿਸ਼ਟਾਚਾਰ ਅਤੇ ਆਪਣੇ ਫੋਨ ਟੈਪ ਕਰਨ ਦੀ ਅਪਰਾਧਿਕ ਕਾਰਵਾਈ ਹੋਣ ਦਾ ਦੋਸ਼ ਲਗਾ ਕੇ ਸਭ ਦਾ ਧਿਆਨ ਖਿੱਚਿਆ ਹੈ। ਇਨ੍ਹਾਂ ਵਿਧਾਇਕਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਨਾਲਾਇਕੀ ਕਾਰਨ ਉਨ੍ਹਾਂ ਦਾ ਆਪਣੇ ਹਲਕਿਆਂ ਵਿਚ ਜਾਣਾ ਮੁਸ਼ਕਿਲ ਹੋ ਗਿਆ ਹੈ ਅਤੇ ਲੋਕ ਉਨ੍ਹਾਂ ਨੂੰ ਚੋਣ ਵਾਅਦਿਆਂ ਬਾਰੇ ਸਵਾਲ ਕਰ ਰਹੇ ਹਨ।

ਪਟਿਆਲਾ ਜ਼ਿਲ੍ਹੇ ਵਿਚ ਮੁੱਖ ਮੰਤਰੀ ਸਣੇ ਸੱਤ ਵਿਧਾਇਕ ਹਨ ਜਿਸ ਵਿਚੋਂ ਦੋ- ਬ੍ਰਹਮ ਮਹਿੰਦਰਾ ਤੇ ਸਾਧੂ ਸਿੰਘ ਧਰਮਸੋਤ ਮੰਤਰੀ ਹਨ ਜਦੋਂਕਿ ਚਾਰ ਵਿਧਾਇਕ ਮਦਨ ਲਾਲ ਜਲਾਲਪੁਰ, ਹਰਦਿਆਲ ਸਿੰਘ ਕੰਬੋਜ, ਕਾਕਾ ਰਜਿੰਦਰ ਸਿੰਘ ਤੇ ਨਿਰਮਲ ਸਿੰਘ ਸ਼ੁਤਰਾਣਾ ਹਨ। ਹਲਕਾ ਸ਼ੁਤਰਾਣਾ ਤੋਂ ਕਾਂਗਰਸੀ ਵਿਧਾਇਕ ਨਿਰਮਲ ਸਿੰਘ ਨੇ ਸਰਕਾਰ ਖਿਲਾਫ ਤਿੱਖੇ ਤੇਵਰ ਦਿਖਾਏ ਹਨ ਅਤੇ ਆਖ ਦਿੱਤਾ ਹੈ ਕਿ ਜੇ ਉਨ੍ਹਾਂ ਦੀਆਂ ਮੁੱਖ ਮੰਗਾਂ ਪੂਰੀਆਂ ਨਾ ਹੋਈਆਂ ਤਾਂ ਉਹ ਪਹਿਲੀ ਜਨਵਰੀ ਤੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਕੋਠੀ ਅੱਗੇ ਧਰਨਾ ਸ਼ੁਰੂ ਕਰਨ ਲਈ ਮਜਬੂਰ ਹੋਣਗੇ। ਇਨ੍ਹਾਂ ਨਾਰਾਜ਼ ਵਿਧਾਇਕਾਂ ਦੀ ਅਗਵਾਈ ਮਦਨ ਲਾਲ ਜਲਾਲਪੁਰ ਨੇ ਸੰਭਾਲੀ ਹੋਈ ਹੈ। ਵਿਧਾਇਕਾਂ ਦਾ ਦਾਅਵਾ ਹੈ ਕਿ ਅਸਲ ਸਰਕਾਰ ਹੁਣ ਅਫਸਰਸ਼ਾਹੀ ਚਲਾ ਰਹੀ ਹੈ।

ਵਿਧਾਇਕਾਂ ਦੀ ਨਾਰਾਜ਼ਗੀ ਪਹਿਲੀ ਵਾਰ ਸਾਹਮਣੇ ਨਹੀਂ ਆਈ ਬਲਕਿ ਇਸ ਤੋਂ ਪਹਿਲਾਂ ਵੱਖ-ਵੱਖ ਸਮਿਆਂ 'ਚ ਇਕ ਦਰਜਨ ਤੋਂ ਵੱਧ ਵਿਧਾਇਕ ਕਿਸੇ ਨਾ ਕਿਸੇ ਮੌਕੇ ਖੁੱਲ੍ਹੇਆਮ ਆਪਣੀ ਨਾਰਾਜ਼ਗੀ ਪ੍ਰਗਟ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਕੈਪਟਨ ਖਿਲਾਫ ਅੰਮ੍ਰਿਤਸਰ ਦੇ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਵੀ ਬਗਾਵਤ ਦਾ ਝੰਡਾ ਚੁੱਕਿਆ ਸੀ। ਇਸ ਤੋਂ ਇਲਾਵਾ ਸੁਰਜੀਤ ਧੀਮਾਨ, ਨੱਥੂ ਰਾਮ, ਰਣਦੀਪ ਸਿੰਘ ਨਾਭਾ, ਕੁਲਬੀਰ ਜ਼ੀਰਾ, ਅਮਰੀਕ ਸਿੰਘ ਢਿੱਲੋਂ, ਬਲਵਿੰਦਰ ਸਿੰਘ ਲਾਡੀ, ਰਾਕੇਸ਼ ਪਾਂਡੇ, ਸੁਸ਼ੀਲ ਰਿੰਕੂ, ਪ੍ਰਗਟ ਸਿੰਘ ਆਦਿ ਦੇ ਨਾਂ ਲਏ ਜਾ ਸਕਦੇ ਹਨ। ਵਿਧਾਇਕਾਂ ਦੀ ਨਾਰਾਜ਼ਗੀ ਕਾਰਨ ਹੀ ਮੁੱਖ ਮੰਤਰੀ ਨੂੰ ਕੁਝ ਵਿਧਾਇਕਾਂ ਨੂੰ ਸਲਾਹਕਾਰ ਵਰਗੇ ਅਹੁਦੇ ਦੇ ਕੇ ਸ਼ਾਂਤ ਕਰਨ ਦਾ ਯਤਨ ਕੀਤਾ ਗਿਆ। ਇਸ ਤੋਂ ਇਲਾਵਾ ਹੋਰ ਵੀ ਕਈ ਵਿਧਾਇਕ ਹਨ ਜੋ ਭਾਵੇਂ

*(ਬਾਕੀ ਸਫਾ 6 ਉਤੇ)*

# ਮਹਾਰਾਸ਼ਟਰ: ਭਾਜਪਾ ਨੇ ਜਮਹੂਰੀ ਨਿਯਮ ਮਧੋਲੇ

**ਨਵੀਂ ਦਿੱਲੀ:** ਭਾਜਪਾ ਨੇ ਜਮਹੂਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਮਹਾਰਾਸ਼ਟਰ ਵਿਚ ਸੱਤਾ ਹਾਸਲ ਕਰਨ ਲਈ ਜਿਸ ਤਰ੍ਹਾਂ ਕੇਂਦਰੀ ਸੱਤਾ ਦੀ ਵਰਤੋਂ ਕੀਤੀ, ਉਸ ਉਤੇ ਵੱਡੇ ਸਵਾਲ ਉਠ ਰਹੇ ਹਨ। ਭਾਵੇਂ ਭਾਜਪਾ ਦੀ 'ਧੱਕੇਸ਼ਾਹੀ' ਵਾਲੀ ਇਹ ਸਰਕਾਰ ਸਿਰਫ ਤਿੰਨ ਕੁ ਦਿਨ ਹੀ ਚੱਲ ਸਕੀ ਪਰ ਇਹ ਸਾਫ ਕਰ ਦਿੱਤਾ ਕਿ ਸੱਤਾ ਪ੍ਰਾਪਤੀ ਲਈ ਇਹ ਭਗਵਾ ਧਿਰ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।



ਸਭ ਤੋਂ ਵੱਧ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਸੂਬੇ ਦੇ ਰਾਜਪਾਲ, ਇਥੋਂ ਤੱਕ ਕਿ ਰਾਸ਼ਟਰਪਤੀ ਨੂੰ ਵੀ ਭਾਜਪਾ ਦੇ 'ਹੁਕਮਾਂ' ਦੀ ਪਾਲਣਾ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਸੂਬੇ ਵਿਚ ਦਿਨ ਚੜ੍ਹਦੇ ਤੱਕ ਭਾਜਪਾ ਦੀ ਸਰਕਾਰ ਬਣ ਗਈ।

ਮਹਾਰਾਸ਼ਟਰ ਸ਼ਿਵ ਸੈਨਾ, ਐਨ.ਸੀ.ਪੀ. ਅਤੇ ਕਾਂਗਰਸ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਉਸ ਵਕਤ ਧਰੀਆਂ-ਧਰਾਈਆਂ ਰਹਿ ਗਈਆਂ, ਜਦੋਂ ਭਾਜਪਾ ਦੀ ਤੈਅ ਰਣਨੀਤੀ ਤਹਿਤ ਪ੍ਰਧਾਨ ਮੰਤਰੀ ਨੇ ਬਹੁਤ ਹੀ ਖਾਸ ਸਮੇਂ ਵਿਚ ਤਾਕਤ ਦੇਣ ਵਾਲੇ ਨਿਯਮ 12 ਦੀ ਵਰਤੋਂ ਕਰਦਿਆਂ ਸਵੇਰੇ ਛੇ ਵਜੇ ਮਹਾਰਾਸ਼ਟਰ ਵਿਚ ਲੱਗਿਆ ਰਾਸ਼ਟਰਪਤੀ ਰਾਜ ਖਤਮ ਕਰ ਦਿੱਤਾ।

ਦੋ ਘੰਟਿਆਂ ਤੋਂ ਵੀ ਪਹਿਲਾਂ, ਭਾਵ 7:50 ਮਿੰਟ ਉਤੇ ਭਾਜਪਾ ਦੇ ਦੇਵੇਂਦਰ ਫੜਨਵੀਸ ਮੁੱਖ ਮੰਤਰੀ ਅਤੇ ਐਨ.ਸੀ.ਪੀ. ਵਿਧਾਇਕ ਦਲ ਦੇ ਆਗੂ ਤੇ ਪਾਰਟੀ ਪ੍ਰਧਾਨ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਦੀ ਸਹੁੰ ਚੁੱਕ ਲਈ। ਭਾਜਪਾ ਨੇ ਐਨ.ਸੀ.ਪੀ. ਦੇ ਵਿਧਾਇਕਾਂ ਦੀ ਹਮਾਇਤ ਹੋਣ ਦਾ ਦਾਅਵਾ ਕੀਤਾ ਪਰ ਸ਼ਾਮ ਹੁੰਦਿਆਂ ਪਾਸਾ ਪੁੱਠਾ ਪੈ ਗਿਆ ਅਤੇ ਅਜੀਤ ਪਵਾਰ ਸਮੇਤ ਚਾਰ ਵਿਧਾਇਕਾਂ ਨੂੰ ਛੱਡ ਕੇ ਐਨ.ਸੀ.ਪੀ. ਦੇ 49 ਵਿਧਾਇਕਾਂ ਨੇ ਪ੍ਰਧਾਨ ਸ਼ਰਦ ਪਵਾਰ ਵਲੋਂ ਸੱਦੀ ਬੈਠਕ 'ਚ ਹਾਜ਼ਰੀ ਭਰੀ। ਬਾਜ਼ੀ ਪੁੱਠੀ ਪੈਂਦੀ ਵੇਖ ਅਜੀਤ ਪਵਾਰ ਨੇ ਉਪ ਮੁੱਖ ਮੰਤਰੀ ਅਤੇ ਫੜਨਵੀਸ ਨੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇਣ ਵਿਚ ਹੀ ਭਲਾਈ ਸਮਝੀ; ਇਉਂ ਭਾਜਪਾ ਸਿਰਫ ਤਿੰਨ ਦਿਨ ਹੀ ਸੱਤਾ ਦਾ ਸੁੱਖ ਭੋਗ ਸਕੀ।

ਦਰਅਸਲ, ਵਿਧਾਨ ਸਭਾ ਚੋਣਾਂ ਮਿਲ ਕੇ ਲੜਨ ਵਾਲੀ ਭਾਜਪਾ ਤੇ ਸ਼ਿਵ ਸੈਨਾ 24 ਅਕਤੂਬਰ ਨੂੰ ਆਏ ਨਤੀਜਿਆਂ ਤੋਂ ਬਾਅਦ ਸਰਕਾਰ ਬਣਾਉਣ ਬਾਰੇ ਸਹਿਮਤ ਨਹੀਂ ਹੋ ਸਕੇ। ਰਾਜਪਾਲ ਨੇ 288 ਵਿਚੋਂ 105 ਸੀਟਾਂ ਜਿੱਤ ਕੇ ਵੱਡੀ ਪਾਰਟੀ ਵਜੋਂ ਉਭਰੀ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਤਾਂ ਉਸ ਕੋਲ ਲੋੜੀਂਦਾ ਬਹੁਮਤ ਨਾ ਹੋਣ ਕਰਕੇ ਭਾਜਪਾ ਨੇ ਸੱਦਾ ਠੁਕਰਾ ਦਿੱਤਾ। ਇਸ ਤੋਂ ਬਾਅਦ 56

*(ਬਾਕੀ ਸਫਾ 6 ਉਤੇ)*


## India Palace Restaurant
**And Banquet Hall**
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550

## Amber Indian Restaurant
*Restaurant-Fine Indian Cuisine*

12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
***Ph: 317-709-7800***
www.indianpalaceindy.com
www.AmberIndianRestaurantCarmel.com

## WorldWide Travel, Inc

ਅੱਜ ਹੀ ਕਾਲ ਕਰੋ
24 ਘੰਟੇ ਐਮਰਜੈਂਸੀ ਸੇਵਾ
ਦਿੱਲੀ $895
ਟੈਕਸ ਸਮੇਤ
734 838 9998
Fare shown above is for departure from Jan 15th, 2020 and subject to availability, other conditions apply. Please call for more details

ੴ ਸਤਿ ਸ਼੍ਰੀ ਅਕਾਲ
**Regal Jewels**
Ph: 773-262-4377
www.Regaljewels.Com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

Rajveer S. Gill
847-907-1525
2625 W. Devon Ave.
Chicago, IL 60659
E-mail: regaljewelsinc@gmail.com
**Diamonds** ਡਾਇਮੰਡ
**22kt Gold** 22kt ਸੋਨਾ
**24kt Gold** 24kt ਸੋਨਾ


Tel.: 317-426-5410
Ext 311 or 340
XPressCargo
Cell : 317-701-4230
Fax : 317-308-6424
Pay Every Week
Single upto 42 Cent + Team Upto 50 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।
2330 Enterprise Park Dr., Indianapolis, IN 46218
Online Application @ www.xpresscargoinc.com

# ਕੈਨੇਡਾ ਦੀ ਟਰੂਡੋ ਸਰਕਾਰ ਵਿਚ ਪੰਜਾਬੀਆਂ ਦੀ ਬੱਲੇ-ਬੱਲੇ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਰਕਾਰ ਦੇ 36 ਮੈਂਬਰੀ ਮੰਤਰੀ ਮੰਡਲ ਦਾ ਗਠਨ ਕਰ ਲਿਆ ਹੈ। ਪਿਛਲੀ ਸਰਕਾਰ ‘ਚ ਸ਼ਾਮਲ ਹਰਜੀਤ ਸਿੰਘ ਸੱਜਣ, ਨਵਦੀਪ ਬੈਂਸ, ਬਰਦੀਸ਼ ਚੱਗੜ ਅਤੇ ਪਹਿਲੀ ਵਾਰ ਉਂਟਾਰੀਓ ਦੇ ਓਕਵਿਲ ਹਲਕੇ ਤੋਂ ਜਿੱਤੀ ਅਨੀਤਾ ਅਨੰਦ ਨੂੰ ਅਹਿਮ ਅਹੁਦੇ ਸੌਂਪੇ ਹਨ।

ਹਰਜੀਤ ਸੱਜਣ ਨੂੰ ਮੁਲਕ ਦਾ ਰੱਖਿਆ ਮੰਤਰੀ, ਨਵਦੀਪ ਬੈਂਸ ਨੂੰ ਸਾਇੰਸ ਇਨੋਵੇਸ਼ਨ ਅਤੇ ਸਨਅਤ ਮੰਤਰੀ, ਬੀਬੀ ਬਰਦੀਸ਼ ਚੱਗੜ ਨੂੰ ਡਾਇਵਰਸਿਟੀ, ਇਨਕਲੂਜ਼ਨ ਅਤੇ ਯੂਥ ਮੰਤਰੀ ਜਦਕਿ ਅਨੀਤਾ ਅਨੰਦ ਨੂੰ ਪਬਲਿਕ ਸਰਵਿਸ ਤੇ ਪ੍ਰਕਿਉਰਮੈਂਟ ਮੰਤਰਾਲਾ ਸੌਂਪਿਆ ਗਿਆ ਹੈ। ਕੈਨੇਡਾ ਦੀ ਜੰਮਪਲ ਅਨੀਤਾ ਦੀ ਮਾਂ ਅੰਮ੍ਰਿਤਸਰ ਤੋਂ ਅਤੇ ਪਿਤਾ ਤਾਮਿਲ ਹਨ। ਟਰੂਡੋ ਮੰਤਰੀ ਮੰਡਲ ‘ਚ ਔਰਤਾਂ ਤੇ ਪੁਰਸ਼ਾਂ ਨੂੰ ਬਰਾਬਰੀ ਉਤੇ ਰੱਖਿਆ ਗਿਆ ਹੈ। ਬਰੈਂਪਟਨ ਦੇ ਪੰਜ ਸੰਸਦ ਮੈਂਬਰਾਂ ’ਚੋਂ ਕਿਸੇ ਨੂੰ ਮੰਤਰੀ-ਮੰਡਲ ‘ਚ ਨਾ ਲਿਆ ਜਾਣਾ ਲੋਕਾਂ ਨੂੰ ਹਜ਼ਮ ਨਹੀਂ ਹੋ ਰਿਹਾ। ਸਾਬਕਾ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਇੰਟਰ-ਗਵਰਨਮੈਂਟਲ ਅਫੇਅਰਜ਼ ਮੰਤਰਾਲੇ ਦੇ ਨਾਲ ਉਪ ਪ੍ਰਧਾਨ ਮੰਤਰੀ ਬਣਾਇਆ ਗਿਆ ਹੈ।

ਵਿਦੇਸ਼ ਮੰਤਰਾਲਾ ਫਰੈਂਕੋ ਫਿਲਿਪ ਸ਼ੈਂਪੇਨ ਤੇ ਇਮੀਗ੍ਰੇਸ਼ਨ ਮੰਤਰਾਲਾ ਮਾਰਕੋ ਮੈਂਡੀਸਿਨੋ ਨੂੰ ਦਿੱਤਾ ਗਿਆ ਹੈ। ਸਾਬਕਾ ਆਵਾਸ ਮੰਤਰੀ ਅਹਿਮਦ ਹੁਸੈਨ ਨੂੰ ਫੈਮਿਲੀ ਤੇ ਸਮਾਜਕ ਵਿਕਾਸ ਮੰਤਰੀ ਬਣਾਇਆ ਗਿਆ ਹੈ। ਬਿੱਲ ਮੌਰਨੋ ਨੂੰ ਵਿੱਤ ਮੰਤਰੀ, ਮਰੀਅਮ ਮੁਨਸਿਫ ਨੂੰ ਔਰਤਾਂ ਅਤੇ ਲਿੰਗ ਬਰਾਬਰੀ ਦਾ ਮਹਿਕਮਾ ਦਿੱਤਾ ਗਿਆ ਹੈ। ਕ੍ਰਿਸਟੀ ਡੰਕਨ ਸਦਨ ਦੇ ਡਿਪਟੀ ਆਗੂ, ਮਾਰਕ ਹੌਲੈਂਡ ਚੀਫ ਵ੍ਹਿਪ ਅਤੇ ਗਿਨੈਟ ਟੇਲਰ ਡਿਪਟੀ ਵ੍ਹਿਪ ਹੋਣਗੇ। ਟਰੂਡੋ ਵਜਾਰਤ ‘ਚ 7 ਨਵੇਂ ਚਿਹਰੇ ਸ਼ਾਮਲ ਕੀਤੇ ਗਏ ਹਨ। ਸਰਕਾਰ ਵਿਚ ਉਂਟਾਰੀਓ ਸੂਬੇ ਤੋਂ 11 ਅਤੇ ਕਿਊਬਕ ਤੋਂ 10 ਮੰਤਰੀ ਲਏ ਗਏ ਹਨ।

ਹਰਜੀਤ ਸਿੰਘ ਸੱਜਣ ਦਾ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਬੋਮੇਲੀ ਦੇ ਜੰਮਪਲ ਹਨ। ਉਨ੍ਹਾਂ ਦੇ ਪਿਤਾ ਕੁੰਦਨ ਸਿੰਘ ਪੰਜਾਬ ਪੁਲਿਸ ਵਿਚ ਕਾਂਸਟੇਬਲ ਸਨ। ਉਹ ਪੰਜ ਸਾਲ ਦੀ ਉਮਰੇ ਮਾਂ ਤੇ ਵੱਡੀ ਭੈਣ ਨਾਲ ਵੈਨਕੂਵਰ ਆ ਗਏ ਸਨ। ਸ਼ੁਰੂ ‘ਚ ਉਨ੍ਹਾਂ ਪੜ੍ਹਾਈ ਦੇ ਨਾਲ ਨਾਲ ਅਤਿ ਔਖੇ ਕੰਮ ਵੀ ਕੀਤੇ। ਉਹ ਆਪਣੀ ਯੋਗਤਾ ਕਾਰਨ ਵੈਨਕੂਵਰ ਆਰਮੀ ਵਿਚ ਭਰਤੀ ਹੋ ਗਏ ਸਨ। ਉਨ੍ਹਾਂ ਤਿੰਨ ਵਾਰ ਅਫਗਾਨਿਸਤਾਨ ’ਚ ਕੈਨੇਡੀਅਨ ਆਰਮੀ ਦੀ ਕਮਾਂਡ ਸੰਭਾਲੀ। ਉਨ੍ਹਾਂ ਦਾ ਵਿਆਹ 1996 ਵਿਚ ਡਾ. ਕੁਲਜੀਤ ਕੌਰ ਨਾਲ ਹੋਇਆ। ਉਨ੍ਹਾਂ ਦਾ ਇਕ ਪੁੱਤਰ ਤੇ ਇਕ ਧੀ ਹਨ। ਸ. ਸੱਜਣ 2015 ’ਚ ਵੈਨਕੂਵਰ ਸਾਊਥ ਤੋਂ ਚੋਣ ਜਿੱਤ ਕੇ ਟਰੂਡੋ ਸਰਕਾਰ ਵਿਚ ਰੱਖਿਆ ਬਣੇ ਸਨ। ਇਸੇ ਸੀਟ ਤੋਂ ਹੁਣ ਉਹ ਦੁਬਾਰਾ ਜਿੱਤੇ।

ਨਵਦੀਪ ਸਿੰਘ ਬੈਂਸ ਦਾ ਜਨਮ 16 ਜੂਨ 1977 ‘ਚ ਟੋਰਾਂਟੋ ਸਿਟੀ ਵਿਚ ਹੋਇਆ। ਉਨ੍ਹਾਂ ਦੇ ਪਿਤਾ ਬਲਵਿੰਦਰ ਸਿੰਘ ਬੈਂਸ ਅਤੇ ਮਾਤਾ ਹਰਮਿੰਦਰ ਕੌਰ ਪਹਿਲਾਂ ਜਲੰਧਰ ਅਤੇ ਫਿਰ ਰਾਜਸਥਾਨ ਤੋਂ ਕੈਨੇਡਾ ਆਏ ਸਨ। ਨਵਦੀਪ ਨੇ ਮੁਢਲੀ ਵਿਦਿਆ ਬਰੈਂਪਟਨ ਦੇ ਸਕੂਲ ਤੋਂ ਲਈ ਅਤੇ ਫਿਰ ਟੋਰਾਂਟੋ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਦੀ ਡਿਗਰੀ ਲਈ। ਵਿੰਡਸਰ ਯੂਨੀਵਰਸਿਟੀ ‘ਚ ਬਿਜ਼ਨਸ ਵਿਚ ਮਾਸਟਰ ਡਿਗਰੀ ਕਰਨ ਮਗਰੋਂ ਉਹ 2014 ਤੱਕ ਚਾਰਟਰਡ ਅਕਾਊਂਟੈਂਟ ਦਾ ਕੰਮ ਕਰਦੇ ਰਹੇ। 2015 ਵਿਚ ਮਾਲਟਿਨ ਮਿਸੀਸਾਗਾ ਸੀਟ ਤੋਂ ਉਹ ਸੰਸਦ ਲਈ ਚੁਣੇ ਗਏ ਅਤੇ ਲਿਬਰਲ ਸਰਕਾਰ ਵਿਚ ਸਾਇੰਸ ਅਤੇ ਇਕਨਾਮਿਕ ਡਿਵੈਲਪਮੈਂਟ ਮੰਤਰੀ ਬਣੇ।

ਬਰਦੀਸ਼ ਚੱਗਰ ਦਾ ਜਨਮ ਅਪਰੈਲ 1980 ‘ਚ ਹੋਇਆ। ਉਨ੍ਹਾਂ ਦੇ ਪਿਤਾ ਗੁਰਵਿੰਦਰ ਸਿੰਘ ਗੋਗੀ 1990 ਵਿਚ ਪੰਜਾਬ ਤੋਂ ਵਾਟਰਲੂ ਆ ਗਏ ਸਨ ਤੇ ਲਿਬਰਲ ਪਾਰਟੀ ਦੀਆਂ ਸਿਆਸੀ ਸਰਗਰਮੀਆਂ ’ਚ ਹਿੱਸਾ ਲੈਣ ਲੱਗ ਪਏ ਸਨ। ਬਰਦੀਸ਼ ਚੱਗਰ ਨੇ ਵਾਟਰਲੂ ਯੂਨੀਵਰਸਿਟੀ ਤੋਂ ਸਾਇੰਸ ਵਿਚ ਬੈਚੁਲਰ ਡਿਗਰੀ ਪ੍ਰਾਪਤ ਕੀਤੀ ਹੈ। ਨੌਕਰੀ ਦੀ ਭਾਲ ਵਿਚ ਉਹ ਕਿਚਨਰ ਆ ਗਏ ਸਨ। ਇਥੋਂ ਪਹਿਲਾਂ ਉਹ 2015 ਵਿਚ ਚੋਣ ਜਿੱਤ ਕੇ ਸੰਸਦ ਮੈਂਬਰ ਬਣੇ ਅਤੇ ਲਿਬਰਲ ਸਰਕਾਰ ਵਿਚ ਸਮਾਲ ਬਿਜ਼ਨਸ ਅਤੇ ਟੂਰਿਜ਼ਮ ਮਹਿਕਮੇ ਦੀ ਪਹਿਲੀ ਮਹਿਲਾ ਮੰਤਰੀ ਬਣੇ।

ਅਨੀਤਾ ਅਨੰਦ ਦਾ ਜਨਮ ਨੌਵਾ ਸਕੋਸ਼ੀਆ (ਕੈਨੇਡਾ) ਵਿਚ 1967 ’ਚ ਹੋਇਆ। ਉਨ੍ਹਾਂ ਦੇ ਮਾਤਾ ਪਿਤਾ ਮੈਡੀਸਨ ਦੇ ਡਾਕਟਰ ਹਨ। ਅਨੰਦ ਦੀ ਮਾਂ ਦਾ ਪੇਕਾ ਪਿੰਡ ਜੰਡਿਆਲਾ ਹੈ। ਉਨ੍ਹਾਂ ਟੋਰਾਂਟੋ ਯੂਨੀਵਰਸਿਟੀ ਤੋਂ ਲਾਅ ਦੀ ਡਿਗਰੀ ਪ੍ਰਾਪਤ ਕੀਤੀ। ਉਹ 2019 ਵਿਚ ਓਕਵਿਲ ਤੋਂ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ।


ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ

ਬਰੁਕਫੀਲਡ, ਵਿਸਕਾਨਸਿਨ ਵਿਚ ‘ਟੇਸਟ ਆਫ ਇੰਡੀਆ’ ਰੈਸਟੋਰੈਂਟ ਲਈ ਕਿਚਨ ਹੈਲਪਰ, ਡਿਸ਼ ਵਾਸ਼ਰ ਅਤੇ ਵੇਟਰ ਦੀ ਲੋੜ ਹੈ।




ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਸੰਪਰਕ ਕਰੋ, ਮਨਜੀਤ ਸਿੰਘ

ਫੋਨ: 262-894-0913

46-47





Madan Khatri

Want to Buy/Sell Homes, THs, Condos!

Call Madan Khatri

Ph: 847-530-1550

www.PropertyZoo.com

CALL TO BUY / SELL HOME TODAY!

Top Producer at the office in 2011-2013-2014

*****A Broker who can work with you from Beginning to End, Call Now!!!*****

BHHS American Heritage

1010 Rohwing Road, Elk Grove Village, IL


## ਮੂਲ ਨਾਨਕਸ਼ਾਹੀ ਕੈਲੰਡਰ ਅਪਨਾਓ

### ਮਹੀਨਾ ਕੱਤਕ ਤੇ ਮੱਘਰ

| ਐਤਵਾਰ | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸਨਿੱਚਰਵਾਰ |
|---|---|---|---|---|---|---|
| | | | | | 18 ਕੱਤਕ 1 ਨਵੰਬਰ | 19 ਕੱਤਕ 2 ਨਵੰਬਰ |
| 20 ਕੱਤਕ 3 ਨਵੰਬਰ | 21 ਕੱਤਕ 4 ਨਵੰਬਰ | 22 ਕੱਤਕ 5 ਨਵੰਬਰ | 23 ਕੱਤਕ 6 ਨਵੰਬਰ | 24 ਕੱਤਕ 7 ਨਵੰਬਰ | 25 ਕੱਤਕ 8 ਨਵੰਬਰ | 26 ਕੱਤਕ 9 ਨਵੰਬਰ |
| 27 ਕੱਤਕ 10 ਨਵੰਬਰ | 28 ਕੱਤਕ 11 ਨਵੰਬਰ | 29 ਕੱਤਕ 12 ਨਵੰਬਰ | 30 ਕੱਤਕ 13 ਨਵੰਬਰ | 1 ਮੱਘਰ 14 ਨਵੰਬਰ | 2 ਮੱਘਰ 15 ਨਵੰਬਰ | 3 ਮੱਘਰ 16 ਨਵੰਬਰ |
| 4 ਮੱਘਰ 17 ਨਵੰਬਰ | 5 ਮੱਘਰ 18 ਨਵੰਬਰ | 6 ਮੱਘਰ 19 ਨਵੰਬਰ | 7 ਮੱਘਰ 20 ਨਵੰਬਰ | 8 ਮੱਘਰ 21 ਨਵੰਬਰ | 9 ਮੱਘਰ 22 ਨਵੰਬਰ | 10 ਮੱਘਰ 23 ਨਵੰਬਰ |
| 11 ਮੱਘਰ 24 ਨਵੰਬਰ | 12 ਮੱਘਰ 25 ਨਵੰਬਰ | 13 ਮੱਘਰ 26 ਨਵੰਬਰ | 14 ਮੱਘਰ 27 ਨਵੰਬਰ | 15 ਮੱਘਰ 28 ਨਵੰਬਰ | 16 ਮੱਘਰ 29 ਨਵੰਬਰ | 17 ਮੱਘਰ 30 ਨਵੰਬਰ |
| 18 ਮੱਘਰ 1 ਦਸੰਬਰ | 19 ਮੱਘਰ 2 ਦਸੰਬਰ | 20 ਮੱਘਰ 3 ਦਸੰਬਰ | 21 ਮੱਘਰ 4 ਦਸੰਬਰ | 22 ਮੱਘਰ 5 ਦਸੰਬਰ | 23 ਮੱਘਰ 6 ਦਸੰਬਰ | 24 ਮੱਘਰ 7 ਦਸੰਬਰ |
| 25 ਮੱਘਰ 8 ਦਸੰਬਰ | 26 ਮੱਘਰ 9 ਦਸੰਬਰ | 27 ਮੱਘਰ 10 ਦਸੰਬਰ | 28 ਮੱਘਰ 11 ਦਸੰਬਰ | 29 ਮੱਘਰ 12 ਦਸੰਬਰ | 30 ਮੱਘਰ 13 ਦਸੰਬਰ | |

18 ਕੱਤਕ (1 ਨਵੰਬਰ) ਜਨਮ ਦਿਨ ਮਾਤਾ ਸਾਹਿਬ ਕੌਰ ਜੀ
30 ਕੱਤਕ (13 ਨਵੰਬਰ) ਸ਼ਹੀਦੀ ਬਾਬਾ ਦੀਪ ਸਿੰਘ ਜੀ
11 ਮੱਘਰ (24 ਨਵੰਬਰ) ਸ਼ਹੀਦੀ ਪਾਤਿਸ਼ਾਹੀ ਨੌਂਵੀ
ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਯਾਲਾ ਜੀ
15 ਮੱਘਰ (28 ਨਵੰਬਰ) ਜਨਮ ਦਿਵਸ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਜੀ
29 ਮੱਘਰ (12 ਦਸੰਬਰ) ਜਨਮ ਦਿਵਸ ਸਾਹਿਬਜ਼ਾਦਾ ਫਤਿਹ ਸਿੰਘ ਜੀ

ਉਹੀ ਤਰੀਕ ਹਰ ਸਾਲ, ਠੀਕ ਇਤਿਹਾਸ ਤਰਤੀਬ ਨਾਲ।

ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਧਾਰਮਕ ਤੇ ਇਤਿਹਾਸਕ ਦਿਹਾੜੇ ਮਨਾਉਣ ਵਿਚ ਇਕਸਾਰਤਾ ਲਿਆਉਣ ਲਈ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਓ


SIKH Religious Society PALATINE GURDWARA

Sikh Religious Society

1280 Winnetka St., Palatine IL 60067 Phone: (847) 358-1117

www.srschicago.org e-mail:contactus@srschicago.org



MEHAR INSURANCE

Health Insurance

Qualified Health Plans Under Affordable Care Act

Hurry! Only 45 Days.

Open Enrollment From 11-01-2019 to 12-15-2019

We also have short term Medical, Dental & Vision plans.

We are licensed in Indiana, Ohio & Texas.

Contact:

Ph: 317-451-5151

Cell: 317-441-1440

Fax: 317- 900-5151

E-mail: health@meharinsurance.com

Office: 3905 Vincennes Road
Suite# 303
Indianapolis, IN 46268

www.meharinsurance.com



Baljinder Singh Saini

# 'ਆਪ' ਦੇ ਦਲ ਬਦਲੂ ਵਿਧਾਇਕਾਂ ਨੂੰ ਪਈਆਂ ਭਾਜੜਾਂ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਨਾਲ ਸਬੰਧਤ ਤਿੰਨ ਦਲ ਬਦਲੂ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਤੋਂ ਦਲ ਬਦਲੂ ਵਿਰੋਧੀ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ 'ਚ ਪੇਸ਼ੀ ਲਈ ਨਵੀਂ ਤਰੀਕ ਮੰਗ ਲਈ। ਭੁਲੱਥ ਤੋਂ ਸੁਖਪਾਲ ਸਿੰਘ ਖਹਿਰਾ, ਜੈਤੋਂ ਤੋਂ ਮਾਸਟਰ ਬਲਦੇਵ ਸਿੰਘ ਅਤੇ ਰੋਪੜ ਤੋਂ ਅਮਰਜੀਤ ਸਿੰਘ ਸੰਦੋਆ ਨੂੰ 31 ਦਸੰਬਰ ਤੱਕ ਇਹ ਜਵਾਬ ਦੇਣ ਲਈ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਹੁਣ ਤੱਕ ਕਿਉਂ ਨਹੀਂ ਦੱਸਿਆ ਕਿ ਸਾਨੂੰ ਕਿਹੜੇ ਹਾਲਾਤ ਵਿਚ 'ਆਪ' ਨੂੰ ਛੱਡ ਕੇ ਦੂਜੀਆਂ ਪਾਰਟੀਆਂ ਦਾ ਪੱਲਾ ਫੜਨਾ ਪਿਆ।



ਦੱਸ ਦਈਏ ਕਿ ਲੋਕ ਸਭਾ ਚੋਣਾਂ ਸਮੇਂ ਵਿਧਾਇਕੀ ਤੋਂ ਅਸਤੀਫਾ ਦੇ ਕੇ ਕਾਂਗਰਸ ਵਿਚ ਸ਼ਾਮਲ ਹੋਏ ਆਮ ਆਦਮੀ ਪਾਰਟੀ ਦੇ ਰੋਪੜ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੇ ਪੁੱਠੀ ਸਿਆਸੀ ਛਾਲ ਮਾਰਦਿਆਂ ਵਿਧਾਇਕ ਦੇ ਅਹੁਦੇ ਤੋਂ ਦਿੱਤਾ ਅਸਤੀਫਾ ਵਾਪਸ ਲੈ ਲਿਆ ਹੈ। ਇਕ ਹੋਰ ਵਿਧਾਇਕ ਵੱਲੋਂ ਵੀ ਅਸਤੀਫਾ ਵਾਪਸ ਲਿਆ ਜਾ ਸਕਦਾ ਹੈ। ਇਸ ਕਦਮ ਨਾਲ ਸ੍ਰੀ ਸੰਦੋਆ ਹਾਲ ਦੀ ਘੜੀ ਵਿਧਾਇਕ ਬਣੇ ਰਹਿਣਗੇ ਪਰ ਦਲ-ਬਦਲੀ ਕਾਨੂੰਨ ਤਹਿਤ ਅਯੋਗ ਠਹਿਰਾਏ ਜਾਣ ਦੀ ਤਲਵਾਰ ਉਸ ਉਤੇ ਲਟਕਦੀ ਰਹੇਗੀ। ਇਸ ਤੋਂ ਪਹਿਲਾਂ 'ਆਪ' ਤੋਂ ਬਾਗੀ ਹੋ ਕੇ ਵੱਖਰੀ ਪਾਰਟੀ ਬਣਾਉਣ ਵਾਲੇ ਸੁਖਪਾਲ ਸਿੰਘ ਖਹਿਰਾ ਅਤੇ ਜੈਤੋ ਤੋਂ ਵਿਧਾਇਕ ਮਾਸਟਰ ਬਲਦੇਵ ਸਿੰਘ ਆਪਣੇ ਅਸਤੀਫੇ ਵਾਪਸ ਲੈ ਚੁੱਕੇ ਹਨ। ਦੋਵੇਂ ਆਗੂਆਂ ਨੇ ਕ੍ਰਮਵਾਰ ਬਠਿੰਡਾ ਅਤੇ ਫਰੀਦਕੋਟ ਤੋਂ ਲੋਕ ਸਭਾ ਸਭਾ ਚੋਣਾਂ ਵਿਚ ਕਿਸਮਤ ਅਜ਼ਮਾਈ ਸੀ ਪਰ ਉਹ ਆਪਣੀਆਂ ਜ਼ਮਾਨਤਾਂ ਜ਼ਬਤ ਕਰਵਾ ਬੈਠੇ ਸਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਈ ਮਹੀਨਿਆਂ ਤੱਕ ਉਨ੍ਹਾਂ ਦੇ ਅਸਤੀਫੇ ਮਨਜ਼ੂਰ ਨਹੀਂ ਕੀਤੇ ਸਨ।

ਕੈਪਟਨ ਸਰਕਾਰ ਮਾਨਸਾ, ਰੋਪੜ ਅਤੇ ਭੁਲੱਥ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਕਰਵਾਉਣ ਦੇ ਹੱਕ ਵਿਚ ਨਹੀਂ ਹੈ ਕਿਉਂਕਿ ਉਸ ਕੋਲ ਇਨ੍ਹਾਂ ਹਲਕਿਆਂ 'ਚ ਯੋਗ ਉਮੀਦਵਾਰ ਨਹੀਂ ਹਨ। ਦੂਜਾ, ਉਸ ਕੋਲ ਪਹਿਲਾਂ ਹੀ ਵਿਧਾਨ ਸਭਾ ਵਿਚ ਦੋ-ਤਿਹਾਈ ਤੋਂ ਵੱਧ ਵਿਧਾਇਕ ਹਨ। ਪਿੱਛੇ ਜਿਹੇ ਚਾਰ ਹਲਕਿਆਂ ਦੀਆਂ ਜ਼ਿਮਨੀ ਚੋਣਾਂ 'ਚ ਕਾਂਗਰਸ ਨੇ ਤਿੰਨ ਸੀਟਾਂ ਉਤੇ ਜਿੱਤ ਹਾਸਲ ਕੀਤੀ ਸੀ। ਮਾਨਸਾ ਤੋਂ 'ਆਪ' ਦੇ ਬਾਗੀ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਜੋ 29 ਅਪਰੈਲ ਨੂੰ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ, ਦਾ ਅਸਤੀਫਾ ਵੀ ਸਪੀਕਰ ਦੇ ਦਫਤਰ ਦੀਆਂ ਫਾਈਲਾਂ ਵਿਚ ਸੱਤ ਮਹੀਨਿਆਂ ਤੋਂ ਪਿਆ ਹੋਇਆ ਹੈ। ਉਹ ਵੀ ਆਪਣਾ ਅਸਤੀਫਾ ਵਾਪਸ ਲੈ ਸਕਦੇ ਹਨ।

ਵਰਨਣਯੋਗ ਹੈ ਕਿ ਸ. ਸੰਦੋਆ ਨੇ ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਵਿਚ ਕਾਂਗਰਸ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਤੇ ਹੁਣ ਉਨ੍ਹਾਂ ਵਿਧਾਇਕੀ ਤੋਂ ਦਿੱਤਾ ਅਸਤੀਫਾ ਬਗੈਰ ਕੋਈ ਕਾਰਨ ਦੱਸੇ ਵਾਪਸ ਲੈ ਲਿਆ ਹੈ। ਸ. ਖਹਿਰਾ ਵੀ ਆਪਣਾ ਅਸਤੀਫਾ ਵਾਪਸ ਲੈ ਚੁੱਕੇ ਹਨ। ਉਨ੍ਹਾਂ ਦੇ ਇਕ ਸਾਥੀ ਵਿਧਾਇਕ ਬਲਦੇਵ ਸਿੰਘ ਜੈਤੋਂ ਨੇ ਵੀ ਲੋਕ ਸਭਾ ਚੋਣ ਮੌਕੇ 'ਆਪ' ਨੂੰ ਛੱਡ ਕੇ ਖਹਿਰਾ ਦੀ ਪੰਜਾਬ ਏਕਤਾ ਪਾਰਟੀ ਦੀ ਟਿਕਟ ਉਤੇ ਫਰੀਦਕੋਟ ਤੋਂ ਚੋਣ ਲੜੀ ਸੀ ਪਰ ਬੁਰੀ ਤਰ੍ਹਾਂ ਹਾਰ ਗਏ ਸਨ ਜਿਸ ਤਰ੍ਹਾਂ ਸ. ਖਹਿਰਾ ਬਠਿੰਡਾ ਹਲਕੇ ਤੋਂ ਨਾ ਕੇਵਲ ਹਾਰ ਗਏ ਸਨ ਬਲਕਿ ਬਲਦੇਵ ਸਿੰਘ ਫਰੀਦਕੋਟ ਤੋਂ ਜ਼ਮਾਨਤ ਜ਼ਬਤ ਕਰਵਾ ਬੈਠੇ ਸਨ।

'ਆਪ' ਵਿਧਾਇਕ ਦਲ ਦੇ ਚੀਫ ਵਹਿਪ ਕੁਲਤਾਰ ਸਿੰਘ ਸੰਧਵਾ ਦਾ ਕਹਿਣਾ ਹੈ ਕਿ ਬਲਦੇਵ ਸਿੰਘ ਨੇ ਆਪਣੀ ਗਲਤੀ ਮੰਨ ਕੇ ਆਮ ਆਦਮੀ ਪਾਰਟੀ ਵਿਚ ਵਾਪਸ ਚਲੇ ਜਾਣ ਦਾ ਫੈਸਲਾ ਕੀਤਾ ਹੈ ਜਿਸ ਦਾ ਸਪੀਕਰ ਦੇ ਸਕੱਤਰੇਤ ਵਿਚ ਕੋਈ ਰਿਕਾਰਡ ਨਹੀਂ ਤੇ ਨਵੀਂ ਪੇਸ਼ੀ ਲਈ 31 ਦਸੰਬਰ ਦੀ ਤਰੀਕ ਪਾ ਦਿੱਤੀ ਗਈ ਹੈ। ਇਹ ਤਿੰਨੇ ਕੇਸ ਦਲ ਬਦਲੂ ਵਿਰੋਧੀ ਕਾਨੂੰਨ ਦੀ ਉਲੰਘਣਾ ਨਾਲ ਸਬੰਧਤ ਹਨ। ਜਿਥੋਂ ਤੱਕ ਮਾਨਸਾ ਤੋਂ 'ਆਪ' ਦੇ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ ਦੇ ਕੇਸ ਦਾ ਸਬੰਧ ਹੈ, ਉਹ ਵੀ ਲੋਕ ਸਭਾ ਚੋਣ ਸਮੇਂ 'ਆਪ' ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ ਪਰ ਉਨ੍ਹਾਂ ਅਜੇ ਤੱਕ ਵਿਧਾਇਕੀ ਤੋਂ ਅਸਤੀਫਾ ਨਹੀਂ ਦਿੱਤਾ ਤੇ ਨਾ ਹੀ ਅਜੇ ਤੱਕ ਸਪੀਕਰ ਸਾਹਮਣੇ ਪੇਸ਼ ਹੋਏ ਹਨ। ਉਹ ਵੀ ਤਰੀਕਾਂ ਮੰਗੀ ਜਾ ਰਹੇ ਹਨ। ਆਮ ਵਿਚਾਰ ਹੈ ਕਿ ਹੁਣ ਸਪੀਕਰ ਨੂੰ ਇਨ੍ਹਾਂ ਕੇਸਾਂ ਬਾਰੇ ਇਧਰ ਜਾਂ ਉਧਰ ਫੈਸਲਾ ਕਰਨਾ ਪਵੇਗਾ।

## ਆਰ.ਡੀ.ਐਕਸ. ਤੇ ਅਸਲਾ ਬਰਾਮਦਗੀ ਮਾਮਲੇ 'ਚੋਂ ਹਵਾਰਾ ਬਰੀ

**ਲੁਧਿਆਣਾ**: ਸਥਾਨਕ ਅਦਾਲਤ ਨੇ ਅਸਲਾ ਅਤੇ ਆਰ.ਡੀ.ਐਕਸ. ਬਰਾਮਦਗੀ ਦੇ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਨੂੰ ਬਰੀ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ 23 ਦਸੰਬਰ 1995 ਨੂੰ ਪੁਲਿਸ ਨੇ ਨਿਊ ਕੁੰਦਨਪੁਰੀ 'ਚੋਂ ਪੰਜ ਕਿੱਲੋ ਆਰ.ਡੀ.ਐਕਸ., ਇਕ ਏ.ਕੇ. 56 ਰਾਈਫਲ, ਮੈਗਜ਼ੀਨ 60 ਕਾਰਤੂਸ ਰਿਮੋਟ ਕੰਟਰੋਲ ਅਤੇ ਇਕ ਵਾਇਰਲੈੱਸ ਸੈੱਟ ਬਰਾਮਦ ਕੀਤਾ ਸੀ। ਉਸ ਵੇਲੇ ਪੁਲਿਸ ਨੇ ਇਸ ਮਾਮਲੇ 'ਚ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਸੀ, ਪਰ ਬਾਅਦ 'ਚ ਪੁਲਿਸ ਵੱਲੋਂ ਇਸ ਮਾਮਲੇ 'ਚ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕਰ ਦਿੱਤਾ ਗਿਆ ਸੀ।



ਪੁਲਿਸ ਵੱਲੋਂ ਬਕਾਇਦਾ ਭਾਈ ਹਵਾਰਾ ਖਿਲਾਫ ਅਦਾਲਤ 'ਚ ਚਲਾਨ ਪੇਸ਼ ਕੀਤਾ ਗਿਆ ਸੀ। ਹਵਾਰਾ ਅੱਜਕਲ੍ਹ ਦਿੱਲੀ ਦੀ ਤਿਹਾੜ ਜੇਲ੍ਹ 'ਚ ਨਜ਼ਰਬੰਦ ਹੈ। ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਅਦਾਲਤ 'ਚ ਸਰਕਾਰੀ ਪੱਖ ਹਵਾਰਾ ਖਿਲਾਫ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ। ਇਸ ਮਾਮਲੇ 'ਚ ਸਰਕਾਰੀ ਵਕੀਲ ਅਤੇ ਮੰਝਪੁਰ ਵਿਚਾਲੇ ਜ਼ੋਰਦਾਰ ਬਹਿਸ ਹੋਈ ਸੀ, ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਜੱਜ ਅਰੁਣਵੀਰ ਵਸ਼ਿਸ਼ਟ ਨੇ ਇਸ ਮਾਮਲੇ ਦਾ ਨਿਪਟਾਰਾ ਕਰਦਿਆਂ ਹਵਾਰਾ ਨੂੰ ਬਾਇੱਜ਼ਤ ਬਰੀ ਕਰ ਦਿੱਤਾ। ਇਸ ਮਾਮਲੇ 'ਚ ਹਵਾਰਾ ਦੀਆਂ ਪੇਸ਼ੀਆਂ ਵੀਡੀਓ ਕਾਨਫਰੰਸਿੰਗ ਰਾਹੀਂ ਹੁੰਦੀਆਂ ਸਨ। ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਪੁਲਿਸ ਵੱਲੋਂ ਉਨ੍ਹਾਂ ਨੂੰ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ।

## ਬੁਨਿਆਦੀ ਢਾਂਚੇ ਤੇ ਖੇਤੀ ਵਿਕਾਸ ਵਿਚ ਪੰਜਾਬ ਨੂੰ ਮਿਲਿਆ ਪਹਿਲਾ ਇਨਾਮ

**ਚੰਡੀਗੜ੍ਹ:** ਪੰਜਾਬ ਨੂੰ ਬੁਨਿਆਦੀ ਢਾਂਚਾ ਤੇ ਖੇਤੀਬਾੜੀ ਵਿਚ ਪਹਿਲਾ ਇਨਾਮ ਪ੍ਰਾਪਤ ਹੋਇਆ ਹੈ। ਪੰਜਾਬ ਨੇ 'ਇੰਡੀਆ ਟੂਡੇ ਸਟੇਟ ਆਫ ਦਾ ਸਟੇਟਸ ਕੰਨਕਲੇਵ-2019' ਵਿਚ ਪਿਛਲੇ ਢਾਈ ਸਾਲ ਲਈ ਇਹ ਪੁਰਸਕਾਰ ਹਾਸਲ ਕੀਤਾ ਹੈ।

ਇਹ ਪੁਰਸਕਾਰ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਨਵੀਂ ਦਿੱਲੀ 'ਚ ਹੋਏ ਸਮਾਗਮ ਦੌਰਾਨ ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਪ੍ਰਕਾਸ਼ ਜਾਵੜੇਕਰ ਤੋਂ ਪ੍ਰਾਪਤ ਕੀਤਾ। ਇਸ ਪੁਰਸਕਾਰ ਲਈ ਸ਼ੁਕਰਾਨਾ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਭਾਰਤ ਦਾ ਅੰਨਦਾਤਾ ਸੱਦਿਆ ਜਾਂਦਾ ਹੈ। ਪੰਜਾਬ ਦੀ ਆਰਥਿਕਤਾ ਲਗਾਤਾਰ ਉਚਾਈਆਂ ਵੱਲ ਵੱਧ ਰਹੀ ਹੈ ਤੇ ਖੇਤੀਬਾੜੀ ਦਾ ਝਾੜ ਲਗਾਤਾਰ ਉੱਪਰ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਮੌਜੂਦਾ ਬੁਨਿਆਦੀ ਢਾਂਚਾ ਕਰੀਬ ਦੇਸ਼ 'ਚ ਸਭ ਤੋਂ ਵਧੀਆ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੰਪਰਕ, ਸੰਚਾਰ ਤੇ ਨੈੱਟਵਰਕ ਨੂੰ ਅੱਗੇ ਹੋਰ ਬਿਹਤਰ ਬਣਾਉਣ ਦੇ ਨਾਲ ਸੂਬੇ ਦੇ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਵਚਨਬੱਧ ਹੈ।


## ਵੱਖਵਾਦੀ ਸਿੱਖ ਜਥੇਬੰਦੀਆਂ ਵਲੋਂ ਇਮਰਾਨ ਖਾਨ ਨੂੰ ਐਵਾਰਡ

**ਲੰਡਨ:** ਬਰਤਾਨੀਆ ਦੀਆਂ ਦੋ ਵੱਖਵਾਦੀ ਸਿੱਖ ਜਥੇਬੰਦੀਆਂ ਨੇ ਇਥੋਂ ਦੇ ਸਿਟੀ ਹਾਲ 'ਚ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਕਰਵਾਏ ਸਮਾਗਮ ਦੌਰਾਨ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਕਰਤਾਰਪੁਰ ਲਾਂਘੇ ਲਈ 'ਲਾਈਫਟਾਈਮ ਅਚੀਵਮੈਂਟ' ਐਵਾਰਡ ਦੇਣ ਦਾ ਐਲਾਨ ਕੀਤਾ। ਪਾਕਿਸਤਾਨੀ ਪ੍ਰਧਾਨ ਮੰਤਰੀ ਦੇ ਬੁਲਾਰੇ ਸਾਹਿਬਜ਼ਾਦਾ ਜਹਾਂਗੀਰ ਨੇ ਇਮਰਾਨ ਖਾਨ ਵਲੋਂ ਇਹ ਐਵਾਰਡ ਹਾਸਲ ਕੀਤਾ। ਇਹ ਸਮਾਗਮ ਸਿੱਖ ਨੈੱਟਵਰਕ, ਸਿੱਖ ਫੈਡਰੇਸ਼ਨ (ਯੂਕੇ) ਅਤੇ ਲੰਡਨ ਅਸੈਂਬਲੀ ਦੇ ਮੈਂਬਰ ਡਾ. ਓਂਕਾਰ ਸਹੋਤਾ ਵਲੋਂ ਲੰਡਨ ਦੇ ਮੇਅਰ ਸਾਦਿਕ ਖਾਨ ਦੇ ਸਹਿਯੋਗ ਨਾਲ ਕਰਵਾਇਆ ਗਿਆ।

# ਵਿਚਾਰਾਂ ਦੇ ਆਦਾਨ-ਪ੍ਰਦਾਨ ਵਾਲਾ ਲਾਂਘਾ ਖੋਲ੍ਹਣਾ ਜ਼ਰੂਰੀ: ਡਾ. ਪੰਨੂ

**ਚੰਡੀਗੜ੍ਹ:** ਸ੍ਰੀ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਵੇਂ ਪਾਕਿਸਤਾਨ ਨੇ ਕਰਤਾਰਪੁਰ ਲਾਂਘਾ ਖੋਲ੍ਹ ਦਿੱਤਾ ਹੈ, ਜਿਸ ਰਾਹੀਂ ਸ਼ਰਧਾਲੂ ਗੁਰਦੁਆਰਾ ਸਾਹਿਬਾਨ ਦੇ ਸਿਰਫ ਦਰਸ਼ਨ ਹੀ ਕਰ ਸਕਦੇ ਹਨ, ਪਰ ਭਾਰਤ ਅਤੇ ਪਾਕਿਸਤਾਨ ਦੀਆਂ ਕਿਤਾਬਾਂ ਵਿਚ ਜੋ ਲਿਖਿਆ ਹੋਇਆ ਹੈ, ਉਹ ਆਪਸ ਵਿਚ ਮੇਲ ਨਹੀਂ ਖਾ ਰਿਹਾ, ਜਿਸ ਕਾਰਨ ਦੋਵੇਂ ਪਾਸੀਂ ਨਫਰਤ ਦੇ ਭੰਡਾਰ ਭਰੇ ਪਏ ਹਨ। ਇਸ ਲਈ ਬਾਬੇ ਨਾਨਕ ਦੇ ਫਲਸਫੇ ਮੁਤਾਬਕ ਦੋਵੇਂ ਦੇਸ਼ਾਂ ਦੇ ਲੋਕਾਂ ਵਿਚ ਵਿਚਾਰਾਂ ਦਾ ਆਦਾਨ ਪ੍ਰਦਾਨ ਰੂਪੀ ਲਾਂਘਾ ਖੋਲ੍ਹਣਾ ਬਹੁਤ ਜ਼ਰੂਰੀ ਹੈ। ਵਿਚਾਰਾਂ ਦਾ ਆਦਾਨ ਪ੍ਰਦਾਨ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਦੋਵੇਂ ਦੇਸ਼ਾਂ ਦੇ ਰਿਸਰਚ ਸਕਾਲਰਾਂ ਨੂੰ ਹਰ ਸਾਲ ਇਧਰ ਉਧਰ ਜਾਣ ਦੀ ਇਜਾਜ਼ਤ ਹੋਵੇ।

ਇਹ ਵਿਚਾਰ ਇਥੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਗਾਂਧੀ ਭਵਨ ਆਡੀਟੋਰੀਅਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਪ੍ਰੋਗਰਾਮਾਂ ਦੀ ਲੜੀ ਵਜੋਂ ਡਾ. ਦਲਵੀਰ ਸਿੰਘ ਪੰਨੂ ਨੇ ਆਪਣੀ ਪੁਸਤਕ 'ਦਿ ਸਿੱਖ ਹੈਰੀਟੇਜ: ਬਿਯੌਂਡ ਬਾਰਡਰਜ਼' ਪੁਸਤਕ ਦੇ ਰਿਲੀਜ਼-ਕਮ-ਲੈਕਚਰ ਦੌਰਾਨ ਪ੍ਰਗਟ ਕੀਤੇ। ਜ਼ਿਕਰਯੋਗ ਹੈ ਕਿ ਡਾ. ਪੰਨੂ ਨਾਮੀ ਲੇਖਕ ਚਰਨਜੀਤ ਸਿੰਘ ਪੰਨੂ ਦੇ ਸਪੁੱਤਰ ਹਨ। ਡਾ. ਪੰਨੂ ਨੇ ਦੱਸਿਆ ਕਿ ਉਨ੍ਹਾਂ ਦੀ ਪਾਕਿਸਤਾਨ ਫੇਰੀ ਦੌਰਾਨ ਲਾਹੌਰ ਯੂਨੀਵਰਸਿਟੀ ਨੇ ਭਰੋਸਾ ਦਿਵਾਇਆ ਸੀ ਕਿ ਜੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਜਾਂ ਕੋਈ ਵੀ ਹੋਰ ਸਰਕਾਰੀ ਯੂਨੀਵਰਸਿਟੀ ਕਿਸੇ ਸਮਝੌਤੇ ਤਹਿਤ ਅਕਾਦਮਿਕ ਸਕਾਲਰਾਂ ਦਾ ਅਦਾਨ-ਪ੍ਰਦਾਨ ਕਰਾਵੇ ਤਾਂ ਉਹ ਕਰਵਾਉਣ ਲਈ ਤਿਆਰ ਹਨ ਤਾਂ ਜੋ ਦੋਵੇਂ ਦੇਸ਼ਾਂ ਦੇ ਕੁਝ ਵਖਰੇਵਿਆਂ ਵਿਚ ਸੁਧਾਰ ਹੋ ਸਕੇ। ਅਜਿਹੇ ਪ੍ਰਾਜੈਕਟਾਂ ਨਾਲ ਦੋਹਾਂ ਮੁਲਕਾਂ ਵਿਚਾਲੇ ਸਾਂਝ ਦੀ ਪੱਕੀ ਲੀਹ ਪੈ ਸਕਦੀ ਹੈ, ਜੋ ਆਉਣ ਵਾਲੇ ਸਮੇਂ ਦੌਰਾਨ ਦੋਹਾਂ ਮੁਲਕਾਂ ਨੂੰ ਹੋਰ ਨੇੜੇ ਲਿਆਵੇਗੀ।



**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਡਾ. ਦਲਵੀਰ ਸਿੰਘ ਪੰਨੂ ਦਾ ਸਨਮਾਨ ਕਰਦੇ ਹੋਏ ਸੰਜੇ ਕੌਸ਼ਿਕ ਅਤੇ ਹੋਰ।**

ਪਾਕਿਸਤਾਨ ਵਿਚਲੇ ਗੁਰਦੁਆਰਾ ਸਾਹਿਬਾਨ ਬਾਰੇ ਗੱਲਬਾਤ ਕਰਦਿਆਂ ਡਾ. ਪੰਨੂ ਨੇ ਦੱਸਿਆ ਕਿ ਉਨ੍ਹਾਂ ਗੁਰਦੁਆਰਿਆਂ ਦੀਆਂ ਇਮਾਰਤਾਂ ਉਤੇ ਚਿਤਰਕਾਰੀ ਅਤੇ ਕਲਾਕਾਰੀ ਵੀ ਕੁਝ ਵੱਖਰੀ ਕਿਸਮ ਦੀ ਹੈ। ਦੇਸ਼ ਵੰਡ ਦੌਰਾਨ ਜੋ ਵਿਰਾਸਤਾਂ ਨੂੰ ਛੱਡ ਕੇ ਸਿੱਖ ਇਧਰ ਆ ਗਏ, ਉਨ੍ਹਾਂ ਵਿਰਾਸਤਾਂ ਦੀ ਪਾਕਿਸਤਾਨੀਆਂ ਨੇ ਇਸ ਕਰਕੇ ਸੰਭਾਲ ਨਹੀਂ ਕੀਤੀ ਕਿਉਂਕਿ ਉਹ ਵਿਰਾਸਤਾਂ ਇਸਲਾਮਿਕ ਨਹੀਂ ਸਨ।

ਇਸ ਤੋਂ ਪਹਿਲਾਂ ਗਾਂਧੀਅਨ ਐਂਡ ਪੀਸ ਸਟੱਡੀਜ਼ ਵਿਭਾਗ ਦੇ ਚੇਅਰਪਰਸਨ ਡਾ. ਮਨੀਸ਼ ਸ਼ਰਮਾ ਨੇ ਮਹਿਮਾਨਾਂ ਦਾ ਸਵਾਗਤ ਕੀਤਾ। ਪ੍ਰੋ. ਰੌਣਕੀ ਰਾਮ ਅਤੇ ਡਾ. ਹਰਮੇਸ਼ ਕੁਮਾਰ ਨੇ ਕਿਤਾਬ ਦੇ ਲੇਖਕ ਡਾ. ਦਲਵੀਰ ਸਿੰਘ ਪੰਨੂ ਬਾਰੇ ਜਾਣਕਾਰੀ ਦਿੱਤੀ।

ਯਾਦ ਰਹੇ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸ਼ੁਭ ਸਮਾਗਮਾਂ ਦੌਰਾਨ 10 ਨਵੰਬਰ 2019 ਨੂੰ ਪੰਜਾਬ ਸਰਕਾਰ ਵਲੋਂ ਸਨਮਾਨਿਤ 550 ਉਘੀਆਂ ਸ਼ਖਸੀਅਤਾਂ ਵਿਚ ਕੈਲੀਫੋਰਨੀਆ ਦੇ ਨਾਮਵਰ ਡਾਕਟਰ ਦਲਵੀਰ ਸਿੰਘ ਪੰਨੂ ਦਾ ਵੀ ਇੰਦਰ ਕੁਮਾਰ ਗੁਜਰਾਲ ਯੂਨੀਵਰਸਿਟੀ, ਕਪੂਰਥਲਾ ਵਿਖੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਸਨਮਾਨ ਕੀਤਾ। ਡਾ. ਪੰਨੂ ਦੰਦਾਂ ਦੀਆਂ ਡਾਕਟਰੀ ਸੇਵਾਵਾਂ ਦੇ ਨਾਲ ਨਾਲ ਸਿੱਖ ਇਤਿਹਾਸ ਵਿਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ।

ਇਸ ਮੌਕੇ ਉਨ੍ਹਾਂ ਦੀ ਖੋਜ ਪੁਸਤਕ 'ਦਿ ਸਿੱਖ ਹੈਰੀਟੇਜ: ਬਿਯੌਂਡ ਬਾਰਡਰਜ਼' ਵੀ ਮੁੱਖ ਮੰਤਰੀ ਵਲੋਂ ਲੋਕ ਅਰਪਣ ਕੀਤੀ ਗਈ। ਇਹ ਪੁਸਤਕ ਪਹਿਲਾਂ ਯੂਬਾ ਸਿਟੀ ਮੇਲੇ ਦੌਰਾਨ ਕੈਲੀਫੋਰਨੀਆ ਅਤੇ ਲਾਹੌਰ ਯੂਨੀਵਰਸਿਟੀ, ਪਾਕਿਸਤਾਨ ਵਿਚ ਰਿਲੀਜ਼ ਹੋ ਚੁਕੀ ਹੈ। ਪੁਰਾਣੀਆਂ ਦੁਰਲਭ ਤਸਵੀਰਾਂ ਸਮੇਤ 416 ਪੰਨਿਆਂ ਦੀ ਇਹ ਗਿਆਨ ਭਰਪੂਰ ਵਡ-ਆਕਾਰੀ ਪੁਸਤਕ ਐਮਾਜ਼ਾਨ 'ਤੇ ਉਪਲਬਧ ਹੈ।





**(ਖੱਬੇ) ਪੰਜਾਬ ਸਰਕਾਰ ਵਲੋਂ ਮਿਲੇ ਸਨਮਾਨ ਚਿੰਨ ਨਾਲ ਡਾ. ਦਲਵੀਰ ਸਿੰਘ ਪੰਨੂ ਅਤੇ (ਸੱਜੇ) ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਡਾ. ਪੰਨੂ ਦੀ ਪੁਸਤਕ 'ਸਿੱਖ ਹੈਰੀਟੇਜ ਬਿਯੌਂਡ ਬਾਰਡਰਜ਼' ਰਿਲੀਜ਼ ਕਰਦੇ ਹੋਏ**

# ਲੰਗਰ ਘਰ 'ਚ ਦੇਸੀ ਘਿਉ ਦੇ 'ਘਾਲੇ ਮਾਲੇ' ਦਾ ਮਾਮਲਾ ਭਖਿਆ



**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ ਘਰ ਵਾਸਤੇ ਖਰੀਦੇ ਜਾਂਦੇ ਦੇਸੀ ਘਿਉ ਦੀ ਸਪਲਾਈ ਦੌਰਾਨ ਵਜ਼ਨ ਘੱਟ ਨਿਕਲਣ ਦਾ ਮਾਮਲਾ ਕਾਫੀ ਚਰਚਾ ਵਿਚ ਹੈ। ਸ਼੍ਰੋਮਣੀ ਕਮੇਟੀ ਨੇ ਜਿਥੇ ਇਨ੍ਹਾਂ ਦੋਸ਼ਾਂ ਦਾ ਸਖਤੀ ਨਾਲ ਖੰਡਨ ਕੀਤਾ, ਉਥੇ ਦੂਜੇ ਪਾਸੇ ਦੋਸ਼ ਲਾਉਣ ਵਾਲੇ ਸਾਬਕਾ ਕਾਂਗਰਸੀ ਆਗੂ ਮਨਦੀਪ ਸਿੰਘ ਮੰਨਾ ਨੇ ਮੁੜ ਆਖਿਆ ਹੈ ਕਿ ਉਸ ਵੱਲੋਂ ਲਾਏ ਗਏ ਦੋਸ਼ ਠੀਕ ਹਨ। ਮੰਨਾ ਨੇ ਚੁਣੌਤੀ ਦਿੱਤੀ ਕਿ ਸ਼੍ਰੋਮਣੀ ਕਮੇਟੀ ਉਸ ਦੇ ਦੋਸ਼ਾਂ ਨੂੰ ਗਲਤ ਸਾਬਤ ਕਰੇ।

ਸ਼੍ਰੋਮਣੀ ਕਮੇਟੀ ਦੀ ਖਰੀਦ ਸਬ ਕਮੇਟੀ ਦੇ ਮੈਂਬਰ ਮਿੱਠੂ ਸਿੰਘ ਕਾਹਨੇਕੇ ਨੇ ਦੋਸ਼ਾਂ ਨੂੰ ਸੰਸਥਾ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਘਿਉ ਦਾ ਟੈਂਡਰ ਦੇਣ ਵੇਲੇ ਪੂਰੇ ਨਿਯਮਾਂ ਦੀ ਪਾਲਣਾ ਕੀਤੀ ਗਈ ਹੈ। ਇਸ ਸਬੰਧੀ ਇਸ਼ਤਿਹਾਰ ਦਿੱਤੇ ਗਏ ਸਨ ਅਤੇ ਦਿੱਲੀ, ਹਰਿਆਣਾ, ਮਹਾਰਾਸ਼ਟਰ ਤੇ ਹੋਰ ਸੂਬਿਆਂ ਤੋਂ ਸਹਿਕਾਰੀ ਅਦਾਰਿਆਂ ਨੇ ਘਿਉ ਦੀ ਖਰੀਦ ਲਈ ਆਪਣੇ ਰੇਟ ਦਿੱਤੇ ਸਨ, ਜਿਨ੍ਹਾਂ ਵਿਚ ਵੇਰਕਾ ਘਿਉ ਦਾ ਰੇਟ ਸਭ ਤੋਂ ਘੱਟ 319 ਰੁਪਏ 80 ਪੈਸੇ ਪ੍ਰਤੀ ਕਿਲੋ ਹੋਣ ਕਾਰਨ ਉਸ ਨੂੰ ਟੈਂਡਰ ਦਿੱਤਾ ਗਿਆ ਸੀ। ਜੀ.ਐਸ.ਟੀ. ਸ਼ਾਮਲ ਕਰਕੇ ਇਹ ਘਿਉ 357 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਖਰੀਦਿਆ ਜਾਂਦਾ ਹੈ। ਜਦੋਂਕਿ ਬਜ਼ਾਰ ਵਿਚ ਇਸ ਦੀ ਕੀਮਤ ਲਗਭਗ 440 ਰੁਪਏ ਪ੍ਰਤੀ ਕਿਲੋ ਹੈ। ਉਨ੍ਹਾਂ ਆਖਿਆ ਕਿ ਇਹ ਘਿਉ ਪ੍ਰਾਈਵੇਟ ਅਦਾਰਿਆਂ ਤੋਂ ਖਰੀਦਣ ਦੀ ਥਾਂ ਸਹਿਕਾਰੀ ਸੰਸਥਾ ਕੋਲੋਂ ਖਰੀਦਣ ਨੂੰ ਪਹਿਲ ਦਿੱਤੀ ਗਈ ਸੀ ਕਿਉਂਕਿ ਇਹ ਲੋਕ ਪੱਖੀ ਅਦਾਰੇ ਹਨ।

ਉਧਰ, ਮੰਨਾ ਨੇ ਦੋਸ਼ ਲਾਇਆ ਕਿ ਦੇਸੀ ਘਿਉ ਨਿਰਧਾਰਤ ਵਜ਼ਨ ਤੋਂ ਘੱਟ ਭੇਜ ਕੇ ਲੱਖਾਂ ਰੁਪਏ ਦਾ ਚੂਨਾ ਲਾਇਆ ਜਾ ਰਿਹਾ ਹੈ। ਇਸ ਉਤੇ ਸੂਬੇ ਦੀਆਂ ਦੁੱਧ ਤੋਂ ਬਣੀਆਂ ਵਸਤਾਂ ਦੀ ਸਪਲਾਈ ਕਰਨ ਵਾਲੇ ਅਦਾਰੇ ਮਿਲਕਫੈੱਡ ਦੇ ਐਮ.ਡੀ. ਕਮਲਦੀਪ ਸਿੰਘ ਸੰਘਾ ਨੇ ਇਸ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਮੰਨਾ ਨੇ ਦਾਅਵਾ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਚ ਸਪਲਾਈ ਹੁੰਦਾ ਦੇਸੀ ਘਿਉ ਨਿਰਧਾਰਤ ਵਜ਼ਨ ਤੋਂ ਘੱਟ ਵਜ਼ਨ ਵਿਚ ਭੇਜਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਹ ਦੇਸੀ ਘਿਉ ਸ਼੍ਰੋਮਣੀ ਕਮੇਟੀ ਵੱਲੋਂ ਇਕ ਸਹਿਕਾਰੀ ਅਦਾਰੇ ਕੋਲੋਂ ਖਰੀਦਿਆ ਜਾਂਦਾ ਹੈ। ਇਸ ਸਬੰਧੀ ਟੈਂਡਰ ਰਾਹੀਂ ਸਹਿਕਾਰੀ ਅਦਾਰੇ ਨੂੰ ਦੇਸੀ ਘਿਉ ਦੀ ਸਪਲਾਈ ਦਾ ਆਰਡਰ ਦਿੱਤਾ ਹੋਇਆ ਹੈ। ਹਰੇਕ ਟੀਨ ਵਿਚ ਨਿਰਧਾਰਤ 15 ਕਿੱਲੋ ਦੇਸੀ ਘਿਉ ਹੁੰਦਾ ਹੈ ਪਰ ਇਨ੍ਹਾਂ ਵਿਚ ਘੱਟ ਘਿਉ ਭੇਜਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਸਹਿਕਾਰੀ ਅਦਾਰੇ ਦੇ ਨਿਯਮਾਂ ਨੂੰ ਅਣਦੇਖਿਆਂ ਕਰ ਕੇ ਟੈਂਡਰ ਦਿੱਤਾ ਗਿਆ। ਉਸ ਨੇ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ। ਲੰਗਰ ਘਰ ਦੇ ਮੈਨੇਜਰ ਮਨਜਿੰਦਰ ਸਿੰਘ ਮੰਡ ਨੇ ਮੰਨਿਆ ਕਿ 2 ਨਵੰਬਰ ਨੂੰ ਲੰਗਰ ਘਰ ਵਿਚ ਆਏ ਦੇਸੀ ਘਿਉ ਦੇ ਕੁਝ ਟੀਨਾਂ ਵਿਚੋਂ ਨਿਰਧਾਰਤ ਵਜ਼ਨ ਨਾਲੋਂ ਘੱਟ ਦੇਸੀ ਘਿਉ ਨਿਕਲਿਆ ਸੀ। ਇਸ ਸਬੰਧੀ ਰਕਮ ਦਾ ਭੁਗਤਾਨ ਵੀ ਦੇਸੀ ਘਿਉ ਦੇ ਵਜ਼ਨ ਮੁਤਾਬਕ ਹੀ ਕੀਤਾ ਜਾਂਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਆਖਿਆ ਕਿ ਜਦੋਂ ਵੀ ਦੇਸੀ ਘਿਉ ਦੇ ਟੀਨਾਂ ਵਿਚੋਂ ਘਿਉ ਘੱਟ ਨਿਕਲਿਆ ਹੈ ਤਾਂ ਉਸ ਮੁਤਾਬਕ ਹੀ ਰਕਮ ਦਾ ਭੁਗਤਾਨ ਕੀਤਾ ਗਿਆ ਹੈ। ਇਸ ਸਬੰਧੀ ਵੇਰਕਾ ਕੰਪਨੀ ਨੂੰ ਵੀ ਲਿਖਤੀ ਸ਼ਿਕਾਇਤ ਭੇਜੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਦੋ ਨਵੰਬਰ ਨੂੰ 600 ਟੀਨ ਘਿਉ ਵਿਚੋਂ 40 ਕਿਲੋ ਘਿਉ ਘੱਟ ਨਿਕਲਿਆ ਸੀ, ਜਿਸ ਨੂੰ ਤੁਰਤ ਦਰਜ ਕੀਤਾ ਗਿਆ ਸੀ। ਇਸ ਦੀ ਅਦਾਇਗੀ ਹੁਣ ਤੱਕ ਨਹੀਂ ਹੋਈ। ਉਨ੍ਹਾਂ ਦੱਸਿਆ ਕਿ ਲੰਗਰ ਲਈ ਖਰੀਦਿਆ ਜਾਂਦਾ ਕੋਈ ਵੀ ਸਾਮਾਨ ਤੋਲ ਮਗਰੋਂ ਹੀ ਪ੍ਰਾਪਤ ਕੀਤਾ ਜਾਂਦਾ ਹੈ।

## ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼: ਲੌਂਗੋਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਸਿੱਖ ਸੰਸਥਾ ਨੂੰ ਬਦਨਾਮ ਕਰਨ ਦੇ ਦੋਸ਼ ਹੇਠ ਮਨਦੀਪ ਸਿੰਘ ਮੰਨਾ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਸ੍ਰੀ ਮੰਨਾ ਨੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਬਣਾਏ ਗਏ ਪੰਡਾਲ ਬਾਰੇ ਵੀ ਬੇਬੁਨਿਆਦ ਦੋਸ਼ ਲਾਏ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਰੇ ਕੰਮ ਟੈਂਡਰ ਰਾਹੀਂ ਪਾਰਦਰਸ਼ੀ ਢੰਗ ਨਾਲ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸ਼੍ਰੋਮਣੀ ਕਮੇਟੀ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ।

## ਪਰਿਵਾਰ ਦਾ ਕਬਜ਼ਾ ਤੋੜਨ ਲਈ ਇਕੱਠੇ ਹੋਣ ਦਾ ਸੱਦਾ

**ਮਾਨਸਾ:** ਸਾਬਕਾ ਕੇਂਦਰੀ ਮੰਤਰੀ ਅਤੇ ਉਤਰ ਪ੍ਰਦੇਸ਼ ਦੇ ਐਮ.ਐਲ.ਸੀ. ਬਲਵੰਤ ਸਿੰਘ ਰਾਮੂਵਾਲੀਆ ਨੇ ਸ਼੍ਰੋਮਣੀ ਕਮੇਟੀ ਤੋਂ ਪਰਿਵਾਰਵਾਦ ਦਾ ਕਬਜ਼ਾ ਤੋੜਨ ਅਤੇ ਜਨਰਲ ਚੋਣਾਂ ਕਰਵਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ। ਉਨ੍ਹਾਂ ਪੰਜਾਬ ਦੇ ਧਾਰਮਿਕ ਤੇ ਰਾਜਨੀਤਕ ਖੇਤਰ 'ਚ ਆਏ ਨਿਘਾਰ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪੰਥਕ ਤੇ ਪੰਜਾਬ ਦਰਦੀਆਂ ਨੂੰ ਸੂਬੇ ਨੂੰ ਹਰ ਖੇਤਰ 'ਚ ਤੰਦਰੁਸਤ ਕਰਨ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ। ਰਾਮੂਵਾਲੀਆ ਨਾਲ ਇਸ ਕਾਰਜ ਲਈ ਹਲਕਾ ਮਾਨਸਾ ਦੀਆਂ 20 ਸ਼ਖਸੀਅਤਾਂ ਨੇ ਜੁੜਨ ਦਾ ਐਲਾਨ ਕੀਤਾ ਅਤੇ ਮਹੀਨੇ 'ਚ 200 ਵਿਅਕਤੀ ਇਸ ਮੁਹਿੰਮ ਨਾਲ ਜੋੜਨ ਦਾ ਦਾਅਵਾ ਵੀ ਕੀਤਾ। ਰਾਮੂਵਾਲੀਆ ਨੇ ਦੱਸਿਆ ਕਿ ਇਹ ਮੁਹਿੰਮ ਪੰਜਾਬ 'ਚ ਹਲਕਾਵਾਰ ਜਾਰੀ ਰਹੇਗੀ ਅਤੇ ਇਸ ਕਾਰਜ ਲਈ ਪੰਥਕ ਜਥੇਬੰਦੀਆਂ ਅਤੇ ਸੁਹਿਰਦ ਸਿਆਸੀ ਆਗੂਆਂ ਨਾਲ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ।

## 12 ਕਰੋੜੀ ਸਟੇਜ ਬਾਰੇ ਬਾਦਲਾਂ 'ਤੇ ਉਠਾਏ ਸਵਾਲ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਨੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸਟੇਜ ਲਾਉਣ ਲਈ 12 ਕਰੋੜ ਦਾ ਖਰਚਾ ਕਰਨ ਲਈ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੀ ਸਖਤ ਨਿੰਦਾ ਕਰਦਿਆਂ ਕਿਹਾ ਹੈ ਕਿ ਸਟੇਜ ਲਈ ਇੰਨੀ ਵੱਡੀ ਰਕਮ ਦੇ ਖਰਚੇ ਪਾਉਣੇ ਸ਼੍ਰੋਮਣੀ ਕਮੇਟੀ 'ਚ ਭ੍ਰਿਸ਼ਟਾਚਾਰ ਦੀ ਮੂੰਹ ਬੋਲਦੀ ਤਸਵੀਰ ਹੈ। ਸ. ਰਣਜੀਤ ਸਿੰਘ ਬ੍ਰਹਮਪੁਰਾ ਤੇ ਹੋਰ ਆਗੂਆਂ ਨੇ ਕਿਹਾ ਕਿ ਭ੍ਰਿਸ਼ਟ ਬਾਦਲ ਦਲ ਤੋਂ ਸ਼੍ਰੋਮਣੀ ਕਮੇਟੀ ਨੂੰ ਮੁਕਤ ਕਰਾਉਣਾ ਸਾਡਾ ਮੁੱਖ ਟੀਚਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦਾ ਵਫਦ ਅਗਲੇ ਮਹੀਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਿਲੇਗਾ ਤਾਂ ਜੋ ਜਲਦ ਹੀ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਦਲ 14 ਦਸੰਬਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ 100ਵਾਂ ਸਥਾਪਨਾ ਦਿਵਸ ਵੱਡੇ ਪੱਧਰ 'ਤੇ ਮਨਾਵੇਗਾ ਅਤੇ ਇਸ ਦੀ ਤਿਆਰੀ ਹੁਣੇ ਤੋਂ ਆਰੰਭ ਕਰ ਦਿੱਤੀ ਗਈ ਹੈ।

# ਸਿੱਖ ਵਿਰਾਸਤ ਨਾਲ ਜੁੜੀਆਂ 90 ਫੀਸਦੀ ਥਾਂਵਾਂ ਪਾਕਿਸਤਾਨ ਵਿਚ...



**ਪਿਸ਼ਾਵਰ:** ਭਾਰਤੀ ਮੂਲ ਦੇ ਬਰਤਾਨਵੀ ਇਤਿਹਾਸਕਾਰ ਤੇ ਲੇਖਕ ਬੌਬੀ ਸਿੰਘ ਬਾਂਸਲ ਨੇ ਦਾਅਵਾ ਕੀਤਾ ਹੈ ਕਿ 90 ਫੀਸਦੀ ਸਿੱਖ ਵਿਰਾਸਤ ਨਾਲ ਜੁੜੀਆਂ ਥਾਵਾਂ ਪਾਕਿਸਤਾਨ ਵਿਚ ਹਨ। ਬਾਂਸਲ ਪਾਕਿ ਸਥਿਤ ਸਿੱਖ ਵਿਰਾਸਤੀ ਥਾਵਾਂ ਬਾਰੇ ਕਾਫੀ ਜਾਣਕਾਰੀ ਰੱਖਦੇ ਹਨ।

ਬੌਬੀ ਬਾਂਸਲ ਨੇ ਕਿਹਾ ਕਿ ਜ਼ਿਆਦਾਤਰ ਥਾਵਾਂ ਖੈਬਰ ਪਖਤੂਨਖਵਾ ਸੂਬੇ ਵਿਚ ਹਨ। ਉਨ੍ਹਾਂ ਨਾਲ ਹੀ ਇਨ੍ਹਾਂ ਥਾਵਾਂ ਨੂੰ ਧਾਰਮਿਕ ਸੈਰ-ਸਪਾਟੇ ਲਈ ਵਿਕਸਿਤ ਕਰਨ ਦੇ ਪੱਖ ਤੋਂ ਵੀ ਗੱਲ ਕੀਤੀ ਤੇ ਇਸ ਦੇ ਮਹੱਤਵ ਨੂੰ ਉਭਾਰਿਆ। ਪਿਸ਼ਾਵਰ ਮਿਊਜ਼ੀਅਮ ਦੇ ਵਿਕਟੋਰੀਆ ਯਾਦਗਾਰੀ ਹਾਲ ਵਿਚ 'ਫਰੌਮ ਕਰਤਾਰਪੁਰ ਟੂ ਖੈਬਰ ਪਾਸ' ਵਿਸ਼ੇ ਉਤੇ ਵਿਚਾਰ ਰੱਖਦਿਆਂ ਯੂ.ਕੇ. ਦੇ ਇਤਿਹਾਸਕਾਰ ਨੇ ਸਰੋਤਿਆਂ ਨੂੰ ਸਿੱਖ ਵਿਰਾਸਤ ਨਾਲ ਜੁੜੇ ਕਈ ਕਿਲ੍ਹਿਆਂ, ਯੁੱਧ ਭੂਮੀਆਂ, ਦਰਗਾਹਾਂ, ਮਜ਼ਾਰਾਂ, ਗੁਰਦੁਆਰਿਆਂ ਤੇ ਹਵੇਲੀਆਂ ਬਾਰੇ ਜਾਣਕਾਰੀ ਦਿੱਤੀ।

ਯਾਦ ਰਹੇ ਕਿ ਬੌਬੀ ਬਾਂਸਲ ਫਿਲਮਸਾਜ਼ ਵੀ ਹਨ। ਉਨ੍ਹਾਂ ਖੈਬਰ ਨਾਲ ਜੁੜੀਆਂ ਸਿੱਖ ਸ਼ਖਸੀਅਤਾਂ- ਜਨਰਲ ਹਰੀ ਸਿੰਘ ਨਲਵਾ ਤੇ ਅਕਾਲੀ ਫੂਲਾ ਸਿੰਘ ਬਾਰੇ ਵੀ ਗੱਲ ਕੀਤੀ ਅਤੇ ਦੱਸਿਆ ਕਿ ਇਨ੍ਹਾਂ ਦੀ ਮੌਤ ਖੈਬਰ ਵਿਚ ਹੀ ਹੋਈ ਸੀ ਤੇ ਉਥੇ ਦੋਵਾਂ ਦੀਆਂ ਮਜ਼ਾਰਾਂ ਹਨ। 'ਜਮਰੌਦ ਕਿਲ੍ਹਾ' ਵਿਸ਼ੇਸ਼ ਖਿੱਚ ਦਾ ਕੇਂਦਰ ਹੈ ਕਿਉਂਕਿ ਇਥੇ ਨਲਵਾ ਦੀ ਮਜ਼ਾਰ ਹੈ। ਉਹ ਸਿੱਖ ਸਾਮਰਾਜ ਦੀ ਫੌਜ ਦੇ ਕਮਾਂਡਰ ਸਨ। ਬੌਬੀ ਬਾਂਸਲ ਨੇ ਕਿਹਾ ਕਿ ਲੋਕ ਸਾਡੇ ਇਨ੍ਹਾਂ ਨਾਇਕਾਂ ਦਾ ਬੇਹੱਦ ਸਤਿਕਾਰ ਕਰਦੇ ਹਨ ਅਤੇ ਇਸ ਥਾਂ ਨੂੰ ਵੀ ਵਿਕਸਿਤ ਕੀਤਾ ਜਾ ਸਕਦਾ ਹੈ।

# ਮਿਆਦ ਖਤਮ ਹੋਣ ਉਤੇ ਮਿਲੀ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੂੰ ਮਾਨਤਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਲਈ ਹੁਣ ਜਦੋਂ 27 ਨਵੰਬਰ ਨੂੰ ਜਨਰਲ ਇਜਲਾਸ ਹੋਣ ਜਾ ਰਿਹਾ ਸੀ ਤਾਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਸਾਲ 2018-19 ਵਿਚ ਅਹੁਦੇਦਾਰਾਂ ਦੀ ਹੋਈ ਚੋਣ ਸਬੰਧੀ ਲਗਭਗ ਇਕ ਵਰ੍ਹੇ ਬਾਅਦ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ। ਇਹ ਨੋਟੀਫਿਕੇਸ਼ਨ ਗ੍ਰਹਿ ਮੰਤਰਾਲੇ ਦੀ ਅਧਿਸੂਚਨਾ ਤਹਿਤ 19 ਨਵੰਬਰ ਨੂੰ ਜਾਰੀ ਕੀਤਾ ਗਿਆ, ਜਿਸ ਵਿਚ ਸਿੱਖ ਗੁਰਦੁਆਰਾ ਐਕਟ 1925 ਦੇ ਨਿਯਮ 11 ਦੇ ਉਪ ਨਿਯਮ 2 ਤਹਿਤ 13 ਨਵੰਬਰ 2018 ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਕੀਤੀ ਗਈ ਚੋਣ ਨੂੰ ਮਾਨਤਾ ਦਿੱਤੀ ਗਈ ਹੈ।

ਜਾਰੀ ਨੋਟੀਫਿਕੇਸ਼ਨ ਵਿਚ ਗੋਬਿੰਦ ਸਿੰਘ ਲੌਂਗੋਵਾਲ ਨੂੰ ਪ੍ਰਧਾਨ, ਰਘੁਜੀਤ ਸਿੰਘ ਵਿਰਕ ਨੂੰ ਸੀਨੀਅਰ ਮੀਤ ਪ੍ਰਧਾਨ, ਬਿੱਕਰ ਸਿੰਘ ਚੰਨੂ ਨੂੰ ਜੂਨੀਅਰ ਮੀਤ ਪ੍ਰਧਾਨ ਅਤੇ ਗੁਰਬਚਨ ਸਿੰਘ ਕਰਮੂੰਵਾਲ ਨੂੰ ਜਨਰਲ ਸਕੱਤਰ ਸਮੇਤ 11 ਮੈਂਬਰੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਦੇ ਨਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਉਧਰ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਪਿਛਲੇ ਜਨਰਲ ਇਜਲਾਸ ਨੂੰ ਮਾਨਤਾ ਦੇਣ ਸਬੰਧੀ ਇਕ ਸਾਲ ਪਿਛੋਂ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਹੈਰਾਨੀ ਜਤਾਈ ਹੈ। ਉਨ੍ਹਾਂ ਮੁਤਾਬਕ ਇਹ ਭਾਵੇਂ ਸਰਕਾਰ ਦਾ ਰੁਟੀਨ ਦਾ ਕੰਮ ਹੈ ਪਰ ਇਸ ਵਿਚ ਇੰਨੀ ਦੇਰ ਹੋਣਾ ਹੈਰਾਨੀ ਵਾਲਾ ਮਾਮਲਾ ਹੈ।

ਯਾਦ ਰਹੇ ਕਿ ਸ਼੍ਰੋਮਣੀ ਕਮੇਟੀ ਦਾ ਪੰਜਾਬ ਦੀ ਸਿਆਸਤ ਵਿਚ ਖਾਸ ਮਹੱਤਵ ਰਿਹਾ ਹੈ, ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਉਤੇ ਇਸ ਦਾ ਸਦਾ ਭਾਰਾ ਅਸਰ ਰਿਹਾ ਹੈ। ਹੁਣ ਸ਼੍ਰੋਮਣੀ ਕਮੇਟੀ ਉਤੇ ਕਾਬਜ਼ ਬਾਦਲ ਪਰਿਵਾਰ ਇਸ ਰਾਹੀਂ ਹੀ ਆਪਣੀ ਸਿਆਸਤ ਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

## ਵੱਖਰਾ ਸਿੱਖ ਵਿੱਦਿਅਕ ਬੋਰਡ ਬਣਾਉਣ ਦਾ ਫੈਸਲਾ

**ਅੰਮ੍ਰਿਤਸਰ:** ਸਿੱਖ ਜਥੇਬੰਦੀਆਂ ਦੇ ਪੰਥਕ ਤਾਲਮੇਲ ਸੰਗਠਨ ਵੱਲੋਂ ਸਿੱਖ ਵਿੱਦਿਅਕ ਸੰਮੇਲਨ ਕਰਵਾਇਆ ਗਿਆ ਜਿਸ ਵਿਚ ਸਿੱਖ ਵਿੱਦਿਅਕ ਸੰਸਥਾਵਾਂ ਵਾਸਤੇ ਵੱਖਰਾ ਸਿੱਖ ਵਿੱਦਿਅਕ ਬੋਰਡ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ।

ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖ ਵਿੱਦਿਅਕ ਸੰਮੇਲਨ ਗੁਰੂ ਨਾਨਕ ਭਵਨ ਵਿਚ ਕਰਵਾਇਆ ਗਿਆ ਜਿਸ ਵਿਚ ਵੱਖ-ਵੱਖ ਸ਼ਹਿਰਾਂ ਤੋਂ ਸਿੱਖ ਵਿੱਦਿਅਕ ਸੰਸਥਾਵਾਂ ਨਾਲ ਸਬੰਧਤ ਪ੍ਰਿੰਸੀਪਲ, ਸਿੱਖਿਆ ਮਾਹਿਰ ਤੇ ਹੋਰ ਪਤਵੰਤੇ ਸ਼ਾਮਲ ਹੋਏ। ਇਨ੍ਹਾਂ ਵੱਲੋਂ ਸਿੱਖ ਵਿੱਦਿਅਕ ਪ੍ਰਬੰਧਾਂ ਦੇ ਵਰਤਮਾਨ ਅਤੇ ਭਵਿੱਖ ਦੇ ਟੀਚਿਆਂ ਬਾਰੇ ਚਰਚਾ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਰਾਣਾ ਇੰਦਰਜੀਤ ਸਿੰਘ ਲੁਧਿਆਣਾ ਵੱਲੋਂ ਅਰਦਾਸ ਨਾਲ ਹੋਈ। ਸੰਗਠਨ ਦੇ ਆਗੂ ਅਤੇ ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਮੁਖੀ ਜਸਵਿੰਦਰ ਸਿੰਘ ਐਡਵੋਕੇਟ ਨੇ ਜੀ ਆਇਆਂ ਕਿਹਾ ਅਤੇ ਸਿੱਖ ਵਿੱਦਿਅਕ ਸੰਮੇਲਨ ਦੇ ਮੰਤਵ ਤੋਂ ਜਾਣੂ ਕਰਾਇਆ।

ਬੁਲਾਰਿਆਂ ਵੱਲੋਂ ਦਿੱਤੇ ਵਿਚਾਰਾਂ ਅਤੇ ਵਿਦਵਾਨਾਂ ਵੱਲੋਂ ਲਿਖਤੀ ਭੇਜੇ ਵਿਚਾਰਾਂ ਦੇ ਆਧਾਰ ਉਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਵੱਲੋਂ ਸਾਂਝਾ ਐਲਾਨਨਾਮਾ ਪੜ੍ਹਿਆ ਗਿਆ, ਜਿਸ ਨੂੰ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਸ ਐਲਾਨਨਾਮੇ ਰਾਹੀਂ ਭਵਿੱਖ ਵਿਚ ਸਿੱਖ ਵਿੱਦਿਅਕ ਸੰਸਥਾਵਾਂ ਵਾਸਤੇ ਵੱਖਰਾ ਸਿੱਖ ਵਿੱਦਿਅਕ ਬੋਰਡ ਬਣਾਉਣ ਦਾ ਐਲਾਨ ਕੀਤਾ ਗਿਆ ਜਿਸ ਨੂੰ ਭਾਰਤ ਸਰਕਾਰ ਜਾਂ ਵਿਸ਼ਵ ਪੱਧਰੀ ਵਿੱਦਿਅਕ ਸੰਸਥਾ ਦੀ ਮਾਨਤਾ ਹੋਵੇਗੀ। ਸਿੱਖ ਸੰਸਥਾਵਾਂ ਇਸ ਬੋਰਡ ਨਾਲ ਜੁੜਨਗੀਆਂ। ਇਸ ਮੰਤਵ ਲਈ ਸਿੱਖ ਵਿਦਵਾਨਾਂ ਦੀ ਵੱਖਰੀ ਕਮੇਟੀ ਬਣਾਈ ਜਾਵੇਗੀ। ਇਸ ਤੋਂ ਇਲਾਵਾ ਸਿੱਖ ਮਾਹਿਰਾਂ ਦੀ ਇਕ ਕਮੇਟੀ ਬਣਾਉਣ ਦਾ ਵੀ ਫੈਸਲਾ ਕੀਤਾ ਗਿਆ ਜੋ ਸਿੱਖ ਸੰਸਥਾਵਾਂ ਲਈ ਵਿਸ਼ਵ ਪੱਧਰੀ ਸਿਲੇਬਸ ਅਤੇ ਪੁਸਤਕਾਂ ਤਿਆਰ ਕਰਵਾਏਗੀ। ਸਿੱਖ ਵਿੱਦਿਅਕ ਪ੍ਰਬੰਧਾਂ ਤਹਿਤ ਸਿੱਖ ਸੰਗੀਤ ਸਿਲੇਬਸ ਤਿਆਰ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਇਹ ਸੰਗੀਤ ਸਿਲੇਬਸ ਸਿਰਫ ਸ਼ਬਦ ਸਿਖਾਉਣ ਤੱਕ ਸੀਮਤ ਨਹੀਂ ਹੋਵੇਗਾ ਸਗੋਂ ਇਸ ਦਾ ਘੇਰਾ ਵਿਸ਼ਾਲ ਹੋਵੇਗਾ।

## ਮੁਗਲ ਤੇ ਸਿੱਖ ਰਾਜ ਨਾਲ ਸਬੰਧਤ ਸਿੱਕੇ

**ਅੰਮ੍ਰਿਤਸਰ:** ਕਸਟਮ ਵਿਭਾਗ ਵੱਲੋਂ ਪਿਛਲੇ ਕੁਝ ਸਾਲਾਂ ਦੌਰਾਨ ਅਟਾਰੀ ਸਰਹੱਦ 'ਤੇ ਰੇਲਵੇ ਸਟੇਸ਼ਨ ਤੇ ਹਵਾਈ ਅੱਡੇ ਤੋਂ ਫੜੇ ਗਏ ਕਰੀਬ 1500 ਪੁਰਾਤਨ ਸਿੱਕਿਆਂ ਨੂੰ ਭਾਰਤੀ ਪੁਰਾਤਤਵ ਵਿਭਾਗ ਨੇ ਪੰਜਾਬ ਤੇ ਇਸ ਨਾਲ ਲੱਗਦੇ ਰਾਜਾਂ ਦੇ ਰਾਜਿਆਂ ਨਾਲ ਸਬੰਧਤ ਦੱਸਿਆ ਹੈ। ਇਹ ਸਿੱਕੇ ਇਥੇ ਤਸਕਰੀ ਕਰਕੇ ਲਿਆਂਦੇ ਗਏ ਸਨ। ਜਾਣਕਾਰੀ ਮੁਤਾਬਕ ਇਹ ਸਿੱਕੇ ਕੁਸ਼ਾਨ, ਮੁਗਲ ਅਤੇ ਸਿੱਖ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਸਮੇਤ ਬਰਤਾਨਵੀ ਕਾਲ ਨਾਲ ਸਬੰਧਤ ਹਨ।


# Wanted Workers

**Need workers for Restaurant and Gas stations In Eureka, CA.**

*Housing and food provide.*

**ਯੂਰੇਕਾ, ਕੈਲੀਫੋਰਨੀਆ ਵਿਚ ਰੈਸਟੋਰੈਂਟ ਅਤੇ ਗੈਸ ਸਟੇਸ਼ਨ ਲਈ ਵਰਕਰਾਂ ਦੀ ਲੋੜ ਹੈ**

**ਰਿਹਾਇਸ਼ ਅਤੇ ਖਾਣਾ ਮੁਫਤ**

**Call, Gurpreet Singh Sohal**

**Ph: 707-498-9325**

redwoodpetroleum@gmail.com

48-51

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਵਲੋਂ ਭਾਰਤ-ਪਾਕਿ ਦੋਸਤੀ ਦੀ ਜ਼ੋਰਦਾਰ ਵਕਾਲਤ

**ਬਰਮਿੰਘਮ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਾਰਤ ਤੇ ਪਾਕਿਸਤਾਨ ਦੀ ਖੁਸ਼ਹਾਲੀ ਤੇ ਵਿਕਾਸ ਲਈ ਪਾਕਿਸਤਾਨ ਨਾਲ ਸ਼ਾਂਤੀ ਤੇ ਦੋਸਤੀ ਦੀ ਜ਼ੋਰਦਾਰ ਵਕਾਲਤ ਕੀਤੀ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਭਾਰਤ ਕਥਿਤ ਤੌਰ 'ਤੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਤੋਂ ਸਮਰਥਨ ਲੈਣ ਵਾਲੇ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨੂੰ ਦੇਸ਼ ਦੀ ਅਖੰਡਤਾ ਤੇ ਸਥਿਰਤਾ ਨੂੰ ਭੰਗ ਕਰਨ ਦੀ ਆਗਿਆ ਨਹੀਂ ਦੇਵੇਗਾ।

ਮੁੱਖ ਮੰਤਰੀ ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਰੱਖੇ ਵਿਸ਼ੇਸ਼ ਸਮਾਗਮ ਦੌਰਾਨ ਪਰਵਾਸੀ ਭਾਰਤੀਆਂ ਨੂੰ ਸੰਬੋਧਨ ਕਰ ਰਹੇ ਸਨ। ਮੀਡੀਆ ਨਾਲ ਗੈਰ-ਰਸਮੀ ਗੱਲਬਾਤ ਦੌਰਾਨ ਕੈਪਟਨ ਨੇ ਕਿਹਾ ਕਿ ਐਸ.ਐਫ.ਜੇ. ਇਕ ਕੱਟੜ ਅਤਿਵਾਦੀ ਗਰੁੱਪ ਸੀ, ਜਿਸ ਦੀ ਮੁਹਿੰਮ ਦਾ ਕੋਈ ਵਿਚਾਰਧਾਰਕ ਆਧਾਰ ਨਹੀਂ ਸੀ। ਉਨ੍ਹਾਂ ਜ਼ੋਰ ਦਿੰਦਿਆਂ ਇਹ ਗੱਲ ਆਖੀ ਕਿ ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਕਈ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ ਅਤੇ ਹੁਣ ਸਮਾਂ ਆ ਗਿਆ ਹੈ ਕਿ ਉਹ ਬੀਤੇ ਸਮੇਂ ਨੂੰ ਭੁੱਲ ਕੇ ਦੋਸਤੀ ਦੀ ਭਾਵਨਾ ਨਾਲ ਅੱਗੇ ਵਧਦਿਆਂ ਆਪਣੀ ਤਰੱਕੀ ਯਕੀਨੀ ਬਣਾਉਣ।

ਗੁਰੂ ਨਾਨਕ ਦੇਵ ਜੀ ਦੇ 'ਪਰਮਾਤਮਾ ਇਕ ਹੈ' ਦੇ ਫਲਸਫੇ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਭਵਿੱਖ ਸੁਰੱਖਿਅਤ ਕਰਨ ਅਤੇ ਪੰਜਾਬ ਤੇ ਇਸ ਦੇ ਲੋਕਾਂ ਦੇ ਵਿਕਾਸ ਲਈ ਧਰਮਾਂ-ਜਾਤਾਂ ਦੇ ਵਖਰੇਵਿਆਂ ਤੋਂ ਉਪਰ ਉਠਣ ਦੀ ਲੋੜ ਉਤੇ ਜ਼ੋਰ ਦਿੱਤਾ। ਪ੍ਰਦੂਸ਼ਣ ਅਤੇ ਪਾਣੀ ਦੀ ਘਾਟ ਵਰਗੀਆਂ ਵਿਸ਼ਵ-ਵਿਆਪੀ ਸਮੱਸਿਆਵਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਜੋ 550 ਸਾਲ ਪਹਿਲਾਂ ਸੰਕੇਤ ਦਿੱਤਾ ਸੀ, ਉਹ ਹੁਣ ਅਮਲੀ ਰੂਪ ਵਿਚ ਹੋ ਰਿਹਾ ਹੈ। ਗੁਰੂ ਸਾਹਿਬ ਨੇ ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਲਈ ਸਾਂਝੇ ਉੱਦਮਾਂ ਦੀ ਜ਼ਰੂਰਤ ਉਤੇ ਜ਼ੋਰ ਦਿੱਤਾ ਸੀ। ਉਨ੍ਹਾਂ ਪਰਵਾਸੀ ਨੂੰ ਅਪੀਲ ਕੀਤੀ ਕੀ ਉਹ ਪਿਛੋਕੜ ਨੂੰ ਯਾਦ ਰੱਖਣ ਅਤੇ ਪੰਜਾਬ ਦੀ ਤਰੱਕੀ ਲਈ ਹਰ ਢੰਗ ਨਾਲ ਯੋਗਦਾਨ ਦੇਣ। ਮੁੱਖ ਮੰਤਰੀ ਨੇ ਬਰਤਾਨੀਆ ਵਿਚਲੇ ਭਾਰਤੀਆਂ ਨੂੰ 5-6 ਦਸੰਬਰ ਨੂੰ ਮੁਹਾਲੀ ਵਿਖੇ ਕਰਵਾਏ ਜਾ ਰਹੇ 'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ' ਲਈ ਸੱਦਾ ਦਿੱਤਾ ਤਾਂ ਜੋ ਆਰਥਿਕ ਤਰੱਕੀ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਸੂਬੇ ਨੂੰ ਖੇਤੀਬਾੜੀ ਤੋਂ ਉਦਯੋਗਾਂ ਵਲ ਲਿਜਾਉਣ ਵਿਚ ਸਹਾਇਤਾ ਕੀਤੀ ਜਾ ਸਕੇ।

## ਸਵਿਸ ਬੈਂਕ: ਸਾਂਗਲੀ ਦਾ ਸ਼ਾਹੀ ਪਰਿਵਾਰ ਨਿਗਰਾਨੀ ਹੇਠ ਆਇਆ

**ਨਵੀਂ ਦਿੱਲੀ:** ਸਵਿਸ ਬੈਂਕ ਵਿਚਲੇ ਖਾਤਿਆਂ ਬਾਰੇ ਭਾਰਤੀ ਨਾਗਰਿਕਾਂ ਵਲੋਂ ਕੀਤੀ ਪੜਤਾਲ ਨੇ 'ਸ਼ਾਹੀ' ਮੋੜ ਲੈ ਲਿਆ ਹੈ। ਭਾਰਤੀ ਅਧਿਕਾਰੀਆਂ ਨੇ ਸਵਿਟਜ਼ਰਲੈਂਡ ਦੇ ਟੈਕਸ ਵਿਭਾਗ ਕੋਲ ਸਾਂਗਲੀ ਦੇ ਸ਼ਾਹੀ ਪਰਿਵਾਰ ਦੇ ਦੋ ਮੈਂਬਰਾਂ ਬਾਰੇ ਜਾਣਕਾਰੀ ਲਈ ਪਹੁੰਚ ਕੀਤੀ ਹੈ।

ਇਸ ਮਾਮਲੇ ਵਿਚ 'ਪ੍ਰਸ਼ਾਸਨਿਕ ਸਹਿਯੋਗ' ਦੀ ਭਾਰਤ ਦੀ ਬੇਨਤੀ ਬਾਅਦ ਸਵਿਟਜ਼ਰਲੈਂਡ ਦੇ ਸੰਘੀ ਟੈਕਸ ਪ੍ਰਸ਼ਾਸਨ ਨੇ ਨੋਟਿਸ ਜਾਰੀ ਕਰ ਕੇ ਸ਼ਾਹੀ ਜੋੜੇ- ਵਿਜੇਸਿੰਘ ਮਾਧਵ ਰਾਓ ਪਟਵਰਧਨ ਅਤੇ ਰੋਹਿਣੀ ਵਿਜੇਸਿੰਘ ਪਟਵਰਧਨ ਨੂੰ ਇਸ ਮਾਮਲੇ ਨਾਲ ਨਜਿੱਠਣ ਲਈ ਆਪਣਾ ਨੁਮਾਇੰਦਾ ਨਿਯੁਕਤ ਕਰਨ ਅਤੇ ਇਸ ਮਾਮਲੇ ਵਿਚ ਆਪਣੇ ਇਤਰਾਜ਼ ਦੇਣ ਲਈ ਕਿਹਾ ਹੈ। ਦਿਲਚਸਪ ਗੱਲ ਹੈ ਕਿ ਪਟਵਰਧਨ ਜੋੜਾ ਬੌਲੀਵੁੱਡ ਅਦਾਕਾਰਾ ਭਾਗਿਆਸ਼੍ਰੀ ਦੇ ਮਾਪੇ ਹਨ।

ਆਮ ਤੌਰ ਉਤੇ ਜਾਣਕਾਰੀ ਸਾਂਝੀ ਕਰਨ ਬਾਰੇ ਸਵਿਟਜ਼ਰਲੈਂਡ ਅਧਿਕਾਰੀਆਂ ਦਾ ਇਹ ਪਹਿਲਾ ਕਦਮ ਹੈ। 19 ਨਵੰਬਰ ਨੂੰ ਬਰਨ ਵਿਚ ਸਵਿਟਜ਼ਰਲੈਂਡ ਦੇ ਤਾਜ਼ਾ ਸੰਘੀ ਗਜ਼ਟ ਵਿਚ ਪ੍ਰਕਾਸ਼ਿਤ ਕੀਤੇ ਗਏ ਦੋ ਵੱਖਰੇ ਨੋਟਿਸਾਂ ਵਿਚ, ਪਟਵਰਧਨ ਜੋੜੇ ਨੂੰ 10 ਦਿਨਾਂ ਦੇ ਅੰਦਰ-ਅੰਦਰ ਆਪਣਾ ਨੁਮਾਇੰਦਾ ਨਿਯੁਕਤ ਕਰਨ ਲਈ ਕਿਹਾ ਗਿਆ ਹੈ। ਨੋਟਿਸਾਂ ਵਿਚ ਉਨ੍ਹਾਂ ਦੇ ਨਾਮ ਅਤੇ ਜਨਮ ਤਰੀਕਾਂ ਤੋਂ ਇਲਾਵਾ ਹੋਰ ਵੇਰਵਿਆਂ ਦਾ ਖੁਲਾਸਾ ਨਹੀਂ ਕੀਤਾ ਗਿਆ।

## ਵਿਰਾਸਤ-ਏ-ਖਾਲਸਾ 'ਵਰਲਡ ਬੁੱਕ ਆਫ ਰਿਕਾਰਡਜ਼' ਵਿਚ ਸ਼ਾਮਲ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਾਪਿਤ ਕੀਤੇ ਗਏ ਅਤਿ ਆਧੁਨਿਕ ਅਜਾਇਬ ਘਰ, ਵਿਰਾਸਤ-ਏ-ਖਾਲਸਾ ਨੇ ਰੋਜ਼ਾਨਾ ਸਭ ਤੋਂ ਵੱਧ ਸੈਲਾਨੀਆਂ ਦੀ ਆਮਦ ਸਦਕਾ ਸਾਲਾਨਾ ਹਵਾਲਾ ਪੁਸਤਕ 'ਵਰਲਡ ਬੁੱਕ ਆਫ ਰਿਕਾਰਡਜ਼' ਵਿਚ ਸੂਚੀਬੱਧ ਹੋ ਕੇ ਇਕ ਹੋਰ ਨਵਾਂ ਰਿਕਾਰਡ ਬਣਾ ਲਿਆ ਹੈ।

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ 'ਵਰਲਡ ਬੁੱਕ ਆਫ ਰਿਕਾਰਡਜ਼' ਦੇ ਵਫਦ ਵਲੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮਿਊਜ਼ੀਅਮ 'ਚ 20 ਮਾਰਚ, 2019 ਨੂੰ 20569 ਦਰਸ਼ਕਾਂ ਦੀ ਰਿਕਾਰਡ ਤੋੜ ਆਮਦ ਵੇਖਣ ਨੂੰ ਮਿਲੀ। ਵਿਰਾਸਤ-ਏ-ਖਾਲਸਾ ਵਿਖੇ ਕਰਵਾਏ ਅਜਾਇਬ ਘਰ ਦੇ ਰਿਕਾਰਡ ਤੋੜ ਹਵਾਲੇ ਅਤੇ ਉਦਘਾਟਨ ਦਿਵਸ ਸਮਾਰੋਹ ਦੇ ਵਿਸ਼ੇਸ਼ ਮੌਕੇ ਮੰਤਰੀ ਨੇ ਕਿਹਾ ਕਿ ਇਹ ਲਗਾਤਾਰ ਚੌਥਾ ਪੁਰਸਕਾਰ ਹੈ ਜੋ ਵਿਰਾਸਤ-ਏ-ਖਾਲਸਾ ਵਿਖੇ ਇਸ ਸਾਲ ਦਰਸ਼ਕਾਂ ਦੀ ਰਿਕਾਰਡ ਤੋੜ ਆਮਦ ਲਈ ਦਿੱਤਾ ਗਿਆ ਹੈ। ਵਿਰਾਸਤ-ਏ-ਖਾਲਸਾ ਨੂੰ ਇਸ ਸਾਲ 'ਲਿਮਕਾ ਬੁੱਕ ਆਫ ਰਿਕਾਰਡਜ਼, ਇੰਡੀਆ ਬੁੱਕ ਆਫ ਰਿਕਾਰਡਜ਼, ਏਸ਼ੀਆ ਬੁੱਕ ਆਫ ਰਿਕਾਰਡਜ਼' ਵਿਚ ਸੂਚੀਬੱਧ ਕੀਤਾ ਗਿਆ ਅਤੇ ਵਿਸ਼ਵ ਪੱਧਰੀ ਵੈੱਬਸਾਈਟ ਵਲੋਂ 'ਸਰਟੀਫਿਕੇਟ ਆਫ ਐਕਸੀਲੈਂਸ' ਦਾ ਪੁਰਸਕਾਰ ਵੀ ਦਿੱਤਾ ਗਿਆ ਹੈ।

## ਹਨੀਪ੍ਰੀਤ ਸਮੇਤ ਹੋਰਨਾਂ ਮੁਲਜ਼ਮਾਂ ਖਿਲਾਫ ਦੋਸ਼ ਤੈਅ

**ਪੰਚਕੂਲਾ:** 25 ਅਗਸਤ 2017 ਨੂੰ ਪੰਚਕੂਲਾ ਵਿਚ ਹੋਏ ਦੰਗਿਆਂ ਦੇ ਮਾਮਲੇ ਸਬੰਧੀ ਦਰਜ ਐਫ.ਆਈ.ਆਰ. ਨੰ. 345 ਸਬੰਧੀ ਸੁਣਵਾਈ ਪੰਚਕੂਲਾ ਦੀ ਅਦਾਲਤ ਵਿਚ ਹੋਈ। ਸੁਣਵਾਈ ਦੇ ਚੱਲਦਿਆਂ ਡੇਰਾ ਮੁਖੀ ਰਾਮ ਰਹੀਮ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਸਮੇਤ ਹੋਰ ਮੁਲਜ਼ਮ ਅਦਾਲਤ ਵਿਚ ਪੇਸ਼ ਹੋਏ। ਅਦਾਲਤ 'ਚ ਸਾਰੇ ਮੁਲਜ਼ਮਾਂ ਖਿਲਾਫ ਦੋਸ਼ ਤੈਅ ਕਰ ਦਿੱਤੇ ਗਏ।

ਹਨੀਪ੍ਰੀਤ ਸਮੇਤ ਬਾਕੀ ਸਾਰੇ ਮੁਲਜ਼ਮਾਂ ਖਿਲਾਫ ਧਾਰਾ 145, 146, 150, 151, 152, 153 ਤੇ 120ਬੀ ਤਹਿਤ, ਜਦਕਿ 4 ਮੁਲਜ਼ਮਾਂ ਖਿਲਾਫ ਇਨ੍ਹਾਂ ਧਾਰਾਵਾਂ ਦੇ ਨਾਲ-ਨਾਲ ਧਾਰਾ 216 ਤਹਿਤ ਦੋਸ਼ ਤੈਅ ਕੀਤੇ ਗਏ। ਮਾਮਲੇ ਦੀ ਅਗਲੀ ਸੁਣਵਾਈ ਹੁਣ 13 ਦਸੰਬਰ ਨੂੰ ਹੋਵੇਗੀ। ਜ਼ਿਕਰਯੋਗ ਹੈ ਕਿ 25 ਅਗਸਤ 2017 ਨੂੰ ਪੰਚਕੂਲਾ ਸਥਿਤ ਹਰਿਆਣਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਲੋਂ ਰਾਮ ਰਹੀਮ ਨੂੰ ਸਾਧਵੀਆਂ ਦਾ ਸਰੀਰਕ ਸ਼ੋਸ਼ਣ ਕਰਨ ਦੇ ਮਾਮਲੇ 'ਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਭੜਕੇ ਦੰਗਿਆਂ ਦੌਰਾਨ ਕਰੀਬ 35 ਵਿਅਕਤੀ ਮਾਰੇ ਗਏ ਸਨ, ਜਦਕਿ 200 ਦੇ ਕਰੀਬ ਜਖਮੀ ਹੋ ਗਏ ਸਨ।

## ਸਿੱਖ ਨੇ ਮਸਜਿਦ ਲਈ ਜ਼ਮੀਨ ਦਾਨ ਕੀਤੀ

**ਮੁਜ਼ੱਫਰਨਗਰ:** ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਦੌਰਾਨ 70 ਵਰ੍ਹਿਆਂ ਦੇ ਸਿੱਖ ਨੇ ਉੱਤਰ ਪ੍ਰਦੇਸ਼ ਦੇ ਮੁਜ਼ੱਫਰਨਗਰ ਜ਼ਿਲ੍ਹੇ 'ਚ ਮਸਜਿਦ ਦੀ ਉਸਾਰੀ ਲਈ ਜ਼ਮੀਨ ਦਾਨ 'ਚ ਦੇਣ ਦਾ ਐਲਾਨ ਕੀਤਾ। ਸਮਾਜਿਕ ਕਾਰਕੁਨ ਸੁਖਪਾਲ ਸਿੰਘ ਬੇਦੀ ਨੇ ਜ਼ਿਲ੍ਹੇ ਦੇ ਪੁਰਕਾਜ਼ੀ ਕਸਬੇ 'ਚ ਹੋਏ ਸਮਾਗਮ ਦੌਰਾਨ ਮੁਸਲਮਾਨਾਂ ਨੂੰ ਜ਼ਮੀਨ ਦੇਣ ਦਾ ਵਾਅਦਾ ਕੀਤਾ। ਉਨ੍ਹਾਂ ਨਗਰ ਪੰਚਾਇਤ ਦੇ ਚੇਅਰਮੈਨ ਜ਼ਹੀਰ ਫਾਰੂਕੀ ਨੂੰ 900 ਸਕੁਏਅਰ ਫੁੱਟ ਪਲਾਟ ਦੇ ਕਾਗਜ਼ਾਤ ਸੌਂਪੇ। ਪੁਰਕਾਜ਼ੀ ਕਸਬੇ 'ਚ ਮੁਸਲਮਾਨਾਂ ਦੀ ਵੱਡੀ ਆਬਾਦੀ ਹੈ। ਸ੍ਰੀ ਬੇਦੀ ਨੇ ਕਿਹਾ ਕਿ ਉਹ ਗੁਰੂ ਨਾਨਕ ਦੇਵ ਦੀਆਂ ਸਿੱਖਿਆਵਾਂ ਉਤੇ ਚੱਲਦਿਆਂ ਸ਼ਾਂਤੀ ਦਾ ਸੁਨੇਹਾ ਫੈਲਾਉਣਾ ਚਾਹੁੰਦੇ ਹਨ। ਸਿੱਖਾਂ ਅਤੇ ਮੁਸਲਮਾਨਾਂ ਨੇ ਭਾਈਚਾਰਕ ਸਾਂਝ ਵਧਾਉਣ ਲਈ ਉਠਾਏ ਗਏ ਕਦਮ ਦਾ ਸਵਾਗਤ ਕੀਤਾ ਹੈ।

# ਕੈਪਟਨ ਖਿਲਾਫ ਬਾਗੀ ਸੁਰਾਂ ਹੋਈਆਂ ਤਿੱਖੀਆਂ

*(ਸਫਾ ਇਕ ਦੀ ਬਾਕੀ)*

ਖੁੱਲ੍ਹ ਕੇ ਤਾਂ ਨਹੀਂ ਬੋਲਦੇ ਪਰ ਅੰਦਰਖਾਤੇ ਉਨ੍ਹਾਂ ਦੀ ਸਰਕਾਰੇ-ਦਰਬਾਰੇ ਸੁਣਵਾਈ ਨਾ ਹੋਣ ਕਾਰਨ ਨਾਰਾਜ਼ ਜ਼ਰੂਰ ਹਨ।

ਦਰਅਸਲ, ਕੈਪਟਨ ਸਰਕਾਰ ਘਰ-ਘਰ ਰੁਜ਼ਗਾਰ ਦੇਣ, ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ, ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ ਰਾਹਤ ਦੇਣ, ਨਸ਼ਿਆਂ ਦਾ ਚਾਰ ਹਫਤਿਆਂ ਅੰਦਰ ਲੱਕ ਤੋੜਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਵਰਗੇ ਵੱਡੇ ਮੁੱਦੇ ਹੱਲ ਕਰਨ ਦਾ ਵਾਅਦਾ ਲੈ ਕੇ ਸੱਤਾ ਵਿਚ ਆਈ ਸੀ ਪਰ ਸਰਕਾਰ ਨੇ ਤਿੰਨ ਸਾਲ ਸੱਤਾ ਭੋਗਣ ਤੋਂ ਬਾਅਦ ਵੀ ਇਸ ਪਾਸੇ ਡੱਕਾ ਨਹੀਂ ਤੋੜਿਆ। ਕਾਂਗਰਸੀ ਵਿਧਾਇਕ ਸਮੇਂ-ਸਮੇਂ ਉਤੇ ਖੁਦ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਚੋਣ ਵਾਅਦੇ ਯਾਦ ਕਰਵਾਉਂਦੇ ਰਹੇ ਪਰ ਕੈਪਟਨ ਨੇ ਇਸ ਦੀ ਭੋਰਾ ਪਰਵਾਹ ਨਹੀਂ ਕੀਤੀ। ਹੁਣ ਮੁਲਜ਼ਮ ਜਥੇਬੰਦੀਆਂ ਸਮੇਤ ਆਮ ਲੋਕ ਸਰਕਾਰ ਖਿਲਾਫ ਵੱਡੇ ਪੱਧਰ ਉਤੇ ਲਾਮਬੰਦੀ ਕਰ ਰਹੇ ਹਨ। ਵਿਧਾਇਕਾਂ ਨੂੰ ਆਪਣੇ ਹਲਕਿਆਂ ਵਿਚ ਲੋਕਾਂ ਨੂੰ ਜਵਾਬ ਦੇਣਾ ਔਖਾ ਹੋਇਆ ਪਿਆ ਹੈ।

ਸਭ ਤੋਂ ਵੱਡਾ ਸਵਾਲ ਅਫਸਰਸ਼ਾਹੀ ਦੇ ਗਲਬੇ ਦਾ ਹੈ। ਵਿਧਾਇਕਾਂ ਦਾ ਦਾਅਵਾ ਹੈ ਕਿ ਭਾਵੇਂ ਸਰਕਾਰ ਕਾਂਗਰਸ ਦੀ ਹੈ ਪਰ ਅਫਸਰ ਮੰਨਦੇ ਅਕਾਲੀਆਂ ਦੀ ਹੀ ਹਨ। ਦਰਅਸਲ, ਚੋਣ ਵਾਅਦਿਆਂ ਬਾਰੇ ਕੈਪਟਨ ਹੁਣ ਤੱਕ ਇਕ ਹੀ ਰਾਗ ਅਲਾਪਦੇ ਰਹੇ ਹਨ ਕਿ ਪਿਛਲੀ ਸਰਕਾਰ ਉਨ੍ਹਾਂ ਸਿਰ ਕਰਜ਼ੇ ਦੇ ਪੰਡ ਸੁੱਟ ਗਈ ਸੀ ਪਰ ਹੁਣ ਕਾਂਗਰਸ ਨੂੰ ਸੱਤਾ ਵਿਚ 3 ਸਾਲ ਹੋ ਗਏ ਹਨ। ਆਮ ਲੋਕਾਂ ਸਮੇਤ ਕਾਂਗਰਸ ਦੇ ਆਪਣੇ ਸੀਨੀਅਰ ਆਗੂ ਹੁਣ ਕੈਪਟਨ ਦਾ ਇਹ ਬਹਾਨਾ ਸੁਣਨ ਲਈ ਤਿਆਰ ਨਹੀਂ। ਪੰਜਾਬ ਵਿਚ ਇਸ ਸਮੇਂ 'ਵਿੱਤੀ ਐਮਰਜੈਂਸੀ' ਵਾਲੇ ਹਾਲਾਤ ਹਨ।

ਵਿੱਤੀ ਸੰਕਟ ਕਾਰਨ ਸਰਕਾਰ 'ਓਵਰ ਡਰਾਫਟ' ਵਿਚ ਚਲੀ ਗਈ ਹੈ। ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ, ਭਾਵ 31 ਮਾਰਚ 2020 ਤੱਕ 2 ਲੱਖ 29 ਹਜ਼ਾਰ 611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26978 ਕਰੋੜ ਰੁਪਏ ਤਨਖਾਹਾਂ, 10875 ਕਰੋੜ ਰੁਪਏ ਪੈਨਸ਼ਨਾਂ ਉਤੇ ਖਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿਚ ਸਰਕਾਰ ਨੇ ਪਾਵਰਕੌਮ ਨੂੰ 12393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ। ਪੰਜਾਬ ਸਰਕਾਰ ਇਸ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 17334 ਕਰੋੜ ਰੁਪਏ ਦਾ ਕਰਜ਼ਾ ਲਵੇਗੀ ਤੇ ਇਸ ਦੇ ਉਲਟ ਪਹਿਲਾਂ ਲਏ ਕਰਜ਼ੇ ਦੇ ਵਿਆਜ ਦੀ ਅਦਾਇਗੀ 30309 ਕਰੋੜ ਰੁਪਏ ਵੀ ਕਰਨੀ ਬਾਕੀ ਹੈ ਤੇ ਮੂਲ ਦੀਆਂ ਕਿਸ਼ਤਾਂ ਦਾ ਸਾਲਾਨਾ ਭਾਰ 12639 ਕਰੋੜ ਰੁਪਏ ਹੈ। ਇਨ੍ਹਾਂ ਤੱਥਾਂ ਤੋਂ ਸਰਕਾਰ ਦੀ ਮਾਲੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਪੰਜਾਬ ਸਰਕਾਰ ਵਲੋਂ ਮਾਲੀ ਹਾਲਤ ਨੂੰ ਸੁਧਾਰਨ ਲਈ ਮੰਤਰੀਆਂ ਉਤੇ ਅਧਾਰਿਤ ਕਮੇਟੀ ਦਾ ਗਠਨ ਵੀ ਕੀਤਾ ਸੀ। ਇਸ ਕਮੇਟੀ ਵੱਲੋਂ 10 ਦੇ ਕਰੀਬ ਮੀਟਿੰਗਾਂ ਕੀਤੀਆਂ ਜਾ ਚੁੱਕੀਆਂ ਹਨ। ਕਮੇਟੀ ਦੀਆਂ ਸਿਫਾਰਸ਼ਾਂ ਉਤੇ ਸਰਕਾਰ ਵਲੋਂ ਕੁਝ ਨਵੇਂ ਕਰ ਵੀ ਲਾਏ ਜਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਸਰਕਾਰ ਦੀ ਮਾਲੀ ਹਾਲਤ ਵਿਚ ਸੁਧਾਰ ਨਹੀਂ ਹੋਇਆ।

# ਮਹਾਰਾਸ਼ਟਰ: ਭਾਜਪਾ ਨੇ ਜਮਹੂਰੀ ਨਿਯਮ ਮਧੋਲੇ

*(ਸਫਾ ਇਕ ਦੀ ਬਾਕੀ)*

ਸੀਟਾਂ ਵਾਲੀ ਦੂਜੀ ਪਾਰਟੀ ਸ਼ਿਵ ਸੈਨਾ ਨੂੰ ਸੱਦਾ ਮਿਲਿਆ ਪਰ ਸਿਰਫ 24 ਘੰਟਿਆਂ ਦੌਰਾਨ ਲੋੜੀਂਦੇ ਵਿਧਾਇਕਾਂ ਦੀ ਹਮਾਇਤ ਸਾਬਤ ਕਰਨ ਲਈ ਕਹਿ ਦਿੱਤਾ ਗਿਆ। ਫਿਰ ਐਨ.ਸੀ.ਪੀ. ਨੂੰ ਸੱਦਾ ਦਿੱਤਾ ਗਿਆ ਪਰ ਅਚਾਨਕ ਰਾਜਪਾਲ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾ ਦਿੱਤਾ ਗਿਆ। ਫਿਰ ਸਰਕਾਰ ਬਣਾਉਣ ਲਈ ਸ਼ਰਦ ਪਵਾਰ ਦੀ ਪਹਿਲਕਦਮੀ ਉਤੇ ਕਾਂਗਰਸ ਅਤੇ ਸ਼ਿਵ ਸੈਨਾ ਨੇੜੇ ਆ ਗਏ। ਇਸ ਤੋਂ ਪਹਿਲਾਂ ਕਿ ਉਹ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰਦੇ, ਭਾਜਪਾ ਨੇ ਸਰਕਾਰ ਬਣਾ ਲਈ। ਕਾਂਗਰਸ, ਐਨ.ਸੀ.ਪੀ. ਅਤੇ ਸ਼ਿਵ ਸੈਨਾ ਨੇ ਇਸ ਨੂੰ ਸੰਵਿਧਾਨ ਨਾਲ ਖਿਲਵਾੜ ਕਿਹਾ ਹੈ ਅਤੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ।

ਸੁਪਰੀਮ ਕੋਰਟ ਨੇ ਰਾਜਪਾਲ ਵਲੋਂ ਭਾਜਪਾ ਤੇ ਪਵਾਰ ਨੂੰ ਸਰਕਾਰ ਬਣਾਉਣ ਦਾ ਸੱਦਾ, ਵਿਧਾਇਕਾਂ ਵਲੋਂ ਰਾਜਪਾਲ ਨੂੰ ਸਰਕਾਰ ਬਣਾਉਣ ਦੇ ਦਾਅਵੇ ਵਾਲੇ ਪੱਤਰ ਅਤੇ ਪ੍ਰਧਾਨ ਮੰਤਰੀ ਵਲੋਂ ਰਾਸ਼ਟਰਪਤੀ ਰਾਜ ਹਟਾਉਣ ਲਈ ਐਮਰਜੈਂਸੀ ਹਾਲਾਤ ਬਾਰੇ ਜਾਣਕਾਰੀ ਮੰਗੀ, ਪਰ ਇਸ ਤੋਂ ਪਹਿਲਾਂ ਹੀ ਭਾਜਪਾ ਨੇ ਹੱਥ ਖੜ੍ਹੇ ਕਰਦਿਆਂ ਸੱਤਾ ਤੋਂ ਲਾਂਭੇ ਹੋਣ ਵਿਚ ਹੀ ਭਲਾਈ ਸਮਝੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਡਾ. ਗੁਰਚਰਨ ਸਿੰਘ ਗਰੇਵਾਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਅਯੁਧਿਆ ਸਲਵਾਨ | ਰਾਜਿੰਦਰ ਸਿੰਘ ਬੈਂਸ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |

# ਲੇਬਰ ਪਾਰਟੀ ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਮੁਆਫੀ ਮੰਗੇਗੀ

**ਲੰਡਨ**: ਬਰਤਾਨੀਆ ਵਿਚ ਵਿਰੋਧੀ ਧਿਰ ਲੇਬਰ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ (ਮੈਨੀਫੈਸਟੋ) 'ਚ ਮੁਲਕ ਦੇ ਬਸਤੀਵਾਦੀ ਪਿਛੋਕੜ ਦਾ ਲੇਖਾ-ਜੋਖਾ ਕਰਵਾਉਣ ਦਾ ਅਹਿਦ ਕੀਤਾ ਹੈ। ਇਸ ਵਿਚ ਜਲ੍ਹਿਆਂਵਾਲਾ ਬਾਗ ਕਤਲੇਆਮ ਲਈ ਭਾਰਤ ਤੋਂ ਮੁਆਫੀ ਮੰਗਣਾ ਵੀ ਸ਼ਾਮਲ ਹੈ। 12 ਦਸੰਬਰ ਨੂੰ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਲੇਬਰ ਪਾਰਟੀ ਨੇ ਮੈਨੀਫੈਸਟੋ ਵਿਚ ਐਲਾਨ ਕੀਤਾ ਹੈ ਕਿ ਅੰਮ੍ਰਿਤਸਰ ਵਿਚ ਕਰੀਬ 100 ਸਾਲ ਪਹਿਲਾਂ ਬ੍ਰਿਟਿਸ਼ ਸ਼ਾਸਨ ਦੌਰਾਨ ਹੋਏ ਇਸ ਕਤਲੇਆਮ ਲਈ ਮੁਆਫੀ ਮੰਗੀ ਜਾਵੇਗੀ। ਜ਼ਿਕਰਯੋਗ ਹੈ ਕਿ ਸਾਬਕਾ ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਇਸੇ ਸਾਲ ਜਲ੍ਹਿਆਂਵਾਲਾ ਬਾਗ ਕਾਂਡ ਦੇ 100ਵੇਂ ਵਰ੍ਹੇ ਵਿਚ ਦਾਖਲ ਹੋਣ ਉਤੇ ਰਸਮੀ ਤੌਰ ਉਤੇ ਮੁਆਫੀ ਮੰਗ ਕੇ 'ਡੂੰਘਾ ਪਛਤਾਵਾ' ਕੀਤਾ ਸੀ। 107 ਸਫਿਆਂ ਦੇ ਮਨੋਰਥ ਪੱਤਰ ਦਾ ਸਿਰਲੇਖ 'ਇਟਜ਼ ਟਾਈਮ ਫਾਰ ਦੀ ਰੀਅਲ ਚੇਂਜ' ਹੈ ਤੇ ਇਸ ਨੂੰ ਪਾਰਟੀ ਆਗੂ ਜੈਰੇਮੀ ਕੋਰਬਿਨ ਨੇ ਰਿਲੀਜ਼ ਕੀਤਾ।




ਪਾਰਟੀ ਨੇ ਕਿਹਾ ਕਿ ਉਹ ਇਸ ਮੁੱਦੇ ਉਤੇ ਅੱਗੇ ਵਧੇਗੀ ਤੇ ਮੁਆਫੀ ਮੰਗੇਗੀ। ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਲੇਬਰ ਪਾਰਟੀ ਬਰਤਾਨੀਆ ਵੱਲੋਂ 'ਲੰਘੇ ਸਮੇਂ ਦੌਰਾਨ ਕੀਤੇ ਗਏ ਅਨਿਆਂ' ਸਬੰਧੀ ਜੱਜ ਦੀ ਅਗਵਾਈ ਵਿਚ ਜਾਂਚ ਆਰੰਭੇਗੀ। ਅਪਰੇਸ਼ਨ 'ਬਲੂ ਸਟਾਰ' ਵਿਚ ਬਰਤਾਨੀਆ ਦੀ ਭੂਮਿਕਾ ਬਾਰੇ ਵੀ ਲੋਕਾਂ ਦੇ ਨਜ਼ਰੀਏ ਤੋਂ ਸਮੀਖਿਆ ਕੀਤੀ ਜਾਵੇਗੀ। ਮੈਨੀਫੈਸਟੋ ਦੇ ਪਹਿਲੇ ਸਫੇ ਉਤੇ ਦੂਜਾ ਮੁੱਖ ਨੁਕਤਾ 'ਪ੍ਰਭਾਵੀ ਕੂਟਨੀਤੀ' ਹੈ। ਦੱਸਣਯੋਗ ਹੈ ਕਿ 2014 ਵਿਚ ਯੂਕੇ ਸਰਕਾਰ ਵੱਲੋਂ ਖੁਫੀਆ ਦਸਤਾਵੇਜ਼ ਜਾਰੀ ਕੀਤੇ ਗਏ ਸਨ, ਜਿਨ੍ਹਾਂ ਤੋਂ ਖੁਲਾਸਾ ਹੋਇਆ ਸੀ ਹਰਿਮੰਦਰ ਸਾਹਿਬ 'ਚ ਦਾਖਲ ਹੋਣ ਤੋਂ ਪਹਿਲਾਂ (ਅਪਰੇਸ਼ਨ ਬਲੂ ਸਟਾਰ) ਬ੍ਰਿਟਿਸ਼ ਫੌਜ ਨੇ ਭਾਰਤੀ ਫੌਜ ਨੂੰ ਸਲਾਹ ਦਿੱਤੀ ਸੀ। ਇਸ ਤੋਂ ਬਾਅਦ ਇਸ ਮੰਗ ਨੇ ਜ਼ੋਰ ਫੜ ਲਿਆ ਸੀ ਕਿ ਬਰਤਾਨੀਆ ਵੱਲੋਂ ਭਾਰਤ ਨੂੰ ਦਿੱਤੀ 'ਸਲਾਹ' ਬਾਰੇ ਖੁੱਲ੍ਹ ਕੇ ਦੱਸਿਆ ਜਾਵੇ। ਕਸ਼ਮੀਰ ਵਿਵਾਦ ਵੱਲ ਖਾਸ ਤੌਰ ਉਤੇ ਇਸ਼ਾਰਾ ਕਰਦਿਆਂ ਲੇਬਰ ਧਿਰ ਨੇ ਉਪ ਮਹਾਦੀਪ 'ਚ ਵਧੀ ਤਲਖੀ ਰੋਕਣ ਤੇ ਸ਼ਾਂਤੀ ਲਈ ਉੱਦਮ ਕਰਨ ਦਾ ਵੀ ਜ਼ਿਕਰ ਮੈਨੀਫੈਸਟੋ ਵਿਚ ਕੀਤਾ ਹੈ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways



Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

ਤੰਦੂਰੀਏ ਸ਼ੈਫ ਤੇ ਡਿਸ਼ ਵਾਸ਼ਰ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਸ਼ੈਫ ਅਤੇ ਡਿਸ਼ ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ, ਖਾਣਾ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 515-291-1961
47-48

ਰੈਸਟੋਰੈਂਟ ਸਟਾਫ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਤੰਦੂਰੀਏ ਤੇ ਵੈਜੀਟੇਰੀਅਨ ਬਫੇ (ਨਾਰਥ ਐਂਡ ਸਾਊਥ ਇੰਡੀਅਨ) ਬਣਾਉਣ ਵਾਲੇ ਸ਼ੈਫ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
22+

## ਆਸਟਰੇਲੀਆ ਨੇ ਦੋ ਨਵੀਆਂ ਵੀਜ਼ਾ ਸ਼੍ਰੇਣੀਆਂ ਖੋਲ੍ਹੀਆਂ

**ਸਿਡਨੀ:** ਆਸਟਰੇਲੀਆ ਸਰਕਾਰ ਨੇ ਆਪਣੇ ਆਵਾਸ ਮਾਮਲੇ 'ਚ ਸੋਧ ਕਰਦਿਆਂ ਹੁਣ ਦੋ ਹੋਰ ਨਵੀਆਂ ਵੀਜ਼ਾ ਸ਼੍ਰੇਣੀਆਂ ਖੋਲ੍ਹੀਆਂ ਹਨ। ਇਨ੍ਹਾਂ ਨਵੇਂ ਵੀਜ਼ਿਆਂ ਦੀ ਪਰਿਭਾਸ਼ਾ ਖੇਤਰੀ ਆਸਟਰੇਲੀਆ ਹੈ ਜਿਸ ਵਿਚ ਸਿਡਨੀ, ਮੈਲਬਰਨ ਤੇ ਬ੍ਰਿਸਬਨ ਨੂੰ ਛੱਡ ਕੇ ਸਾਰੇ ਆਸਟਰੇਲੀਆ ਨੂੰ ਸ਼ਾਮਲ ਕੀਤਾ ਗਿਆ ਹੈ।

ਚਾਹਵਾਨ ਹੁਨਰਮੰਦ ਪਰਵਾਸੀ, ਮਾਲਕ ਸਪਾਂਸਰਡ ਖੇਤਰੀ (ਸਬ-ਕਲਾਸ 491) ਤੇ ਸਕਿੱਲਡ ਵਰਕ ਖੇਤਰੀ (ਸਬ ਕਲਾਸ 494) ਵੀਜ਼ਾ ਸ਼੍ਰੇਣੀਆਂ 'ਚ ਸ਼ਾਮਲ ਹੋ ਸਕਦੇ ਹਨ। ਉਨ੍ਹਾਂ ਨੂੰ ਖੇਤਰੀ ਆਸਟਰੇਲਿਆਈ ਮਾਲਕ, ਰਾਜ ਜਾਂ ਪ੍ਰਦੇਸ਼ ਸਰਕਾਰ ਵੱਲੋਂ ਸਪਾਂਸਰਸ਼ਿਪ ਲੈਣੀ ਪਵੇਗੀ। ਇਹ ਨਵੇਂ ਵੀਜ਼ਾ ਧਾਰਕ ਘੱਟੋ-ਘੱਟ 3 ਸਾਲਾਂ ਲਈ ਖੇਤਰੀ ਆਸਟਰੇਲੀਆ ਵਿਚ ਇਕੱਲੇ ਜਾਂ ਪਰਿਵਾਰ ਸਮੇਤ ਰਹਿਣ, ਕੰਮ ਕਰਨ ਤੇ ਆਮਦਨੀ ਦੀਆਂ ਜ਼ਰੂਰਤਾਂ ਪੂਰਾ ਕਰ ਲੈਣ ਬਾਅਦ, ਨਵੰਬਰ 2022 ਵਿਚ ਸਥਾਈ ਰਿਹਾਇਸ਼ੀ (ਹੁਨਰਮੰਦ ਖੇਤਰੀ) ਵੀਜ਼ਾ ਲਈ ਅਰਜ਼ੀ ਦੇ ਸਕਣਗੇ।

## ਕੈਨੇਡਾ ਵਿਚ ਪੰਜਾਬੀ ਮੁਟਿਆਰ ਦਾ ਕਤਲ

**ਜਲੰਧਰ**: ਕੈਨੇਡਾ ਦੇ ਸਰੀ ਸ਼ਹਿਰ ਵਿਚ ਪੰਜਾਬ ਦੀ 21 ਸਾਲਾ ਲੜਕੀ ਦੀ ਹੱਤਿਆ ਕਰ ਦਿੱਤੀ ਗਈ। ਮ੍ਰਿਤਕਾ ਦੀ ਪਛਾਣ ਪ੍ਰਭਲੀਨ ਕੌਰ ਪੁੱਤਰੀ ਗੁਰਦਿਆਲ ਸਿੰਘ ਮਠਾੜੂ ਵਾਸੀ ਪਿੰਡ ਚਿੱਟੀ ਵਜੋਂ ਹੋਈ ਹੈ। ਪ੍ਰਭਲੀਨ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਨੂੰ ਕੈਨੇਡਾ ਤੋਂ ਪੁਲਿਸ ਨੇ ਫੋਨ ਕਰਕੇ ਦੱਸਿਆ ਕਿ ਉਨ੍ਹਾਂ ਦੀ ਧੀ ਦਾ ਕਤਲ ਹੋ ਗਿਆ ਹੈ। ਪ੍ਰਭਲੀਨ ਨੂੰ ਘਰ ਦੇ ਅੰਦਰ ਹੀ ਕਤਲ ਕੀਤਾ ਗਿਆ ਸੀ। ਪ੍ਰਭਲੀਨ ਨਵੰਬਰ, 2016 ਵਿਚ ਪੜ੍ਹਾਈ ਵੀਜ਼ੇ 'ਤੇ ਕੈਨੇਡਾ ਗਈ ਸੀ। ਹੁਣ ਉਥੇ ਉਸ ਦੀ ਪੜ੍ਹਾਈ ਮੁਕੰਮਲ ਹੋ ਗਈ ਸੀ। ਉਸ ਨੂੰ ਵਰਕ ਪਰਮਿਟ ਮਿਲਿਆ ਹੋਇਆ ਸੀ ਤੇ ਉਹ ਕੰਮ ਕਰ ਰਹੀ ਸੀ। ਪ੍ਰਭਲੀਨ ਦੀ ਮਾਤਾ ਵੀ ਦੋ ਵਾਰ ਕੈਨੇਡਾ ਉਸ ਨੂੰ ਮਿਲਣ ਲਈ ਗਈ ਸੀ। ਮ੍ਰਿਤਕਾ ਦੇ ਪਿਤਾ ਗੁਰਦਿਆਲ ਸਿੰਘ ਲੰਮਾ ਸਮਾਂ ਪੰਜਾਬੀ ਦੀ ਇਕ ਅਖਬਾਰ ਵਿਚ ਪ੍ਰੈੱਸ ਫੋਟੋਗ੍ਰਾਫਰ ਵਜੋਂ ਕੰਮ ਕਰਦੇ ਰਹੇ ਹਨ।

## ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਕਸ਼ਮੀਰ ਬਾਰੇ ਤਿੱਖੇ ਸਵਾਲ

**ਨਵੀਂ ਦਿੱਲੀ:** ਜੰਮੂ-ਕਸ਼ਮੀਰ ਨੂੰ ਸੰਵਿਧਾਨ ਦੀ ਧਾਰਾ 370 ਤਹਿਤ ਮਿਲੇ ਵਿਸ਼ੇਸ਼ ਹੱਕਾਂ ਨੂੰ ਖਤਮ ਕਰਨ ਤੇ ਉਥੇ ਜਾਰੀ ਪਾਬੰਦੀਆਂ ਨੂੰ ਲੈ ਕੇ ਦਾਖਲ ਪਟੀਸ਼ਨਾਂ ਦੀ ਸੁਣਵਾਈ ਕਰ ਰਹੀ ਸੁਪਰੀਮ ਕੋਰਟ ਨੇ ਜੰਮੂ-ਕਸ਼ਮੀਰ ਪ੍ਰਸ਼ਾਸਨ ਤੇ ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਹੈ ਕਿ ਸਭ ਸਵਾਲਾਂ ਦੇ ਜਵਾਬ ਦੇਣੇ ਹੋਣਗੇ ਕਿਉਂਕਿ ਪਟੀਸ਼ਨਰਾਂ ਨੇ ਵਿਸਥਾਰ ਨਾਲ ਦਲੀਲਾਂ ਪੇਸ਼ ਕੀਤੀਆਂ ਹਨ।

ਬੈਂਚ ਨੇ ਕਿਹਾ ਕਿ ਇਸ ਮਾਮਲੇ 'ਚ ਤੁਹਾਡੇ ਵੱਲੋਂ ਕਾਊਂਟਰ ਹਲਫਨਾਮੇ ਦੇ ਦਾਖਲ ਕਰਨ ਨਾਲ ਅਦਾਲਤ ਕਿਸੇ ਨਤੀਜੇ 'ਤੇ ਨਹੀਂ ਪਹੁੰਚ ਸਕਦੀ, ਅਜਿਹਾ ਵਿਖਾਉਣ ਦੀ ਕੋਸ਼ਿਸ਼ ਨਾ ਕਰੋ ਕਿ ਜਿਵੇਂ ਤੁਸੀਂ ਇਸ ਮਾਮਲੇ ਨੂੰ ਵਧੇਰੇ ਤਵੱਜੋ ਨਾ ਦਿੱਤੀ ਹੋਵੇ। ਜਿਸ ਦਾ ਜਵਾਬ ਦਿੰਦਿਆਂ ਸਾਲਿਸਟਰ ਜਨਰਲ ਮਹਿਤਾ ਨੇ ਕਿਹਾ ਕਿ ਜੰਮੂ-ਕਸ਼ਮੀਰ 'ਚ ਪਾਬੰਦੀਆਂ ਲਗਾਉਣ ਖਿਲਾਫ ਦਾਇਰ ਪਟੀਸ਼ਨਾਂ 'ਚ ਬਹੁਤੇ ਤੱਥ ਗਲਤ ਹਨ ਅਤੇ ਉਹ ਪਟੀਸ਼ਨਾਂ 'ਚ ਲਗਾਏ ਗਏ ਸਭ ਦੋਸ਼ਾਂ ਤੇ ਉਠਾਏ ਗਏ ਸਵਾਲਾਂ ਦਾ ਜਵਾਬ ਦੇਣ ਲਈ ਤਿਆਰ ਹਨ।

ਸ੍ਰੀ ਮਹਿਤਾ ਨੇ ਅਦਾਲਤ ਨੂੰ ਦੱਸਿਆ ਕਿ ਜੰਮੂ-ਕਸ਼ਮੀਰ 'ਚ ਹਰ ਦਿਨ ਸਥਿਤੀ 'ਚ ਸੁਧਾਰ ਹੋ ਰਿਹਾ ਹੈ ਅਤੇ ਜੰਮੂ-ਕਸ਼ਮੀਰ 'ਚ 'ਪੂਰਨ ਬੰਦ' ਦੇ ਦੋਸ਼ ਲਗਾਉਣ ਵਾਲੀਆਂ ਪਟੀਸ਼ਨਾਂ ਗਲਤ ਤੇ ਅਣਉੱਚਿਤ ਹਨ। ਉਨ੍ਹਾਂ ਬੈਂਚ ਨੂੰ ਦੱਸਿਆ ਕਿ 13 ਅਗਸਤ ਤੋਂ ਬਾਅਦ ਵਾਦੀ 'ਚ ਕਈ ਖੇਤਰਾਂ ਵਿਚ ਪਾਬੰਦੀਆਂ ਤੋਂ ਖੁੱਲ੍ਹ ਦੇ ਦਿੱਤੀ ਗਈ ਸੀ ਤੇ ਉਥੇ ਪੂਰਨ ਬੰਦ ਦਾ ਦਾਅਵਾ ਗਲਤ ਹੈ ਜਿਵੇਂ ਪਟੀਸ਼ਨਰਾਂ ਵੱਲੋਂ ਕਿਹਾ ਗਿਆ ਹੈ। ਜੰਮੂ-ਕਸ਼ਮੀਰ 'ਚ 14 ਅਕਤੂਬਰ ਤੋਂ ਪੋਸਟ-ਪੇਡ ਮੋਬਾਈਲ ਸੇਵਾ ਸ਼ੁਰੂ ਹੋ ਚੁੱਕੀ ਹੈ, ਸਕੂਲ ਖੁੱਲ੍ਹ ਗਏ ਹਨ ਅਤੇ ਸਥਿਤੀ 'ਚ ਤੇਜ਼ੀ ਨਾਲ ਸੁਧਾਰ ਜਾਰੀ ਹੈ।

Matrimonials

ਲੜਕੇ ਦੀ ਲੋੜ ਹੈ

Suitable Ramgariha Sikh match sought for our Beautiful and slim daughter, 28 years, 5'-7", M.Sc. (Botany), Currently enrolled in LPN (US), Working as a Cert. Pharmacy tech at Wal-Mart pharmacy. Residing in Chicago. Pl. Contact: manpreets1211@gmail.com 48-51

Looking for a good match for a Jatt Sikh girl, MSc, MPhil, PhD botany, lecturer in a university in Punjab, age 34, height 5'-4". Please send bio-data to Hargun1900@gmail.com 48-51

ਲੜਕੇ ਦੀ ਲੋੜ ਹੈ

Wanted suitable boy for US green card holder Jatt Sikh, 25 years, 5'-6" educated girl, doing job in Michigan. Boy should be us citizen or green card holder, Contact, Ph: 734-927-2674 45-48

ਲੜਕੀ ਦੀ ਲੋੜ ਹੈ

ਸੈਣੀ ਸਿੱਖ ਉਮਰ 33 ਸਾਲ, ਕੱਦ 5'-9" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892 45-48

## ਫਿਨਲੈਂਡ ਵਿਚ ਦੋ ਹਫਤਿਆਂ 'ਚ ਮਿਲੇਗਾ ਵਰਕ ਵੀਜ਼ਾ

**ਨਵੀਂ ਦਿੱਲੀ:** ਭਾਰਤ ਨਾਲ ਦੁਵੱਲੇ ਵਪਾਰਕ ਸਬੰਧਾਂ ਨੂੰ ਹੋਰ ਬਿਹਤਰ ਬਣਾਉਣ ਦੇ ਮਕਸਦ ਨਾਲ ਫਿਨਲੈਂਡ ਅਗਲੇ ਸਾਲ ਤੋਂ ਵਰਕ ਵੀਜ਼ਾ ਮਨਜ਼ੂਰੀ ਦਾ ਸਮਾਂ ਘਟਾ ਕੇ 15 ਦਿਨ ਕਰਨ ਦੀ ਯੋਜਨਾ ਬਣਾ ਰਿਹਾ ਹੈ। ਪਹਿਲਾਂ ਵਰਕ ਵੀਜ਼ਾ ਦੇਣ 'ਚ ਤਕਰੀਬਨ 52 ਦਿਨਾਂ ਦਾ ਸਮਾਂ ਲੱਗਦਾ ਸੀ। ਭਾਰਤ ਤੇ ਫਿਨਲੈਂਡ ਵਿਚਕਾਰ ਰਿਸ਼ਤੇ ਪਿਛਲੇ ਇਕ ਦਹਾਕੇ ਦੌਰਾਨ ਮਜ਼ਬੂਤ ਹੋਏ ਹਨ। ਦੋਵੇਂ ਮੁਲਕਾਂ ਵਿਚਕਾਰ ਸਾਲਾਨਾ ਵਪਾਰ 2.5 ਅਰਬ ਡਾਲਰ ਪਾਰ ਕਰ ਗਿਆ ਹੈ। ਫਿਨਲੈਂਡ ਦੇ ਰੁਜ਼ਗਾਰ ਮਾਮਲਿਆਂ ਬਾਰੇ ਮੰਤਰੀ ਟਿਮੋ ਹਰਾਕਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਭਾਰਤੀਆਂ ਨੂੰ ਵਰਕ ਵੀਜ਼ੇ ਦੇਣ ਦਾ ਸਮਾਂ ਘਟਾਉਣ ਬਾਰੇ ਯੋਜਨਾ ਬਣਾਈ ਹੈ। ਭਾਰਤ ਵਰਗੇ ਮੁਲਕਾਂ ਤੋਂ ਸਾਫਟਵੇਅਰ ਮਾਹਿਰਾਂ ਨੂੰ ਆਕਰਸ਼ਿਤ ਕਰਨ ਦੇ ਉਦੇਸ਼ ਨਾਲ ਅਜਿਹੇ ਕਦਮ ਉਠਾਏ ਜਾ ਰਹੇ ਹਨ।

ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ
ਇੰਡੀਅਨ-ਅਮੈਰਿਕਨ ਰੈਸਟੋਰੈਂਟ (ਮਿੱਤਰਾਂ ਦਾ ਢਾਬਾ) ਲਈ ਤੰਦੂਰੀਏ, ਕੁੱਕ ਅਤੇ ਵੇਟਰ ਦੀ ਲੋੜ ਹੈ।
(ਨਾਰਥ ਇੰਡੀਅਨ ਫੂਡ ਲਈ ਸਪੈਸ਼ਲ)
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ
ਕਿਰਪਾ ਕਰਕੇ ਪੱਕੇ ਪੇਪਰ ਵਾਲੇ ਹੀ ਸੰਪਰਕ ਕਰਨ
ਫੋਨ: 317-786-1022
ਜਾਂ 317-782-4547
48-52

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

## ਹਿੰਦੂਤਵੀ ਲਸ਼ਕਰ



**ਧੀਰੇਂਦਰ ਕੁਮਾਰ ਝਾਅ**

## ਹਿੰਦੂਤਵ ਦੀ ਚੜ੍ਹਤ ਕਿਵੇਂ ਹੋਈ-15

# ਰਾਸ਼ਟਰੀ ਸਿੱਖ ਸੰਗਤ

***ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਨੇ ਆਪਣੀ ਹੋਂਦ ਦੇ ਕਰੀਬ ਨੌਂ ਦਹਾਕਿਆਂ ਵਿਚ ਬੜੇ ਉਤਰਾ-ਚੜ੍ਹਾਅ ਦੇਖੇ ਹਨ। ਅੱਜ ਕੱਲ੍ਹ ਇਸ ਦੇ ਸਿਆਸੀ ਵਿੰਗ ਭਾਜਪਾ ਦੇ ਹੱਥਾਂ ਵਿਚ ਭਾਰਤ ਦੀ ਹਕੂਮਤ ਹੈ। ਉਘੇ ਪੱਤਰਕਾਰ ਧੀਰੇਂਦਰ ਕੁਮਾਰ ਝਾਅ ਨੇ ਵੱਖ-ਵੱਖ ਸੂਬਿਆਂ ਵਿਚ ਹਿੰਦੂਤਵੀ ਤਾਕਤਾਂ ਦੀ ਚੜ੍ਹਤ ਲਈ ਆਧਾਰ ਬਣੀਆਂ ਜਥੇਬੰਦੀਆਂ ਬਾਰੇ ਚਰਚਾ ਆਪਣੀ ਕਿਤਾਬ 'ਸ਼ੈਡੋ ਆਰਮੀਜ਼' (ਹਿੰਦੂਤਵੀ ਲਸ਼ਕਰ) ਵਿਚ ਕੀਤੀ ਹੈ। ਐਤਕੀਂ ਇਸ ਲੜੀ ਦੀ ਆਖਰੀ ਕਿਸ਼ਤ ਵਿਚ 'ਰਾਸ਼ਟਰੀ ਸਿੱਖ ਸੰਗਤ' ਦਾ ਇਤਿਹਾਸ ਫਰੋਲਿਆ ਗਿਆ ਹੈ, ਜਿਸ ਨੇ ਸਿੱਖਾਂ ਨੂੰ ਆਰ. ਐਸ. ਐਸ. ਵੱਲ ਖਿੱਚਣ ਲਈ ਬਹੁਤ ਯਤਨ ਕੀਤੇ। -ਸੰਪਾਦਕ***

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਕਿਸੇ ਫਿਰਕੇ ਨੂੰ ਆਪਣਾ ਧਰਮ ਦੂਜੇ ਧਰਮ ਵਿਚ ਮਿਲਾਉਣ ਲਈ ਮਨਾਉਣਾ ਬੜਾ ਟੇਢਾ ਕੰਮ ਹੈ। ਇਹ ਅਕਸਰ ਬੜਾ ਅਜੀਬ ਵਿੰਗ ਵਲੇਵਿਆਂ ਵਾਲਾ ਅਮਲ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਜੋ ਰੋਹ ਪੈਦਾ ਹੁੰਦਾ ਹੈ, ਉਸ ਦਾ ਥੋੜ੍ਹੇ ਕੀਤਿਆਂ ਪਤਾ ਨਹੀਂ ਲੱਗਦਾ ਅਤੇ ਫਿਰ ਅਚਾਨਕ ਅਣਕਿਆਸਿਆ ਵਿਸਫੋਟ ਹੁੰਦਾ ਹੈ। ਆਰ. ਐਸ. ਐਸ. ਦੀ ਸੋਚ ਸੀ ਕਿ ਕੁਝ ਸਤਹੀ ਅਤੇ ਪੇਤਲੀਆਂ ਸਰਗਰਮੀਆਂ ਕਰਕੇ ਉਹ ਆਮ ਸਹਿਮਤੀ ਬਣਾਉਣ ਦੇ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਜਾਣਗੇ, ਪਰ ਪੰਜਾਬ ਵਿਚ ਆਰ. ਐਸ. ਐਸ. ਦੀਆਂ ਸਰਗਰਮੀਆਂ ਦੇ ਪਹਿਲੇ ਗੇੜ ਵਿਚ ਹੀ ਗੁੱਸੇ ਭਰੇ ਪ੍ਰਤੀਕਰਮ ਨੇ ਇਸ ਨੂੰ ਇੰਨਾ ਬੌਂਦਲਾ ਦਿੱਤਾ ਕਿ ਇਸ ਨੂੰ ਇਥੇ ਪੈਰਾਂ ਸਿਰ ਹੋ ਕੇ ਅਗਲੇ ਕੰਮ ਉਲੀਕਣ ਲਈ ਹੀ ਦੋ ਸਾਲ ਲੱਗ ਗਏ।

2003 ਵਿਚ ਪੰਜਾਬ ਵਿਚ ਅਮਨ-ਅਮਾਨ ਦੇਖ ਕੇ ਆਰ. ਐਸ. ਐਸ. ਨੇ ਆਪਣੇ 'ਸਿੱਖ ਵਿੰਗ' ਜ਼ਰੀਏ ਮੁੜ ਸਰਗਰਮੀ ਕਰਨ ਲਈ ਸੋਚ ਵਿਚਾਰ ਕੀਤੀ। ਉਸੇ ਸਾਲ ਕੁਲ ਭਾਰਤ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਆਰ. ਐਸ. ਐਸ. ਨੇ ਮਤਾ ਪਾਸ ਕੀਤਾ, ਜਿਸ ਵਿਚ ਇਸ ਨੇ ਆਪਣੇ ਕਾਡਰ ਅਤੇ ਹਮਾਇਤੀਆਂ ਨੂੰ ਗੁਰੂ ਗ੍ਰੰਥ ਸਾਹਿਬ ਅਤੇ ਦਰਬਾਰ ਸਾਹਿਬ ਵਿਖੇ ਇਸ ਦੇ ਪ੍ਰਕਾਸ਼ ਦੇ ਚਾਰ ਸੌ ਸਾਲਾ ਸਮਾਗਮਾਂ 'ਚ ਵਧ-ਚੜ੍ਹ ਕੇ ਸ਼ਾਮਲ ਹੋਣ ਦੀ ਹਦਾਇਤ ਕੀਤੀ।

ਆਰ. ਐਸ. ਐਸ. ਦਾ ਮਤਾ ਲਾਗੂ ਕਰਦਿਆਂ ਰਾਸ਼ਟਰੀ ਸਿੱਖ ਸੰਗਤ ਨੇ ਕੌਮੀ ਪੱਧਰ ਦੀ ਸਰਬ ਸਾਂਝੀ ਗੁਰਬਾਣੀ ਯਾਤਰਾ ਦਾ ਵਿਆਪਕ ਪ੍ਰੋਗਰਾਮ ਉਲੀਕਿਆ। ਇਹ ਯਾਤਰਾ ਪਹਿਲੀ ਅਗਸਤ 2004 ਤੋਂ ਅਰੰਭ ਹੋ ਕੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵੱਖ-ਵੱਖ ਸੰਤਾਂ ਦੇ ਜਨਮ ਸਥਾਨਾਂ ਤੋਂ ਹੁੰਦੀ ਹੋਈ ਅੱਗੇ ਜਾਣੀ ਸੀ। ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਇਹ ਯਾਤਰਾ ਪੱਛਮੀ ਬੰਗਾਲ ਤੋਂ ਜੈ ਦੇਵ, ਮਹਾਂਰਾਸ਼ਟਰ ਤੋਂ ਨਾਮਦੇਵ, ਤ੍ਰਿਲੋਚਨ ਤੇ ਪਰਮਾਨੰਦ, ਮੱਧ ਪ੍ਰਦੇਸ਼ ਤੋਂ ਭਗਤ ਸੇਨ, ਰਾਜਸਥਾਨ ਤੋਂ ਸੰਤ ਧੰਨਾ ਤੇ ਪੀਪਾ, ਉਤਰ ਪ੍ਰਦੇਸ਼ ਤੋਂ ਕਬੀਰ, ਸੂਰਦਾਸ, ਰਵੀਦਾਸ ਤੇ ਰਾਮਾਨੰਦ, ਬਿਹਾਰ ਤੋਂ ਭਗਤ ਬੇਣੀ, ਪੰਜਾਬ ਤੋਂ ਸ਼ੇਖ ਫਰੀਦ, ਸਿੰਧ ਤੋਂ ਭਗਤ ਸਧਨਾ ਅਤੇ ਹੋਰ ਸੰਤਾਂ-ਭਗਤਾਂ ਦੇ ਜਨਮ ਸਥਾਨਾਂ ਤੋਂ ਹੁੰਦੀ ਹੋਈ ਪਹਿਲੀ ਸਤੰਬਰ 2004 ਨੂੰ ਅੰਮ੍ਰਿਤਸਰ ਵਿਖੇ ਸਮਾਪਤ ਹੋਣੀ ਸੀ।



*2017 ਵਿਚ ਗੁਰੂ ਗੋਬਿੰਦ ਸਿੰਘ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਨਵੀਂ ਦਿੱਲੀ ਵਿਚ ਆਰ. ਐਸ. ਐਸ. ਵਲੋਂ ਕਰਵਾਏ ਗਏ ਸਮਾਗਮ ਵਿਚ ਰਾਸ਼ਟਰੀ ਸਿੱਖ ਸੰਗਤ ਦਾ ਕੌਮੀ ਪ੍ਰਧਾਨ ਗੁਰਚਰਨ ਸਿੰਘ ਗਿੱਲ (ਐਨ ਸੱਜੇ), ਆਰ. ਐਸ. ਐਸ. ਮੁਖੀ ਮੋਹਨ ਭਾਗਵਤ, ਕੇਂਦਰੀ ਮੰਤਰੀ ਰਾਜਨਾਥ ਸਿੰਘ ਅਤੇ ਹੋਰ ਆਗੂ।*

ਜਥੇਬੰਦੀ ਦੀ ਪੰਜਾਬ ਇਕਾਈ ਦਾ ਸਕੱਤਰ ਰਘਬੀਰ ਸਿੰਘ ਦੱਸਦਾ ਹੈ, "ਮਾਰਚ ਵਿਚ ਅਸੀਂ 'ਸਰਬ ਸਾਂਝੀ ਗੁਰਬਾਣੀ ਯਾਤਰਾ' ਦੀ ਰੂਪ ਰੇਖਾ ਸਮੇਤ ਇਕ ਵਿਸਤ੍ਰਿਤ ਪ੍ਰੋਗਰਾਮ ਮਨਜ਼ੂਰੀ ਲਈ ਅਕਾਲ ਤਖਤ ਸਾਹਿਬ ਨੂੰ ਭੇਜਿਆ। ਯਾਤਰਾ ਸ਼ੁਰੂ ਹੋਣ ਤੋਂ ਹਫਤਾ ਪਹਿਲਾਂ 23 ਜੁਲਾਈ 2004 ਨੂੰ ਅਕਾਲ ਤਖਤ ਨੇ ਫੁਰਮਾਨ ਜਾਰੀ ਕੀਤਾ, ਜਿਸ ਵਿਚ ਰਾਸ਼ਟਰੀ ਸਿੱਖ ਸੰਗਤ ਨੂੰ ਪੰਥ ਵਿਰੋਧੀ ਜਥੇਬੰਦੀ ਕਰਾਰ ਦਿੱਤਾ ਗਿਆ, ਜੋ ਸਿੱਖਾਂ ਨੂੰ ਗੁਮਰਾਹ ਕਰਕੇ ਆਪਣੀਆਂ ਪੰਥ ਵਿਰੋਧੀ ਸਰਗਰਮੀਆਂ ਦੀ ਹਮਾਇਤ ਕਰਨ ਲਈ ਵਰਗਲਾਉਣ ਦੀ ਕੋਸ਼ਿਸ਼ ਕਰ ਰਹੀ ਸੀ।" ਇਸ ਫੁਰਮਾਨ ਵਿਚ ਸਿੱਖ ਭਾਈਚਾਰੇ ਅਤੇ ਇਸ ਦੀਆਂ ਸਮੂਹ ਧਾਰਮਿਕ ਸੰਸਥਾਵਾਂ ਨੂੰ ਆਰ. ਐਸ. ਐਸ. ਦੇ ਕਿਸੇ ਵੀ ਸਿੱਖ ਵਿੰਗ ਦੀ ਕਿਸੇ ਵੀ ਤਰ੍ਹਾਂ ਦੀ ਮਦਦ ਨਾ ਕਰਨ ਦਾ ਆਦੇਸ਼ ਦਿੱਤਾ ਗਿਆ। ਇਸ 'ਤੇ ਤਖਤ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਤਰਲੋਚਨ ਸਿੰਘ, ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਭਜਨ ਸਿੰਘ, ਅਕਾਲ ਤਖਤ ਸਾਹਿਬ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਦੇ ਦਸਤਖਤ ਸਨ।

ਇਹ ਫੁਰਮਾਨ ਇੰਨਾ ਜ਼ਬਰਦਸਤ ਸੀ ਕਿ ਇਸ ਨੇ ਨਾ ਸਿਰਫ ਰਾਸ਼ਟਰੀ ਸਿੱਖ ਸੰਗਤ ਨੂੰ ਯਾਤਰਾ ਦਾ ਵਿਚਾਰ ਤਿਆਗਣ ਲਈ ਮਜਬੂਰ ਕਰ ਦਿੱਤਾ, ਸਗੋਂ ਇਸ ਨੂੰ ਆਪਣਾ ਸਾਹਿਤ ਵੀ ਵਾਪਸ ਲੈਣਾ ਪਿਆ, ਜਿਸ ਨੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਅਕਾਲ ਤਖਤ ਸਾਹਿਬ ਵਲੋਂ ਫੁਰਮਾਨ ਜਾਰੀ ਕੀਤੇ ਜਾਣ ਤੋਂ ਛੇਤੀ ਬਾਅਦ ਹੀ ਆਰ. ਐਸ. ਐਸ. ਦੇ ਸਿੱਖ ਵਿੰਗ ਨੇ ਸਿਰਫ ਯਾਤਰਾ ਨੂੰ ਰੱਦ ਕਰਨ ਦਾ ਐਲਾਨ ਹੀ ਨਹੀਂ ਕੀਤਾ, ਸਗੋਂ ਉਨ੍ਹਾਂ ਤਮਾਮ ਪੈਂਫਲੈਟਾਂ ਅਤੇ ਸਾਹਿਤ ਦੀ ਨਿਖੇਧੀ ਵੀ ਕੀਤੀ, ਜੋ ਰਾਸ਼ਟਰੀ ਸਿੱਖ ਸੰਗਤ ਦੇ ਨਾਂ ਹੇਠ ਜਾਰੀ ਕੀਤਾ ਗਿਆ ਸੀ, ਜਿਸ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ। ਇਸ ਬਿਆਨ 'ਤੇ ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਪ੍ਰਧਾਨ ਗੁਰਚਰਨ ਸਿੰਘ ਗਿੱਲ ਅਤੇ ਪੰਜਾਬ ਇਕਾਈ ਦੇ ਮੁਖੀ ਰੁਲਦਾ ਸਿੰਘ ਤੇ ਸਕੱਤਰ ਰਘਬੀਰ ਸਿੰਘ ਦੇ ਦਸਤਖਤ ਸਨ।

ਫਿਰ ਨਵੰਬਰ 2004 ਵਿਚ ਰਾਸ਼ਟਰੀ ਸਿੱਖ ਸੰਗਤ ਦੀ ਮੀਟਿੰਗ ਦਿੱਲੀ ਵਿਚ ਹੋਈ, ਜਿਸ ਵਿਚ ਇਸ ਵਲੋਂ ਪੰਜਾਬ ਦੇ ਆਪਣੇ ਤਜਰਬੇ ਦਾ ਲੇਖਾ-ਜੋਖਾ ਕੀਤਾ ਗਿਆ ਅਤੇ ਭਵਿਖੀ ਯੋਜਨਾ ਦਾ ਖਾਕਾ ਤਿਆਰ ਕੀਤਾ ਗਿਆ। ਮੀਟਿੰਗ ਵਿਚ ਸ਼ਾਮਲ ਮੈਂਬਰਾਂ ਵਲੋਂ ਬੇਮਿਸਾਲ ਤਿਆਰੀਆਂ ਦੇ ਬਾਵਜੂਦ ਸਰਬ ਸਾਂਝੀ ਗੁਰਬਾਣੀ ਯਾਤਰਾ ਨੇਪਰੇ ਨਾ ਚਾੜ੍ਹ ਸਕਣ 'ਤੇ ਭਰੇ ਮਨ ਨਾਲ ਦੁੱਖ ਪ੍ਰਗਟਾਇਆ ਗਿਆ। ਮੀਟਿੰਗ ਵਿਚ 18 ਰਾਜਾਂ ਤੋਂ ਕੁਲ 31 ਅਹੁਦੇਦਾਰ ਸ਼ਾਮਲ ਸਨ। ਮੀਟਿੰਗ ਨੇ ਆਪਣੇ ਮੈਂਬਰਾਂ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਉਹ ਦਿਲ ਨਾ ਛੱਡਣ ਸਗੋਂ ਪੰਜਾਬ ਤੋਂ ਬਾਹਰਲੇ ਇਲਾਕਿਆਂ ਵਿਚ ਪ੍ਰੋਗਰਾਮ ਜਥੇਬੰਦ ਕਰਨ, ਖਾਸ ਤੌਰ 'ਤੇ ਉਨ੍ਹਾਂ ਵੱਖੋ-ਵੱਖਰੇ ਸੰਤਾਂ-ਭਗਤਾਂ ਦੇ ਜਨਮ ਸਥਾਨਾਂ 'ਤੇ ਪ੍ਰੋਗਰਾਮ ਕਰਨ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਥੋੜ੍ਹਾ ਚਿਰ ਤਾਂ ਇਉਂ ਪ੍ਰਤੀਤ ਹੁੰਦਾ ਰਿਹਾ ਜਿਵੇਂ ਮਾਮਲਾ ਸ਼ਾਂਤ ਹੋ ਗਿਆ ਹੈ, ਕਿਉਂਕਿ ਰਾਸ਼ਟਰੀ ਸਿੱਖ ਸੰਗਤ ਅਕਾਲ ਤਖਤ ਨਾਲ ਕਿਸੇ ਤਰ੍ਹਾਂ ਦੇ ਟਕਰਾਓ ਵਿਚ ਜਾਣ ਤੋਂ ਗੁਰੇਜ਼ ਕਰ ਰਹੀ ਸੀ। ਇਸ ਨੇ ਪੰਜਾਬ ਵਿਚ ਆਪਣੀਆਂ ਸਰਗਰਮੀਆਂ ਠੱਪ ਕਰ ਦਿੱਤੀਆਂ। ਸਿਰਫ ਰੁਲਦਾ ਸਿੰਘ ਹੀ ਵਿਦੇਸ਼ਾਂ ਵਿਚਲੇ ਸਿੱਖ ਕੱਟੜਪੰਥੀਆਂ ਨਾਲ ਸੰਪਰਕ ਰੱਖ ਰਿਹਾ ਸੀ। ਉਂਜ, ਇਸ ਦਾ ਭਾਵ ਇਹ ਨਹੀਂ ਸੀ ਕਿ ਰਾਸ਼ਟਰੀ ਸਿੱਖ ਸੰਗਤ ਨੇ ਪੰਜਾਬ ਵਿਚ ਆਪਣਾ ਕੰਮ ਬੰਦ ਕਰ ਦਿੱਤਾ ਸੀ। ਪੰਜਾਬ ਵਿਚ ਦੋ ਕੁ ਸਾਲ ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਤੋਂ ਗੁਰੇਜ਼ ਕਰਨ ਤੋਂ ਬਾਅਦ 2006 ਵਿਚ ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਪ੍ਰਧਾਨ ਗੁਰਚਰਨ ਸਿੰਘ ਨੇ ਯਾਤਰਾ ਦੇ ਮੁੱਦੇ ਨੂੰ ਮੁੜ ਤੂਲ ਦੇਣੀ ਸ਼ੁਰੂ ਕਰ ਦਿੱਤੀ। ਉਸ ਨੇ ਦੋਸ਼ ਲਾਇਆ ਕਿ ਅਕਾਲ ਤਖਤ ਦੇ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਤੋਂ ਹਰੀ ਝੰਡੀ ਮਿਲਣ ਤੋਂ ਬਾਅਦ ਹੀ ਉਨ੍ਹਾਂ ਸਰਬ ਸਾਂਝੀ ਗੁਰਬਾਣੀ ਯਾਤਰਾ ਦੀ ਯੋਜਨਾ ਉਲੀਕੀ ਸੀ, ਪਰ ਜੋਗਿੰਦਰ ਸਿੰਘ ਵੇਦਾਂਤੀ ਵਿਦੇਸ਼ ਤੋਂ ਵਾਪਸ ਆ ਕੇ ਆਪਣੇ ਇਕਰਾਰ ਤੋਂ ਮੁੱਕਰ ਗਏ।

ਇਹ ਪਹਿਲੀ ਵਾਰ ਸੀ ਕਿ ਰਾਸ਼ਟਰੀ ਸਿੱਖ ਸੰਗਤ ਨੇ ਖੁੱਲ੍ਹ ਕੇ ਦੋਸ਼ ਲਾਏ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਬਹੁਤ ਸਾਰੇ ਫੈਸਲੇ ਵਿਦੇਸ਼ਾਂ ਵਿਚ ਬੈਠੇ ਕੱਟੜਪੰਥੀਆਂ ਦੀਆਂ ਹਦਾਇਤਾਂ 'ਤੇ ਕੀਤੇ ਜਾ ਰਹੇ ਸਨ। ਇਹ ਇਸ਼ਾਰਾ ਵੀ ਕੀਤਾ ਗਿਆ ਕਿ ਉਨ੍ਹਾਂ ਵਲੋਂ ਜਥੇਬੰਦੀ ਦੀਆਂ ਸਰਗਰਮੀਆਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਸੀ। ਇਸ ਸਭ ਕਾਸੇ ਨੇ ਇਕ ਵਾਰ ਫਿਰ ਰਾਸ਼ਟਰੀ ਸਿੱਖ ਸੰਗਤ ਅਤੇ ਅਕਾਲ ਤਖਤ ਤੇ ਸਿੱਖ ਕੱਟੜਪੰਥੀਆਂ ਵਿਚਾਲੇ ਰਿਸ਼ਤਾ ਕਸ਼ੀਦਗੀ ਵਾਲਾ ਬਣਾ ਦਿੱਤਾ।

ਮੂੰਹ ਜ਼ੁਬਾਨੀ ਤਕਰਾਰ ਚੱਲਦਾ ਰਿਹਾ, ਰਾਸ਼ਟਰੀ ਸਿੱਖ ਸੰਗਤ ਨੇ ਪੰਜਾਬ 'ਚ ਆਪਣੀਆਂ ਸਰਗਰਮੀਆਂ ਰੋਕ ਦਿੱਤੀਆਂ। ਇਸ ਦੀ ਥਾਂ ਉਨ੍ਹਾਂ ਰਾਜਸਥਾਨ, ਜੰਮੂ ਕਸ਼ਮੀਰ, ਹਰਿਆਣਾ, ਦਿੱਲੀ, ਉਤਰਾਖੰਡ, ਉਤਰ ਪ੍ਰਦੇਸ਼, ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਉਨ੍ਹਾਂ ਹੋਰ ਰਾਜਾਂ 'ਚ ਆਪਣੀ ਤਾਕਤ ਲਾ ਦਿੱਤੀ, ਜਿਥੇ ਜਿਥੇ ਸਿੱਖ ਵਸੋਂ ਸੀ।

ਇਸ ਕਰਕੇ ਜਦੋਂ 2009 ਵਿਚ ਰੁਲਦਾ ਸਿੰਘ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਤਾਂ ਇਹ ਨਾ ਮੰਨਣ ਦਾ ਕੋਈ ਕਾਰਨ ਨਹੀਂ ਸੀ ਜਾਪਦਾ ਕਿ ਇਹ ਕਿਸੇ ਉਸ ਅਨਸਰ ਵਲੋਂ ਕੀਤਾ ਗਿਆ ਸੀ, ਜੋ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਬਣਾਉਣ ਦੇ ਖਿਲਾਫ ਸੀ। ਉਹ ਜੋ ਰੁਲਦਾ ਸਿੰਘ ਅਤੇ ਉਸ ਦੀਆਂ ਸਰਗਰਮੀਆਂ ਦੇ ਭੇਤੀ ਸਨ, ਉਹ ਬੱਬਰ ਖਾਲਸਾ ਇੰਟਰਨੈਸ਼ਨਲ ਵਲੋਂ ਸਨਸਨੀਖੇਜ਼ ਕਤਲ ਦੀ ਜ਼ਿੰਮੇਵਾਰੀ ਲਏ ਜਾਣ ਤੋਂ ਪਹਿਲਾਂ ਹੀ ਇਸ ਨਤੀਜੇ 'ਤੇ ਪਹੁੰਚ ਗਏ ਸਨ।

ਰੁਲਦਾ ਸਿੰਘ ਹੀ ਪੰਜਾਬ ਵਿਚ ਰਾਸ਼ਟਰੀ ਸਿੱਖ ਸੰਗਤ ਦਾ ਜਾਣਿਆ-ਪਛਾਣਿਆ ਚਿਹਰਾ ਸੀ, ਜਿਸ ਦੇ ਇੰਗਲੈਂਡ ਅਤੇ ਹੋਰ ਮੁਲਕਾਂ ਦੇ ਦੌਰੇ ਕਰਦੇ ਰਹਿਣ ਅਤੇ ਉਥੇ ਰਹਿੰਦੇ ਕੱਟੜ ਸਿੱਖਾਂ ਨਾਲ ਰਾਬਤਾ ਬਣਾਈ ਰੱਖਣ ਦੀਆਂ ਖਬਰਾਂ ਅਕਸਰ ਹੀ ਪੰਜਾਬ ਦੇ ਮੀਡੀਆ ਵਿਚ ਆਉਂਦੀਆਂ ਰਹਿੰਦੀਆਂ ਸਨ। ਉਸ ਰਾਤ ਰੁਲਦਾ ਸਿੰਘ ਦਾ ਕਤਲ ਗਿਣੀ-ਮਿੱਥੀ ਕਾਰਵਾਈ ਸੀ ਅਤੇ ਇਸ ਜ਼ਰੀਏ ਆਰ. ਐਸ. ਐਸ. ਅਤੇ ਇਸ ਦੀ ਰਾਸ਼ਟਰੀ ਸਿੱਖ ਸੰਗਤ ਨੂੰ ਸਾਫ ਤੇ ਸਪਸ਼ਟ ਸੰਦੇਸ਼ ਦਿੱਤਾ ਗਿਆ ਸੀ।

---

ਅਸੀਂ ਨਹੀਂ ਜਾਣਦੇ ਕਿ ਰੁਲਦਾ ਸਿੰਘ ਨੂੰ ਮਾਰਨ ਦੇ ਹੁਕਮ ਕਿਸ ਨੇ ਦਿੱਤੇ ਅਤੇ ਕਿਸ ਨੇ ਉਸ ਦੇ ਕਤਲ ਨੂੰ ਅੰਜਾਮ ਦਿੱਤਾ। ਕੁਝ ਗ੍ਰਿਫਤਾਰੀਆਂ ਜ਼ਰੂਰ ਹੋਈਆਂ ਪਰ ਵਕਤ ਗੁਜ਼ਰਨ ਨਾਲ ਬਹੁਤਿਆਂ ਨੂੰ ਰਿਹਾ ਕਰ ਦਿੱਤਾ ਗਿਆ। ਕੋਈ ਵੀ ਇਹ ਪਤਾ ਲਾਉਣ ਵਿਚ ਕਾਮਯਾਬ ਨਾ ਹੋਇਆ ਕਿ ਉਸ ਨੂੰ ਕਿਉਂ ਮਾਰਿਆ ਗਿਆ ਸੀ। ਅਸੀਂ ਕਿਆਫੇ ਹੀ ਲਾ ਸਕਦੇ ਹਾਂ ਅਤੇ ਇਸ ਦੇ ਨਾਲ ਹੀ ਸਾਡੇ ਕੋਲ ਬੱਬਰ ਖਾਲਸਾ ਇੰਟਰਨੈਸ਼ਨਲ ਵਲੋਂ ਲਈ ਜ਼ਿੰਮੇਵਾਰੀ ਹੈ, ਜਿਸ ਦੀ ਤਸਦੀਕ ਨਹੀਂ ਕੀਤੀ ਜਾ ਸਕਦੀ। ਇਸ ਕਤਲ ਨਾਲ ਰਾਸ਼ਟਰੀ ਸਿੱਖ ਸੰਗਤ ਦੀ ਸੁਰਤ ਮਾਰੀ ਗਈ ਅਤੇ ਪੰਜਾਬ ਵਿਚ ਇਸ ਦੀਆਂ ਸਰਗਰਮੀਆਂ ਪੂਰੀ ਤਰ੍ਹਾਂ ਠੱਪ ਹੋ ਗਈਆਂ। ਇਕ ਸਮੇਂ ਤਾਂ ਇਹ ਹਾਲਤ ਬਣ ਗਈ ਕਿ ਇਸ ਦੇ ਮੈਂਬਰ ਅਤੇ ਅਹੁਦੇਦਾਰ ਡਰ ਦੇ ਸਾਏ ਹੇਠ ਦਿਨ ਕੱਟਣ ਲੱਗੇ ਕਿਉਂਕਿ ਉਨ੍ਹਾਂ ਵਿਰੁਧ ਇਕਾ-ਦੁੱਕਾ ਹਿੰਸਕ ਵਾਰਦਾਤਾਂ ਹੋ ਰਹੀਆਂ ਸਨ।

ਰਘੁਬੀਰ ਸਿੰਘ, ਜੋ ਪੰਜਾਬ ਤੋਂ ਰਾਸ਼ਟਰੀ ਸਿੱਖ ਸੰਗਤ ਦੇ ਵਫਦ ਨਾਲ ਮੀਟਿੰਗ ਵਿਚ ਸ਼ਾਮਲ ਸੀ, ਦੱਸਦਾ ਹੈ, "ਅਸੀਂ ਮਹਿਸੂਸ ਕੀਤਾ ਕਿ ਪੰਜਾਬ ਵਿਚ ਤਾਂ ਸਾਡਾ ਇਧਰ ਉਧਰ ਜਾਣਾ ਵੀ ਮੁਸ਼ਕਿਲ ਹੋ ਗਿਆ ਸੀ। ਇਕ ਸੰਭਵ ਤਰੀਕਾ ਲੋਕਾਂ ਨੂੰ ਇਹ ਸਮਝਾਉਣਾ ਸੀ ਕਿ ਅਸੀ ਆਰ. ਐਸ. ਐਸ. ਵਾਂਗ ਨਹੀ ਹਾਂ, ਪਰ ਅਸੀਂ ਅਜਿਹਾ ਨਾ ਕਰ ਸਕੇ, ਕਿਉਂਕਿ ਸਾਡਾ ਨਾਂ ਵੀ ਤਾਂ ਮਿਲਦਾ-ਜੁਲਦਾ ਸੀ। ਆਰ. ਐਸ. ਐਸ. ਨਾਂ ਸੁਣਦੇ ਸਾਰ ਲੋਕ ਸਾਡੇ ਬਾਰੇ ਬਿਨਾ ਕੁਝ ਜਾਣੇ ਹੀ ਸਾਡੇ ਪਿਛੋਕੜ ਬਾਰੇ ਸੋਚ ਬਣਾ ਲੈਂਦੇ ਹਨ। ਰੁਲਦਾ ਸਿੰਘ ਦੀ ਮੌਤ ਤੋਂ ਦੋ ਸਾਲ ਬਾਅਦ ਦਿੱਲੀ ਵਿਚ ਅਹੁਦੇਦਾਰਾਂ ਦੀ ਕੌਮੀ ਮੀਟਿੰਗ ਹੋਈ, ਜਿਸ ਵਿਚ ਵਿਚਾਰ ਕੀਤੀ ਗਈ ਕਿ ਜਥੇਬੰਦੀ ਦਾ ਨਾਂ ਰਾਸ਼ਟਰੀ ਸਿੱਖ ਸੰਗਤ ਤੋਂ ਬਦਲ ਕੇ ਸ਼੍ਰੋਮਣੀ ਸਿੱਖ ਸੰਗਤ ਰੱਖ ਲਿਆ ਜਾਵੇ, ਪਰ ਇਸ ਨਾਂ 'ਤੇ ਸਰਬਸੰਮਤੀ ਨਾ ਬਣੀ ਅਤੇ ਨਾਂ ਉਹੀ ਰਿਹਾ।"




*ਰਾਸ਼ਟਰੀ ਸਿੱਖ ਸੰਗਤ ਦਾ ਇਕ ਲੋਗੋ ਜਿਸ ਵਿਚ ਪਾਕਿਸਤਾਨ ਅਤੇ ਬੰਗਲਾਦੇਸ਼ ਨੂੰ ਵੀ ਅਖੰਡ ਭਾਰਤ ਦਾ ਹਿੱਸਾ ਦਿਖਾਇਆ ਗਿਆ ਹੈ।*

ਰੁਲਦਾ ਸਿੰਘ ਦੇ ਕਤਲ ਦਾ ਰਾਸ਼ਟਰੀ ਸਿੱਖ ਸੰਗਤ ਦੇ ਮੈਂਬਰਾਂ 'ਤੇ ਡੂੰਘਾ ਅਸਰ ਪਿਆ। ਉਨ੍ਹਾਂ ਦਾ ਡਰ ਉਦੋਂ ਹੀ ਘਟਣਾ ਸ਼ੁਰੂ ਹੋਇਆ, ਜਦੋਂ ਮਈ 2014 ਵਿਚ ਭਾਜਪਾ ਕੇਂਦਰ ਵਿਚ ਮੁੜ ਸੱਤਾ ਵਿਚ ਆਈ। ਰਾਸ਼ਟਰੀ ਸਿੱਖ ਸੰਗਤ ਦੀਆਂ ਸਰਗਰਮੀਆਂ ਵਿਚ ਵੀ ਮੁੜ ਤੇਜ਼ੀ ਆ ਗਈ। ਆਰ. ਐਸ. ਐਸ. ਦੇ ਮੁਖੀ ਮੋਹਨ ਭਾਗਵਤ ਨੇ ਪੰਜਾਬ ਦੇ ਕਈ ਗੇੜੇ ਲਾਏ। ਉਸ ਨੇ ਕਈ ਡੇਰਿਆਂ ਦੇ ਮੁਖੀਆਂ ਨਾਲ ਬੰਦ ਕਮਰਾ ਗੁਪਤ ਮੀਟਿੰਗਾਂ ਕੀਤੀਆਂ, ਇਨ੍ਹਾਂ ਵਿਚ ਰਾਧਾ ਸੁਆਮੀ ਡੇਰਾ ਬਿਆਸ ਦੇ ਬਹੁਤ ਹੀ ਰਸੂਖਵਾਨ ਮੁਖੀ ਨਾਲ ਮੀਟਿੰਗ ਵੀ ਸ਼ਾਮਲ ਸੀ। ਇਸ ਸਰਗਰਮੀ ਨਾਲ ਰਾਸ਼ਟਰੀ ਸਿੱਖ ਸੰਗਤ ਦੀਆਂ ਸਰਗਰਮੀਆਂ ਵਿਚ ਨਵੀਂ ਰੂਹ ਫੂਕੀ ਗਈ। ਆਰ. ਐਸ. ਐਸ. ਦੇ ਕਾਰਕੁਨਾਂ ਵਲੋਂ ਰਾਜ ਦੇ ਮਾਲਵਾ ਖਿੱਤੇ ਵਿਚ ਬੰਦੂਕਾਂ, ਪਿਸਤੌਲ ਅਤੇ ਹੋਰ ਹਥਿਆਰਾਂ ਨਾਲ ਲੈਸ ਹੋ ਕੇ ਮਾਰਚ ਕਰਨ ਦੀਆਂ ਰਿਪੋਰਟਾਂ ਵੀ ਮੀਡੀਆ ਦੀਆਂ ਖਬਰਾਂ ਬਣੀਆਂ।

ਅਕਾਲ ਤਖਤ ਤੁਰੰਤ ਹਰਕਤ ਵਿਚ ਆਇਆ। 18 ਨਵੰਬਰ 2014 ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਅਗਵਾਈ ਵਿਚ ਹੋਈ, ਜਿਸ ਵਿਚ ਪੰਜਾਬ, ਖਾਸ ਕਰਕੇ ਪੇਂਡੂ ਖੇਤਰਾਂ ਵਿਚ ਆਰ. ਐਸ. ਐਸ. ਦੀਆਂ ਵਧ ਰਹੀਆਂ ਸਰਗਰਮੀਆਂ ਬਾਰੇ ਸਿੱਖ ਭਾਈਚਾਰੇ ਨੂੰ ਚੁਕੰਨੇ ਰਹਿਣ ਦੀ ਤਾਕੀਦ ਕੀਤੀ ਗਈ। ਇਹ ਚਿਤਾਵਨੀ ਸਿੱਖ ਧਾਰਮਿਕ ਜਥੇਬੰਦੀਆਂ ਵਲੋਂ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਦੇ ਧਾਰਮਿਕ ਅਤੇ ਸਮਾਜੀ ਬਾਈਕਾਟ ਦੇ ਸੱਦੇ ਤੋਂ ਤੁਰੰਤ ਪਿਛੋਂ ਦਿੱਤੀ ਗਈ, ਜਿਸ ਨੇ ਅਗਸਤ 2014 ਵਿਚ ਰਾਸ਼ਟਰੀ ਸਿੱਖ ਸੰਗਤ ਦੇ ਪ੍ਰੋਗਰਾਮ 'ਚ ਮੋਹਨ ਭਾਗਵਤ ਨਾਲ ਮੰਚ ਸਾਂਝਾ ਕੀਤਾ ਸੀ।

ਇਸ ਵਾਰ ਇਹ ਟਕਰਾਓ ਧਾਰਮਿਕ ਅਖਾੜੇ ਤੋਂ ਬਾਹਰ ਆ ਗਿਆ। ਸ਼੍ਰੋਮਣੀ ਅਕਾਲੀ ਦਲ ਆਪਣੇ ਮੋਹਰਿਆਂ ਜ਼ਰੀਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਹੈ ਅਤੇ ਇਹ ਭਾਜਪਾ ਨਾਲ ਸੱਤਾ ਵਿਚ ਭਾਈਵਾਲ ਹੈ। ਇਸ ਲਈ ਸੂਬੇ ਦੇ ਗਰਮਖਿਆਲੀ ਤੱਤ ਸ਼੍ਰੋਮਣੀ ਅਕਾਲੀ ਦਲ ਅਤੇ ਪ੍ਰਕਾਸ਼ ਸਿੰਘ ਬਾਦਲ 'ਤੇ ਦੋਸ਼ ਲਾਉਂਦੇ ਹਨ ਕਿ ਪਹਿਲਾਂ ਤਾਂ ਉਹ ਆਰ. ਐਸ. ਐਸ. ਲਈ ਪੰਜਾਬ ਵਿਚ ਆਪਣਾ ਰਸੂਖ ਵਧਾਉਣ ਵਾਸਤੇ ਰਾਹ ਮੋਕਲਾ ਕਰਦਾ ਹੈ ਅਤੇ ਬਾਅਦ ਵਿਚ ਅਕਾਲ ਤਖਤ ਕੋਲੋਂ ਸੰਘ ਦੀਆਂ ਸਰਗਰਮੀਆਂ ਤੋਂ ਚੌਕਸ ਰਹਿਣ ਦੀ ਚਿਤਾਵਨੀ ਜਾਰੀ ਕਰਵਾਉਂਦਾ ਹੈ। ਯੂਨਾਈਟਿਡ ਅਕਾਲੀ ਦਲ, ਜੋ ਗਰਮਖਿਆਲੀ ਸਿੱਖ ਧੜਿਆਂ ਵਲੋਂ ਬਣਾਈ ਗਈ ਸਿਆਸੀ ਜਥੇਬੰਦੀ ਹੈ, ਦੇ ਕਨਵੀਨਰ ਮੋਹਕਮ ਸਿੰਘ ਕਹਿੰਦੇ ਹਨ, "ਪੰਜਾਬ ਵਿਚ ਆਰ. ਐਸ. ਐਸ. ਨੂੰ ਕੌਣ ਲੈ ਕੇ ਆਇਆ? ਇਹ ਬਿਨਾ ਸ਼ੱਕ ਬਾਦਲ ਹੈ। ਅਕਾਲ ਤਖਤ ਨੂੰ ਕੌਣ ਕੰਟਰੋਲ ਕਰਦਾ ਹੈ? ਇਹ ਬਾਦਲ ਹੈ। ਪੰਜਾਬ ਨੂੰ ਬਰਬਾਦ ਕਿਸ ਨੇ ਕੀਤਾ? ਇਹ ਬਾਦਲ ਹੈ। ਬਾਦਲਾਂ ਦਾ ਆਰ. ਐਸ. ਐਸ. ਵਿਰੁਧ ਹਾਸੋਹੀਣਾ ਸੰਘਰਸ਼ ਬੇਮਾਇਨੇ ਹੈ। ਦੋਵੇਂ ਪੰਜਾਬ ਲਈ ਘਾਤਕ ਹਨ ਅਤੇ ਦੋਹਾਂ ਨੂੰ ਚੱਲਦਾ ਕਰਨਾ ਪਵੇਗਾ।"

ਧਰਮ ਕਿਉਂਕਿ ਸਿਆਸਤ ਨਾਲ ਰਲਗੱਡ ਹੈ, ਪੰਜਾਬ ਦੇ ਲੋਕ ਦੋ ਤਾਕਤਾਂ ਵਿਚਾਲੇ ਕੁੜਿੱਕੀ ਵਿਚ ਫਸੇ ਮਹਿਸੂਸ ਕਰਦੇ ਹਨ- ਇਕ ਪਾਸੇ ਉਹ ਸਿੱਖ ਹਨ ਜੋ ਆਪਣੀ ਆਜ਼ਾਦ ਧਾਰਮਿਕ ਹਸਤੀ ਤੇ ਪਛਾਣ ਲਈ ਦ੍ਰਿੜ ਹਨ ਅਤੇ ਦੂਜੇ ਉਹ ਜੋ ਰਾਸ਼ਟਰੀ ਸਿੱਖ ਸੰਗਤ-ਆਰ. ਐਸ. ਐਸ. ਦੇ ਇਸ ਸਿਧਾਂਤ ਨਾਲ ਸਹਿਮਤ ਹਨ ਕਿ ਸਿੱਖ ਧਰਮ ਹਿੰਦੂ ਧਰਮ ਦਾ ਹੀ ਅੰਗ ਹੈ।


*(ਸਮਾਪਤ)*



*ਨਾਗਪੁਰ ਵਿਚ ਆਰ. ਐਸ. ਐਸ. ਦੇ ਸਮਾਗਮ ਵਿਚ ਹਿੱਸਾ ਲੈ ਰਿਹਾ ਰਾਸ਼ਟਰੀ ਸਿੱਖ ਸੰਗਤ ਦਾ ਇਕ ਮੈਂਬਰ।*

# ਸਿਆਸੀ ਚੌਧਰਪੁਣੇ 'ਚੋਂ ਉਭਰਦਾ 'ਨਵਾਂ ਲੋਕਤੰਤਰ'

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਹ ਗੱਲ ਅਸੀਂ ਸੁਣੀ ਹੋਈ ਹੈ ਕਿ 1422 ਵਿਚ ਜਦੋਂ ਫਰਾਂਸ ਵਿਚ ਬਾਦਸ਼ਾਹ ਚਾਰਲਸ-5ਵਾਂ ਮਰਿਆ ਤਾਂ ਇਸ ਦਾ ਐਲਾਨ ਕਰਨ ਵਾਲੇ ਬੰਦੇ ਨੇ ਦੋ ਗੱਲਾਂ ਏਦਾਂ ਕਹੀਆਂ ਸਨ, 'ਰਾਜਾ ਮਰ ਗਿਆ, ਰਾਜਾ ਜ਼ਿੰਦਾਬਾਦ।' ਇਹ ਗੱਲ ਕਹਿਣ ਦਾ ਭਾਵ ਸੀ ਕਿ ਕੱਲ੍ਹ ਤੱਕ ਜੋ ਰਾਜਾ ਰਾਜ ਕਰਦਾ ਸੀ, ਉਹ ਤਾਂ ਮਰ ਗਿਆ, ਪਰ ਨਵਾਂ ਰਾਜਾ ਬਣ ਗਿਆ ਹੈ, ਉਸ ਦੀ ਜ਼ਿੰਦਾਬਾਦ ਕਰਨ ਨੂੰ ਤਿਆਰ ਹੋ ਜਾਓ। ਪਿਛੋਂ ਇਹ ਨਾਅਰਾ ਕਈ ਰਾਜਿਆਂ ਦੇ ਵੇਲੇ ਲੱਗਦਾ ਰਿਹਾ ਤੇ ਫਿਰ ਦੂਜੀ ਸੰਸਾਰ ਜੰਗ ਦਾ ਅੰਤਲਾ ਪੜਾਅ ਆ ਗਿਆ।

ਪਹਿਲੀ ਸੰਸਾਰ ਜੰਗ ਪਿੱਛੋਂ ਲੀਗ ਆਫ ਨੇਸ਼ਨਜ਼ ਨਾਂ ਦੀ ਜਥੇਬੰਦੀ ਬਣਾਈ ਗਈ ਸੀ, ਜੋ ਕਿਸੇ ਹੋਰ ਵੱਡੀ ਜੰਗ ਨੂੰ ਲੱਗਣ ਤੋਂ ਰੋਕਣ ਦਾ ਫਰਜ਼ ਨਿਭਾਉਣ ਵਿਚ ਅਸਫਲ ਰਹੀ ਸੀ ਤੇ ਜਦੋਂ ਦੂਜੀ ਸੰਸਾਰ ਜੰਗ ਮੁੱਕੀ ਤਾਂ ਲੀਗ ਆਫ ਨੇਸ਼ਨਜ਼ ਤੋੜ ਕੇ ਇਸ ਦੀ ਥਾਂ ਯੂਨਾਈਟਿਡ ਨੇਸ਼ਨਜ਼ ਆਰਗੇਨਾਈਜ਼ੇਸ਼ਨ (ਯੂ. ਐਨ. ਓ.) ਕਾਇਮ ਕੀਤੀ ਗਈ ਸੀ। ਇਸ ਪਿੱਛੋਂ ਲੀਗ ਆਫ ਨੇਸ਼ਨਜ਼ ਬਣਾਉਣ ਵਾਲਿਆਂ ਵਿਚੋਂ ਇੱਕ ਵਿਦਵਾਨ ਰਾਬਰਟ ਸੇਸਿਲ ਨੂੰ ਜਦੋਂ ਇਸ ਤਬਦੀਲੀ ਬਾਰੇ ਪੁੱਛਿਆ ਗਿਆ ਤਾਂ ਉਸ ਨੇ ਇਹੋ ਗੱਲ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਕਹੀ ਸੀ: 'ਲੀਗ ਆਫ ਨੇਸ਼ਨਜ਼ ਇਜ਼ ਡੈਡ, ਲੌਂਗ ਲਿਵ ਯੂਨਾਈਟਿਡ ਨੇਸ਼ਨਜ਼', ਜਿਸ ਦਾ ਮਤਲਬ ਇਹ ਸੀ ਕਿ ਲੀਗ ਆਫ ਨੇਸ਼ਨਜ਼ ਤਾਂ ਮਰ ਗਈ, ਅੱਗੋਂ ਲਈ ਯੂਨਾਈਟਿਡ ਨੇਸ਼ਨਜ਼ ਜ਼ਿੰਦਾਬਾਦ। ਇਹੋ ਜਿਹੀ ਗੱਲ ਅੱਜ ਭਾਰਤੀ ਲੋਕਤੰਤਰ ਬਾਰੇ ਵੀ ਕਹਿਣ ਨੂੰ ਕਿਸੇ ਦਾ ਜੀਅ ਕਰ ਸਕਦਾ ਹੈ ਤੇ ਇਸ ਵਿਚ ਕਿਸੇ ਹੈਰਾਨੀ ਨਹੀਂ ਹੋਣੀ ਚਾਹੀਦੀ।

ਅਸੀਂ ਪਿਛਲੇ ਮਹੀਨੇ ਮਹਾਰਾਸ਼ਟਰ ਵਿਚ ਵਿਧਾਨ ਸਭਾ ਚੋਣਾਂ ਲਈ ਵੋਟਾਂ ਪੈਂਦੀਆਂ ਤੇ ਨਤੀਜੇ ਨਿਕਲਦੇ ਵੇਖੇ ਤਾਂ ਉਸ ਪਿੱਛੋਂ ਸਰਕਾਰ ਬਣਾਉਣ ਲਈ ਚੋਣ-ਗੱਠਜੋੜ ਦੀਆਂ ਦੋ ਧਿਰਾਂ ਭਾਜਪਾ ਤੇ ਸ਼ਿਵ ਸੈਨਾ ਵਾਲਿਆਂ ਨੂੰ ਲੜਦੇ ਵੀ ਵੇਖਿਆ। ਦੋਹਾਂ ਵਿਚਾਲੇ ਲੜਾਈ ਰਾਜਨੀਤਕ ਮੁੱਦਿਆਂ ਜਾਂ ਸਿਧਾਂਤਕ ਸਵਾਲਾਂ ਬਾਰੇ ਨਹੀਂ, ਸਗੋਂ ਇਸ ਗੱਲ ਬਾਰੇ ਸੀ ਕਿ ਮੁੱਖ ਮੰਤਰੀ ਕਿਸ ਦਾ ਹੋਵੇ ਅਤੇ ਅੰਤ ਵਿਚ ਗੱਲ ਟੁੱਟਣ ਨਾਲ ਵੱਖੋ-ਵੱਖ ਰਾਹੇ ਪੈ ਗਏ ਸਨ। ਜਦੋਂ ਇਨ੍ਹਾਂ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾ ਹੋ ਸਕੀ ਤਾਂ ਸ਼ਿਵ ਸੈਨਾ ਨੇ ਕਾਂਗਰਸ ਅਤੇ ਐਨ. ਸੀ. ਪੀ. ਦੇ ਮੁਖੀ ਸ਼ਰਦ ਪਵਾਰ ਨਾਲ ਗੱਠਜੋੜ ਕਰ ਕੇ ਸਾਂਝੀ ਸਰਕਾਰ ਬਣਾਉਣ ਦੀ ਕੋਸ਼ਿਸ਼ ਅਰੰਭ ਕੀਤੀ। ਕਈ ਦਿਨ ਇਸ ਬਾਰੇ ਗੱਲਬਾਤ ਹੁੰਦੀ ਰਹੀ ਤੇ ਸ਼ੁੱਕਰਵਾਰ ਸ਼ਾਮ ਜਦੋਂ ਸਾਰਾ ਕੁਝ ਤੈਅ ਹੋ ਗਿਆ ਕਿ ਸਰਕਾਰ ਦੀ ਅਗਵਾਈ ਸ਼ਿਵ ਸੈਨਾ ਦਾ ਪ੍ਰਧਾਨ ਊਧਵ ਠਾਕਰੇ ਕਰੇਗਾ ਅਤੇ ਉਸ ਨਾਲ ਸਹਿਯੋਗੀ ਧਿਰਾਂ ਵਜੋਂ ਕਾਂਗਰਸ ਤੇ ਸ਼ਿਵ ਸੈਨਾ ਵਾਲੇ ਮੰਤਰੀ ਜੋੜੇ ਜਾਣਗੇ ਤਾਂ ਰਾਤੋ-ਰਾਤ ਸਾਰੀ ਬਾਜ਼ੀ ਪਲਟ ਕੇ ਭਾਜਪਾ ਨੇ ਆਪਣੀ ਸਰਕਾਰ ਮੁੜ ਬਣਾ ਲਈ।



ਅਜੀਤ ਪਵਾਰ ਅਤੇ ਦੇਵੇਂਦਰ ਫੜਨਵੀਸ

ਬਹੁਤ ਸਾਰੇ ਲੋਕ ਇਸ ਨਾਲ ਹੈਰਾਨ ਹੋ ਗਏ ਕਿ ਕਿ ਏਦਾਂ ਰਾਜ-ਪਲਟੇ ਵਰਗੀ ਚਾਲਾਕੀ ਭਾਜਪਾ ਵਾਲਿਆਂ ਨੇ ਕਿਵੇਂ ਕੀਤੀ, ਪਰ ਅਸੀਂ ਇਸ ਨਾਲ ਹੈਰਾਨ ਨਹੀਂ ਹੋਏ। ਇੱਕ ਦਿਨ ਪਹਿਲਾਂ ਜਦੋਂ ਸਾਰੇ ਮੀਡੀਏ ਨੇ ਇਹ ਖਬਰ ਦਿੱਤੀ ਕਿ ਸਾਂਝੇ ਮੋਰਚੇ ਦੀ ਸਰਕਾਰ ਬਣ ਜਾਣੀ ਹੈ, ਅਸੀਂ ਇਕੱਲੇ ਇਹ ਕਹਿਣ ਵਾਲੇ ਸਾਂ ਕਿ ਇਸ ਖੇਡ ਨੂੰ ਪਲਟ ਕੇ ਭਾਜਪਾ ਆਪਣੀ ਸਰਕਾਰ ਬਣਾ ਸਕਦੀ ਹੈ ਤੇ ਤਰੀਕਾ ਇਹੋ ਹੋਵੇਗਾ ਕਿ ਮੋਰਚੇ ਦੀਆਂ ਧਿਰਾਂ-ਸ਼ਿਵ ਸੈਨਾ, ਕਾਂਗਰਸ ਅਤੇ ਐਨ. ਸੀ. ਪੀ. ਦੇ ਵਿਧਾਇਕ ਟੁੱਟ ਕੇ ਭਾਜਪਾ ਨਾਲ ਜਾ ਜੁੜਨਗੇ। ਹੋਇਆ ਵੀ ਇਹੋ ਹੈ। ਸ਼ਰਦ ਪਵਾਰ ਦਾ ਸਕਾ ਭਤੀਜਾ ਅਤੇ ਮਹਾਰਾਸ਼ਟਰ ਵਿਚ ਕਾਂਗਰਸ ਨਾਲ ਸਾਂਝੀ ਸਰਕਾਰ ਵੇਲੇ ਡਿਪਟੀ ਮੁੱਖ ਮੰਤਰੀ ਰਹਿ ਚੁਕਾ ਅਜੀਤ ਪਵਾਰ ਰਾਤੋ-ਰਾਤ ਆਪਣੇ ਨਾਲ 22 ਵਿਧਾਇਕ ਲੈ ਕੇ ਭਾਜਪਾ ਨਾਲ ਜਾ ਜੁੜਿਆ ਅਤੇ ਸਨਿਚਰਵਾਰ ਸਵੇਰ ਹੋਣ ਤੱਕ ਭਾਜਪਾ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਨਾਲ ਡਿਪਟੀ ਮੁੱਖ ਮੰਤਰੀ ਜਾ ਬਣਿਆ ਹੈ।

ਸਾਡੇ ਕਿਆਫੇ ਦੇ ਪਿੱਛੇ ਕੁਝ ਕਾਰਨ ਸਨ। ਪਹਿਲਾ ਤਾਂ ਮਹਾਰਾਸ਼ਟਰ ਦੀਆਂ ਪਿਛਲੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵਾਪਰਿਆ ਘਟਨਾਕ੍ਰਮ ਸੀ। 23 ਅਕਤੂਬਰ ਨੂੰ ਵੋਟਾਂ ਪੈਣੀਆਂ ਸਨ, 19 ਨੂੰ ਚੋਣ ਪ੍ਰਚਾਰ ਬੰਦ ਕਰਨਾ ਸੀ, ਪਰ ਉਸ ਤੋਂ ਦੋ ਦਿਨ ਪਹਿਲਾਂ ਐਨ. ਸੀ. ਪੀ. ਵਿਚ ਸ਼ਰਦ ਪਵਾਰ ਤੋਂ ਦੂਜੇ ਨੰਬਰ ਦਾ ਆਗੂ ਗਿਣਿਆ ਜਾਂਦਾ ਪ੍ਰਫੁੱਲ ਪਟੇਲ ਅਚਾਨਕ ਇਨਫੋਰਸਮੈਂਟ ਡਾਇਰੈਕਟੋਰੇਟ ਵਾਲਿਆਂ ਨੇ ਸੱਦ ਕੇ ਪੁੱਛਗਿੱਛ ਅਰੰਭ ਦਿੱਤੀ ਸੀ। ਇਸ ਦਾ ਅਰਥ ਇਹ ਸੀ ਕਿ ਉਸ ਨੂੰ ਸਭ ਤੋਂ ਵੱਧ ਅਹਿਮ ਆਖਰੀ ਦੋ ਦਿਨ ਚੋਣ ਪ੍ਰਚਾਰ ਨਹੀਂ ਕਰਨ ਦੇਣਾ।

ਭਾਜਪਾ ਦੀ ਚਾਲ ਇਸ ਤੋਂ ਦਿੱਸ ਪਈ ਸੀ ਕਿ ਉਹ ਕਰਨਾਟਕਾ ਵਾਂਗ ਖਿਲਾਰਾ ਪੈਣ ਤੋਂ ਪਹਿਲਾਂ ਹਰ ਹਾਲਤ ਮਹਾਰਾਸ਼ਟਰ ਵਿਚ ਸਰਕਾਰ ਦੀ ਕਮਾਨ ਸਾਂਭਣ ਲਈ ਹਰ ਹੱਦ ਤੱਕ ਜਾ ਸਕਦੀ ਹੈ। ਉਹ ਹੱਦ ਇਥੋਂ ਤੱਕ ਵੀ ਜਾ ਸਕਦੀ ਸੀ, ਜਿੱਥੋਂ ਤੱਕ ਪਹੁੰਚ ਗਈ ਹੈ। ਦੂਜਾ ਮਾਮਲਾ ਸ਼ਰਦ ਪਵਾਰ ਦੇ ਆਪਣੇ ਭਤੀਜੇ ਅਜੀਤ ਪਵਾਰ ਦਾ ਸੀ। ਉਹ ਪਹਿਲਾਂ ਕਾਂਗਰਸੀ ਮੁੱਖ ਮੰਤਰੀ ਦੇ ਨਾਲ ਡਿਪਟੀ ਮੁੱਖ ਮੰਤਰੀ ਰਹਿ ਚੁਕਾ ਸੀ ਤੇ ਉਦੋਂ ਕੀਤੇ ਇੱਕ ਵੱਡੇ ਸਿੰਜਾਈ ਘੋਟਾਲੇ ਦਾ ਦਾਗੀ ਸੀ। ਬਹੁਤੇ ਲੋਕ ਨਹੀਂ ਜਾਣਦੇ ਕਿ ਉਸੇ ਰਾਜ ਵਿਚ ਇੱਕ ਕੋਆਪਰੇਟਿਵ ਬੈਂਕ ਦਾ ਘੋਟਾਲਾ ਵੀ ਹੋਇਆ ਸੀ ਅਤੇ 25 ਹਜ਼ਾਰ ਕਰੋੜ ਦੇ ਉਸ ਘੋਟਾਲੇ ਵਿਚ ਅਜੀਤ ਪਵਾਰ ਦੇ ਨਾਲ ਸ਼ਰਦ ਪਵਾਰ ਦਾ ਨਾਂ ਵੀ ਆਉਂਦਾ ਸੀ।

ਚੱਲਦੀ ਚੋਣ ਮੁਹਿੰਮ ਦੌਰਾਨ ਇੱਕ ਦਿਨ ਅਚਾਨਕ ਇਨਫੋਰਸਮੈਂਟ ਵਾਲਿਆਂ ਨੇ ਜਾਂਚ ਕਰਨ ਦੇ ਨਾਂ 'ਤੇ ਅਜੀਤ ਪਵਾਰ ਨੂੰ ਘੇਰ ਲਿਆ ਤੇ ਘੇਰਿਆ ਇਸ ਤਰ੍ਹਾਂ ਕਿ ਉਹ ਪ੍ਰੈਸ ਵਾਲਿਆਂ ਸਾਹਮਣੇ ਰੋਂਦਾ ਹੋਇਆ ਇਹ ਕਹਿਣ ਲੱਗ ਪਿਆ ਸੀ ਕਿ ਮੈਨੂੰ ਸਿਆਸਤ ਦੇ ਕਾਰਨ ਤੰਗ ਕੀਤਾ ਜਾ ਰਿਹਾ ਹੈ, ਮੈਂ ਸਿਆਸਤ ਤੋਂ ਸੰਨਿਆਸ ਹੀ ਲੈ ਲੈਣਾ ਹੈ। ਫਿਰ ਉਹ ਚੋਣਾਂ ਲਈ ਕਿਸੇ ਪਾਸੇ ਪ੍ਰਚਾਰ ਵੀ ਕਰਨ ਨਹੀਂ ਸੀ ਜਾਂਦਾ, ਪਰ ਚੋਣਾਂ ਪਿੱਛੋਂ ਜਦੋਂ ਕਾਂਗਰਸ ਅਤੇ ਐਨ. ਸੀ. ਪੀ. ਵੱਲੋਂ ਸ਼ਿਵ ਸੈਨਾ ਨਾਲ ਸਾਂਝੀ ਸਰਕਾਰ ਦੀ ਗੱਲ ਚੱਲੀ ਤਾਂ ਹਰ ਬੈਠਕ ਵਿਚ ਵੇਖਿਆ ਜਾਣ ਲੱਗਾ ਸੀ। ਇਹੋ ਨਹੀਂ, ਉਹ ਹਰ ਬੈਠਕ ਪਿੱਛੋਂ ਇਸ ਤਰ੍ਹਾਂ ਦੇ ਹਾਸੇ-ਠੱਠੇ ਦੇ ਰੌਅ 'ਚ ਬੋਲਦਾ ਸੀ ਕਿ ਉਸ ਵਿਚੋਂ ਕਿਸੇ ਗੁੱਝੀ ਚਾਲ ਦੀ ਬੋਅ ਆਉਂਦੀ ਸੀ। ਉਸ ਬੋਅ ਵਿਚਲੀ ਰਮਜ਼ ਭਾਜਪਾ ਲੀਡਰਾਂ ਦੇ ਇਸ ਦਾਅਵੇ ਤੋਂ ਸਮਝ ਆਉਂਦੀ ਸੀ ਕਿ ਜਿਸ ਨੇ ਬੈਠਕਾਂ ਕਰਨੀਆਂ ਹਨ, ਕਰਦੇ ਰਹਿਣ, ਸਰਕਾਰ ਅਸੀਂ ਹੀ ਬਣਾਉਣੀ ਹੈ। ਅਸਲ ਵਿਚ ਉਹ ਪਹਿਲਾਂ ਹੀ ਸ਼ਰਦ ਪਵਾਰ ਦੇ ਇਸ ਭ੍ਰਿਸ਼ਟਾਚਾਰੀ ਭਤੀਜੇ ਨੂੰ ਆਪਣੇ ਹੱਥਾਂ ਵਿਚ ਲੈ ਚੁਕੇ ਸਨ।

ਆਪਾਂ ਫਿਰ ਇੱਕ ਵਾਰ ਉਸੇ ਨਾਅਰੇ 'ਰਾਜਾ ਮਰ ਗਿਆ, ਰਾਜਾ ਜ਼ਿੰਦਾਬਾਦ' ਵੱਲ ਆਈਏ। ਇੱਕ ਵਾਰੀ ਭਾਜਪਾ ਨੇ ਉਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਨਾਲ ਸਾਂਝ ਪਾਈ ਸੀ ਤੇ ਜਦੋਂ ਨਿਭ ਨਾ ਸਕੀ ਤਾਂ ਮਾਇਆਵਤੀ ਸਰਕਾਰ ਦਾ ਤਖਤ ਪਲਟ ਕੇ ਆਪਣੀ ਸਰਕਾਰ ਬਣਾਈ ਸੀ। ਉਦੋਂ ਭਾਜਪਾ ਕੋਲ ਬਹੁ-ਸੰਮਤੀ ਜੋਗੇ ਵਿਧਾਇਕ ਨਹੀਂ ਸਨ। ਭਾਜਪਾ ਨੇ ਉਦੋਂ ਦੂਜੀਆਂ ਪਾਰਟੀਆਂ ਵਿਚ ਕੁੰਡੀ ਪਾ ਕੇ ਉਨ੍ਹਾਂ ਦੇ ਬੰਦੇ ਖਿੱਚੇ ਤੇ ਫਿਰ ਬਸਪਾ ਤੋਂ ਖਿੱਚੇ ਵਿਧਾਇਕਾਂ ਦੀ ਇੱਕ 'ਲੋਕਤੰਤਰੀ ਬਸਪਾ' ਅਤੇ ਕਾਂਗਰਸ ਵਿਚੋਂ ਕੁੰਡੀ ਨਾਲ ਖਿੱਚੇ ਵਿਧਾਇਕਾਂ ਦੀ 'ਲੋਕਤੰਤਰੀ ਕਾਂਗਰਸ' ਅਤੇ ਕੁਝ ਹੋਰ ਏਦਾਂ ਦੇ ਡੰਗ-ਟਪਾਊ 'ਲੋਕਤੰਤਰੀ' ਧੜੇ ਬਣਾ ਕੇ ਵਕਤ ਸਾਰ ਲਿਆ ਸੀ।

ਮਦਾਰੀ ਵਾਲੇ ਏਦਾਂ ਦੇ ਕਰਤੱਵ ਵਿਖਾਉਣ ਵਿਚ ਭਾਜਪਾ ਆਗੂ ਬਹੁਤ ਮਾਹਰ ਹਨ। ਉਹ ਇੱਕ ਪਾਸੇ ਕਿਸੇ ਰਾਜ ਦੇ ਲੋਕਤੰਤਰ ਦਾ ਬਸਤਾ ਸਮੇਟਦੇ ਤੇ ਦੂਜੇ ਪਾਸੇ ਉਸੇ ਰਾਜ ਵਿਚ ਇੱਕ ਨਵੀਂ 'ਲੋਕਤੰਤਰੀ' ਧਿਰ ਖੜੀ ਕਰਨ ਪਿੱਛੋਂ ਨਾਅਰਾ ਲਾ ਦਿੰਦੇ ਹਨ ਕਿ ਲੋਕਤੰਤਰ ਜ਼ਿੰਦਾ ਹੈ। ਇਸ ਵਾਰੀ ਇਹੋ ਖੇਡ ਮਹਾਰਾਸ਼ਟਰ ਵਿਚ ਖੇਡੀ ਜਾ ਰਹੀ ਹੈ। ਜਿਵੇਂ ਰਾਜਾ ਮਰ ਗਿਆ ਅਤੇ ਰਾਜਾ ਜ਼ਿੰਦਾਬਾਦ ਦਾ ਮਤਲਬ ਹੈ ਕਿ ਰਾਜਾ ਹੀ ਮਰਿਆ ਹੈ, ਨਵੀਂ ਸ਼ਕਲ-ਸੂਰਤ ਵਾਲਾ ਰਾਜਾ ਮਿਲ ਗਿਆ ਹੈ ਅਤੇ ਜਿਵੇਂ ਕਦੀ ਲੀਗ ਆਫ ਨੇਸ਼ਨਜ਼ ਮਰ ਗਈ ਅਤੇ ਲੀਗ ਦੇ ਨਵੇਂ ਰੂਪ ਵਿਚ ਯੂ. ਐਨ. ਓ. ਪੈਦਾ ਹੋਈ ਸੀ, ਏਦਾਂ ਹੀ ਭਾਰਤੀ ਲੋਕਾਂ ਨੂੰ ਵੀ ਲੋਕਤੰਤਰ ਮਰ ਗਿਆ ਮੰਨਣ ਦੀ ਥਾਂ ਨਵੀਂ ਕਿਸਮ ਦਾ ਲੋਕਤੰਤਰ ਉਭਰਦਾ ਮਹਿਸੂਸ ਕਰਨਾ ਚਾਹੀਦਾ ਹੈ। ਕਦੇ ਇਹ ਮਹਿਸੂਸ ਹੋ ਸਕਦਾ ਹੈ ਅਤੇ ਕੁਝ ਲੋਕਾਂ ਦੇ ਮਨ ਨੂੰ ਦੁਖੀ ਕਰ ਸਕਦਾ ਹੈ ਕਿ ਭਾਰਤ ਵਿਚ ਆਹ ਕੁਝ ਵੀ ਹੋਣਾ ਸੀ, ਪਰ ਸੱਚਾਈ ਤਾਂ ਸੱਚਾਈ ਹੈ ਤੇ ਸੱਚਾਈ ਇਹੋ ਹੈ ਕਿ 'ਨਵਾਂ ਲੋਕਤੰਤਰ' ਵਾਰੀ-ਵਾਰੀ ਹਰ ਰਾਜ ਵਿਚ ਪੈਦਾ ਹੋਈ ਜਾ ਰਿਹਾ ਹੈ।

# ਮੋਬਾਈਲ ਵਿਚਲੇ ਵਾਇਰਸਾਂ ਰਾਹੀਂ ਜਾਸੂਸੀ !

ਬਿਨਾ ਸ਼ੱਕ ਇੰਟਰਨੈਟ ਸੰਸਾਰ ਦੇ ਲੋਕਾਂ ਲਈ ਕਿਸੇ ਵੱਡੀ ਨਿਆਮਤ ਤੋਂ ਘੱਟ ਨਹੀਂ ਹੈ ਤੇ ਇਸ ਦੇ ਸਦਕਾ ਅੱਜ ਦੁਨੀਆਂ ਇੱਕ ਗਲੋਬਲ ਵਿਲੇਜ ਦਾ ਰੂਪ ਧਾਰ ਗਈ ਹੈ। ਇੰਟਰਨੈਟ ਦੇ ਜ਼ਰੀਏ ਚੱਲਣ ਵਾਲੇ ਫੇਸਬੁੱਕ, ਵਟਸ ਐਪ ਇੰਸਟਾਗ੍ਰਾਮ ਆਦਿ ਸੋਸ਼ਲ ਸਾਈਟਾਂ ਨੇ ਤਾਂ ਦੂਰ ਦੇ ਲੋਕਾਂ ਨੂੰ ਵੀ ਨੇੜੇ ਲੈ ਆਂਦਾ ਹੈ। ਕਈ ਚੀਜ਼ਾਂ ਸਾਡੇ ਜੀਵਨ ਵਿਚ ਵਰਦਾਨ ਬਣ ਕੇ ਆਉਂਦੀਆਂ ਹਨ, ਪਰ ਦੁਰਵਰਤੋਂ ਕਾਰਨ ਫਿਰ ਇਹੋ ਚੀਜ਼ਾਂ ਸਰਾਪ ਜਾਪਣ ਲੱਗਦੀਆਂ ਹਨ।



ਮੁਹੰਮਦ ਅੱਬਾਸ ਧਾਲੀਵਾਲ
ਫੋਨ: 91-98552-59650

ਪਿਛਲੇ ਦਿਨੀਂ ਜਿਸ ਤਰ੍ਹਾਂ ਵਟਸ ਐਪ ਨੇ ਆਪਣੇ ਕੁਝ ਉਪਭੋਗਤਾਵਾਂ ਨੂੰ ਇਹ ਜਾਣਕਾਰੀ ਮੁਹੱਈਆ ਕਰਵਾਈ ਕਿ ਉਨ੍ਹਾਂ ਦੇ ਮੋਬਾਈਲ ਨੰਬਰ ਦੀ ਜਾਸੂਸੀ ਹੋਈ ਹੈ, ਇਕ ਵਾਰ ਤਾਂ ਜਿਵੇਂ ਲੋਕਾਂ ਦੇ ਹੋਸ਼ ਉਡ ਗਏ। ਇਸ ਖੁਲਾਸੇ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਭਾਵੇਂ ਅੱਜ ਇੰਟਰਨੈਟ ਮਨੁੱਖੀ ਜੀਵਨ ਦਾ ਇਕ ਅਹਿਮ ਹਿੱਸਾ ਹੈ, ਪਰ ਜਾਸੂਸੀ ਕਾਂਡ ਸਾਹਮਣੇ ਆਉਣ ਪਿਛੋਂ ਉਪਭੋਗਤਾ ਦੀ ਪ੍ਰਾਈਵੇਸੀ ਅੱਜ ਕਿਸ ਕਦਰ ਅਸੁਰੱਖਿਅਤ ਹੈ, ਇਸ ਦੀ ਮਿਸਾਲ ਪਹਿਲਾਂ ਸ਼ਾਇਦ ਕਦੇ ਨਹੀਂ ਮਿਲਦੀ। ਯਕੀਨਨ ਇਹ ਇੱਕ ਬੇਹੱਦ ਸੰਵੇਦਨਸ਼ੀਲ ਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ ਅਤੇ ਲੋਕਾਂ ਦੀ ਨਿੱਜਤਾ ਨਾਲ ਇੱਕ ਘਿਨਾਉਣਾ ਖਿਲਵਾੜ ਹੈ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਦੇ ਤੁਲ ਹੈ।

ਜਾਸੂਸੀ ਦੇ ਖੁਲਾਸੇ ਨੇ ਇਹ ਗੱਲ ਵੀ ਸਪੱਸ਼ਟ ਕਰ ਦਿੱਤੀ ਹੈ ਕਿ ਅਸੀਂ ਕਿਸ ਨਾਲ ਕੀ ਗੱਲ ਕਰ ਰਹੇ ਹਾਂ ਤੇ ਕਿਹੜੀ ਫੋਟੋ ਜਾਂ ਵੀਡੀਓ ਕਿਸ ਨੂੰ ਭੇਜ ਰਹੇ ਹਾਂ-ਹੁਣ ਇਸ ਦੇ ਗੁਪਤ ਹੋਣ ਦੀ ਕੋਈ ਗਾਰੰਟੀ ਨਹੀਂ, ਕਿਉਂਕਿ ਅੱਜ ਪਿਗਾਸਾਸ ਵਰਗੀ ਤਕਨਾਲੋਜੀ ਰਾਹੀਂ ਤੁਹਾਡੇ ਮੋਬਾਈਲ 'ਚ ਆਸਾਨੀ ਨਾਲ ਵਾਇਰਸ ਦੀ ਘੁਸਪੈਠ ਕਰ ਕੇ ਤੁਹਾਡੇ ਤਮਾਮ ਡੈਟਾ 'ਤੇ ਡਾਕਾ ਮਾਰਿਆ ਜਾ ਸਕਦਾ ਹੈ ਤੇ ਕਿਸੇ ਵੀ ਸਮੇਂ ਤੁਸੀਂ ਜਾਸੂਸੀ ਕੰਪਨੀਆਂ ਦਾ ਸ਼ਿਕਾਰ ਹੋ ਸਕਦੇ ਹੋ।

ਕੋਈ ਸਮਾਂ ਸੀ ਜਦੋਂ ਕਿਹਾ ਜਾਂਦਾ ਸੀ ਕਿ ਭਾਈ ਹੌਲੀ ਬੋਲ, ਕੰਧਾਂ ਦੇ ਵੀ ਕੰਨ ਹੁੰਦੇ ਨੇ, ਪਰ ਉਕਤ ਜਾਸੂਸੀ ਕਾਂਡ ਉਪਰੰਤ ਸ਼ਾਇਦ ਹੁਣ ਇਹੋ ਕਿਹਾ ਜਾਇਆ ਕਰੇਗਾ ਕਿ ਭਾਈ ਜੇ ਭੇਦਭਰੀ ਕੋਈ ਗੱਲ ਕਰਨੀ ਹੈ ਤਾਂ ਨਿੱਜੀ ਰੂਪ ਵਿਚ ਆ ਕੇ ਮਿਲ, ਕਿਉਂਕਿ ਮੋਬਾਈਲ ਵਿਚ ਤਾਂ ਅੱਜ ਕੱਲ ਜਾਸੂਸੀ ਵਾਇਰਸ (ਚੁਗਲਖੋਰ ਕੀਟਾਣੂ) ਹੁੰਦੇ ਹਨ।

ਜਿਵੇਂ ਕਿ ਅਸੀਂ ਬੀਤੇ ਕਈ ਦਿਨਾਂ ਤੋਂ ਅਖਬਾਰਾਂ ਦੀਆਂ ਸੁਰਖੀਆਂ ਵੇਖ ਹੀ ਰਹੇ ਹਾਂ ਕਿ ਕਿਸ ਤਰ੍ਹਾਂ ਇਜ਼ਰਾਇਲੀ ਤਕਨਾਲੋਜੀ ਰਾਹੀਂ ਵਟਸ ਐਪ ਵਿਚ ਘੁਸਪੈਠ ਕਰ ਕੇ ਪੱਤਰਕਾਰਾਂ, ਵਕੀਲਾਂ ਅਤੇ ਮਨੁੱਖੀ ਹੱਕਾਂ ਨਾਲ ਸਬੰਧਤ ਦੁਨੀਆਂ ਭਰ ਦੇ 1400 ਤੋਂ ਵੱਧ ਲੋਕਾਂ ਦੀ ਜਾਸੂਸੀ ਕੀਤੀ ਗਈ ਹੈ। ਯਕੀਨਨ ਇਕ ਸੱਭਿਅਕ ਸਮਾਜ ਵਿਚ ਇਹ ਲੋਕਾਂ ਨਾਲ ਗੈਰ-ਇਖਲਾਕੀ ਹਰਕਤ ਹੈ।

ਇਜ਼ਰਾਈਲੀ ਕੰਪਨੀ ਐਨ. ਐਸ. ਓ. ਦੇ ਸਪਸ਼ਟੀਕਰਨ ਨੂੰ ਸੱਚ ਮੰਨਿਆ ਜਾਵੇ ਤਾਂ ਸਰਕਾਰ ਜਾਂ ਸਰਕਾਰੀ ਏਜੰਸੀਆਂ ਹੀ ਪੈਗਾਸਸ ਸਾਫਟਵੇਅਰ ਦੇ ਮਾਧਿਅਮ ਰਾਹੀਂ ਜਾਸੂਸੀ ਕਰ ਸਕਦੀਆਂ ਹਨ। ਇਸ ਸੰਦਰਭ ਵਿਚ ਮੋਦੀ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਕਿ ਉਸ ਨੇ ਐਨ. ਐਸ. ਓ. ਪਲੇਟਫਾਰਮ ਰਾਹੀਂ ਸੇਵਾਵਾਂ ਹਾਸਲ ਕੀਤੀਆਂ ਹਨ ਅਤੇ ਇਸ ਤੋਂ ਵੀ ਇਨਕਾਰ ਨਹੀਂ ਕੀਤਾ ਕਿ ਉਹ ਆਪਣੇ ਨਾਗਰਿਕਾਂ ਦੇ ਫੋਨ ਹੈਕ ਕਰਕੇ ਜਾਸੂਸੀ ਕਰ ਰਹੀ ਹੈ। ਸੂਚਨਾ ਤਕਨਾਲੋਜੀ ਮੰਤਰੀ ਨੇ ਕਿਹਾ ਹੈ ਕਿ ਭਾਰਤ ਨੇ ਵਟਸ ਐਪ ਨੂੰ ਇਹ ਸਪੱਸ਼ਟ ਕਰਨ ਲਈ ਕਿਹਾ ਹੈ ਕਿ ਉਲੰਘਣਾ ਦੀ ਪ੍ਰਕਿਰਤੀ ਕੀ ਹੈ ਅਤੇ ਭਾਰਤੀਆਂ ਦੀ ਪ੍ਰਾਈਵੇਸੀ ਦੀ ਸੁਰੱਖਿਆ ਲਈ ਕੀ ਕਰ ਰਹੇ ਹਨ?

ਜ਼ਿਕਰਯੋਗ ਹੈ ਕਿ ਕੈਂਬ੍ਰਿਜ ਐਨਾਲਿਟਿਕਾ ਮਾਮਲੇ ਵਿਚ ਵੀ ਫੇਸਬੁੱਕ ਤੋਂ ਅਜਿਹਾ ਹੀ ਜਵਾਬ ਮੰਗਿਆ ਗਿਆ ਸੀ। ਕੈਂਬ੍ਰਿਜ ਮਾਮਲੇ ਵਿਚ ਯੂਰਪੀ ਕਾਨੂੰਨ ਤਹਿਤ ਕੰਪਨੀ 'ਤੇ ਪੈਨਲਟੀ ਵੀ ਲੱਗੀ, ਪਰ ਭਾਰਤ ਵਿਚਲੀ ਸੀ. ਬੀ. ਆਈ. ਹਾਲੇ ਅੰਕੜਿਆਂ ਦਾ ਵਿਸ਼ਲੇਸ਼ਣ ਹੀ ਕਰ ਰਹੀ ਹੈ। ਕਾਗਜ਼ਾਂ ਤੋਂ ਤਾਂ ਇਹੋ ਜ਼ਾਹਰ ਹੈ ਕਿ ਵਟਸ ਐਪ ਵਿਚ ਸੰਨ੍ਹ ਲਾਉਣ ਦੀ ਇਹ ਖੇਡ ਕਈ ਸਾਲਾਂ ਤੋਂ ਚਲ ਰਹੀ ਹੈ ਤੇ ਹੁਣ ਕੈਲੀਫੋਰਨੀਆ ਦੀ ਅਦਾਲਤ ਵਿਚ ਵਟਸ ਐਪ ਵਲੋਂ ਮੁਕਦਮਾ ਦਾਇਰ ਕਰਨ ਪਿੱਛੇ ਕੀ ਕੋਈ ਰਣਨੀਤੀ ਹੈ? ਵਟਸ ਐਪ ਨੇ ਕੈਲੀਫੋਰਨੀਆ ਵਿਚ ਇਜ਼ਰਾਇਲੀ ਕੰਪਨੀ ਐਨ. ਐਸ. ਓ. ਅਤੇ ਉਸ ਦੀ ਸਹਿਯੋਗੀ ਕੰਪਨੀ 'ਦ ਸਾਇਬਰ ਤਕਨਾਲੋਜੀਜ਼ ਲਿਮਟਿਡ' ਖਿਲਾਫ ਮੁਕੱਦਮਾ ਦਾਇਰ ਕੀਤਾ ਹੈ। ਜ਼ਿਕਰਯੋਗ ਹੈ ਕਿ ਵਟਸ ਐਪ ਦੇ ਨਾਲ ਫੇਸਬੁੱਕ ਵੀ ਇਸ ਮੁਕੱਦਮੇ ਵਿਚ ਸਹਿਯੋਗੀ ਧਿਰ ਵਜੋਂ ਵਿਚਰ ਰਹੀ ਹੈ। ਫੇਸਬੁੱਕ ਕੋਲ ਵਟਸ ਐਪ ਦੀ ਮਾਲਕੀ ਹੈ, ਪਰ ਇਸ ਮੁਕੱਦਮੇ ਵਿਚ ਫੇਸਬੁੱਕ ਨੂੰ ਵਟਸ ਐਪ ਦਾ ਸਰਵਿਸ ਪ੍ਰੋਵਾਈਡਰ ਦੱਸਿਆ ਗਿਆ ਹੈ, ਜੋ ਵਟਸ ਐਪ ਨੂੰ ਇਨਫਰਾਸਟ੍ਰਕਚਰ ਅਤੇ ਸੁਰੱਖਿਆ ਛਤਰੀ ਪ੍ਰਦਾਨ ਕਰਦਾ ਹੈ।

ਹਾਲੇ ਪਿਛਲੇ ਸਾਲ ਹੀ ਫੇਸਬੁੱਕ ਨੇ ਇਹ ਕਬੂਲਿਆ ਸੀ ਕਿ ਉਨ੍ਹਾਂ ਦੇ ਗਰੁਪ ਵਲੋਂ ਵਟਸ ਐਪ ਅਤੇ ਇੰਸਟਾਗ੍ਰਾਮ ਦਾ ਡੈਟਾ ਇਕੱਠਾ ਕਰਕੇ ਉਸ ਦੀ ਵਪਾਰਕ ਵਰਤੋਂ ਕੀਤੀ ਜਾ ਰਹੀ ਹੈ। ਫੇਸਬੁੱਕ ਨੇ ਇਹ ਵੀ ਮੰਨਿਆ ਸੀ ਕਿ ਉਸ ਦੇ ਪਲੇਟਫਾਰਮ ਵਿਚ ਅਨੇਕਾਂ ਐਪਸ ਰਾਹੀਂ ਡੈਟਾ ਮਾਈਨਿੰਗ ਅਤੇ ਡੈਟਾ ਕਾਰੋਬਾਰ ਹੁੰਦਾ ਹੈ।

ਇਕ ਹੋਰ ਰਿਪੋਰਟ ਅਨੁਸਾਰ ਕੈਂਬ੍ਰਿਜ ਐਨਾਲਿਟਿਕਾ ਇਕ ਅਜਿਹੀ ਕੰਪਨੀ ਸੀ, ਜਿਸ ਰਾਹੀਂ ਭਾਰਤ ਸਮੇਤ ਅਨੇਕ ਦੇਸ਼ਾਂ ਵਿਚ ਲੋਕਤੰਤਰੀ ਪ੍ਰਕ੍ਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਗਈ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵਟਸ ਐਪ ਆਪਣੇ ਸਿਸਟਮ ਵਿਚ ਕੀਤੀ ਗਈ ਕਾਲ, ਵੀਡੀਓ ਕਾਲ, ਚੈਟ, ਗਰੁਪ ਚੈਟ, ਇਮੇਜ, ਵੀਡੀਓ, ਵਾਇਸ ਕਾਲ, ਵਾਇਸ ਮੈਸੇਜ ਅਤੇ ਫਾਈਲ ਟਰਾਂਸਫਰ ਨੂੰ ਇੰਕਰਿਪਟੇਡ ਦੱਸਦਿਆਂ ਆਪਣੇ ਪਲੇਟਫਾਰਮ ਨੂੰ ਹਮੇਸ਼ਾ ਸੁਰੱਖਿਅਤ ਦੱਸਦਾ ਰਿਹਾ ਹੈ।




ਕੈਲੀਫੋਰਨੀਆ ਦੀ ਅਦਾਲਤ ਵਿਚ ਦਾਇਰ ਮੁਕੱਦਮੇ ਅਨੁਸਾਰ ਇਜ਼ਰਾਇਲੀ ਕੰਪਨੀ ਨੇ ਮੋਬਾਈਲ ਫੋਨ ਰਾਹੀਂ ਵਟਸ ਐਪ ਸਿਸਟਮ ਨੂੰ ਹੈਕ ਕੀਤਾ, ਜਿਸ ਤਹਿਤ ਇਕ ਸਾਫਟਵੇਅਰ ਵਰਤਦਿਆਂ ਇੱਕ ਮਿਸਡ ਕਾਲ ਰਾਹੀਂ ਸਮਾਰਟ ਫੋਨ 'ਚ ਵਾਇਰਸ ਭੇਜ ਕੇ ਸਾਰੀ ਜਾਣਕਾਰੀ ਜਮ੍ਹਾ ਕਰ ਲੈਂਦਾ ਹੈ। ਫੋਨ ਦੇ ਕੈਮਰੇ ਤੋਂ ਪਤਾ ਚੱਲਣ ਲਗਦਾ ਹੈ ਕਿ ਵਿਅਕਤੀ ਕਿਥੇ ਜਾ ਰਿਹਾ ਹੈ, ਕਿਸ ਨੂੰ ਮਿਲ ਰਿਹਾ ਹੈ ਅਤੇ ਕੀ ਕੀ ਗੱਲਬਾਤ ਕਰ ਰਿਹਾ ਹੈ?

ਇਕ ਅੰਦਾਜ਼ੇ ਮੁਤਾਬਕ ਏਅਰਟੈਲ, ਐਮ. ਟੀ. ਐਨ. ਐਲ. ਸਮੇਤ ਭਾਰਤ ਦੇ 8 ਮੋਬਾਈਲ ਨੈਟਵਰਕਾਂ ਦੀ ਇਸ ਜਾਸੂਸੀ ਲਈ ਵਰਤੋਂ ਹੋਈ ਹੈ। ਮੁਕੱਦਮੇ ਵਿਚ ਦਰਜ ਤੱਥਾਂ ਅਨੁਸਾਰ ਇਜ਼ਰਾਇਲੀ ਕੰਪਨੀ ਨੇ ਜਨਵਰੀ 2018 ਤੋਂ ਮਈ 2019 ਦੇ ਵਿਚਾਲੇ ਭਾਰਤ ਸਮੇਤ ਅਨੇਕਾਂ ਦੇਸ਼ਾਂ ਦੇ ਲੋਕਾਂ ਦੀ ਜਾਸੂਸੀ ਕੀਤੀ। ਮੁਕੱਦਮੇ ਅਨੁਸਾਰ ਵਟਸ ਐਪ ਨੇ ਇਜ਼ਰਾਇਲੀ ਕੰਪਨੀ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ। ਸਵਾਲ ਹੈ ਕਿ ਜਿਨ੍ਹਾਂ ਭਾਰਤੀ ਲੋਕਾਂ ਦੇ ਮੋਬਾਈਲ ਡੈਟਾ ਨੂੰ ਸੰਨ ਲਾਈ ਗਈ ਹੈ, ਉਨ੍ਹਾਂ ਨੂੰ ਇਨਸਾਫ ਕਿਵੇਂ ਤੇ ਕਦੋਂ ਮਿਲੇਗਾ?

ਬੇਸ਼ੱਕ ਐਨ. ਐਸ. ਓ. ਇਕ ਇਜ਼ਰਾਇਲੀ ਕੰਪਨੀ ਹੈ, ਪਰ ਪਤਾ ਇਹ ਲੱਗਾ ਹੈ ਕਿ ਇਸ ਦੀ ਮਲਕੀਅਤ ਯੂਰਪੀ ਹੈ। ਇਸ ਸਾਲ ਫਰਵਰੀ ਵਿਚ ਯੂਰਪ ਦੀ ਇਕ ਪ੍ਰਾਈਵੇਟ ਇਕਵਿਟੀ ਫਰਮ ਨੋਵਾਲਿਪਨਾ ਕੈਪੀਟਲ ਐਲ. ਐਲ. ਪੀ. ਨੇ ਐਨ. ਐਸ. ਓ. ਨੂੰ 100 ਕਰੋੜ ਡਾਲਰ ਵਿਚ ਖਰੀਦ ਲਿਆ ਸੀ। 'ਬਿਜਨਸ ਇਨਸਾਈਡ' ਦੀ ਬੈਕੀ ਪੀਟਰਸਨ ਦੀ ਰਿਪੋਰਟ ਮੁਤਾਬਕ ਐਨ. ਐਸ. ਓ. ਦਾ ਪਿਛਲੇ ਸਾਲ ਦਾ ਮੁਨਾਫਾ 125 ਮਿਲੀਅਨ ਡਾਲਰ ਸੀ।

ਜਾਸੂਸੀ ਕਰਨ ਵਾਲੀਆਂ ਅਨਜਾਣ ਕੰਪਨੀਆਂ ਜਦੋਂ ਅਰਬਾਂ ਕਮਾ ਰਹੀਆਂ ਹਨ ਤਾਂ ਫੇਰ ਫੇਸਬੁੱਕ ਜਿਹੀਆਂ ਕੰਪਨੀਆਂ ਆਪਣੀਆਂ ਸਹਿਯੋਗੀ ਕੰਪਨੀਆਂ ਨੂੰ ਡੈਟਾ ਵੇਚ ਕੇ ਕਿੰਨਾ ਮੋਟਾ ਮੁਨਾਫਾ ਕਮਾ ਰਹੀਆਂ ਹੋਣਗੀਆਂ? ਇਸ ਦਾ ਅੰਦਾਜ਼ਾ ਲਾਉਣਾ ਵੀ ਮੁਸ਼ਕਿਲ ਹੈ।

ਐਨ. ਐਸ. ਓ. ਅਨੁਸਾਰ ਉਸ ਦਾ ਸਾਫਟਵੇਅਰ ਸਰਕਾਰ ਜਾਂ ਇਸ ਦੀਆਂ ਮਾਤਹਿਤ ਏਜੰਸੀਆਂ ਨੂੰ ਬਾਲ ਯੌਨ ਉਤਪੀੜਨ, ਡਰੱਗਜ਼ ਅਤੇ ਅਤਿਵਾਦੀਆਂ ਖਿਲਾਫ ਲੜਾਈ ਲੜਨ ਲਈ ਦਿੱਤਾ ਜਾਂਦਾ ਹੈ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਖਿਲਾਫ ਜਾਸੂਸੀ ਕਰਨ ਲਈ ਉਨ੍ਹਾਂ ਦੇ ਸਾਫਟਵੇਅਰ ਦੀ ਵਰਤੋਂ ਗਲਤ ਹੈ। ਰਿਪੋਰਟਾਂ ਅਨੁਸਾਰ 10 ਡਿਵਾਇਸਾਂ ਨੂੰ ਹੈਕ ਕਰਨ ਲਈ ਲਗਭਗ 4.61 ਕਰੋੜ ਰੁਪਏ ਦਾ ਖਰਚ ਅਤੇ 3.55 ਕਰੋੜ ਰੁਪਏ ਦਾ ਇੰਸਟਾਲੇਸ਼ਨ ਖਰਚ ਆਉਂਦਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 30 ਨਵੰਬਰ 2019*

# ਜਮਹੂਰੀਅਤ ਦਾ ਜਨਾਜ਼ਾ

ਸਾਢੇ ਛੇ ਸਾਲ ਪਹਿਲਾਂ ਜਦੋਂ ਤੋਂ ਕੇਂਦਰ ਵਿਚ ਮੋਦੀ ਸਰਕਾਰ ਬਣੀ ਹੈ, ਖੁਰ ਰਹੀ ਜਮਹੂਰੀਅਤ ਬਾਰੇ ਤਰ੍ਹਾਂ-ਤਰ੍ਹਾਂ ਦੇ ਸਵਾਲ ਵੱਖ-ਵੱਖ ਮੰਚਾਂ ਅਤੇ ਮੀਡੀਆ ਫੋਰਮਾਂ 'ਤੇ ਉਠਦੇ ਰਹੇ ਹਨ। ਹੁਣ ਮਹਾਰਾਸ਼ਟਰ ਵਿਚ ਸਰਕਾਰ ਬਣਾਉਣ ਦੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਹਰ ਸੀਮਾ ਪਾਰ ਕਰ ਗਈ। ਪਿਛਲੇ ਸਾਲਾਂ ਦੌਰਾਨ ਇਹ ਨੁਕਤਾ ਵਾਰ-ਵਾਰ ਸਾਹਮਣੇ ਆਇਆ ਹੈ ਕਿ ਮੋਦੀ ਸਰਕਾਰ ਮੁਲਕ ਦੀਆਂ ਜਮਹੂਰੀ ਸੰਸਥਾਵਾਂ ਦੀ ਖੁਦਮੁਖਤਾਰੀ ਖਤਮ ਕਰਨ ਦੇ ਰਾਹ ਪਈ ਹੋਈ ਹੈ ਅਤੇ ਵਿਰੋਧੀ ਧਿਰ ਨੂੰ ਚਿੱਤ ਕਰਨ ਲਈ ਹਰ ਹੀਲਾ-ਵਸੀਲਾ ਵਰਤਿਆ ਜਾ ਰਿਹਾ ਹੈ। ਇਕਾ-ਦੁੱਕਾ ਮੁੱਦਿਆਂ ਨੂੰ ਛੱਡ ਕੇ ਇਹ ਅਜਿਹਾ ਕਰਨ ਵਿਚ ਕਾਮਯਾਬ ਵੀ ਰਹੀ ਹੈ। ਇਸ ਨੇ ਵਿਰੋਧੀ ਧਿਰ ਦੀ ਅਸਹਿਮਤੀ ਨੂੰ ਦੇਸ਼ ਧ੍ਰੋਹ ਤਕ ਆਖ ਦਿੱਤਾ ਅਤੇ ਕਿਸੇ ਵੀ ਰਾਜ ਅੰਦਰ ਸੱਤਾ ਹਾਸਲ ਕਰਨ ਲਈ ਨੈਤਿਕਤਾ ਨੂੰ ਵੀ ਛਿੱਕੇ ਟੰਗ ਦਿੱਤਾ। ਨਤੀਜਾ ਇਹ ਨਿਕਲਿਆ ਹੈ ਕਿ ਇਸ ਦੀ ਭਰੋਸੇਯੋਗਤਾ ਹੀ ਦਾਅ 'ਤੇ ਲੱਗ ਗਈ ਹੈ। ਹੁਣ ਤਕ ਪ੍ਰਚਾਰਿਆ ਜਾ ਰਿਹਾ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀ ਜੋੜੀ ਹਰ ਲੜਾਈ ਪੂਰੀ ਰਣਨੀਤੀ ਨਾਲ ਲੜਦੇ ਅਤੇ ਜਿੱਤਦੇ ਹਨ। ਕੁਝ ਮਾਹਿਰਾਂ ਨੇ ਤਾਂ ਇਨ੍ਹਾਂ ਦੀਆਂ ਕਾਰਵਾਈਆਂ ਨੂੰ ਚਾਣਕਯਾ ਨੀਤੀ ਵੀ ਆਖਣਾ ਅਰੰਭ ਕਰ ਦਿੱਤਾ ਸੀ। ਕੁਝ ਕੁ ਨੇ ਤਾਂ ਇਸ ਜੋੜੀ ਨੂੰ ਅਜਿੱਤ ਵੀ ਕਰਾਰ ਦੇ ਦਿੱਤਾ ਸੀ। ਮਹਾਰਾਸ਼ਟਰ ਅਤੇ ਹਰਿਆਣਾ ਦੀਆਂ ਵਿਧਾਨ ਸਭਾ ਚੋਣਾਂ ਵਿਚ ਮੋਦੀ ਅਤੇ ਸ਼ਾਹ ਦੇ ਭਾਸ਼ਣਾਂ ਦੀ ਸੁਰ ਵੀ ਇਹੀ ਸੀ। ਇਨ੍ਹਾਂ ਲੀਡਰਾਂ ਨੇ ਆਪਣੇ ਭਾਸ਼ਣਾਂ ਵਿਚ ਵੱਖ-ਵੱਖ ਮੁੱਦਿਆਂ 'ਤੇ ਵਿਰੋਧੀ ਧਿਰ ਦਾ ਖੂਬ ਮਖੌਲ ਉਡਾਇਆ। ਅਸਲ ਵਿਚ ਮੀਡੀਆ ਦੇ ਇਕ ਵੱਡੇ ਹਿੱਸੇ, ਜਿਸ ਉਤੇ ਵਿਕ ਜਾਣ ਦੇ ਦੋਸ਼ ਲਗਾਤਾਰ ਲੱਗ ਰਹੇ ਹਨ, ਨੇ ਅਜਿਹੇ ਪ੍ਰਚਾਰ ਵਿਚ ਵਧ-ਚੜ੍ਹ ਕੇ ਹਿੱਸਾ ਪਾਇਆ।

ਮਹਾਰਾਸ਼ਟਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਅਤੇ ਸ਼ਿਵ ਸੈਨਾ ਨੇ ਵਿਧਾਨ ਸਭਾ ਚੋਣਾਂ ਗਠਜੋੜ ਬਣਾ ਕੇ ਲੜੀਆਂ ਸਨ ਪਰ ਐਤਕੀਂ ਜਦੋਂ ਭਾਜਪਾ ਦੀਆਂ ਸੀਟਾਂ ਪਿਛਲੀ ਵਾਰ ਨਾਲੋਂ ਘਟ ਗਈਆਂ ਅਤੇ ਸ਼ਿਵ ਸੈਨਾ ਦੀ ਵਧ ਗਈਆਂ ਤਾਂ ਸ਼ਿਵ ਸੈਨਾ ਨੇ ਸਰਕਾਰ ਵਿਚ ਬਰਾਬਰ ਦੀ ਹਿੱਸੇਦਾਰੀ ਦੀ ਮੰਗ ਕੀਤੀ। ਮੁੱਖ ਮੰਤਰੀ ਦਾ ਅਹੁਦਾ ਵਾਰੀ ਸਿਰ ਲੈਣ ਦੇ ਮਾਮਲੇ 'ਤੇ ਦੋਹਾਂ ਧਿਰਾਂ ਵਿਚਾਲੇ ਪਾੜਾ ਵਧਦਾ ਗਿਆ। ਭਾਜਪਾ ਦੀ ਗਿਣਤੀ-ਮਿਣਤੀ ਸੀ ਕਿ ਸ਼ਿਵ ਸੈਨਾ ਆਖਰਕਾਰ ਮੰਨ ਜਾਵੇਗੀ, ਪਰ ਸੂਬੇ ਦੀ ਸਿਆਸਤ ਵਿਚ ਸ਼ਿਵ ਸੈਨਾ ਨੂੰ ਆਪਣਾ ਪਾਲਾ ਮਾਰ ਰਿਹਾ ਸੀ। ਸੂਬੇ ਵਿਚ ਪਹਿਲਾਂ ਸ਼ਿਵ ਸੈਨਾ ਦਾ ਹੱਥ ਭਾਜਪਾ ਤੋਂ ਉਤਾਂਹ ਰਿਹਾ ਹੈ, ਪਰ ਕੌਮੀ ਸਿਆਸਤ ਵਿਚ ਨਰਿੰਦਰ ਮੋਦੀ ਦੀ ਚੜ੍ਹਤ ਪਿਛੋਂ ਹਾਲਾਤ ਵਿਚ ਤਬਦੀਲੀ ਆਈ ਅਤੇ ਸ਼ਿਵ ਸੈਨਾ ਭਾਜਪਾ ਦੇ ਮੁਕਾਬਲੇ ਬਹੁਤ ਪਿਛਾਂਹ ਰਹਿ ਗਈ। ਜਿਸ ਤਰ੍ਹਾਂ ਦੀ ਸਿਆਸਤ ਸੂਬੇ ਵਿਚ ਚਲ ਰਹੀ ਸੀ, ਉਸ ਤੋਂ ਸ਼ਿਵ ਸੈਨਾ ਨੂੰ ਖੌਫ ਸੀ ਕਿ ਭਾਜਪਾ ਇਸ ਨੂੰ ਨਿਗਲ ਜਾਵੇਗੀ। ਸ਼ਿਵ ਸੈਨਾ ਗਾਹੇ-ਬਗਾਹੇ ਜੋ ਬਗਾਵਤ ਕਰਦੀ ਰਹੀ ਹੈ, ਉਸ ਦਾ ਬੁਨਿਆਦੀ ਕਾਰਨ ਵੀ ਇਹੀ ਸੀ। ਆਪਣੀਆਂ ਭਾਈਵਾਲ ਪਾਰਟੀਆਂ ਨਾਲ ਭਾਜਪਾ ਦਾ ਵਿਹਾਰ ਹਰ ਸੂਬੇ ਵਿਚ ਅਜਿਹਾ ਹੀ ਹੈ। ਇਸ ਮਾਮਲੇ ਵਿਚ ਪੰਜਾਬ ਦੀ ਮਿਸਾਲ ਲਈ ਜਾ ਸਕਦੀ ਹੈ। ਕਰੀਬ ਢਾਈ ਦਹਾਕਿਆਂ ਤੋਂ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਗਠਜੋੜ ਹੈ, ਪਰ ਹੁਣ ਅਕਾਲੀ ਦਲ ਨੂੰ ਵੀ ਖਦਸ਼ਾ ਹੈ ਕਿ ਭਾਜਪਾ ਇਕ ਨਾ ਇਕ ਦਿਨ ਸਿਆਸੀ ਠੋਕਰ ਮਾਰੇਗੀ। ਜਾਹਰ ਹੈ ਕਿ ਭਾਜਪਾ ਦੀ ਇਸੇ ਸਿਆਸਤ ਕਰਕੇ ਸ਼ਿਵ ਸੈਨਾ ਮਹਾਰਸ਼ਟਰ ਵਿਚ ਆਪਣੀ ਸਿਆਸਤ ਨੂੰ ਪੱਕੇ ਪੈਰੀਂ ਕਰਨ ਦਾ ਯਤਨ ਕਰਦੀ ਰਹੀ ਹੈ। ਇਕ ਗੱਲ ਹੋਰ, ਕੇਂਦਰ ਵਿਚ ਭਾਜਪਾ ਸਰਕਾਰ ਦੇ ਦਾਅ-ਪੇਚਾਂ ਕਾਰਨ ਖੇਤਰੀ ਪਾਰਟੀਆਂ ਉਂਜ ਹੀ ਮੁਕਾਬਲੇ ਵਿਚ ਪਛੜ ਰਹੀਆਂ ਨਜ਼ਰ ਆ ਰਹੀਆਂ ਹਨ।

ਮਹਾਰਾਸ਼ਟਰ ਦੇ ਸਿਆਸੀ ਪਿੜ ਵਿਚ ਜੋ ਕੁਝ ਵੀ ਹੋਇਆ ਹੈ, ਉਸ ਦੀਆਂ ਜੜ੍ਹਾਂ ਅਸਲ ਵਿਚ ਮੋਦੀ ਦੀ ਸਿਆਸਤ ਵਿਚ ਪਈਆਂ ਹਨ। ਵਿਰੋਧੀ ਧਿਰ ਨੂੰ ਸ਼ਿਸ਼ਕੇਰਨ ਦਾ ਮਸਲਾ ਤਾਂ ਹੈ ਹੀ, ਮੋਦੀ ਨੇ ਆਪਣੇ ਸਾਥੀਆਂ ਨੂੰ ਵੀ ਸਦਾ ਠਿੱਬੀ ਲਾਈ ਹੈ। ਇਹ ਸਿਲਸਿਲਾ ਗੁਜਰਾਤ ਤੋਂ ਚਲ ਰਿਹਾ ਹੈ। ਉਸ ਨੇ ਪਾਰਟੀ ਅੰਦਰ ਆਪਣੇ ਮੁਕਾਬਲੇ ਵਿਚ ਉਠਣ ਵਾਲੀ ਹਰ ਆਵਾਜ਼ ਦੀ ਸੰਘੀ ਘੁੱਟ ਦਿੱਤੀ ਅਤੇ ਜਦੋਂ ਤੋਂ ਉਹ ਕੌਮੀ ਸਿਆਸਤ ਵਿਚ ਆਇਆ ਹੈ, ਇਹੀ ਸਿਲਸਿਲਾ ਉਥੇ ਚਲ ਰਿਹਾ ਹੈ। ਅੱਜ ਮੁਲਕ ਦੀ ਹਰ ਸੰਸਥਾ ਉਤੇ ਕੇਂਦਰ ਸਰਕਾਰ ਦਾ ਪਹਿਰਾ ਹੈ। ਅਦਾਲਤਾਂ ਤਕ ਸਰਕਾਰ ਅੱਗੇ ਝੁਕ ਗਈਆਂ ਪ੍ਰਤੀਤ ਹੁੰਦੀਆਂ ਹਨ। ਪਿਛਲੇ ਦਿਨਾਂ ਦੌਰਾਨ ਸੁਪਰੀਮ ਕੋਰਟ ਦੇ ਜਿੰਨੇ ਵੀ ਅਹਿਮ ਫੈਸਲੇ ਆਏ ਹਨ, ਉਨ੍ਹਾਂ ਬਾਰੇ ਪਹਿਲਾਂ ਹੀ ਜੋ ਭਵਿਖਵਾਣੀਆਂ ਕੀਤੀਆਂ ਜਾ ਰਹੀਆਂ ਸਨ, ਉਹ ਸੱਚ ਸਾਬਤ ਹੋਈਆਂ ਹਨ। ਇਸ ਮਾਮਲੇ ਵਿਚ ਸੁਪਰੀਮ ਕੋਰਟ ਦੀ ਮਹਾਰਸ਼ਟਰ ਬਾਰੇ ਸੁਣਵਾਈ ਵੀ ਵਿਚਾਰੀ ਜਾ ਸਕਦੀ ਹੈ। ਭਾਜਪਾ ਅਤੇ ਨਰਿੰਦਰ ਮੋਦੀ ਨੇ ਰਾਤੋ-ਰਾਤ ਜੋ ਸਿਆਸੀ ਜਾਲ ਵਿਛਾਇਆ, ਉਹ ਕਿਸੇ ਤੋਂ ਲੁਕਿਆ ਨਹੀਂ। ਆਪਣੀ ਸਰਕਾਰ ਬਣਵਾਉਣ ਖਾਤਰ ਪ੍ਰਧਾਨ ਮੰਤਰੀ ਨੇ ਸੂਬੇ ਵਿਚੋਂ ਰਾਸ਼ਟਰਪਤੀ ਰਾਜ ਖਤਮ ਕਰਨ ਲਈ ਕੈਬਨਿਟ ਮੀਟਿੰਗ ਦੀ ਵੀ ਕੋਈ ਲੋੜ ਨਹੀਂ ਸਮਝੀ ਅਤੇ ਆਪਣੀਆਂ ਐਮਰਜੈਂਸੀ ਸ਼ਕਤੀਆਂ ਤਕ ਵਰਤ ਲਈਆਂ। ਉਂਜ ਵੀ ਇਹ ਸਾਰਾ ਕੁਝ, ਕੁਝ ਹੀ ਘੰਟਿਆਂ 'ਚ ਕੀਤਾ ਗਿਆ, ਪਰ ਸਭ ਕੁਝ ਕਰਨ ਦੇ ਬਾਵਜੂਦ ਭਾਜਪਾ ਸੂਬੇ ਵਿਚ ਸਰਕਾਰ ਬਣਾਉਣ ਵਿਚ ਨਾਕਾਮ ਰਹੀ। ਚੇਤੇ ਰਹੇ, ਪਾਰਟੀ ਨੇ ਮਹਾਰਸ਼ਟਰ ਤੇ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਬਹੁਤ ਜ਼ੋਰ-ਸ਼ੋਰ ਨਾਲ ਲੜੀਆਂ ਸਨ ਅਤੇ ਪ੍ਰਧਾਨ ਮੰਤਰੀ ਨੇ ਵੀ ਖੂਬ ਪ੍ਰਚਾਰ ਕੀਤਾ ਸੀ। ਫਿਰ ਵੀ ਦੋਹੀਂ ਥਾਈਂ ਸੀਟਾਂ ਪਿਛਲੀ ਵਾਰ ਨਾਲੋਂ ਚੋਖੀਆਂ ਘਟ ਗਈਆਂ ਸਨ। ਇਸ ਪਿਛੋਂ ਪਾਰਟੀ ਨੇ ਹਰਿਆਣਾ ਵਿਚ ਤਾਂ ਦੁਸ਼ਯੰਤ ਚੌਟਾਲਾ ਨਾਲ ਆਸਾਨੀ ਨਾਲ ਹੀ ਗਠਜੋੜ ਸਰਕਾਰ ਬਣਾ ਲਈ, ਪਰ ਮਹਾਰਸ਼ਟਰ ਵਿਚ ਇਸ ਦੀ ਇਕ ਵੀ ਨਾ ਚਲੀ।

## ਠਾਹ-ਸੋਟਾ

–ਚਾਚਾ ਬੇਲਿਹਾਜ਼

### *ਰਾਤ ਭਰ ਸੁੱਤੀ ਨਾ ਸਰਕਾਰ!*

ਦੇਖ ਦੇਖ ਡਿੱਗਦਾ ਮਿਆਰ ਸਿਆਸੀ ਪਿੜਾਂ ਵਿਚ, ਚਿੰਤਾਵਾਨ ਹੋਇਆ ਸਾਰਾ ਦੇਸ਼ ਹਉਕੇ ਭਰੀ ਜਾਵੇ।
ਗੈਰ-ਇਖਲਾਕੀ ਗੱਠਜੋੜ ਕਰ ਗੱਦੀ ਬਹਿੰਦੇ, ਜਨਤਾ ਵਿਚਾਰੀ ਵੋਟਾਂ ਪਾਇਕੇ ਵੀ ਹਰੀ ਜਾਵੇ।
ਦੁੱਧ-ਧੋਤਾ ਰਿਹਾ ਨਾ ਕੋਈ ਸਾਰੇ ਦਲਾਂ ਵਿਚ, ਸੱਚ ਜਾਣੋ ਆਸ ਵੀ ਸੁਧਾਰ ਵਾਲੀ ਮਰੀ ਜਾਵੇ।
ਰਿਹਾ ਨਾ ਭਰੋਸਾ ਵਫਾਦਾਰੀਆਂ ਦਾ ਕੋਈ ਯਾਰੋ, ਠਿੱਬੀਆਂ ਭਤੀਜੇ ਤੋਂ ਵੀ 'ਚਾਚਾ ਸ੍ਰੀ' ਜਰੀ ਜਾਵੇ।
ਕਰਦੇ ਅਰਥ 'ਗੌਰਮਿੰਟ' ਦਾ ਸੀ ਲੋਕ ਪਹਿਲਾਂ, 'ਮਿੰਟ ਮਿੰਟ' ਦਾ ਜੋ ਸਰਕਾਰ 'ਗੌਰ' ਕਰੀ ਜਾਵੇ।
ਮਹਾਂਰਾਸ਼ਟਰ ਵਿਚ ਮਿੰਟਾਂ ਦਾ ਰਿਕਾਰਡ ਟੁੱਟਾ, ਸਾਰੀ ਰਾਤ ਸੁੱਤਿਆਂ ਬਿਨਾ ਹੀ ਉਹਦਾ ਸਰੀ ਜਾਵੇ!

# ਹਿੰਦੂਤਵ ਨੂੰ ਜੇ.ਐਨ.ਯੂ. ਦੀ ਵੰਗਾਰ

ਬੂਟਾ ਸਿੰਘ
ਫੋਨ: +91-94634-74342

ਮੁਲਕ ਦੀ ਸਭ ਤੋਂ ਵੱਕਾਰੀ ਅਤੇ ਆਹਲਾ ਮਿਆਰੀ ਵਿਦਿਅਕ ਸੰਸਥਾ ਜੇ.ਐਨ.ਯੂ. ਇਸ ਵਕਤ ਵਿਦਿਆਰਥੀ ਸੰਘਰਸ਼ ਕਾਰਨ ਸੁਰਖੀਆਂ ਵਿਚ ਹੈ। ਸੱਤਾ ਧਿਰ ਅਨੁਸਾਰ ਇਹ ਦੇਸ਼ਧ੍ਰੋਹੀ 'ਟੁਕੜੇ-ਟੁਕੜੇ ਗੈਂਗ' ਦਾ ਖਤਰਨਾਕ ਅੱਡਾ ਹੈ। ਪਹਿਲਾਂ ਫਰਵਰੀ 2016 'ਚ ਸੈਮੀਨਾਰ ਦੇ ਬਹਾਨੇ ਹਿੰਦੂਤਵ ਬ੍ਰਿਗੇਡ ਨੇ ਯੂਨੀਵਰਸਿਟੀ ਦੇ ਉਮਦਾ ਅਕਾਦਮਿਕ ਮਾਹੌਲ ਉਪਰ ਕੀਤੇ ਹਮਲੇ ਅਤੇ ਤਿੰਨ ਜ਼ਹੀਨ ਵਿਦਿਆਰਥੀ ਆਗੂਆਂ ਦੀ ਬਾਕਾਇਦਾ ਸਾਜ਼ਿਸ਼ ਤਹਿਤ ਗ੍ਰਿਫਤਾਰੀ ਨਾਲ ਇਹ ਸੰਸਥਾ ਚਰਚਾ ਵਿਚ ਆਈ ਸੀ। ਉਦੋਂ ਜੇ.ਐਨ.ਯੂ. ਦੇ ਰੌਸ਼ਨ-ਖਿਆਲ ਵਿਦਿਆਰਥੀਆਂ-ਅਧਿਆਪਕਾਂ ਨੇ ਬੌਧਿਕ ਸੰਵਾਦ ਦਾ ਮੋਰਚਾ ਖੋਲ੍ਹ ਕੇ ਸੱਤਾ ਨੂੰ ਲਾਜਵਾਬ ਕੀਤਾ। ਇਸ ਸ਼ਾਨਾਮੱਤੇ ਸੰਘਰਸ਼ ਅਤੇ ਸੰਘਰਸ਼ ਦੇ ਹੱਕ ਵਿਚ ਦੇਸ਼-ਵਿਦੇਸ਼ 'ਚੋਂ ਉਠੀ ਵਿਆਪਕ ਇਕਮੁੱਠਤਾ ਨੇ ਜਾਅਲੀ 'ਦੇਸ਼ਭਗਤੀ' ਦੇ ਮਨਘੜਤ ਬਿਰਤਾਂਤ ਅਤੇ ਇਸ ਬਿਰਤਾਂਤ ਉਪਰ ਆਧਾਰਤ ਹਮਲੇ ਨੂੰ ਪਛਾੜ ਦਿੱਤਾ।

ਬਹੁ-ਪਰਤੀ ਤੇ ਬਹੁ-ਮੁਹਾਜ਼ੀ ਹਮਲਾ ਵਿਆਪਕ ਭੰਨਘੜ ਤਹਿਤ ਮੁਲਕ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਲੰਮੇ-ਚੌੜੇ ਪ੍ਰਾਜੈਕਟ ਦਾ ਹਿੱਸਾ ਸੀ ਜੋ ਫਾਸ਼ੀਵਾਦੀ ਸਟੇਟ ਦਾ ਮਾਡਲ ਹੈ ਅਤੇ ਇਸ ਪਿੱਛੇ ਵਿਚਾਰਾਂ ਦੀ ਆਜ਼ਾਦੀ ਤੇ ਵੰਨ-ਸਵੰਨਤਾ ਨੂੰ ਕੁਚਲਣ ਤੇ ਅਕਾਦਮਿਕ ਸੰਸਥਾਵਾਂ ਦੇ ਰਚਨਾਤਮਕ ਤੇ ਆਲੋਚਨਾਤਮਕ ਮਾਹੌਲ ਨੂੰ ਖਤਮ ਕਰਨ ਦਾ ਖਾਸ ਮਨੋਰਥ ਕੰਮ ਕਰ ਰਿਹਾ ਸੀ।

ਇਸ ਦਾ ਪਹਿਲਾ ਸੰਕੇਤ ਨੋਬੇਲ ਜੇਤੂ ਅਮਰਿਤਆ ਸੇਨ ਦੇ ਨਾਲੰਦਾ ਯੂਨੀਵਰਸਿਟੀ ਦੇ ਚਾਂਸਲਰ ਦੇ ਅਹੁਦੇ ਤੋਂ ਅਸਤੀਫਾ ਦੇਣ ਨਾਲ ਸਾਹਮਣੇ ਆਇਆ। ਫਿਰ ਆਈ.ਆਈ.ਟੀ., ਐਫ.ਟੀ.ਆਈ.ਆਈ., ਐਚ.ਸੀ.ਯੂ., ਬੀ.ਐਚ.ਯੂ., ਭਾਵ ਇਕ ਪਿੱਛੋਂ ਇਕ ਕੇਂਦਰੀ ਯੂਨੀਵਰਸਿਟੀਆਂ ਅਤੇ ਹੋਰ ਆਹਲਾ ਮਿਆਰੀ ਸੰਸਥਾਵਾਂ ਇਸ ਹਮਲੇ ਦਾ ਨਿਸ਼ਾਨਾ ਬਣਦੀਆਂ ਗਈਆਂ। ਇਸੇ ਸਿਲਸਿਲੇ ਤਹਿਤ ਹੁਣ ਜੇ.ਐਨ.ਯੂ. ਉਪਰ ਨਵੇਂ ਹੋਸਟਲ ਮੈਨੂਅਲ ਰਾਹੀਂ ਤਰਕਹੀਣ ਬੋਝ ਥੋਪਿਆ ਗਿਆ ਹੈ ਜੋ ਆਰਥਿਕ ਤੌਰ 'ਤੇ ਨਿਤਾਣੇ ਅਤੇ ਸਾਧਨਹੀਣ ਹਿੱਸਿਆਂ ਨੂੰ ਉਚੇਰੀ ਵਿਦਿਆ ਤੋਂ ਵਾਂਝੇ ਕਰਨ ਅਤੇ ਗਿਆਨ ਉਪਰ ਵਿਸ਼ੇਸ਼-ਅਧਿਕਾਰ ਪ੍ਰਾਪਤ ਵਰਗ ਦਾ ਗਲਬਾ ਮੁੜ ਸਥਾਪਤ ਕਰਨ ਦੇ ਖਾਸ ਸਮਾਜਿਕ ਪ੍ਰਾਜੈਕਟ ਦਾ ਹਿੱਸਾ ਹੈ।

ਉਂਜ, ਹੁਣ ਅਵਾਮ ਨੂੰ ਗਿਆਨ ਤੋਂ ਵਾਂਝੇ ਕਰਨ ਲਈ ਕੰਨਾਂ ਵਿਚ ਸਿੱਕਾ ਢਾਲ ਕੇ ਪਾਉਣ ਦੇ 'ਪੁਰਾਤਨ ਸੁਨਹਿਰੀ ਯੁਗ' ਵਾਲੇ ਕੁੱਢਰ ਬ੍ਰਾਹਮਣਵਾਦੀ ਜ਼ੁਲਮ ਖੁੱਲ੍ਹੇਆਮ ਕਰਨੇ ਮੁਸ਼ਕਿਲ ਹਨ, ਇਸ ਲਈ ਅਦਿਖ ਸੂਖਮ ਤਕਨੀਕ ਈਜਾਦ ਕਰ ਲਈ ਗਈ ਹੈ। ਜੇ.ਐਨ.ਯੂ. ਦੇ ਵਿਦਿਆਰਥੀ ਹਮਲੇ ਪਿਛਲੇ ਖਤਰਨਾਕ ਮਨੋਰਥ ਨੂੰ ਬਾਖੂਬੀ ਸਮਝਦੇ ਹਨ। ਇਸੇ ਲਈ, ਉਨ੍ਹਾਂ ਨੇ ਅੰਸ਼ਕ ਰਾਹਤ ਦੀ ਪੇਸ਼ਕਸ਼ ਸਵੀਕਾਰ ਨਹੀਂ ਕੀਤੀ। ਉਹ ਵਿਦਿਆਰਥੀਆਂ ਉਪਰ ਅਸਹਿ ਆਰਥਿਕ ਬੋਝ ਪਾਉਣ ਵਾਲੇ ਨਵੇਂ ਹੋਸਟਲ ਮੈਨੂਅਲ ਨੂੰ ਪੂਰੀ ਤਰ੍ਹਾਂ ਰੱਦ ਕਰਾਉਣ ਅਤੇ ਸਾਰਿਆਂ ਦੀ ਪਹੁੰਚ ਵਿਚ ਸਸਤੀ ਵਿਦਿਆ ਮੁਹੱਈਆ ਕਰਵਾਏ ਜਾਣ ਦੀ ਮੰਗ ਉਪਰ ਦ੍ਰਿੜ ਹਨ।

ਇਹ ਸੰਘਰਸ਼ ਵਰਤਮਾਨ ਲਈ ਨਹੀਂ, ਮੁਲਕ ਦੇ ਭਵਿਖ ਲਈ ਲੜਿਆ ਰਿਹਾ ਹੈ। ਇਸੇ ਕਾਰਨ, ਪਾਰਲੀਮੈਂਟ ਵੱਲ 'ਮਹਾਂ ਮਾਰਚਾਂ' ਵਿਚ ਹੋਰ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ-ਅਧਿਆਪਕਾਂ ਦੇ ਨਾਲ-ਨਾਲ ਸਮਾਜ ਦੇ ਹੋਰ ਜਾਗਰੂਕ ਲੋਕ ਵੀ ਸ਼ਾਮਲ ਹੋ ਰਹੇ ਹਨ। ਨਵੀਂ 'ਕੌਮੀ ਵਿਦਿਆ ਨੀਤੀ' ਤਹਿਤ ਵਿਦੇਸ਼ੀ ਯੂਨੀਵਰਸਿਟੀਆਂ ਖੋਲ੍ਹਣ ਦੀ ਸਿਫਾਰਸ਼ ਅਤੇ ਕਾਰਪੋਰੇਟ ਯੂਨੀਵਰਸਿਟੀਆਂ ਦੇ ਕਾਰੋਬਾਰੀ ਹਿਤ ਲਈ ਸਰਕਾਰੀ ਸਰਪ੍ਰਸਤੀ ਵਾਲੇ ਉਚ-ਵਿਦਿਅਕ ਢਾਂਚੇ ਨੂੰ ਖਤਮ ਕਰਨ ਦੀ ਤਿਆਰੀ ਆਦਿ ਵੱਡੇ ਮੁੱਦਿਆਂ ਦੀ ਚਰਚਾ ਜੇ.ਐਨ.ਯੂ. ਦੇ ਮੁੱਦਿਆਂ ਦੇ ਜ਼ਰੀਏ ਬਾਖੂਬੀ ਹੋ ਰਹੀ ਹੈ।

ਦਰਅਸਲ, ਇਹ ਸੰਘਰਸ਼ ਇਸ ਲਈ ਹੈ ਤਾਂ ਕਿ ਵਿਦਿਅਕ ਸੰਸਥਾਵਾਂ ਦੇ ਨਾਂ ਹੇਠ ਕਾਰਪੋਰੇਟ ਹੱਟੀਆਂ ਖੋਲ੍ਹਣ ਅਤੇ ਵਾਂਝੇ ਹਿੱਸਿਆਂ ਨੂੰ ਐਜੂਕੇਸ਼ਨ ਲੋਨ ਦੀ 'ਸਹੂਲਤ' ਨਾਲ ਦਬਾਉਣ ਵਾਲੇ ਸਿੱਖਿਆ ਮਾਡਲ ਦੀਆਂ ਪੈਰੋਕਾਰ ਤਾਕਤਾਂ ਜੇ.ਐਨ.ਯੂ. ਦੇ ਸਸਤੀ ਵਿਦਿਆ ਦੇ ਮਾਡਲ ਨੂੰ ਤਬਾਹ ਕਰਨ ਦੀ ਆਪਣੀ ਖਤਰਨਾਕ ਸੋਚ ਨੂੰ ਅੰਜਾਮ ਦੇਣ ਵਿਚ ਕਾਮਯਾਬ ਨਾ ਹੋ ਜਾਣ। ਇਨ੍ਹਾਂ ਦੀ ਸਥਾਨਕ ਜਾਪਦੀ ਮੰਗ ਦਾ ਘੇਰਾ ਸਿੱਖਿਆ ਦੇ ਹੱਕ ਦੀ ਅਮਲਦਾਰੀ ਯਕੀਨੀ ਬਣਾਉਣ ਅਤੇ ਸਦੀਵੀ ਵਾਂਝੇਪਣ ਤੋਂ ਪੀੜਤ ਹਿੱਸਿਆਂ ਨੂੰ ਸਮਾਜੀ ਨਿਆਂ ਦੇਣ ਲਈ ਹਰ ਸੂਬੇ ਵਿਚ ਜੇ.ਐਨ.ਯੂ. ਤਰਜ਼ 'ਤੇ ਸਸਤੀ ਵਿਦਿਆ ਦੇਣ ਦੀ ਮੰਗ ਤਕ ਵਿਸ਼ਾਲ ਹੈ। ਇਸ ਸੰਘਰਸ਼ ਦੇ ਕੇਂਦਰ ਵਿਚ ਵਿਦਿਆ ਨੂੰ ਪੈਸੇ ਦੇ ਜ਼ੋਰ ਖਰੀਦੀ ਜਾਣ ਵਾਲੀ ਮੰਡੀ ਦੀ ਵਸਤੂ ਬਣਾਏ ਜਾਣ ਦੀ ਸੱਤਾ ਦੀ ਧੁੱਸ ਅਤੇ ਧੌਂਸ ਨੂੰ ਰੋਕ ਕੇ ਬੁਨਿਆਦੀ ਮਨੁੱਖੀ ਹੱਕ ਨੂੰ ਮਹਿਫੂਜ਼ ਕਰਨ ਅਤੇ ਇਸ ਤੋਂ ਵੀ ਅੱਗੇ ਸਮਾਜੀ ਨਿਆਂ ਲੈਣ ਦਾ ਸਵਾਲ ਹੈ।

ਸੰਘਰਸ਼ ਦਾ ਇਕ ਹੋਰ ਮੁੱਖ ਸਰੋਕਾਰ ਮਨੁੱਖੀ ਸ਼ਖਸੀਅਤ ਦੇ ਨਿਖਾਰ ਅਤੇ ਬੌਧਿਕ ਵਿਕਾਸ ਲਈ ਲਾਜ਼ਮੀ ਜਮਹੂਰੀ ਸਪੇਸ ਦੀ ਰਾਖੀ ਦਾ ਸਵਾਲ ਹੈ। ਪੰਜ ਸਾਲਾਂ ਵਿਚ ਪ੍ਰਧਾਨ ਮੰਤਰੀ ਦੇ ਵਿਦੇਸ਼ ਦੌਰਿਆਂ ਉਪਰ 66 ਅਰਬ ਰੁਪਏ ਖਰਚਣ ਵਾਲੀ ਸੱਤਾਧਾਰੀ ਧਿਰ ਅਗਰ ਜੇ.ਐਨ.ਯੂ. ਦੀ ਸਸਤੀ ਪੜ੍ਹਾਈ ਨੂੰ ਸਰਕਾਰੀ ਫੰਡਾਂ ਦੀ ਬਰਬਾਦੀ ਦੱਸ ਰਹੀ ਹੈ ਤਾਂ ਉਨ੍ਹਾਂ ਦੇ ਵਿਰੋਧ ਦੇ ਕਾਰਨਾਂ ਨੂੰ ਸਮਝਣਾ ਮੁਸ਼ਕਿਲ ਨਹੀਂ। ਇਸ ਧਿਰ ਨੂੰ ਅਸਲ ਔਖ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਦੀ ਵਰਤੋਂ ਨੂੰ ਲੈ ਕੇ ਨਹੀਂ ਸਗੋਂ ਸਥਾਪਤੀ ਦੀ ਫਿਰਕੂ ਵਿਚਾਰਧਾਰਾ ਨੂੰ ਬੌਧਿਕ ਚੁਣੌਤੀ ਦੇਣ ਅਤੇ ਸਵਾਲ ਕਰਨ ਦੀ ਜਾਚ ਤੇ ਜਿਊਣ ਦਾ ਸਲੀਕਾ ਸਿਖਾਉਣ ਵਾਲੇ ਅਕਾਦਮਿਕ ਮਾਹੌਲ ਤੋਂ ਹੈ।

ਇਸ ਧਿਰ ਦਾ ਘੱਟੋ-ਘੱਟ ਜਮਹੂਰੀ ਮੁੱਲਾਂ ਅਤੇ ਮੁਲਕ ਦੀ ਸੱਭਿਆਚਾਰਕ ਵੰਨ-ਸਵੰਨਤਾ ਵਿਚ ਵੀ ਕੋਈ ਵਿਸ਼ਵਾਸ ਨਹੀਂ ਹੈ। ਉਨ੍ਹਾਂ ਦੀ ਸੋਚ ਆਜ਼ਾਦ, ਰਚਨਾਤਮਕ ਫਿਜ਼ਾ ਵਾਲੀਆਂ ਮਿਆਰੀ ਵਿਦਿਅਕ ਅਤੇ ਖੋਜ ਸੰਸਥਾਵਾਂ ਨੂੰ ਤਬਾਹ ਕਰਕੇ ਕੁੰਭ ਮੇਲਿਆਂ, ਅਯੁੱਧਿਆ ਵਿਚ ਦੀਪਮਾਲਾ ਅਤੇ ਭਗਵਾਨ ਰਾਮ ਦੀਆਂ ਮੂਰਤੀਆਂ ਉਪਰ ਦਹਿ-ਹਜ਼ਾਰਾਂ ਕਰੋੜ ਰੁਪਏ ਖਰਚ ਕੇ ਹਨੇਰਗਰਦੀ ਫੈਲਾਉਣ ਦੀ ਹੈ। ਜਿਸ ਵਿਚ ਪ੍ਰੋਫੈਸਰਾਂ ਦੀ ਕਾਬਲੀਅਤ ਦਾ ਪੈਮਾਨਾ ਵਿਸ਼ੇ ਉਪਰ ਪਕੜ ਅਤੇ ਮੁਹਾਰਤ ਨਹੀਂ ਸਗੋਂ ਉਨ੍ਹਾਂ ਦਾ ਧਾਰਮਿਕ ਪਿਛੋਕੜ ਹੈ। ਆਪਣੇ ਧਰਮਤੰਤਰੀ ਰਾਜ ਦੇ ਸੁਪਨੇ ਨੂੰ ਅੰਜਾਮ ਦੇਣ ਲਈ ਨਾਗਰਿਕਾਂ ਦੇ ਟੈਕਸਾਂ ਦਾ ਪੈਸਾ ਪਾਣੀ ਵਾਂਗ ਰੋੜਣ ਅਤੇ ਆਪਣੇ ਹਿੰਦੂਤਵ-ਕਾਰਪੋਰੇਟ ਪ੍ਰਾਜੈਕਟ ਲਈ ਕਾਰਪੋਰੇਟਾਂ ਤੋਂ ਬੇਮਿਸਾਲ 'ਦਾਨ' ਹਾਸਲ ਕਰਨ ਵਾਲੀ ਅਤਿਅੰਤ ਪਿਛਾਂਹਖਿੱਚੂ ਧਿਰ ਇਹ ਇਜਾਜ਼ਤ ਕਿਉਂ ਦੇਵੇਗੀ ਕਿ ਵਿਗਿਆਨਕ ਸੋਚ ਅਤੇ ਜਮਹੂਰੀ ਸੰਵਾਦ ਨੂੰ ਪ੍ਰਫੁੱਲਤ ਕਰਨ ਵਾਲੀਆਂ ਸੰਸਥਾਵਾਂ ਸੱਤਾ ਲਈ ਵੰਗਾਰ ਬਣੀਆਂ ਰਹਿਣ। ਉਹ ਕਿਉਂ ਚਾਹੁਣਗੇ ਕਿ ਵਾਂਝੇ ਹਿੱਸਿਆਂ ਲਈ ਸਸਤੀ ਸਿੱਖਿਆ ਅਤੇ ਨਿਤਾਣੇ ਹਿੱਸਿਆਂ ਦੀ ਕੁਦਰਤੀ ਕਾਬਲੀਅਤ ਨੂੰ ਖੰਭ ਲਾਉਣ ਵਾਲਾ ਰਚਨਾਤਮਕ ਮਾਹੌਲ ਸਲਾਮਤ ਰਹੇ।

ਲਿਹਾਜ਼ਾ ਜੇ.ਐਨ.ਯੂ. ਤਰੱਕੀਪਸੰਦ ਜਮਹੂਰੀ ਨਜ਼ਰੀਏ ਅਤੇ ਸਮਾਜ ਦੇ ਵਿਕਾਸ ਨੂੰ ਪੁੱਠਾ ਗੇੜਾ ਦੇਣ ਵਾਲੀਆਂ ਤਾਕਤਾਂ ਦਰਮਿਆਨ ਗਹਿਗੱਚ ਸੰਘਰਸ਼ ਦਾ ਮੋਹਰੀ ਮੁਹਾਜ਼ ਹੈ। ਜੇ.ਐਨ.ਯੂ. ਸੱਤਾਧਾਰੀ ਧਿਰ ਨੂੰ ਇਸ ਕਰਕੇ ਵੀ ਜ਼ਿਆਦਾ ਚੁਭਦੀ ਹੈ, ਕਿਉਂਕਿ ਇਥੇ ਦੇ ਨਿਆਰੇ ਬੌਧਿਕ ਅਤੇ ਖਰੇ ਜਮਹੂਰੀ ਮਾਹੌਲ ਅੰਦਰ ਪੈਸੇ ਅਤੇ ਸੱਤਾ ਦੇ ਜ਼ੋਰ ਵਿਦਿਆਰਥੀ ਚੋਣਾਂ ਨੂੰ ਅਗਵਾ ਕਰ ਲੈਣ ਦੀ ਇਜਾਜ਼ਤ ਨਹੀਂ ਹੈ ਜਿਸ ਦੇ ਕਾਰਨ ਉਨ੍ਹਾਂ ਦੇ ਕਥਿਤ ਵਿਦਿਆਰਥੀ ਵਿੰਗ ਨੂੰ ਚੋਣਾਂ ਵਿਚ ਵਾਰ-ਵਾਰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸੰਸਥਾ ਦੀ ਦਾਖਲਾ ਨੀਤੀ ਧਰਮਤੰਤਰੀ ਰਾਜ ਦੇ ਪ੍ਰਾਜੈਕਟ ਨਾਲ ਟਕਰਾਉਂਦੀ ਹੈ। ਰਚਨਾਤਮਕ ਮਨੁੱਖੀ ਦਿਮਾਗਾਂ ਨੂੰ ਸਮਾਜੀ ਸੂਝ, ਰਾਜਨੀਤਕ ਚੇਤਨਾ ਅਤੇ ਮਨੁੱਖੀ ਸਰੋਕਾਰਾਂ ਤੋਂ ਕੋਰਾ ਹਜੂਮ ਬਣਾਉਣ ਦੇ ਸਿਆਸੀ ਏਜੰਡੇ ਵਾਲਿਆਂ ਅਤੇ ਮਿਆਰੀ ਖੋਜ ਨੂੰ ਰਾਸ਼ਟਰ ਵਿਰੋਧੀ ਮੰਨਣ ਵਾਲਿਆਂ ਨੂੰ ਇਹ ਗਵਾਰਾ ਨਹੀਂ ਕਿ ਇਕ ਯੂਨੀਵਰਸਿਟੀ ਸੱਤਾ ਦੇ ਐਨ ਨੱਕ ਹੇਠ ਬੇਹੱਦ ਜ਼ਹੀਨ ਤੇ ਕਾਬਿਲ ਅਕਾਦਮਿਕ, ਅਫਸਰ, ਸਿਆਸਤਦਾਨ ਪੈਦਾ ਕਰੇ। ਇਕ ਉਚ ਵਿਦਿਅਕ ਸੰਸਥਾ ਵਿਦਿਆਰਥੀਆਂ ਦੇ ਪੜ੍ਹ-ਲਿਖ ਕੇ ਕੁਛ ਬਣਨ ਦੇ ਸੁਪਨਿਆਂ ਨੂੰ ਸਾਕਾਰ ਕਰਨ ਦਾ ਜ਼ਰੀਆ ਕਿਉਂ ਬਣੇ ਜਿਸ ਦੀ ਦਾਖਲਾ ਨੀਤੀ ਸਾਡੇ ਸਮਾਜ ਦੇ ਵਜੂਦ-ਸਮੋਈਆਂ ਬਹੁਪੱਖੀ ਨਾਬਰਾਬਰੀਆਂ ਦੇ ਮੱਦੇਨਜ਼ਰ ਪਛੜੇ ਅਤੇ ਵਾਂਝੇ ਹਿੱਸਿਆਂ ਦੇ ਵਿਦਿਆਰਥੀਆਂ ਨੂੰ ਤਰਜੀਹੀ ਅਧਾਰ 'ਤੇ ਪੜ੍ਹਾਈ ਕਰਾਉਣ ਦੀ ਹੈ ਜਿਸ ਦੀ ਬੌਧਿਕ ਸੰਵਾਦ ਅਤੇ ਵੰਨ-ਸਵੰਨੀ ਖੋਜ ਦੀ ਜਮਹੂਰੀ ਫਿਜ਼ਾ ਵਿਦਿਆਰਥੀਆਂ ਨੂੰ ਦੁਨੀਆ ਅਤੇ ਸਮਾਜ ਨੂੰ ਸਮਝਣ ਦੀ ਜਾਚ ਸਿਖਾਉਂਦੀ ਹੈ।

ਖੁੱਲ੍ਹੇ ਬਹਿਸ-ਮੁਬਾਹਿਸੇ ਦੇ ਮਾਹੌਲ ਵਿਚ ਵਿਦਿਆਰਥੀਆਂ ਦੇ ਆਜ਼ਾਦ ਖਿਆਲ ਮੌਲਦੇ ਅਤੇ ਵਿਗਸਦੇ ਹਨ ਜਿਨ੍ਹਾਂ ਨੂੰ ਸੱਤਾਧਾਰੀ ਧਿਰ ਦਾ ਵਿਦਿਅਕ ਸੰਸਥਾਵਾਂ ਨੂੰ ਅੰਨ੍ਹੇ ਭਗਤ ਪੈਦਾ ਕਰਨ ਵਾਲੀਆਂ ਫੈਕਟਰੀਆਂ ਵਿਚ ਬਦਲਣ ਦਾ ਹਿੰਦੂ ਰਾਸ਼ਟਰਵਾਦੀ ਪ੍ਰਾਜੈਕਟ ਮਨਜ਼ੂਰ ਨਹੀਂ ਹੈ। ਯੂਨੀਵਰਸਿਟੀ ਕੈਂਪਸਾਂ ਦਾ ਐਸਾ ਰਚਨਾਤਮਕ ਮਾਹੌਲ ਕੁਲ ਆਲਮ ਵਿਚ ਫਾਸ਼ੀਵਾਦੀ ਤਾਕਤਾਂ ਦੇ ਹਮੇਸ਼ਾ ਨਿਸ਼ਾਨੇ 'ਤੇ ਰਿਹਾ ਹੈ। ਸਾਡੇ ਇਥੇ ਭਗਵੇਂ ਫਾਸ਼ੀਵਾਦ ਦੀ ਪੈੜਚਾਲ ਵੀ.ਸੀ. ਵਲੋਂ ਵਿਦਿਆਰਥੀਆਂ ਨੂੰ ਰਾਸ਼ਟਰਵਾਦ ਦਾ ਪਾਠ ਪੜ੍ਹਾਉਣ ਲਈ ਕੈਂਪਸ ਅੰਦਰ ਫੌਜੀ ਟੈਂਕ ਲਗਾਉਣ ਦੀਆਂ ਸਲਾਹਾਂ ਦੇਣ ਅਤੇ ਮਨੁੱਖੀ ਵਸੀਲਿਆਂ ਦੀ ਸਾਬਕਾ ਮੰਤਰੀ ਵੱਲੋਂ 40 ਕੇਂਦਰੀ ਯੂਨੀਵਰਸਿਟੀਆਂ ਉਪਰ ਵੱਡੇ-ਵੱਡੇ ਰਾਸ਼ਟਰੀ ਝੰਡੇ ਲਹਿਰਾਉਣ ਦੇ ਆਦੇਸ਼ ਦੇਣ ਵਰਗੇ ਕਦਮਾਂ ਵਿਚ ਸਾਫ ਸੁਣੀ ਜਾ ਸਕਦੀ ਹੈ।

ਹਿੰਦੂਤਵੀ ਧਿਰ ਜਿਸ ਦੇ ਆਪਣੇ ਪੁਰਖਿਆਂ ਦੀ ਭੂਮਿਕਾ ਕਦੇ ਵੀ ਦੇਸ਼ਭਗਤ ਨਹੀਂ ਰਹੀ, ਸੱਤਾ ਦੀ ਧੌਂਸ ਨਾਲ ਇਹ ਤੈਅ ਕਰ ਰਹੀ ਹੈ ਕਿ ਕੌਣ ਰਾਸ਼ਟਰਵਾਦੀ ਹੈ ਅਤੇ ਕੌਣ ਦੇਸ਼ਧ੍ਰੋਹੀ। ਇਕ ਪ੍ਰਮੁੱਖ ਯੂਨੀਵਰਸਿਟੀ ਜੋ ਜਮਹੂਰੀ ਮੁੱਲਾਂ ਅਤੇ ਅਕਾਦਮਿਕ ਮਿਆਰਾਂ ਦਾ ਮੁਜੱਸਮਾ ਹੈ ਅਤੇ ਜਿਸ ਦੇ ਸ਼ਾਨਦਾਰ ਖੁੱਲ੍ਹੇ ਅਕਾਦਮਿਕ ਮਾਹੌਲ ਨੇ ਦੇਸ਼ ਤੇ ਦੁਨੀਆ ਨੂੰ ਉਚਕੋਟੀ ਦੇ ਬੁੱਧੀਜੀਵੀ, ਚਿੰਤਕ, ਪੱਤਰਕਾਰ ਅਤੇ ਸਿਆਸੀ ਕਾਰਕੁਨ ਦਿੱਤੇ, ਉਸ ਨੂੰ ਸੱਤਾਧਾਰੀ ਪਾਰਟੀ ਦੇ ਆਗੂ 'ਦਹਿਸ਼ਤਗਰਦਾਂ, ਮਾਓਵਾਦੀਆਂ ਦਾ ਅੱਡਾ' ਅਤੇ ਕੈਂਪਸ ਦੀਆਂ ਸੰਘਰਸ਼ਸ਼ੀਲ ਔਰਤਾਂ ਨੂੰ 'ਵੇਸਵਾਵਾਂ ਤੋਂ ਵੀ ਭੈੜੀਆਂ' ਕਹਿ ਕੇ ਉਸ ਪ੍ਰਤੀ ਘਿਰਣਾ ਹੀ ਨਹੀ ਫੈਲਾ ਰਹੇ ਸਗੋਂ ਮੁਲਕ ਦੀ ਸੂਝ ਦਾ ਅਪਮਾਨ ਵੀ ਕਰ ਰਹੇ ਹਨ। ਸ੍ਰੀ ਸ੍ਰੀ ਰਵੀਸ਼ੰਕਰ ਅਤੇ ਰਾਮਦੇਵ ਵਰਗੇ ਹਿੰਦੂਤਵੀ ਕਾਰੋਬਾਰੀ ਸਾਧ ਸਰਕਾਰੀ ਵਿਦਿਅਕ ਸੰਸਥਾਵਾਂ ਨੂੰ ਨਕਸਲਵਾਦ ਦੀ ਜੰਮਣ-ਭੋਇੰ ਕਰਾਰ ਦੇ ਕੇ ਆਪਣੀ ਨਫਰਤ ਦੀ ਖੁੱਲ੍ਹੀ ਨੁਮਾਇਸ਼ ਲਗਾਉਂਦੇ ਦੇਖੇ ਜਾ ਸਕਦੇ ਹਨ।

ਨੌਜਵਾਨਾਂ ਲਈ ਸਮਾਜਿਕ ਵਿਕਾਸ ਵਿਚ ਆਪਣੀ ਭੂਮਿਕਾ ਨਿਭਾਉਣਾ ਤਦ ਹੀ ਸੰਭਵ ਹੈ ਜੇ ਉਹ ਸਮਾਜੀ ਸਰੋਕਾਰਾਂ ਨਾਲ ਬਾਵਸਤਾ ਹਨ ਅਤੇ ਰਾਜਨੀਤਕ ਤੌਰ 'ਤੇ ਸੁਚੇਤ ਹਨ। ਜੇ.ਐਨ.ਯੂ. ਦੇ ਵਿਦਿਆਰਥੀ ਅਕਸਰ ਹੀ ਸਥਾਨਕ ਮੁੱਦਿਆਂ ਤੋਂ ਲੈ ਕੇ ਆਲਮੀ ਸਿਆਸਤ ਤਕ ਸੰਵਾਦ ਰਚਾਉਂਦੇ ਤੇ ਸੰਘਰਸ਼ ਵਿਚ ਜੁਟੇ ਦੇਖਦੇ ਜਾ ਸਕਦੇ ਹਨ। ਹਿੰਦੂਤਵੀ ਤਾਕਤਾਂ ਪੜ੍ਹਾਈ ਅਤੇ ਖੋਜ ਦੇ ਆਜ਼ਾਦ ਸਭਿਆਚਾਰ ਨੂੰ ਖਤਮ ਕਰਕੇ 'ਗੁਰੂ-ਚੇਲਾ ਮਾਡਲ' ਥੋਪਣਾ ਚਾਹੁੰਦੀਆਂ ਹਨ। ਇਸੇ ਲਈ, ਜੇ.ਐਨ.ਯੂ. ਘਿਨਾਉਣੇ ਲੱਚਰ ਬਿਰਤਾਂਤ ਦੇ ਮੁੱਖ ਨਿਸ਼ਾਨੇ 'ਤੇ ਹੈ ਕਿਉਂਕਿ ਇਸ ਸੰਸਥਾ ਦੀਆਂ ਕੰਧਾਂ ਉਪਰ ਉਕਰੇ ਬੋਲ ਅਤੇ ਚਿੱਤਰ ਵੀ ਸੱਤਾ ਨੂੰ ਸਵਾਲ ਖੜ੍ਹੇ ਕਰਦੇ ਹਨ। ਕੈਂਪਸ ਦੇ ਵਿਦਿਆਰਥੀਆਂ ਦਾ 'ਪੁਲੀਟੀਕਲ' ਹੋਣਾ ਸਾਵਰਕਰ-ਗੌਡਸੇ ਦੇ ਭਗਤਾਂ ਲਈ ਵੱਡੀ ਪ੍ਰੇਸ਼ਾਨੀ ਹੈ। ਇਕ ਭਾਜਪਾ ਆਗੂ ਨੇ ਤਾਂ ਇਥੋਂ ਤਕ ਕਹਿ ਦਿੱਤਾ ਕਿ ਜਦ ਤਕ ਜੇ.ਐਨ.ਯੂ. ਵਰਗੀ ਸੰਸਥਾ ਰਹੇਗੀ, ਹਿੰਦੂ ਰਾਸ਼ਟਰ ਦਾ ਬਣਨਾ ਮੁਸ਼ਕਿਲ ਹੈ।

ਇਤਿਹਾਸ ਗਵਾਹ ਹੈ ਕਿ ਫਾਸ਼ੀਵਾਦੀ ਤਾਕਤਾਂ ਹਮੇਸ਼ਾ ਦੇਸ਼ਭਗਤੀ ਦਾ ਮਖੌਟਾ ਪਾ ਕੇ ਜਮਹੂਰੀ ਸਪੇਸ ਅਤੇ ਬੌਧਿਕ ਸੰਵਾਦ ਨੂੰ ਕੁਚਲਦੀਆਂ ਹਨ ਅਤੇ ਆਪਣੀ ਤਰਕਹੀਣ ਵਿਚਾਰਧਾਰਾ ਨੂੰ ਸਮਾਜ ਉਪਰ ਥੋਪਦੀਆਂ ਹਨ। ਜੇ.ਐਨ.ਯੂ. ਅਤੇ ਹੋਰ ਉਚ-ਵਿਦਿਅਕ ਸੰਸਥਾਵਾਂ ਦੀ ਸੰਵਾਦ ਦੀ ਜਮਹੂਰੀ ਸਪੇਸ ਫਾਸ਼ੀਵਾਦੀਆਂ ਨੂੰ ਬਹੁਤ ਚੁਭਦੀ ਹੈ ਅਤੇ ਉਹ ਲੰਮੇ ਸਮੇਂ ਤੋਂ ਇਸ ਨੂੰ ਖਤਮ ਕਰਨ ਲਈ ਜ਼ਮੀਨ ਤਿਆਰ ਕਰਦੇ ਆ ਰਹੇ ਹਨ। ਜਿਵੇਂ ਉਲੂ ਚਾਨਣ ਤੋਂ ਤ੍ਰਭਕਦਾ ਹੈ, ਇਵੇਂ ਤਰਕਹੀਣ ਦਿਮਾਗ ਹਮੇਸ਼ਾਂ ਤਰਕ ਤੋਂ ਭੈਅਭੀਤ ਰਹਿੰਦਾ ਹੈ। ਜੇ.ਐਨ.ਯੂ. ਸੰਘਰਸ਼ ਦੇ ਇਸ ਮਹੱਤਵ ਦੇ ਮੱਦੇਨਜ਼ਰ ਬੇਬੁਨਿਆਦ ਇਲਜ਼ਾਮਤਰਾਸ਼ੀ, ਕੂੜ, ਧੌਂਸ ਤੇ ਧੱਕੇਸ਼ਾਹੀ ਦਾ ਵਿਰੋਧ ਕਰਨਾ ਅਤੇ ਜਮਹੂਰੀ ਮੁੱਲਾਂ ਦੀ ਰਾਖੀ ਲਈ ਜੇ.ਐਨ.ਯੂ. ਦੇ ਹੱਕ ਵਿਚ ਡੱਟਣਾ ਅੱਜ ਵਕਤ ਦਾ ਤਕਾਜ਼ਾ ਵੀ ਹੈ ਅਤੇ ਹਰ ਇਨਸਾਫਪਸੰਦ ਦਾ ਫਰਜ਼ ਵੀ।

# ਕਰਤਾਰਪੁਰ ਲਾਂਘਾ: ਭਾਰਤ ਹੁਣ ਰਤਾ ਵਡੱਪਣ ਦਿਖਾਵੇ

ਕਰਤਾਰਪੁਰ ਲਾਂਘੇ ਦੇ ਉਦਘਾਟਨੀ ਸਮਾਗਮ ਸਮੇਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਤਿਕਾਰ ਵਿਚ ਜੋ ਕੁਝ ਕਿਹਾ, ਉਸ ਨੂੰ ਸੁਣ ਕੇ ਲੋਕ ਹੈਰਾਨ ਸਨ। ਇਮਰਾਨ ਨੇ ਭਾਰਤੀ ਵਫਦ ਦਾ ਖੁਦ ਸਵਾਗਤ ਕੀਤਾ ਜੋ ਵੱਡੀ ਗੱਲ ਹੈ, ਕਿਉਂਕਿ ਪਿਛਲੇ ਕੁਝ ਮਹੀਨਿਆਂ ਤੋਂ ਦੋਵਾਂ ਮੁਲਕਾਂ ਦੇ ਰਿਸ਼ਤੇ ਕਸ਼ਮੀਰ ਮੁੱਦੇ ਕਾਰਨ ਬਹੁਤ ਖਰਾਬ ਹਨ। ਇਸ ਦੇ ਬਾਵਜੂਦ ਦੋਵੇਂ ਮੁਲਕ ਅੱਗੇ ਆਏ, ਲਾਂਘੇ ਸਬੰਧੀ ਇਕਰਾਰਨਾਮਾ ਕੀਤਾ ਅਤੇ ਲਾਂਘਾ ਚਾਲੂ ਵੀ ਹੋ ਗਿਆ।

ਲਾਂਘੇ ਦਾ ਵਿਰੋਧ ਕਰਨ ਵਾਲੇ ਵੀ ਦੋਵਾਂ ਮੁਲਕਾਂ ਵਿਚ ਹਨ। ਪਾਕਿਸਤਾਨ ਦੇ ਕੱਟੜਪੰਥੀ, ਖਾਸਕਰ ਮੌਲਾਨਾ ਫਜ਼ਲੁਰ ਰਹਿਮਾਨ ਵਰਗੇ

**ਸੰਜੀਵ ਪਾਂਡੇ**
ਫੋਨ: +91-94170-05113

ਇਮਰਾਨ ਖਾਨ ਉਤੇ ਨਿਸ਼ਾਨੇ ਸੇਧ ਰਹੇ ਸਨ। ਭਾਰਤ ਵਿਚ ਵੀ ਇਕ ਵਰਗ ਕਰਤਾਰਪੁਰ ਲਾਂਘੇ ਨੂੰ ਪਾਕਿਸਤਾਨੀ ਨਿਜ਼ਾਮ ਦਾ ਖਤਰਨਾਕ ਮਨਸੂਬਾ ਦੱਸ ਰਿਹਾ ਸੀ। ਇਨ੍ਹਾਂ ਵਿਚ ਕੁਝ ਸਿਆਸਤਦਾਨ ਵੀ ਸ਼ਾਮਲ ਸਨ। ਅਜਿਹੇ ਇਕ ਵਰਗ ਦੀ ਰਾਇ ਹੈ ਕਿ ਪਾਕਿਸਤਾਨ ਵਲੋਂ ਲਾਂਘੇ ਦਾ ਇਸਤੇਮਾਲ ਭਾਰਤ ਖਿਲਾਫ ਸਰਗਰਮੀਆਂ ਲਈ ਕੀਤਾ ਜਾਵੇਗਾ। ਉਨ੍ਹਾਂ ਮੁਤਾਬਕ ਲਾਂਘੇ ਪਿੱਛੇ ਪਾਕਿਸਤਾਨੀ ਫੌਜ ਦਾ ਦਿਮਾਗ ਹੈ ਅਤੇ ਇਸ ਰਾਹੀਂ ਪਾਕਿਸਤਾਨ ਦੁਨੀਆਂ ਭਰ ਦੇ ਸਿੱਖਾਂ ਵਿਚ ਭਾਰਤ ਵਿਰੋਧੀ ਪ੍ਰਚਾਰ ਕਰੇਗਾ।

ਸਵਾਲ ਹੈ: ਕੀ ਮਹਿਜ਼ ਇਸ ਸ਼ੱਕ ਦੇ ਆਧਾਰ 'ਤੇ ਤੁਸੀਂ ਅਮਨ ਅਮਲ ਨੂੰ ਹੀ ਰੋਕ ਦੇਵੋਗੇ? ਕੀ ਆਈ.ਐਸ.ਆਈ. ਕੋਲ ਭਾਰਤ ਵਿਚ ਘੁਸਪੈਠ ਲਈ ਪੰਜਾਬ ਹੀ ਜ਼ਰੀਆ ਹੈ? ਜਵਾਬ ਵਿਚ ਤੁਸੀਂ ਆਖ ਸਕਦੇ ਹੋ ਕਿ ਅਜਿਹੇ ਸਵਾਲ ਉਠਾਉਣ ਵਾਲੇ ਉਹ ਲੋਕ ਹਨ ਜਿਹੜੇ ਅਮਨ ਪ੍ਰਕਿਰਿਆ ਵਿਚ ਅੜਿੱਕਾ ਪਾਉਣ ਵਾਲੇ ਹਨ। ਜੋ ਸਰਹੱਦ 'ਤੇ ਅਮਨ ਨਹੀਂ, ਤਣਾਅ ਚਾਹੁੰਦੇ ਹਨ ਜਿਸ ਵਿਚ ਉਨ੍ਹਾਂ ਦੇ ਆਪਣੇ ਹਿੱਤ ਹਨ ਕਿਉਂਕਿ ਸਰਹੱਦ ਤੇ ਤਣਾਅ ਰਹੇਗਾ ਤਾਂ ਹਥਿਆਰਾਂ ਦਾ ਕਾਰੋਬਾਰ ਚੱਲੇਗਾ।

ਇਸ ਸੱਚਾਈ ਨੂੰ ਨਕਾਰਿਆ ਨਹੀਂ ਜਾ ਸਕਦਾ ਕਿ ਪਾਕਿਸਤਾਨੀ ਨਿਜ਼ਾਮ ਵਿਚ ਇਸ ਵੇਲੇ ਦੋ ਤਰ੍ਹਾਂ ਦੀ ਸੋਚ ਵਾਲੇ ਲੋਕ ਹਨ। ਇਕ ਜੋ ਲੰਮੇ ਸਮੇਂ ਤੋਂ ਜਾਰੀ ਤਣਾਅ ਤੋਂ ਤੰਗ ਹਨ ਅਤੇ ਅਮਨ ਚਾਹੁੰਦੇ ਹਨ ਤਾਂ ਕਿ ਮੁਲਕ ਦੀ ਮਾਲੀ ਹਾਲਤ ਸੁਧਰੇ। ਪਾਕਿਸਤਾਨ ਦਾ ਇਕ ਵਰਗ ਲਗਾਤਾਰ ਬਦਅਮਨੀ ਚਾਹੁੰਦਾ ਹੈ। ਪਾਕਿਸਤਾਨੀ ਫੌਜ ਦੇ ਅੰਦਰ ਵੀ ਹਥਿਆਰ ਲਾਬੀ ਦੀ ਜ਼ੋਰਦਾਰ ਘੁਸਪੈਠ ਹੈ ਜੋ ਸ਼ਾਂਤੀ ਨਹੀਂ ਚਾਹੁੰਦੀ ਤੇ ਲਾਂਘੇ ਦੇ ਪ੍ਰਾਜੈਕਟ ਨੂੰ ਨੁਕਸਾਨ ਪਹੁੰਚਾ ਸਕਦੀ ਹੈ।

ਭਾਰਤ ਵਿਚ ਕਦੇ ਵੀ ਪਾਕਿਸਤਾਨ ਦੀ ਪੱਛਮੀ ਸਰਹੱਦ ਦਾ ਸਹੀ ਵਿਸ਼ਲੇਸ਼ਣ ਨਹੀਂ ਹੁੰਦਾ। ਜੇ ਪੂਰਬੀ ਸਰਹੱਦ ਤੇ ਪਾਕਿਸਤਾਨ ਦੇ ਭਾਰਤ ਨਾਲ ਮਾੜੇ ਰਿਸ਼ਤੇ ਹਨ ਤਾਂ ਇਸ ਦੀ ਲਹਿੰਦੇ ਪਾਸੇ ਵਾਲੀ ਸਰਹੱਦ ਤੇ ਅਫਗਾਨਿਸਤਾਨ ਨਾਲ ਮਾੜੇ ਰਿਸ਼ਤੇ ਵੀ ਪਾਕਿਸਤਾਨ ਲਈ ਫਿਕਰ ਵਾਲੀ ਗੱਲ ਹੈ। ਪਾਕਿਸਤਾਨ ਲਈ ਜਿੰਨੀ ਵੱਡੀ ਚੁਣੌਤੀ ਚੜ੍ਹਦੀ ਸਰਹੱਦ 'ਤੇ ਹੈ, ਓਨੀ ਹੀ ਲਹਿੰਦੀ ਸਰਹੱਦ 'ਤੇ ਹੈ। ਦਰਅਸਲ ਪਾਕਿਸਤਾਨ ਦੇ ਹਾਲਾਤ ਨੂੰ



ਘੋਖਦਿਆਂ ਅਸੀਂ ਭੁੱਲ ਜਾਂਦੇ ਹਾਂ ਕਿ ਇਸ ਦਾ ਗੁਆਂਢੀ ਅਫਗਾਨਿਸਤਾਨ ਵੀ ਹੈ ਜੋ ਇਸ ਦੇ ਪੱਛਮ ਵਿਚ ਹੈ। ਪੱਛਮ ਵਿਚ ਪਾਕਿਸਤਾਨ ਦਾ ਇਕ ਹੋਰ ਗੁਆਂਢੀ, ਇਰਾਨ ਵੀ ਹੈ ਅਤੇ ਇਨ੍ਹਾਂ ਦੋਵਾਂ ਨਾਲ ਪਾਕਿਸਤਾਨ ਦੇ ਰਿਸ਼ਤੇ ਕਾਫੀ ਸਮੇਂ ਤੋਂ ਖਰਾਬ ਹਨ। ਇਰਾਨ ਨਾਲ ਮਾੜੇ ਸਬੰਧਾਂ ਦਾ ਕਾਰਨ ਪਾਕਿਸਤਾਨ ਦਾ ਸੁੰਨੀ ਬਹੁਗਿਣਤੀ ਅਤੇ ਇਰਾਨ ਦਾ ਸ਼ੀਆ ਬਹੁਗਿਣਤੀ ਮੁਲਕ ਹੋਣਾ ਹੈ। ਸਾਊਦੀ ਅਰਬ ਨਾਲ ਪਾਕਿਸਤਾਨ ਦੀ ਨਜ਼ਦੀਕੀ ਨੇ ਕਦੇ ਵੀ ਉਸ ਦੇ ਇਰਾਨ ਨਾਲ ਰਿਸ਼ਤੇ ਨਹੀਂ ਸੁਧਰਨ ਦਿੱਤੇ। ਇਸੇ ਕਾਰਨ ਬਲੋਚਿਸਤਾਨ ਦੀ ਸਰਹੱਦ ਤੋਂ ਪਾਕਿਸਤਾਨੀ ਤੇ ਇਰਾਨੀ ਫੌਜਾਂ ਦੀਆਂ ਝੜਪਾਂ ਦੀਆਂ ਖਬਰਾਂ ਆਉਂਦੀਆਂ ਹਨ। ਭਾਰਤੀ ਮੀਡੀਆ ਪਾਕਿਸਤਾਨ ਦੀ ਪੂਰਬੀ ਸਰਹੱਦ 'ਤੇ ਹੋਣ ਵਾਲੀ ਗੋਲੀਬਾਰੀ ਦੀਆਂ ਤਾਂ ਸੁਰਖੀਆਂ ਬਣਾਉਂਦਾ ਹੈ ਪਰ ਪੱਛਮੀ ਸਰਹੱਦ ਦੀਆਂ ਖਬਰਾਂ ਨੂੰ ਤਵੱਜੋ ਨਹੀਂ ਦਿੰਦਾ; ਜਦੋਂਕਿ ਪਾਕਿਸਤਾਨ ਦੀ ਪੱਛਮੀ ਸਰਹੱਦ ਕਾਫੀ ਸਮੇਂ ਤੋਂ ਅਸ਼ਾਂਤ ਹੈ। ਅਫਗਾਨਿਸਤਾਨ ਦੀ ਅੰਦਰੂਨੀ ਹਾਲਤ ਅਤੇ ਲੰਮੇ ਸਮੇਂ ਤੋਂ ਪਾਕਿਸਤਾਨ ਤੇ ਅਫਗਾਨਿਸਤਾਨ ਦੇ ਤਣਾਅ ਕਾਰਨ ਪਾਕਿਸਤਾਨ ਦੇ ਵਿਕਾਸ 'ਤੇ ਮਾੜਾ ਅਸਰ ਪੈ ਰਿਹਾ ਹੈ।

ਇੰਝ ਵੀ ਨਹੀਂ ਕਿ ਪਾਕਿਸਤਾਨੀ ਨਿਜ਼ਾਮ ਆਪਣੀ ਪੱਛਮੀ ਸਰਹੱਦ ਦੀਆਂ ਚੁਣੌਤੀਆਂ ਤੋਂ ਬੇਖਬਰ ਹੈ ਅਤੇ ਭਾਰਤ ਦਾ ਮਹਿਜ਼ ਹਊਆ ਖੜ੍ਹਾ ਕਰਦੀ ਹੈ। ਹਕੀਕਤ ਤਾਂ ਇਹ ਹੈ ਕਿ ਪਾਕਿਸਤਾਨੀ ਨਿਜ਼ਾਮ ਪੱਛਮੀ ਸਰਹੱਦ ਦੀਆਂ ਚੁਣੌਤੀਆਂ ਤੋਂ, ਪਾਕਿਸਤਾਨ ਦੇ ਜਨਮ ਸਮੇਂ ਤੋਂ ਹੀ ਚੌਕਸ ਹੈ, ਕਿਉਂਕਿ ਅਫਗਾਨਿਸਤਾਨ ਦੀ ਸੱਤਾ 'ਤੇ ਕਾਬਜ਼ ਰਹੇ ਹਾਕਮ ਸ਼ੁਰੂ ਤੋਂ ਹੀ ਪਾਕਿਸਤਾਨ ਵਿਰੋਧੀ ਸੋਚ ਵਾਲੇ ਸਨ। ਅਫਗਾਨਿਸਤਾਨ ਅਤੇ ਪਾਕਿਸਤਾਨ ਦੇ ਵਧੀਆ ਰਿਸ਼ਤੇ ਸਿਰਫ ਤਾਲਿਬਾਨ ਦੇ ਦੌਰ ਦੌਰਾਨ ਰਹੇ, ਕਿਉਂਕਿ ਤਾਲਿਬਾਨ ਹਕੂਮਤ ਚਲਾਉਣ ਵਾਲੇ ਉਹੋ ਮੁਜਾਹਿਦੀਨ ਸਨ ਜਿਹੜੇ ਪਹਿਲਾਂ ਸੋਵੀਅਤ ਫੌਜ ਖਿਲਾਫ ਲੜ ਚੁੱਕੇ ਸਨ ਅਤੇ ਉਨ੍ਹਾਂ ਦੀ ਟਰੇਨਿੰਗ ਪਾਕਿਸਤਾਨ ਦੇ ਦਿਉਬੰਦੀ ਮਦਰੱਸਿਆਂ ਵਿਚ ਹੋਈ ਸੀ।

ਦੂਜੇ ਪਾਸੇ ਪਾਕਿਸਤਾਨ ਹਮੇਸ਼ਾ ਚਾਹੁੰਦਾ ਹੈ ਕਿ ਕਾਬੁਲ ਵਿਚ ਉਸ ਦੀ ਹਮਾਇਤੀ ਸਰਕਾਰ ਹੋਵੇ, ਜਦੋਂਕਿ ਅਫਗਾਨਿਸਤਾਨ ਦੀ ਬਹੁਗਿਣਤੀ 1893 ਵਿਚ ਬਣਾਈ ਗਈ ਡਿਊਰੰਡ ਲਕੀਰ (ਪਾਕਿਸਤਾਨ ਤੇ ਅਫਗਾਨਿਸਤਾਨ ਦੀ ਮੌਜੂਦਾ ਸਰਹੱਦ) ਨੂੰ ਨਹੀਂ ਮੰਨਦੀ, ਜਿਸ ਰਾਹੀਂ ਬ੍ਰਿਟਿਸ਼ ਇੰਡੀਆ ਤੇ ਅਫਗਾਨਿਸਤਾਨ ਨੂੰ ਅੱਡ ਕੀਤਾ ਗਿਆ। ਅਫਗਾਨਿਸਤਾਨ ਅੱਜ ਵੀ ਡਿਊਰੰਡ ਲਕੀਰ ਤੋਂ ਪੂਰਬ ਵਲ ਦੀ (ਪਾਕਿਸਤਾਨ ਵਿਚਲੀ) ਪਖਤੂਨ ਆਬਾਦੀ ਉਤੇ ਆਪਣਾ ਹੱਕ ਜਤਾਉਂਦਾ ਹੈ।

ਪਾਕਿਸਤਾਨੀ ਫੌਜ ਲਈ ਸਭ ਤੋਂ ਵੱਡੀ ਚੁਣੌਤੀ ਅਫਗਾਨ ਸਰਹੱਦ ਹੈ ਜੋ 2400 ਕਿਲੋਮੀਟਰ ਲੰਮੀ ਹੈ। ਅਫਗਾਨਿਸਤਾਨ ਵਿਚੋਂ ਤਾਲਿਬਾਨ ਹਕੂਮਤ ਦੇ ਖਾਤਮੇ ਤੋਂ ਬਾਅਦ ਇਸ ਸਰਹੱਦ ਉਤੇ ਪਾਕਿਸਤਾਨ ਨੂੰ ਕਈ ਵੰਗਾਰਾਂ ਦਾ ਸਾਹਮਣਾ ਕਰਨਾ ਪਿਆ। ਇਕ ਚੁਣੌਤੀ ਪਾਕਿਸਤਾਨੀ ਤਾਲਿਬਾਨ ਤੋਂ ਮਿਲੀ ਜੋ ਸਰਹੱਦ ਦੇ ਦੋਹੀਂ ਪਾਸਿਉਂ ਦਹਿਸ਼ਤੀ ਅਪਰੇਸ਼ਨ ਚਲਾਉਂਦੇ ਰਹੇ ਹਨ। ਇਸੇ ਤਰ੍ਹਾਂ ਪਠਾਣਾਂ ਦੇ ਕਈ ਕਬੀਲਿਆਂ ਦੀ ਆਪਸੀ ਖਹਿਬਾਜ਼ੀ ਵੀ ਪਾਕਿਸਤਾਨ ਲਈ ਵੱਡੀ ਸਮੱਸਿਆ ਹੈ। ਪਾਕਿਸਤਾਨ-ਅਫਗਾਨਿਸਤਾਨ ਸਰਹੱਦ 'ਤੇ 2007 ਤੋਂ ਹੁਣ ਤੱਕ 40 ਦੇ ਕਰੀਬ ਜ਼ੋਰਦਾਰ ਝੜਪਾਂ ਹੋਈਆਂ। ਪਿਛਲੇ ਮਹੀਨੇ ਹੀ ਪਾਕਿਸਤਾਨੀ ਅਤੇ ਅਫਗਾਨ ਫੌਜਾਂ ਦਰਮਿਆਨ ਗੋਲੀਬਾਰੀ ਕਾਰਨ ਤਿੰਨ ਮੌਤਾਂ ਹੋਈਆਂ। ਅਫਗਾਨ ਫੌਜ ਦਾ ਦੋਸ਼ ਸੀ ਕਿ ਪਾਕਿਸਤਾਨੀ ਫੌਜ ਉਨ੍ਹਾਂ ਦੇ ਇਲਾਕੇ ਵਿਚ ਫੌਜੀ ਚੌਕੀ ਬਣਾ ਰਹੀ ਸੀ।

ਜਿਵੇਂ ਪਾਕਿਸਤਾਨ ਦੀ ਪੂਰਬੀ ਸਰਹੱਦ ਉਤੇ ਕਸ਼ਮੀਰ ਵਿਚ ਅਸਲ ਕੰਟਰੋਲ ਲਕੀਰ 'ਤੇ ਭਾਰਤੀ ਅਤੇ ਪਾਕਿਸਤਾਨੀ ਫੌਜਾਂ ਦੀ ਗੋਲੀਬਾਰੀ ਹੁੰਦੀ ਹੈ, ਉਵੇਂ ਹੀ ਪੱਛਮੀ ਸਰਹੱਦ ਤੇ ਪਾਕਿਸਤਾਨੀ ਅਤੇ ਅਫਗਾਨ ਫੌਜਾਂ ਦਰਮਿਆਨ ਹੁੰਦੀ ਹੈ। ਅਫਗਾਨਿਸਤਾਨ ਵਲ ਸਰਗਰਮ ਕਈ ਲੜਾਕੇ ਗਰੁੱਪ ਵੀ ਪਾਕਿਸਤਾਨੀ ਫੌਜ 'ਤੇ ਹਮਲੇ ਕਰ ਦਿੰਦੇ ਹਨ। ਦਰਅਸਲ ਇਸ ਇਲਾਕੇ ਵਿਚ ਮੁਕਾਮੀ ਲੜਾਕਿਆਂ ਤੇ ਪਖਤੂਨ ਕਬੀਲਿਆਂ ਦਰਮਿਆਨ ਕਾਰੋਬਾਰ ਨੂੰ ਲੈ ਕੇ ਅਕਸਰ ਝੜਪਾਂ ਹੁੰਦੀਆਂ ਹਨ ਜਿਸ ਦੌਰਾਨ ਪਾਕਿਸਤਾਨੀ ਫੌਜ ਵੀ ਅਹਿਮ ਕਿਰਦਾਰ ਨਿਭਾਉਂਦੀ ਹੈ।

ਪਾਕਿਸਤਾਨ ਨੇ ਕਰਤਾਰਪੁਰ ਦੇ ਗੁਰਦੁਆਰਾ ਸਾਹਿਬ ਨੂੰ ਜਿਵੇਂ ਵਿਕਸਤ ਕੀਤਾ ਹੈ, ਉਸ ਦੀ ਸਿਫਤ ਹੋਣੀ ਚਾਹੀਦੀ ਹੈ। ਕਰਤਾਰਪੁਰ ਗੁਰਦੁਆਰਾ ਸਾਹਿਬ ਅਤੇ ਇਸ ਦੇ ਚੌਗਿਰਦੇ ਨੂੰ ਖੂਬਸੂਰਤ ਬਣਾਉਣ ਦਾ ਕੰਮ ਪਾਕਿਸਤਾਨੀ ਫੌਜ ਨੇ ਪਿਛਲੇ ਦਸ ਮਹੀਨਿਆਂ ਦੇ ਰਿਕਾਰਡ ਸਮੇਂ ਅੰਦਰ ਕੀਤਾ। ਇਹ ਕੰਮ ਕਿਸੇ ਸਿਵਲ ਮਹਿਕਮੇ ਨੂੰ ਨਹੀਂ ਦਿੱਤਾ ਗਿਆ ਤੇ ਖੁਦ ਫੌਜ ਨੇ ਕੀਤਾ। ਬਿਨਾ ਸ਼ੱਕ ਲਾਂਘਾ ਖੁਲ੍ਹਵਾਉਣ ਵਿਚ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਜਾਵੇਦ ਕਮਰ ਬਾਜਵਾ ਦੀ ਅਹਿਮ ਭੂਮਿਕਾ ਰਹੀ ਹੈ। ਲਾਂਘੇ ਵਿਚ ਬਾਜਵਾ ਦੀ ਸਰਗਰਮੀ ਕਾਰਨ ਹੀ ਇਸ ਪ੍ਰਾਜੈਕਟ ਨੂੰ ਆਈ.ਐਸ.ਆਈ. ਦਾ ਮਨਸੂਬਾ ਦੱਸਿਆ ਜਾ ਰਿਹਾ ਹੈ ਪਰ ਇੰਝ ਬਾਜਵਾ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਣਾ ਬਹੁਤ ਜਲਦਬਾਜ਼ੀ ਹੋਵੇਗੀ।

ਜਨਰਲ ਬਾਜਵਾ ਨੂੰ ਭਾਵੇਂ ਕਲੀਨ ਚਿੱਟ ਨਾ ਦਿੱਤੀ ਜਾਵੇ, ਕਿਉਂਕਿ ਉਹ ਜਿਸ ਫੌਜ ਦਾ ਮੁਖੀ ਹੈ, ਉਸ ਦਾ ਰਵੱਈਆ ਹਮੇਸ਼ਾ ਭਾਰਤ ਖਿਲਾਫ ਰਿਹਾ ਹੈ ਪਰ ਉਸ ਦਾ ਬਾਜਵਾ ਡੌਕਟਰਿਨ (ਸਿਧਾਂਤ) ਹਕੀਕਤ ਹੈ। ਇਸ ਡੌਕਟਰਿਨ ਵਿਚ ਉਸ ਨੇ ਉਤਰੀ ਅਮਰੀਕਾ ਮੁਕਤ ਵਪਾਰ ਸਮਝੌਤੇ ਦੀ ਤਰਜ਼ 'ਤੇ ਭਾਰਤ ਨਾਲ ਵਪਾਰ ਦੀ ਵਕਾਲਤ ਕੀਤੀ ਹੈ। ਬਾਜਵਾ ਦੀ ਪਤਨੀ ਦਾ ਅਹਿਮਦੀਆ ਮੁਸਲਿਮ ਪਰਿਵਾਰ ਤੋਂ ਹੋਣਾ ਵੀ ਸੱਚਾਈ ਹੈ। ਬਾਜਵਾ ਦੇ ਪਿਤਾ ਵੀ ਬਾਅਦ ਵਿਚ ਅਹਿਮਦੀਆ ਬਣ ਗਏ ਸਨ, ਜਦੋਂਕਿ ਅਹਿਮਦੀਆ ਭਾਈਚਾਰੇ ਨੂੰ ਪਾਕਿਸਤਾਨ ਵਿਚ ਗੈਰਮੁਸਲਿਮ ਕਰਾਰ ਦਿੱਤਾ ਗਿਆ ਹੈ। ਇਸ ਕਾਰਨ ਬਾਜਵਾ ਤੇ ਸ਼ੱਕ ਕਰਨਾ ਫਿਲਹਾਲ ਗਲਤ ਹੋਵੇਗਾ।

ਪਾਕਿਸਤਾਨੀ ਫੌਜ ਅਸਲ ਵਿਚ ਦਹਿਸ਼ਤੀ ਜਥੇਬੰਦੀਆਂ- ਇਸਲਾਮੀ ਸਟੇਟ, ਅਲ ਕਾਇਦਾ ਤੇ ਤਾਲਿਬਾਨ ਦੀਆਂ ਭਵਿਖੀ ਚੁਣੌਤੀਆਂ ਦਾ ਅੰਦਾਜ਼ਾ ਲਾ ਚੁੱਕੀ ਹੈ। ਇਨ੍ਹਾਂ ਤਿੰਨਾਂ ਦਾ ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚ ਮਜ਼ਬੂਤ ਨੈੱਟਵਰਕ ਹੈ। ਅਫਗਾਨ ਸਰਹੱਦ ਦਾ ਭੂਗੋਲ ਵੀ ਪਹਾੜੀ ਅਤੇ ਬਹੁਤ ਬਿਖੜਾ ਹੋਣ ਕਾਰਨ ਚੁਣੌਤੀਪੂਰਨ ਹੈ। ਇਸੇ ਕਾਰਨ ਪਾਕਿਸਤਾਨ ਇਸ ਤੋਂ ਪੂਰੀ ਤਰ੍ਹਾਂ ਖਬਰਦਾਰ ਹੈ ਤੇ ਇਸ ਦੇ ਫੌਜੀ ਬਜਟ ਦਾ ਵੱਡਾ ਹਿੱਸਾ ਅਫਗਾਨ ਸਰਹੱਦ ਤੇ ਲੱਗਦਾ ਹੈ। ਅਫਗਾਨਿਸਤਾਨ 'ਤੇ ਅਮਰੀਕੀ ਹਮਲੇ ਤੋਂ ਬਾਅਦ ਇਸ ਸਰਹੱਦ ਉਤੇ ਪਾਕਿਸਤਾਨ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ।

ਇਰਾਨ ਸਰਹੱਦ ਵੀ ਪਾਕਿਸਤਾਨ ਲਈ ਹਮੇਸ਼ਾ ਪ੍ਰੇਸ਼ਾਨੀ ਵਾਲੀ ਰਹੀ ਹੈ। ਪਾਕਿਸਤਾਨ ਫੌਜ ਦੀਆਂ ਕੁੱਲ ਨੌਂ ਕੋਰਾਂ ਵਿਚੋਂ ਛੇ ਪੂਰਬੀ ਸਰਹੱਦ ਦੀ ਸੁਰੱਖਿਆ ਲਈ ਹਨ ਅਤੇ ਦੋ ਅਫਗਾਨਿਸਤਾਨ ਸਰਹੱਦ ਦੇਖਦੀਆਂ ਹਨ। ਪਾਕਿਸਤਾਨੀ ਫੌਜ ਦੀ ਗਿਆਰ੍ਹਵੀਂ ਕੋਰ ਖਾਸਕਰ ਅਫਗਾਨ ਸਰਹੱਦ ਲਈ ਹੈ। ਇਸ ਦਾ ਗਠਨ 70ਵਿਆਂ ਵਿਚ ਕੀਤਾ ਗਿਆ ਜੋ ਅਫਗਾਨ ਸਰਹੱਦ ਦੇ ਨਾਲ ਹੀ ਖੈਬਰ-ਪਖਤੂਨਖਵਾ ਸੂਬੇ ਵਿਚ ਤਾਲਿਬਾਨ ਸਣੇ ਕਈ ਦਹਿਸ਼ਤੀ ਤਨਜ਼ੀਮਾਂ ਨਾਲ ਲੜ ਰਹੀ ਹੈ। ਇਸੇ ਤਰ੍ਹਾਂ ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਸਥਿਤ ਬਾਰ੍ਹਵੀਂ ਕੋਰ ਇਰਾਨ ਅਤੇ ਅਫਗਾਨ ਸਰਹੱਦ ਦੀ ਸੁਰੱਖਿਆ ਦੇ ਨਾਲ ਹੀ ਬਲੋਚ ਬਾਗੀਆਂ ਨਾਲ ਜੂਝਦੀ ਹੈ।

ਪਾਕਿਸਤਾਨੀ ਫੌਜ ਦੇ ਇਕ ਵੱਡੇ ਹਿੱਸੇ ਨੂੰ ਸਮਝ ਆ ਗਿਆ ਹੈ ਕਿ ਮੁਲਕ ਦੀਆਂ ਦੋਵੇਂ-ਚੜ੍ਹਦੀ ਤੇ ਲਹਿੰਦੀ ਸਰਹੱਦਾਂ ਉਤੇ ਲਗਾਤਾਰ ਤਣਾਅ ਕਾਰਨ ਪਾਕਿਸਤਾਨ ਦੀ ਮਾਲੀ ਹਾਲਤ ਖਰਾਬ ਹੋਈ ਹੈ। ਮੁਲਕ ਵਿਚ ਸਰਗਰਮ ਦਹਿਸ਼ਤੀ ਗਰੁੱਪਾਂ ਨੇ ਵੀ ਅਰਥਚਾਰੇ ਨੂੰ ਭਾਰੀ ਸੱਟ ਮਾਰੀ। ਦਹਿਸ਼ਤੀ ਹਮਲਿਆਂ ਵਿਚ ਇਕ ਲੱਖ ਤੋਂ ਵੱਧ ਜਾਨਾਂ ਜਾ ਚੁੱਕੀਆਂ ਹਨ। ਮੁਲਕ ਉਤੇ 100 ਅਰਬ ਡਾਲਰ ਦਾ ਵਿਦੇਸ਼ੀ ਕਰਜ਼ ਹੈ। ਚੀਨ-ਪਾਕਿਸਤਾਨ ਆਰਥਿਕ ਲਾਂਘੇ (ਕੌਰੀਡੋਰ) ਦਾ ਪਹਿਲਾ ਗੇੜ ਪੂਰਾ ਹੋਣ ਵਾਲਾ ਹੈ ਪਰ ਪਾਕਿਸਤਾਨ ਦੀ ਮਾਲੀ ਹਾਲਤ ਖਾਸ ਨਹੀਂ ਸੁਧਰੀ, ਕਿਉਂਕਿ ਮੁਲਕ ਦੀਆਂ ਸਰਹੱਦਾਂ ਤੇ ਬਦਅਮਨੀ ਹੈ। ਆਰਥਿਕ ਲਾਂਘਾ ਦੋਵਾਂ ਸਰਹੱਦਾਂ ਰਾਹੀਂ ਵਪਾਰ ਦਾ ਰਾਹ ਆਸਾਨ ਹੋਣ 'ਤੇ ਹੀ ਸਫਲ ਹੋ ਸਕੇਗਾ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਕਰਤਾਰਪੁਰ ਲਾਂਘਾ ਭਵਿਖ ਵਿਚ ਖੇਤਰੀ ਆਰਥਿਕ ਖੁਸ਼ਹਾਲੀ ਦਾ ਕਾਰਨ ਬਣੇਗਾ।

# ਮਹਾਰਾਸ਼ਟਰ 'ਚ ਸਿਆਸੀ ਨਿਘਾਰ

ਭਾਰਤੀ ਲੋਕਤੰਤਰ ਦਾ ਨੈਤਿਕ ਹੁਲੀਆ ਹਮੇਸ਼ਾ (ਤਕਰੀਬਨ 50 ਸਾਲ) ਤੋਂ ਸ਼ੱਕੀ ਸੀ। ਸੱਠ ਦੇ ਦਹਾਕੇ ਵਿਚ ਗੈਰ ਕਾਂਗਰਸਵਾਦ ਦੇ ਨਾਂ 'ਤੇ ਗੱਠਜੋੜ ਸਿਆਸਤ ਦੀ ਸ਼ੁਰੂਆਤ ਹੋਈ ਸੀ। ਇਸ ਵਿਚ 10 ਸੂਬਿਆਂ ਵਿਚ ਵਿਰੋਧੀ ਧਿਰਾਂ ਨੇ ਕਾਂਗਰਸ ਤੋਂ ਟੁੱਟੇ ਹੋਏ ਅਨਸਰਾਂ ਦੇ ਨਾਲ ਰਲੀਆਂ ਮਿਲੀਆਂ ਸਰਕਾਰਾਂ ਬਣਾਈਆਂ ਸਨ। ਕਮਿਊਨਿਸਟ, ਜਨਸੰਘੀ, ਸਮਾਜਵਾਦੀ ਅਤੇ ਆਜ਼ਾਦ ਪਾਰਟੀਆਂ ਵਾਲਿਆਂ ਨੇ ਨਾਲ ਆ ਕੇ

**ਅਭੈ ਕੁਮਾਰ ਦੂਬੇ**

ਧਰਮ ਨਿਰਪੱਖ-ਫਿਰਕੂ, ਖੱਬੇਪੱਖੀ-ਦੱਖਣਪੰਥੀ ਅਤੇ ਸਾਮੰਤੀ-ਜਨਵਾਦੀ ਦੇ ਭੇਦਾਂ ਨੂੰ ਇਕ ਵਾਰੀ ਖਤਮ ਕਰ ਦਿੱਤਾ ਸੀ।

ਇਸ ਸਿਲਸਿਲੇ ਨੇ ਸਿਆਸੀ ਵਿਚਾਰਧਾਰਾ ਨੂੰ ਵੱਡੀ ਹੱਦ ਤੱਕ ਅਪ੍ਰਸੰਗਿਕ ਬਣਾਉਣ ਦੀ ਸ਼ੁਰੂਆਤ ਕਰ ਦਿੱਤੀ। ਉਸ ਤੋਂ ਬਾਅਦ ਹੋਣ ਇਹ ਲੱਗਾ ਸੀ ਕਿ ਸਿਆਸੀ ਗੋਲਬੰਦੀ ਤਾਂ ਵਿਚਾਰਧਾਰਕ ਸੰਦਾਂ ਦੀ ਮਦਦ ਨਾਲ ਹੁੰਦੀ ਸੀ, ਤੇ ਚੋਣਾਂ ਤੋਂ ਬਾਅਦ ਹੋਣ ਵਾਲੇ ਸੱਤਾ ਦੇ ਗੱਠਜੋੜਾਂ ਲਈ ਵਿਚਾਰਧਾਰਾ ਨੂੰ ਠੰਢੇ ਬਸਤੇ ਵਿਚ ਪਾ ਦਿੱਤਾ ਜਾਂਦਾ ਸੀ। ਕਦੀ ਕਦੀ ਜਨਤਾ ਬਹੁਤ ਹੈਰਾਨ ਹੁੰਦੀ ਸੀ ਪਰ ਹੌਲੀ-ਹੌਲੀ ਉਨ੍ਹਾਂ ਨੂੰ ਵੀ ਇਸ ਦੀ ਆਦਤ ਪੈ ਗਈ। ਸ਼ਾਇਦ ਇਹ ਹੋਣਾ ਹੀ ਸੀ। ਇਸ ਦੀ ਵੱਡੀ ਵਜ੍ਹਾ ਸੀ ਭਾਰਤ ਦੀ ਸਮਾਜਿਕ ਵੰਨ-ਸਵੰਨਤਾ ਅਤੇ ਉਸ ਦੀ ਨੁਮਾਇੰਦਗੀ ਕਰਨ ਵਾਲੀ ਸਿਆਸੀ ਵੰਨ-ਸਵੰਨਤਾ ਪਰ ਮਹਾਰਾਸ਼ਟਰ ਵਿਚ ਜੋ ਹੋਇਆ, ਉਸ ਦਾ ਅੰਦਾਜ਼ਾ ਇਸ ਸਿਆਸੀ ਇਤਿਹਾਸ ਤੋਂ ਨਹੀਂ ਲਗਾਇਆ ਜਾ ਸਕਦਾ ਸੀ।

ਗੱਠਜੋੜ ਸਿਆਸਤ ਵੱਖ-ਵੱਖ ਧਿਰਾਂ ਵਲੋਂ ਕੀਤੇ ਜਾਣ ਵਾਲੇ ਵਾਅਦਿਆਂ ਨੂੰ ਸਪਸ਼ਟ ਰੂਪ ਵਿਚ ਨਿਭਾਉਣ ਦੇ ਆਧਾਰ 'ਤੇ ਕੇਂਦਰਿਤ ਹੁੰਦੀ ਹੈ। ਵਾਅਦੇ ਕਿਉਂਕਿ ਆਪੋ-ਆਪਣੇ ਹਿੱਤਾਂ ਨੂੰ ਪੂਰਾ ਕਰਨ ਦੇ ਆਧਾਰ 'ਤੇ ਕੀਤੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਨਿਭਾਉਣ ਵਿਚ ਦਿੱਕਤ ਨਹੀਂ ਹੁੰਦੀ। ਮਹਾਰਾਸ਼ਟਰ ਵਿਚ ਇਹ ਸਾਰੀਆਂ ਰੀਤਾਂ ਅਤੇ ਰਿਵਾਜ ਚੁੱਕ ਕੇ ਪਾਸੇ ਕਰ ਦਿੱਤੇ ਗਏ। ਅੱਜ ਇਹ ਦੇਖਣਾ ਮੁਸ਼ਕਿਲ ਨਹੀਂ ਹੈ ਕਿ ਇਸ ਸੂਬੇ ਵਿਚ ਹਰ ਕੋਈ ਕਿਸੇ ਨਾ ਕਿਸੇ ਨੂੰ ਧੋਖਾ ਦੇ ਰਿਹਾ ਹੈ।

ਕਹਾਵਤ ਹੈ ਕਿ ਸਿਆਸਤ ਦੇ ਹਮਾਮ ਵਿਚ ਸਾਰੇ ਨੰਗੇ ਹੁੰਦੇ ਹਨ। ਜੇ ਇਸ ਨੂੰ ਸਭ ਤੋਂ ਵੱਡੇ ਰੂਪ ਵਿਚ ਧਰਤੀ 'ਤੇ ਵਾਪਰਦੇ ਦੇਖਣਾ ਹੋਵੇ ਤਾਂ ਮਹਾਰਾਸ਼ਟਰ ਵਿਚ ਦੇਖਿਆ ਜਾ ਸਕਦਾ ਹੈ। ਮਹਾਰਾਸ਼ਟਰ ਦੇ ਹਮਾਮ ਵਿਚ ਭਾਜਪਾ, ਕਾਂਗਰਸ, ਸ਼ਿਵ ਸੈਨਾ, ਨੈਸ਼ਨਲਿਸਟ ਕਾਂਗਰਸ ਪਾਰਟੀ, ਆਜ਼ਾਦ ਅਤੇ ਹੋਰ ਛੋਟੀਆਂ ਸਿਆਸੀ ਧਿਰਾਂ ਆਪਣੇ ਸਾਰੇ ਸਿਆਸੀ ਕੱਪੜੇ ਲਾਹ ਕੇ ਖੜ੍ਹੀਆਂ ਹਨ ਅਤੇ ਉਨ੍ਹਾਂ ਨਾਲ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਲੋਕ ਵੀ ਇਸ ਨੰਗੇਜ਼ਵਾਦ ਵਿਚ ਹਿੱਸਾ ਪਾ ਰਹੇ ਹਨ। ਸਾਰੇ ਬੇਸ਼ਰਮੀ ਦੀਆਂ ਨਵੀਆਂ ਹੱਦਾਂ ਨੂੰ ਛੂਹ ਕਹਿ ਰਹੇ ਹਨ।

ਇਹ ਹਾਲ ਦੇਖ ਕੇ ਦੱਖਣੀ ਅਮਰੀਕੀ ਦੇਸ਼ ਕੋਲੰਬੀਆ ਵਿਚ ਨੱਬੇ ਦੇ ਦਹਾਕੇ ਦੇ ਹਾਲਾਤ ਦੀ ਯਾਦ ਆ ਜਾਂਦੀ ਹੈ, ਜਦੋਂ ਉਥੇ ਨਸ਼ੇ ਦੇ ਤਸਕਰ ਗਰੋਹ ਇਕ ਦੂਜੇ ਨੂੰ ਧੋਖਾ ਦਿੰਦੇ ਹੋਏ ਇਜ਼ਤ ਅਤੇ ਕੋਲੰਬੀਆਈ ਕਦਰਾਂ ਕੀਮਤਾਂ ਦੀਆਂ ਦਾਅਵੇਦਾਰੀਆਂ ਕਰ ਰਹੇ ਸਨ। ਫਰਕ ਸਿਰਫ ਇਹ ਹੈ ਕਿ ਮਹਾਰਾਸ਼ਟਰ ਦੀਆਂ ਸਿਆਸੀ ਧਿਰਾਂ ਕਿਸਾਨਾਂ ਦੇ ਹਿੱਤਾਂ ਨੂੰ ਬਹਾਨਾ ਬਣਾ ਕੇ ਇਹ ਸਭ ਕੁਝ ਕਰ ਰਹੀਆਂ ਸਨ।

ਭਾਜਪਾ ਅਤੇ ਸ਼ਿਵ ਸੈਨਾ ਨੇ ਰਲ ਕੇ ਚੋਣਾਂ ਲੜੀਆਂ ਪਰ ਚੋਣਾਂ ਤੋਂ ਬਾਅਦ ਇਕ ਦੂਜੇ ਨੂੰ ਖੂੰਜੇ ਲਾਉਣ ਦੀ ਨੀਅਤ ਧਾਰ ਲਈ। ਭਾਜਪਾ ਚਾਹੁੰਦੀ ਸੀ ਕਿ ਉਹ ਇਕੱਲੀ ਆਪਣੇ ਜ਼ੋਰ 'ਤੇ ਬਹੁਮਤ ਦੇ ਨੇੜੇ ਪੁੱਜ ਜਾਵੇ। ਦੂਜੇ ਪਾਸੇ ਸ਼ਿਵ ਸੈਨਾ ਪਹਿਲਾਂ ਹੀ ਤੈਅ ਕਰੀ ਬੈਠੀ ਸੀ ਕਿ ਜਿਵੇਂ ਹੀ ਨਤੀਜੇ ਆਉਣ, ਉਹ ਦਵੇਂਦਰ ਫੜਨਵੀਸ ਦੇ ਥੱਲਿਓਂ ਢਾਈ ਸਾਲ ਲਈ ਮੁੱਖ ਮੰਤਰੀ ਦੀ ਕੁਰਸੀ ਖੋਹ ਲਵੇਗੀ। ਉਸ ਨੇ ਇਹ ਵੀ ਸੋਚ ਲਿਆ ਸੀ ਕਿ ਜੇ ਭਾਜਪਾ ਉਸ ਦੀ ਮੰਗ ਨਹੀਂ ਮੰਨੇਗੀ ਤਾਂ ਉਸ ਸੂਰਤ ਵਿਚ ਉਸ ਨੂੰ ਕਾਂਗਰਸ ਜਾਂ ਕਿਸੇ ਹੋਰ ਪਾਰਟੀ ਨਾਲ ਸਾਂਝ ਪਾਉਣੀ ਪਵੇਗੀ। ਇਸ ਲਈ ਊਧਵ ਠਾਕਰੇ ਨੇ ਬਿਲਕੁਲ ਸ਼ੁਰੂ ਤੋਂ ਹੀ ਭਾਜਪਾ ਲਈ ਆਪਣੇ ਦਰਵਾਜ਼ੇ ਪੂਰੇ ਤਰ੍ਹਾਂ ਨਾਲ ਬੰਦ ਕਰ ਦਿੱਤੇ ਸਨ। ਮਿਲਣਾ ਤਾਂ ਦੂਰ, ਇਕ ਵਾਰ ਵੀ ਫੜਨਵੀਸ ਦਾ ਫੋਨ ਤੱਕ ਨਹੀਂ ਸੁਣਿਆ।

ਚੋਣ ਨਤੀਜਿਆਂ ਤੋਂ ਬਾਅਦ ਜਦੋਂ ਫੜਨਵੀਸ ਨੇ ਸਭ ਤੋਂ ਵੱਡੀ ਪਾਰਟੀ ਹੁੰਦਿਆਂ ਵੀ ਸਰਕਾਰ ਬਣਾਉਣ ਤੋਂ ਇਨਕਾਰ ਕਰ ਦਿੱਤਾ ਤਾਂ ਸ਼ਿਵ ਸੈਨਾ ਨੂੰ ਸੱਦਾ ਮਿਲਿਆ। ਊਧਵ ਨੂੰ ਉਮੀਦ ਸੀ ਕਿ ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਆਗੂ ਸ਼ਰਦ ਪਵਾਰ ਇਸ ਕੰਮ ਲਈ ਕਾਂਗਰਸ ਅਤੇ ਆਪਣੇ ਹੋਰ ਸਮਰਥਕਾਂ ਨੂੰ ਨਾਲ ਲੈ ਕੇ ਜੁਗਾੜ ਲਾਉਣਗੇ। ਪਰ ਹੋਇਆ ਕੀ? ਪਵਾਰ ਨੇ ਤਿੰਨ ਪਾਸੜ ਚਾਲ ਖੇਡੀ। ਉਸ ਨੇ ਠਾਕਰੇ ਨੂੰ ਭਰੋਸਾ ਦਿੱਤਾ, ਨਾਲ ਸੋਨੀਆ ਗਾਂਧੀ ਨੂੰ ਇਹ ਵੀ ਕਿਹਾ ਕਿ ਉਹ ਸਮਰਥਨ ਪੱਤਰ ਦੇਣ ਵਿਚ ਕਾਹਲੀ ਨਾ ਕਰਨ। ਇਸ ਤਰ੍ਹਾਂ ਠਾਕਰੇ ਨੂੰ ਅਮਲੀ ਰੂਪ ਨਾਲ ਸਰਕਾਰ ਬਣਾਉਣ ਯੋਗ ਸਮਰਥਨ ਨਹੀਂ ਮਿਲਿਆ। ਸਿੱਟੇ ਵਜੋਂ ਰਾਸ਼ਟਰਪਤੀ ਰਾਜ ਦੀ ਨੌਬਤ ਆ ਗਈ।

ਤੀਜੇ ਪਾਸੇ ਪਵਾਰ ਨੇ ਅਜੀਬ ਸ਼ੱਕੀ ਢੰਗ ਨਾਲ, ਕਿਸਾਨਾਂ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਜੋ ਪੌਣਾ ਘੰਟਾ ਚੱਲੀ। ਇਸ ਚਾਲਬਾਜ਼ੀ ਦਾ ਨਤੀਜਾ ਇਹ ਨਿਕਲਿਆ ਕਿ ਕਾਂਗਰਸ ਸੁਸਤ ਹੋ ਗਈ। ਉਤੋਂ ਉਸ ਨੂੰ ਪਵਾਰ 'ਤੇ ਸ਼ੱਕ ਵੀ ਹੋ ਗਿਆ ਕਿ ਉਹ ਕਿਤੇ ਅੰਦਰਖਾਤੇ ਭਾਜਪਾ ਨਾਲ ਗੱਲ ਤਾਂ ਨਹੀਂ ਛੇੜ ਰਹੇ। ਸ਼ਿਵ ਸੈਨਾ ਵਾਲੇ ਵੀ ਸੋਚਣ ਲੱਗੇ ਕਿ ਹੁਣ ਉਨ੍ਹਾਂ ਨੂੰ ਵੀ ਧੀਰਜ ਨਾਲ ਕੰਮ ਕਰਨਾ ਚਾਹੀਦਾ ਹੈ।

ਇਧਰ, ਪਵਾਰ ਸ਼ਿਵ ਸੈਨਾ ਨੂੰ ਚੱਕਰ ਵਿਚ ਪਾ ਰਹੇ ਸਨ, ਓਧਰ ਉਨ੍ਹਾਂ ਦੇ ਭਤੀਜੇ ਨੇ ਉਨ੍ਹਾਂ ਨੂੰ ਹੀ ਚੱਕਰ ਵਿਚ ਪਾ ਦਿੱਤਾ। ਅਜੀਤ ਪਵਾਰ ਭਾਜਪਾ ਨਾਲ ਗੱਲ ਛੇੜ ਕੇ ਬਹਿ ਗਏ। ਉਨ੍ਹਾਂ ਨੇ ਫੜਨਵੀਸ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਇਹ ਪੱਟੀ ਪੜ੍ਹਾਈ ਕਿ ਨੈਸ਼ਨਲਿਸਟ ਕਾਂਗਰਸ ਦੇ ਜ਼ਿਆਦਾਤਰ ਵਿਧਾਇਕ ਉਨ੍ਹਾਂ ਦੇ ਕੋਲ ਹਨ, ਤੇ ਸਬੂਤ ਦੇ ਤੌਰ 'ਤੇ ਦਸਤਖਤਾਂ ਵਾਲਾ ਉਹ ਪੱਤਰ ਦਿਖਾ ਦਿੱਤਾ ਜੋ ਦਰਅਸਲ ਊਧਵ ਠਾਕਰੇ ਦੀ ਸਰਕਾਰ ਬਣਾਉਣ ਲਈ ਤਿਆਰ ਕੀਤਾ ਸੀ।

ਅਜੀਤ ਪਵਾਰ ਦੀ ਇਸ ਗੱਲ 'ਤੇ ਫੜਨਵੀਸ ਅਤੇ ਰਾਜਪਾਲ ਨੇ ਵੀ ਯਕੀਨ ਕਰ ਲਿਆ ਕਿਉਂਕਿ ਉਹ ਤਾਂ ਯਕੀਨ ਕਰਨ ਦਾ ਮੌਕਾ ਲੱਭ ਰਹੇ ਸਨ। ਰਾਜਪਾਲ ਹੀ ਨਹੀਂ, ਪ੍ਰਧਾਨ ਮੰਤਰੀ ਵੀ ਇਸ ਸੰਭਾਵੀ ਬੰਦੋਬਸਤ 'ਤੇ ਯਕੀਨ ਕਰਨ ਲਈ ਤਿਆਰ ਬੈਠੇ ਸਨ। ਉਨ੍ਹਾਂ ਕੈਬਨਿਟ ਬੈਠਕ ਸੱਦੇ ਬਿਨਾ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਰਾਸ਼ਟਰਪਤੀ ਰਾਜ ਹਟਾ ਦਿੱਤਾ।

ਇਹ ਅਸਲ 'ਚ ਲੋਕਤੰਤਰ ਨਾਲ ਵਾਪਰਿਆ ਹਾਦਸਾ ਹੈ। ਆਉਣ ਵਾਲੇ ਸਮੇਂ ਦੌਰਾਨ ਸਿਆਸਤ ਅਤੇ ਲੋਕਤੰਤਰ ਉਤੇ ਇਸ ਦਾ ਘਾਤਕ ਅਸਰ ਪਵੇਗਾ।

# ਬਾਬੇ ਨਾਨਕ ਦਾ ਸੁਨੇਹਾ ਅਤੇ ਕਰਤਾਰਪੁਰ ਲਾਂਘੇ ਦੀ ਸਾਰਥਕਤਾ

9 ਨਵੰਬਰ 2019 ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਲਾਂਘਾ ਖੁੱਲ੍ਹਣ ਨਾਲ ਦੇਸ਼-ਵਿਦੇਸ਼ 'ਚ ਵਸਦੇ ਸ਼ਰਧਾਲੂ ਬੇਹਦ ਖੁਸ਼ ਹਨ। ਗੁਰਦੁਆਰੇ ਮੱਥਾ ਟੇਕ ਕੇ ਵਾਪਿਸ ਆਏ ਹਰ ਸ਼ਖਸ ਨੇ ਪਾਕਿਸਤਾਨ ਸਰਕਾਰ ਦੇ ਪ੍ਰਬੰਧਾਂ, ਆਓ-ਭਗਤ ਅਤੇ ਲਾਂਘਾ ਖੋਲ੍ਹੇ ਜਾਣ 'ਤੇ ਤਸੱਲੀ ਪ੍ਰਗਟਾਈ ਹੈ। ਗੁਰਦੁਆਰੇ ਅਤੇ ਆਸ-ਪਾਸ ਕੀਤੀ ਉਸਾਰੀ ਤੋਂ ਹਰ ਸ਼ਖਸ ਪ੍ਰਭਾਵਿਤ ਹੈ। ਲਾਂਘਾ ਖੁੱਲ੍ਹਣ ਦਾ ਮਹੱਤਵ ਉਦੋਂ ਹੋਰ ਵਧ ਜਾਂਦਾ ਹੈ, ਜਦ ਭਾਰਤ ਤੇ ਪਾਕਿਸਤਾਨ ਦੇ ਮੌਜੂਦਾ ਰਿਸ਼ਤੇ ਬੜੇ ਕੁੜੱਤਣ ਭਰੇ ਹਨ।

ਕਰਤਾਰਪੁਰ ਲਾਂਘਾ ਖੋਲ੍ਹਣ ਦੀ ਚਰਚਾ ਉਦੋਂ ਸ਼ੁਰੂ ਹੋਈ, ਜਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ

**ਨਰਿੰਦਰ ਸਿੰਘ ਢਿਲੋਂ**
**ਫੋਨ: 403-616-4032**

ਇਮਰਾਨ ਖਾਨ ਨੇ ਆਪਣੇ ਸਹੁੰ ਚੁੱਕ ਸਮਾਗਮ ਲਈ ਆਪਣੇ ਕ੍ਰਿਕਟਰ ਮਿੱਤਰ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਭੇਜਿਆ। ਸਿੱਧੂ ਦੇ ਨਜ਼ਦੀਕੀਆਂ ਅਨੁਸਾਰ ਇਮਰਾਨ ਨੇ ਨਵਜੋਤ ਨੂੰ ਕਿਹਾ ਕਿ ਇਸ ਵਕਤ ਉਹ ਕਿਹੜਾ ਤੋਹਫਾ ਪਸੰਦ ਕਰੇਗਾ? ਕਹਿੰਦੇ ਹਨ ਕਿ ਨਵਜੋਤ ਨੇ ਕੁਝ ਚਿਰ ਸੋਚ ਕੇ ਲਾਂਘਾ ਖੋਲ੍ਹਣ ਦੀ ਇੱਛਾ ਪ੍ਰਗਟ ਕੀਤੀ, ਜੋ ਇਮਰਾਨ ਨੇ ਝੱਟ ਪ੍ਰਵਾਨ ਕਰ ਲਿਆ।

ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲਾਂ ਚਾਰ ਏਕੜ ਵਿਚ ਸੀ ਅਤੇ ਉਸ ਦੇ ਆਲੇ-ਦੁਆਲੇ ਜੰਗਲ ਅਤੇ ਉਜਾੜ ਸੀ, ਪਰ ਜਦ ਪਾਕਿਸਤਾਨ ਸਰਕਾਰ ਨੇ ਇਸ ਦੀ ਤਿਆਰੀ ਸ਼ੁਰੂ ਕੀਤੀ ਤਾਂ ਇਸ ਦੀ ਦਿੱਖ ਸੰਵਾਰ ਦਿੱਤੀ। ਇਸ ਪ੍ਰਾਜੈਕਟ ਦੇ ਡਾਇਰੈਕਟਰ ਜਨਾਬ ਆਤਿਫ ਮਜੀਦ ਨੇ ਕਿਹਾ ਕਿ ਹੁਣ 43 ਏਕੜ ਥਾਂ 'ਚ ਉਸਾਰੀ ਕੀਤੀ ਗਈ ਹੈ, ਸੰਗਮਰਮਰ ਲਾ ਦਿੱਤਾ ਗਿਆ ਹੈ। ਉਸ ਨੇ ਚਿੱਠੀ ਭੇਜੀ ਸੀ ਕਿ ਤਿਆਰੀ ਸਮੇਂ ਸਿੱਖ ਰਵਾਇਤਾਂ ਦਾ ਖਿਆਲ ਰੱਖਿਆ ਜਾਵੇ, ਜਿਸ 'ਤੇ ਪੂਰੀ ਤਰ੍ਹਾਂ ਅਮਲ ਕੀਤਾ ਗਿਆ ਹੈ। ਜਿਨ੍ਹਾਂ ਖੇਤਾਂ ਵਿਚ ਬਾਬੇ ਨਾਨਕ ਨੇ ਖੇਤੀ ਕੀਤੀ ਸੀ, ਉਹ 26 ਏਕੜ ਜ਼ਮੀਨ ਖੇਤੀ ਲਈ ਹੀ ਰੱਖੀ ਗਈ ਹੈ, ਜਿਥੇ ਸੰਗਤ ਦੇ ਲੰਗਰ ਲਈ ਸਬਜ਼ੀਆਂ ਅਤੇ ਹੋਰ ਖੁਰਾਕੀ ਵਸਤਾਂ ਪੈਦਾ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ 36 ਏਕੜ ਜ਼ਮੀਨ ਬਾਗਬਾਨੀ ਲਈ ਰੱਖੀ ਗਈ ਹੈ। ਸਿੱਖ ਵਿਦਵਾਨਾਂ ਮੁਤਾਬਕ ਹੋਰ 104 ਏਕੜ ਜ਼ਮੀਨ ਵੀ ਤਿਆਰ ਕਰ ਦਿੱਤੀ ਗਈ ਹੈ।

ਇਸ ਪ੍ਰਾਜੈਕਟ ਦੀ ਖੂਬਸੂਰਤੀ ਇਹ ਵੀ ਹੈ ਕਿ ਭਾਰਤ ਵਾਲਾ ਪਾਸਾ ਖੁੱਲ੍ਹਾ ਰੱਖਿਆ ਗਿਆ ਹੈ ਤਾਂ ਜੋ ਭਾਰਤ ਵਲੋਂ ਸੰਗਤ ਦੂਰੋਂ ਵੀ ਦਰਸ਼ਨ ਕਰ ਸਕੇ ਅਤੇ ਦਰਸ਼ਨ ਕਰਨ ਲਈ ਆਉਂਦੀ ਸੰਗਤ ਦੂਰੋਂ ਹੀ ਦਰਸ਼ਨ ਕਰਦੀ ਆਵੇ। ਡਾਇਰੈਕਟਰ ਨੇ ਦੱਸਿਆ ਕਿ ਵੱਡਾ ਲੰਗਰ ਹਾਲ ਬਣਾਇਆ ਗਿਆ ਹੈ, ਜਿਸ ਵਿਚ 2500 ਸ਼ਰਧਾਲੂ ਇਕੋ ਸਮੇਂ ਲੰਗਰ ਛਕ ਸਕਦੇ ਹਨ। ਸਿੱਖ ਰਵਾਇਤਾਂ ਨੂੰ ਮੁੱਖ ਰੱਖਦਿਆਂ ਇਸ਼ਨਾਨ ਕਰਨ ਲਈ ਵੱਡਾ ਸਰੋਵਰ ਬਣਾਇਆ ਗਿਆ ਹੈ। ਬਾਰਾਂਦਰੀ ਉਪਰ ਗੁੰਬਦ ਵੀ ਸਿੱਖ ਰਵਾਇਤਾਂ ਮੁਤਾਬਕ ਬਣਾਇਆ ਗਿਆ ਹੈ। ਗੁਰਦੁਆਰੇ ਦੇ ਇਕ ਪਾਸੇ ਰਿਹਾਇਸ਼ੀ ਕਮਰੇ, ਲਾਇਬ੍ਰੇਰੀ ਅਤੇ ਅਜਾਇਬ ਘਰ ਬਣਾਏ ਗਏ ਹਨ। ਉਸ ਅਨੁਸਾਰ ਇਹ ਅਜੇ ਸਮੁੱਚੇ ਪ੍ਰਾਜੈਕਟ ਦਾ ਪਹਿਲਾ ਪੜਾਅ ਹੈ, ਜਿਸ ਵਿਚ 404 ਏਕੜ ਜ਼ਮੀਨ ਤਿਆਰ ਕੀਤੀ ਗਈ ਹੈ। ਸੰਗਤ ਦੀ ਚੈਕਿੰਗ ਲਈ ਬਾਇਓਮੀਟ੍ਰਿਕ ਪ੍ਰਣਾਲੀ ਹੈ ਅਤੇ ਚੈਕਿੰਗ ਤੋਂ ਅੱਗੇ ਜੋੜਾ ਘਰ ਹੈ। ਲਾਂਘੇ ਰਾਹੀ ਆਉਣ ਵਾਲੇ ਸ਼ਰਧਾਲੂਆਂ ਨੂੰ ਉਸੇ ਦਿਨ ਮਿਥੇ ਸਮੇਂ ਅਨੁਸਾਰ ਵਾਪਿਸ ਜਾਣਾ ਪਵੇਗਾ ਪਰ ਵੀਜ਼ਾ ਲੈ ਕੇ ਆਉਣ ਵਾਲੇ ਸ਼ਰਧਾਲੂ ਆਪਣੀ ਮਰਜ਼ੀ ਮੁਤਾਬਕ ਰਹਿ ਸਕਣਗੇ। ਲਾਂਘੇ ਦੇ ਮੁੱਖ ਗੇਟ ਤੋਂ ਸੰਗਤ ਨੂੰ ਲਿਆਉਣ ਲਈ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ ਪਰ ਸ਼ਰਧਾ ਕਾਰਨ ਕੋਈ ਪੈਦਲ ਆਉਣਾ ਚਾਹੇ ਤਾਂ ਆ ਸਕਦਾ ਹੈ।

ਡਾਇਰੈਕਟਰ ਆਤਿਫ ਮਜੀਦ ਮੁਤਾਬਕ ਇਸ ਪ੍ਰਾਜੈਕਟ ਦਾ ਦੂਜਾ ਪੜਾਅ ਮਿਲਾ ਕੇ 800 ਏਕੜ ਜ਼ਮੀਨ ਵਿਚ ਇਹ ਪ੍ਰਾਜੈਕਟ ਮੁਕੰਮਲ ਹੋਵੇਗਾ। ਦੂਜੇ ਪੜਾਅ ਵਿਚ ਹੋਟਲ, ਦੁਕਾਨਾਂ ਆਦਿ ਹੋਣਗੇ, ਜਿਨ੍ਹਾਂ ਵਿਚ ਨਿਵੇਸ਼ ਕਰਨ ਲਈ ਦੁਨੀਆਂ ਭਰ ਦੇ ਸਿੱਖਾਂ ਨੂੰ ਖੁੱਲ੍ਹ ਹੋਵੇਗੀ।

ਲਾਂਘਾ ਖੁੱਲ੍ਹਣ ਦਾ ਦਿਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਰੱਖਿਆ ਗਿਆ। ਗੁਰੂ ਜੀ ਦਾ ਜਨਮ 1469 ਵਿਚ ਹੋਇਆ। ਉਨ੍ਹਾਂ ਦੇ ਜੀਵਨ ਕਾਲ ਨੂੰ ਮੁੱਖ ਤੌਰ 'ਤੇ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ। 1469-1496 ਤੱਕ 27 ਸਾਲ ਤੱਕ ਉਹ ਲੋਕਾਂ ਵਿਚ ਰਹੇ। 1496-1522 ਤੱਕ ਉਨ੍ਹਾਂ ਚਾਰ ਉਦਾਸੀਆਂ ਕੀਤੀਆਂ। ਇਸ ਤੋਂ ਬਾਅਦ 1522 ਤੋਂ 1539 ਤੱਕ ਕਰਤਾਰਪੁਰ ਖੇਤੀ ਕਰਨ ਅਤੇ ਲੋਕਾਂ ਨੂੰ ਕਿਰਤ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਜਿਥੇ ਜ਼ਿੰਦਗੀ ਦੇ ਮੁਢਲੇ ਪੜਾਅ ਵਿਚ ਹੀ ਜਨੇਊ ਅਤੇ ਹੋਰ ਕਈ ਥੋਥੇ ਕਰਮ-ਕਾਂਡਾਂ ਦਾ ਵਿਰੋਧ ਕੀਤਾ, ਉਥੇ ਚੜ੍ਹਦੀ ਜੁਆਨੀ ਵਿਚ ਕਿਸੇ ਕਾਰੋਬਾਰ ਲਈ ਦਿੱਤੇ ਵੀਹ ਰੁਪਏ ਭੁੱਖੇ ਤਿਹਾਏ ਲੋਕਾਂ ਨੂੰ ਭੋਜਨ ਛਕਾਉਣ ਲਈ ਖਰਚ ਕੇ ਭੁੱਖੇ ਪਿਆਸਿਆਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਲੋਕਾਂ ਲਈ ਨਵੀਂ ਲੀਹ ਪਾਈ। ਉਨ੍ਹਾਂ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਜਾਤ-ਪਾਤ, ਸੁੱਚ-ਭਿੱਟ, ਸੂਤਕ-ਪਾਤਕ ਆਦਿ ਤੋਂ ਲੋਕਾਂ ਨੂੰ ਦੂਰ ਕਰਨ ਲਈ ਲੋਕਾਂ ਨਾਲ ਥਾਂ-ਥਾਂ ਸੰਵਾਦ ਰਚਾ ਕੇ ਲੋਕਾਂ ਨੂੰ ਇਨ੍ਹਾਂ ਸਮਾਜਕ ਬੁਰਾਈਆਂ 'ਚੋਂ ਕੱਢਣ ਦਾ ਯਤਨ ਕੀਤਾ।



ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿਚ ਖੜੋਂਦਿਆਂ ਔਰਤ ਨੂੰ ਮੰਦਾ ਕਹਿਣ ਅਤੇ ਔਰਤ ਨਾਲ ਦੁਰਵਿਹਾਰ ਕਰਨ ਵਾਲਿਆਂ ਨੂੰ ਫਿਟਕਾਰ ਪਾਈ। ਉਨ੍ਹਾਂ ਜਿਥੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ, ਉਥੇ ਕੂੜ ਦੇ ਵਪਾਰ ਨੂੰ ਲੱਤ ਮਾਰੀ। ਉਨ੍ਹਾਂ ਸਮਾਜਕ ਅਤੇ ਸ਼ਖਸੀ ਤੌਰ 'ਤੇ ਜ਼ੋਰ ਦਿੰਦਿਆਂ ਸਚਿਆਰਾ ਹੋਣ ਦਾ ਹੋਕਾ ਦਿੱਤਾ। ਉਨ੍ਹਾਂ ਸਦਾ ਹੀ ਮਨੁੱਖਤਾ ਦੀ ਗੱਲ ਕੀਤੀ ਅਤੇ ਗ੍ਰਹਿਸਥ ਜੀਵਨ ਨੂੰ ਪਹਿਲ ਦਿੰਦਿਆਂ ਉਨ੍ਹਾਂ ਲੋਕਾਂ ਦਾ ਵਿਰੋਧ ਕੀਤਾ ਜੋ ਘਰ-ਬਾਰ ਛੱਡ, ਜੰਗਲਾਂ ਵਿਚ ਜਾ, ਸਿਰ ਸਵਾਹ ਪਾ, ਘੱਟ ਕੱਪੜੇ ਪਾ ਕੇ ਅਤੇ ਭੁੱਖੇ ਰਹਿ ਕੇ ਭਗਤੀ ਕਰਨ ਦਾ ਅਡੰਬਰ ਰਚਦੇ ਸਨ। ਉਨ੍ਹਾਂ 'ਉਦਾਰ ਸੱਚ ਆਚਾਰ' ਦਾ ਹੋਕਾ ਦਿੱਤਾ ਅਤੇ ਕਿਹਾ ਕਿ ਨਾ ਹਿੰਦੂ ਵੱਡਾ ਹੈ, ਨਾ ਮੁਸਲਮਾਨ, ਚੰਗੇ ਕੰਮ ਕਰਨ ਵਾਲਾ ਬੰਦਾ ਹੀ ਵੱਡਾ ਹੁੰਦਾ ਹੈ। ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਦਿੰਦਿਆਂ ਉਨ੍ਹਾਂ ਪਰਾਇਆ ਹੱਕ ਖਾਣ ਨੂੰ ਹਿੰਦੂ ਲਈ ਗਊ ਅਤੇ ਮੁਸਲਮਾਨ ਲਈ ਸੂਰ ਦਾ ਮਾਸ ਖਾਣ ਦੇ ਬਰਾਬਰ ਦੱਸਿਆ।

ਗੁਰੂ ਜੀ ਨੇ ਮਨੁੱਖ ਨੂੰ ਨਿਮਰਤਾ ਦਾ ਗੁਣ ਧਾਰਨ ਲਈ ਆਖਦਿਆਂ 'ਨਿਵੈ ਸੁ ਗਉਰਾ ਹੋਇ' ਦਾ ਉਪਦੇਸ਼ ਦਿੱਤਾ। ਉਨ੍ਹਾਂ ਸੰਦੇਸ਼ ਦਿੱਤਾ ਕਿ ਕਿਸੇ ਨਾਲ ਫਿੱਕਾ ਯਾਨਿ ਮੰਦਾ ਬੋਲਣ ਨਾਲ ਮਨੁੱਖ ਦੀ ਆਪਣੀ ਸ਼ਖਸੀਅਤ ਵਿਚ ਫਿਕ ਆ ਜਾਂਦੀ ਹੈ ਅਤੇ ਮੰਦੇ ਗੁਣਾਂ ਵਾਲਾ ਬੰਦਾ ਭਾਵੇਂ ਜਿੰਨੇ ਮਰਜ਼ੀ ਤੀਰਥਾਂ 'ਤੇ ਇਸ਼ਨਾਨ ਕਰ ਆਵੇ, ਉਸ ਦੇ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ। ਗੁਰੂ ਜੀ ਨੇ ਬਾਬਰ ਵਰਗੇ ਪਾਪੀ, ਜ਼ਾਲਮ ਅਤੇ ਅਧਰਮੀ ਰਾਜਿਆਂ ਦਾ ਡਟ ਕੇ ਵਿਰੋਧ ਕੀਤਾ ਅਤੇ ਪੁਜਾਰੀਆਂ, ਮੁੱਲਾਂ, ਪੰਡਿਤਾਂ ਤੇ ਪਾਖੰਡੀ ਸਾਧਾਂ, ਜੋ ਲੋਕਾਂ ਨੂੰ ਮਨੋਕਾਮਨਾਵਾਂ ਪੂਰੀਆਂ ਕਰਨ ਅਤੇ ਸਵਰਗਾਂ ਵਿਚ ਭੇਜਣ ਦੇ ਲਾਰੇ ਲਾਉਂਦੇ ਸਨ, ਦੇ ਪਖੰਡਾਂ ਅਤੇ ਝੂਠ ਦੀ ਚਾਦਰ ਨੂੰ ਲੀਰੋ-ਲੀਰ ਕਰਦਿਆਂ ਉਨ੍ਹਾਂ ਵਿਰੁਧ ਲੋਕ ਰਾਏ ਉਸਾਰਨ ਦਾ ਕੰਮ ਕੀਤਾ। ਉਨ੍ਹਾਂ ਜਪੁ ਜੀ ਸਾਹਿਬ, ਸਿਧ ਗੋਸਟਿ, ਆਸਾ ਦੀ ਵਾਰ, ਮਾਝ ਦੀ ਵਾਰ, ਮਲਾਰ ਦੀ ਵਾਰ, ਸੋਹਲੇ, ਬਾਰਾਮਾਹ, ਤੁਖਾਰੀ ਆਦਿ ਦੀ ਰਚਨਾ ਕੀਤੀ। ਗੁਰੂ ਜੀ ਦੀ ਬਾਣੀ ਨੂੰ ਬਾਰੀਕੀ ਨਾਲ ਸਮਝਿਆ ਜਾਵੇ ਤਾਂ ਉਹ ਭਾਰਤ ਦੇ ਸਮੁੱਚੇ ਮੱਧਕਾਲ ਵਿਚ ਲੋਕਾਂ ਦੀਆਂ ਸਮਾਜਕ ਤੇ ਸਿਆਸੀ ਚੁਣੌਤੀਆਂ ਦਾ ਉਤਰ ਹੈ ਅਤੇ ਇਸ ਵਿਚ ਸਮੁੱਚੀ ਮਾਨਵਤਾ ਲਈ ਸਦਭਾਵਨਾ ਦਾ ਸੰਦੇਸ਼ ਹੈ।

ਗੁਰੂ ਜੀ ਨੇ ਮਨੁੱਖ ਨੂੰ ਆਪਣਾ ਆਪ ਪਛਾਣ ਕੇ ਮਾੜੀਆਂ ਆਦਤਾਂ ਛੱਡਣ ਦਾ ਸੰਦੇਸ਼ ਦਿੰਦਿਆਂ ਸੱਚੀ ਕਿਰਤ ਕਮਾਈ ਕਰਕੇ ਜ਼ਿੰਦਗੀ ਦਾ ਮਨੋਰਥ ਪੂਰਾ ਕਰਨ ਲਈ ਪ੍ਰੇਰਿਆ। ਉਨ੍ਹਾਂ ਦੀ ਬਾਣੀ ਵਿਚ ਮਨੁੱਖ ਕੀ ਹੈ, ਜ਼ਿੰਦਗੀ ਦਾ ਉਦੇਸ਼ ਕੀ ਹੈ ਅਤੇ ਜਵੀਨ ਜਾਂਚ ਕੀ ਹੈ, ਦੀ ਵਿਆਖਿਆ ਕੀਤੀ ਗਈ ਹੈ। ਗੁਰੂ ਜੀ ਨੇ ਆਪਣੇ ਜੀਵਨ ਕਾਲ ਵਿਚ 'ਰਾਜਾ ਰੱਬ ਦਾ ਰੂਪ ਹੈ, ਉਸ ਦੀ ਕਿਸੇ ਗੱਲ 'ਤੇ ਕਿੰਤੂ ਨਹੀਂ ਹੋ ਸਕਦਾ' ਦੀ ਧਾਰਨਾ ਨੂੰ ਦ੍ਰਿੜਤਾ ਨਾਲ ਰੱਦ ਕੀਤਾ ਅਤੇ ਰਾਜਿਆਂ ਦੇ ਲੋਕਾਂ ਦਾ ਸੇਵਕ ਬਣਨ ਲਈ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਮਾਰੂ ਰਾਗ ਵਿਚ 'ਰਾਜਾ ਵਖਤਿ ਟਿਕੈ ਗੁਣੀ ਪੰਚਾਇਣ ਰਤੁ॥' ਅਤੇ 'ਆਪੈ ਰਾਜਨਿ ਪੰਚਾਕਾਰੀ॥' ਭਾਵ ਰਾਜਾ ਲੋਕਾਂ ਦੀ ਸਲਾਹ ਲਵੇ ਤਾਂ ਲੰਮਾ ਸਮਾਂ ਰਾਜ ਕਰ ਸਕਦਾ ਹੈ, ਦਾ ਸੰਦੇਸ਼ ਦਿੱਤਾ।

ਉਸ ਸਮੇਂ ਦੇ ਭ੍ਰਿਸ਼ਟ, ਬਦਇਖਲਾਕ ਰਾਜਿਆਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ 'ਰਾਜੇ ਸੀਹ ਮੁਕਦਮ ਕੁਤੇ' ਤੱਕ ਕਿਹਾ ਅਤੇ ਜਿਥੇ ਬੇਕਸੂਰ, ਨਿਹੱਥੇ ਅਤੇ ਗਰੀਬ ਲੋਕਾਂ 'ਤੇ ਜ਼ੁਲਮ ਦਾ ਵਿਰੋਧ ਕੀਤਾ, ਉਥੇ ਬਾਬਰ ਵਲੋਂ ਲੋਕਾਂ 'ਤੇ ਕੀਤੇ ਜ਼ੁਲਮਾਂ ਕਾਰਨ ਗੁਰੂ ਜੀ ਦੀ ਰੂਹ ਕੁਰਲਾ ਉਠੀ ਅਤੇ ਇਸ ਜ਼ੁਲਮ ਲਈ ਉਨ੍ਹਾਂ ਰੱਬ ਨੂੰ ਵੀ ਉਲਾਂਭਾ ਦਿੱਤਾ। ਉਨ੍ਹੀਂ ਦਿਨੀਂ ਤਾਂ ਜ਼ਾਲਮ ਰਾਜਿਆਂ ਅਤੇ ਉਨ੍ਹਾਂ ਦੇ ਪਿੱਠੂ ਕਾਜ਼ੀਆਂ ਵਿਰੁਧ ਕੋਈ ਕੁਸਕਦਾ ਤੱਕ ਨਹੀਂ ਸੀ, ਪਰ ਬਾਬੇ ਨਾਨਕ ਨੇ 'ਕਾਜੀ ਹੋਏ ਰਿਸਵਤੀ ਵੱਢੀ ਲੈ ਕੇ ਹਕ ਗਵਾਈ' ਕਹਿ ਕੇ ਕਾਜ਼ੀਆਂ ਨੂੰ ਲੋਕਾਂ ਦੇ ਕਟਹਿਰੇ ਵਿਚ ਨੰਗਿਆਂ ਕੀਤਾ।

ਗੁਰੂ ਜੀ ਦੀ ਬਾਣੀ ਤੋਂ ਸਪਸ਼ਟ ਹੁੰਦਾ ਹੈ ਕਿ ਮਨੁੱਖ ਨੂੰ ਸਚਿਆਰਾ ਬਣਨ ਲਈ ਆਪਣੀ ਸੰਕੀਰਨ ਸੋਚ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਕੁਦਰਤ ਦੇ ਸੱਚ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਭੈ ਤੇ ਵੈਰ ਮਨੁੱਖ ਦਾ ਵਿਨਾਸ਼ ਕਰ ਦਿੰਦੇ ਹਨ ਅਤੇ ਇਨ੍ਹਾਂ ਦੇ ਖਾਤਮੇ ਤੋਂ ਬਿਨਾ ਸੱਚ ਨਾਲ ਜੁੜਿਆ ਨਹੀਂ ਜਾ ਸਕਦਾ। ਮਨੁੱਖ ਸਭ ਜੀਵਾਂ ਤੋਂ ਉਤਮ ਹੈ ਅਤੇ ਉਹ ਨਿਰਵੈਰ ਹੋ ਕੇ ਹੀ ਆਪਣੀ ਉਚਤਾ ਦਾ ਅਹਿਸਾਸ ਕਰਵਾ ਸਕਦਾ ਹੈ।

ਗੁਰੂ ਜੀ ਦੀ ਬਾਣੀ ਦਾ ਵਿਰੋਧ ਹਾਕਮਾਂ ਦੇ ਅੱਯਾਸ਼ ਹੋਣ ਤੇ ਭੋਗਵਿਲਾਸੀ ਅਤੇ ਸੰਸਾਰਕ ਪਦਾਰਥਾਂ ਨੂੰ ਕੇਵਲ ਖਾਊ-ਹੰਢਾਊ ਸਭਿਆਚਾਰ ਲਈ ਵਰਤਣ ਤੇ ਜਨਤਾ ਦੇ ਦੁੱਖਾਂ ਦੀ ਬੇਧਿਆਨੀ ਦੇ ਵਤੀਰੇ ਨਾਲ ਹੈ। ਰਾਜਿਆਂ ਦੇ ਇਸ ਵਿਹਾਰ ਨੂੰ 'ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ' ਕਹਿ ਕੇ ਭੰਡਿਆ। ਮਾਇਆ ਤੋਂ ਬਿਨਾ ਮਨੁੱਖੀ ਜ਼ਿੰਦਗੀ ਦਾ ਚੱਲਣਾ ਔਖਾ ਹੈ ਪਰ ਪਾਪ ਨਾਲ ਕਮਾਈ ਮਾਇਆ ਮਾਣਸ-ਖਾਣੇ ਬਣਾਉਂਦੀ ਹੈ, ਇਹ ਮਾਨਵੀ ਅਸੂਲਾਂ ਨੂੰ ਖੋਰਦੀ ਤੇ ਮਾਨਵੀ ਮੋਹ-ਪਿਆਰ ਨੂੰ ਜੜ੍ਹੋਂ ਪੁੱਟ ਦਿੰਦੀ ਹੈ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਮਾੜਾ ਖਾਣ ਜਿਸ ਨਾਲ ਮਨ ਵਿਚ ਵਿਕਾਰ ਪੈਦਾ ਹੋਣ, ਮਾੜਾ ਪਹਿਨਣ ਅਤੇ ਮਾੜਾ ਬੋਲਣ ਦਾ ਵਿਰੋਧ ਕੀਤਾ। ਉਨ੍ਹਾਂ ਮਨੁੱਖ ਨੂੰ ਸਮਝਾਇਆ ਕਿ ਦੁਨੀਆਂ ਨੂੰ ਜਿੱਤਣ ਤੋਂ ਪਹਿਲਾਂ ਉਸ ਨੂੰ ਆਪਣਾ ਮਨ ਜਿੱਤਣਾ ਚਾਹੀਦਾ ਹੈ। ਉਨ੍ਹਾਂ ਸੱਜਣ ਠੱਗ, ਕੌਡੇ ਰਾਖਸ਼, ਵਲੀ ਕੰਧਾਰੀ ਅਤੇ ਮਲਕ ਭਾਗੋ ਨੂੰ ਪਾਪ ਦਾ ਰਾਹ ਛੱਡਣ ਲਈ ਸਹਿਮਤ ਕਰਦਿਆਂ ਉਨ੍ਹਾਂ ਦੀ ਜ਼ਿੰਦਗੀ ਦਾ ਰਸਤਾ ਹੀ ਬਦਲ ਦਿੱਤਾ। ਹਰਦੁਆਰ, ਕੁਰੂਕਸ਼ੇਤਰ ਅਤੇ ਮੱਕੇ ਜਾ ਕੇ ਫੋਕੇ ਕਰਮ-ਕਾਂਡ ਕਰਨ ਵਾਲਿਆਂ ਨੂੰ ਸਹੀ ਰਸਤੇ 'ਤੇ ਲਿਆਂਦਾ।

1522 ਵਿਚ ਉਨ੍ਹਾਂ ਕਰਤਾਰਪੁਰ ਵਿਚ ਪੱਕਾ ਨਿਵਾਸ ਕਰ ਲਿਆ ਅਤੇ ਅੰਤਿਮ ਸਵਾਸਾਂ ਤੱਕ ਉਥੇ ਹੀ ਰਹੇ। ਉਥੇ ਗੁਰੂ ਜੀ ਨੇ ਖੇਤੀ ਕਰਕੇ ਲੋਕਾਂ ਨੂੰ ਕਿਰਤ ਕਰਨ ਦਾ ਸੁਨੇਹਾ ਦਿੱਤਾ। ਇਥੇ ਹੀ ਉਹ ਗੁਰਦੁਆਰਾ ਹੈ, ਜਿਸ ਦੇ ਦਰਸ਼ਨਾਂ ਲਈ ਲੋਕ ਚਿਰਾਂ ਤੋਂ ਤਾਂਘ ਰਹੇ ਸਨ।

ਉਪਰੋਕਤ ਪਿਛੋਕੜ ਵਿਚ ਅੱਜ ਵਿਚਾਰ ਕਰਨ ਦੀ ਲੋੜ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਸਿਹਰਾ ਲੈਣ ਵਾਲੇ ਲੋਕ ਕੌਣ ਹਨ। ਜਦ ਪਾਕਿਸਤਾਨ ਤੋਂ ਸਹੁੰ ਚੁੱਕ ਸਮਾਗਮ ਤੋਂ ਪਰਤਦਿਆਂ ਨਵਜੋਤ ਸਿੰਘ ਸਿੱਧੂ ਨੇ ਲਾਂਘਾ ਖੋਲ੍ਹਣ ਦੇ ਪਾਕਿਸਤਾਨ ਦੇ ਫੈਸਲੇ ਦਾ ਜ਼ਿਕਰ ਕੀਤਾ ਸੀ ਤਾਂ ਕੈਪਟਨ ਅਮਰਿੰਦਰ ਸਿੰਘ, ਅਕਾਲੀ ਅਤੇ ਭਾਜਪਾ ਲੀਡਰਾਂ ਨੇ ਨਵਜੋਤ ਸਿੱਧੂ 'ਤੇ ਤਿੱਖੇ ਹਮਲੇ ਕੀਤੇ ਸਨ। ਸਹੁੰ ਚੁੱਕ ਸਮਾਗਮ ਸਮੇਂ ਪਾਕਿਸਤਾਨ ਦੇ ਫੌਜ ਮੁਖੀ ਨਾਲ ਪਾਈ ਉਨ੍ਹਾਂ ਦੀ ਜੱਫੀ ਅਤੇ ਸਮਾਗਮ ਵਿਚ ਨਵਜੋਤ ਲਾਗੇ ਬੈਠੇ ਲੋਕਾਂ ਬਾਰੇ ਬੜਾ ਰੌਲਾ ਪਾਇਆ। ਕੇਂਦਰੀ ਮੰਤਰੀ ਅਤੇ ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਨੇ ਬਹੁਤ ਘਟੀਆ ਇਲਜ਼ਾਮ-ਤਰਾਸ਼ੀ ਕੀਤੀ ਅਤੇ ਸਿੱਧੂ ਦੇ ਪਾਕਿਸਤਾਨ ਜਾਣ 'ਤੇ ਵੀ ਇਤਰਾਜ਼ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਵੀ ਅਜਿਹਾ ਇਤਰਾਜ਼ ਕੀਤਾ ਸੀ।

ਉਂਜ, ਛੇਤੀ ਬਾਅਦ ਜਦ ਪਾਕਿਸਤਾਨ ਨੇ ਲਾਂਘਾ ਉਸਾਰੀ ਦਾ ਨੀਂਹ ਪੱਥਰ ਰੱਖਣਾ ਸੀ ਤਾਂ ਨਵਜੋਤ ਸਿੱਧੂ ਤੋਂ ਇਲਾਵਾ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਹਰਸਿਮਰਤ ਕੌਰ ਬਾਦਲ ਵੀ ਉਥੇ ਗਏ। ਹਰਸਿਮਰਤ ਨੇ ਜੋ ਕੁਝ ਪਹਿਲਾਂ ਬੋਲਿਆ ਸੀ, ਉਸ 'ਤੇ ਨਮੋਸ਼ੀ ਤਾਂ ਜ਼ਰੂਰ ਮਹਿਸੂਸ ਕੀਤੀ ਹੋਵੇਗੀ! ਪਾਕਿਸਤਾਨ ਤੋਂ ਇਕ ਦਿਨ ਪਹਿਲਾਂ ਭਾਰਤ ਨੇ ਵੀ ਲਾਂਘੇ ਦੀ ਤਿਆਰੀ ਲਈ ਨੀਂਹ ਪੱਥਰ ਰੱਖਣ ਦਾ ਪ੍ਰੋਗਰਾਮ ਬਣਾਇਆ। ਉਸ ਸਮਾਗਮ ਵਿਚ ਉਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਹਾਜ਼ਰ ਸਨ। ਉਸ ਸਮਾਗਮ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਬੜੀ ਘਟੀਆ ਤਕਰੀਰ ਕਰਦਿਆਂ ਮੁੱਦੇ ਤੋਂ ਲਾਂਭੇ ਜਾ ਕੇ ਪਾਕਿਸਤਾਨ ਨੂੰ ਧਮਕੀਆਂ ਦਿੱਤੀਆਂ। ਹੁਣ ਲਾਂਘਾ ਖੁੱਲ੍ਹਣ ਵਾਲੇ ਦਿਨ ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿਚ ਵੀ ਕੈਪਟਨ ਨੇ ਮੁੱਦੇ ਤੋਂ ਹਟ ਕੇ ਪਾਕਿਸਤਾਨ ਵਿਰੁਧ ਬੇਲੋੜੀ ਬਿਆਨਬਾਜ਼ੀ ਕੀਤੀ। ਲੋਕਾਂ ਵਿਚ ਚਰਚਾ ਹੈ ਕਿ ਕੈਪਟਨ ਦੀ ਕਿਹੜੀ ਕਮਜ਼ੋਰੀ ਕੇਂਦਰ ਦੀ ਭਾਜਪਾ ਸਰਕਾਰ ਕੋਲ ਹੈ, ਜੋ ਇਹ ਭਾਜਪਾ-ਪੱਖੀ ਬਿਆਨ ਦਿੰਦੇ ਰਹਿੰਦੇ ਹਨ।

ਚਰਚਾ ਇਹ ਵੀ ਹੈ ਕਿ ਕੈਪਟਨ ਨਹੀਂ ਸੀ ਚਾਹੁੰਦਾ ਕਿ ਲਾਂਘਾ ਖੁੱਲ੍ਹੇ ਅਤੇ ਨਵਜੋਤ ਸਿੱਧੂ ਨੂੰ ਇਸ ਦਾ ਸਿਹਰਾ ਮਿਲੇ, ਪਰ ਉਹ ਇਸ ਵਿਚ ਕਾਮਯਾਬ ਨਹੀਂ ਹੋ ਸਕਿਆ। ਹੁਣ ਉਹ ਭਾਜਪਾ ਨੂੰ ਖੁਸ਼ ਕਰਨ ਲਈ ਬੇਲੋੜੇ ਅਤੇ ਬੇਵਕਤ ਬਿਆਨ ਦੇ ਰਿਹਾ ਹੈ। ਇਹੀ ਹਾਲ ਅਕਾਲੀ-ਭਾਜਪਾ ਆਗੂਆਂ ਦਾ ਹੈ, ਪਰ ਲੋਕਾਂ ਨੇ ਲਾਂਘਾ ਖੁੱਲ੍ਹਣ ਦਾ ਸਿਹਰਾ ਨਵਜੋਤ ਸਿੰਘ ਸਿੱਧੂ ਅਤੇ ਇਮਰਾਨ ਖਾਨ ਦੇ ਸਿਰ ਹੀ ਸਜਾਇਆ ਹੈ। ਇਸ ਤੋਂ ਬਾਅਦ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਦਾ ਨਾਂ ਆਉਂਦਾ ਹੈ।

ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣਾ ਚੰਗੀ ਗੱਲ ਹੈ, ਪਰ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਪ੍ਰੋਗਰਾਮ ਨੂੰ ਜਿੰਨਾ ਖਰਚੀਲਾ ਬਣਾ ਦਿੱਤਾ, ਇਹ ਗੁਰੂ ਜੀ ਦੀਆਂ ਸਿਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਮੇਲ ਨਹੀਂ ਖਾਂਦਾ। ਦੋਹਾਂ ਧਿਰਾਂ ਨੇ ਸਿਹਰਾ ਆਪਣੇ ਸਿਰ ਲੈਣ, ਸਿੱਖਾਂ ਦੇ ਵੱਧ ਹਿਤੈਸ਼ੀ ਸਾਬਤ ਕਰਨ ਦੀ ਦੌੜ ਵਿਚ ਸਰਕਾਰੀ ਖਜਾਨੇ ਅਤੇ ਗੋਲਕ ਵਿਚ ਪਏ ਲੋਕਾਂ ਦੇ ਪੈਸੇ ਨੂੰ ਪਾਣੀ ਵਾਂਗ ਰੋੜ੍ਹਿਆ। 10-10, 15-15 ਕਰੋੜ ਸਟੇਜਾਂ 'ਤੇ ਲੱਗ ਗਿਆ।

ਕੀ ਮੁੱਖ ਮੰਤਰੀ, ਮੰਤਰੀ ਤੇ ਅਫਸਰ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ, ਅਹੁਦੇਦਾਰ ਤੇ ਅਧਿਕਾਰੀ ਗੁਰੂ ਨਾਨਕ ਦੀਆਂ ਸਿਖਿਆਵਾਂ 'ਤੇ ਚੱਲਦੇ ਹਨ? ਇਨ੍ਹਾਂ ਬਾਰੇ ਅਖਬਾਰਾਂ ਵਿਚ ਅਕਸਰ ਸੁਰਖੀਆਂ ਛਪਦੀਆਂ ਹੀ ਰਹਿੰਦੀਆਂ ਹਨ, ਜਿਨ੍ਹਾਂ ਤੋਂ ਇਨ੍ਹਾਂ ਦੇ ਕਿਰਦਾਰ ਦਾ ਪਤਾ ਲਗਦਾ ਰਹਿੰਦਾ ਹੈ। ਜਾਪਦਾ ਹੈ, ਗੁਰੂ ਨਾਨਕ ਦੀ 'ਰਾਜੇ ਸੀਹ ਮੁਕਦਮ ਕੁਤੇ' ਵਾਲੀ ਤੁਕ ਅੱਜ ਵੀ ਪ੍ਰਸੰਗਕ ਹੈ।

1969 ਵਿਚ ਗੁਰੂ ਨਾਨਕ ਦਾ 500 ਸਾਲਾ ਪ੍ਰਕਾਸ਼ ਪੁਰਬ ਮਨਾਇਆ ਗਿਆ ਸੀ। ਉਦੋਂ ਪੰਜਾਬ ਦੇ ਮੁੱਖ ਮੰਤਰੀ (ਜਸਟਿਸ) ਗੁਰਨਾਮ ਸਿੰਘ ਸਨ। ਇਸ ਪੁਰਬ ਦੀ ਯਾਦ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਥਾਪਨਾ ਹੋਈ ਸੀ, ਪਰ ਇਸ ਵਾਰ ਸਿਵਾਏ ਭਾਸ਼ਣਾਂ ਦੇ ਕੁਝ ਵੀ ਨਹੀਂ ਹੋਇਆ। ਇਨ੍ਹਾਂ ਦੋਹਾਂ ਧਿਰਾਂ ਨੇ 550ਵੇਂ ਪ੍ਰਕਾਸ਼ ਪੁਰਬ ਦੀ ਯਾਦ ਵਿਚ ਹਸਪਤਾਲ ਖੋਲ੍ਹੇ ਹੁੰਦੇ, ਸਿਖਿਆ ਦੇ ਖੇਤਰ ਵਿਚ ਪੈਸਾ ਖਰਚ ਕੀਤਾ ਹੁੰਦਾ, ਸਰਕਾਰ ਬੇਰੁਜ਼ਗਾਰਾਂ ਨੂੰ ਸਰਕਾਰੀ ਵਿਭਾਗਾਂ ਵਿਚ ਨੌਕਰੀਆਂ ਦਿੰਦੀ, ਕਿਸਾਨਾਂ ਨੂੰ ਕੋਈ ਸਹੂਲਤ ਦਿੱਤੀ ਜਾਂਦੀ ਤਾਂ ਉਹ ਬਿਹਤਰ ਸੀ। ਗੁਰੂ ਦੀ ਗੋਲਕ ਦਾ ਮੂੰਹ ਗਰੀਬ ਵਲ ਹੋਣਾ ਚਾਹੀਦਾ ਸੀ, ਪਰ ਅਜਿਹਾ ਹੋਇਆ ਨਹੀਂ।

ਕਈ ਧਾਰਮਿਕ ਅਤੇ ਸਿਆਸੀ ਲੀਡਰਾਂ ਨੇ ਵਿੰਗੇ-ਟੇਢੇ ਢੰਗਾਂ ਨਾਲ ਬੇਬਹਾ ਜਾਇਦਾਦ ਬਣਾਈ ਹੋਈ ਹੈ, ਜਿਸ ਨੂੰ ਬਾਬਾ ਨਾਨਕ ਪਾਪ ਦੀ ਕਮਾਈ ਆਖਦੇ ਸਨ। ਜਾਤ-ਪਾਤ ਨੂੰ ਹਵਾ ਦੇ ਕੇ ਇਨ੍ਹਾਂ ਲੋਕਾਂ ਨੇ ਧਾਰਮਿਕ ਸਥਾਨਾਂ ਹੀ ਨਹੀਂ, ਮੜ੍ਹੀਆਂ ਤੱਕ ਨੂੰ ਵੰਡ ਦਿੱਤਾ ਹੈ। ਫਿਰ ਇਹ ਗੁਰੂ ਨਾਨਕ ਦੇ ਸ਼ਰਧਾਲੂ ਕਿਵੇਂ ਹੋਏ?

ਸ਼੍ਰੋਮਣੀ ਕਮੇਟੀ ਨੇ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਹੀ ਪਿੱਠ ਨਹੀਂ ਦਿੱਤੀ, ਉਨ੍ਹਾਂ ਦੀਆਂ ਪੁਰਾਤਨ ਨਿਸ਼ਾਨੀਆਂ ਵੀ ਮਿਟਾਈਆਂ ਜਾ ਰਹੀਆਂ ਹਨ। ਸੁਲਤਾਨਪੁਰ ਲੋਧੀ ਵਿਚ ਬੇਬੇ ਨਾਨਕੀ ਦੇ ਘਰ ਦੀ ਪੁਰਾਤਨ ਇਮਾਰਤ ਢਾਹ ਕੇ ਵਧੀਆ ਘਰ ਬਣਾ ਦਿੱਤਾ ਗਿਆ ਹੈ। ਉਹ ਮਸੀਤ ਜਿਥੇ ਗੁਰੂ ਜੀ ਨੇ ਨਮਾਜ਼ ਅਦਾ ਕਰਨ ਵਾਲਿਆਂ ਨਾਲ ਸੰਵਾਦ ਰਚਾਇਆ ਸੀ, ਢਾਹ ਕੇ ਉਥੇ ਗੁਰਦੁਆਰਾ ਬਣਾ ਦਿੱਤਾ ਹੈ। ਗੁਰੂ ਕਾ ਬਾਗ, ਜਿਥੇ ਵਿਆਹ ਤੋਂ ਬਾਅਦ ਗੁਰੂ ਜੀ ਰਹੇ ਅਤੇ ਦੋ ਬੱਚੇ ਵੀ ਪੈਦਾ ਹੋਏ, ਵੀ ਢਾਹ ਕੇ ਗੁਰਦੁਆਰਾ ਬਣਾ ਦਿੱਤਾ ਗਿਆ ਹੈ। ਇਕ ਵੇਈਂ ਬਚੀ ਹੈ, ਉਸ ਵਿਚ ਵੀ ਗੰਦਾ ਪਾਣੀ ਪਾਇਆ ਜਾ ਰਿਹਾ ਹੈ। ਹੁਣ ਆਉਣ ਵਾਲੀਆਂ ਨਸਲਾਂ ਦੇਖਣਗੀਆਂ ਕਿ ਬਾਬਾ ਨਾਨਕ ਤਾਂ ਬੜੇ ਆਲੀਸ਼ਾਨ ਘਰ ਵਿਚ ਰਹਿੰਦੇ ਸਨ। ਮਸੀਤ ਤਾਂ ਹੈ ਹੀ ਨਹੀਂ, ਜਿਥੇ ਗੁਰੂ ਜੀ ਨੇ ਨਮਾਜ਼ ਅਦਾ ਕਰਨ ਵਾਲਿਆਂ ਨਾਲ ਸੰਵਾਦ ਕੀਤਾ ਸੀ।

ਗੁਰੂ ਜੀ ਆਪ ਚੱਲ ਕੇ ਲੋਕਾਂ ਕੋਲ ਜਾਂਦੇ ਸਨ ਪਰ ਹੁਣ ਧਾਰਮਿਕ ਅਤੇ ਸਿਆਸੀ ਲੋਕ ਦੁੱਖ ਦੱਸਣ ਘਰ ਆਏ ਬੰਦੇ ਦੀ ਵੀ ਪ੍ਰਵਾਹ ਨਹੀਂ ਕਰਦੇ। ਗੁਰੂ ਜੀ ਦੀ ਸਰਬ ਸਾਂਝੀ ਬਾਣੀ ਦੇ ਖੇਤਰ ਨੂੰ ਵੀ ਕੁਝ ਲੋਕ ਸੀਮਤ ਕਰ ਰਹੇ ਹਨ। ਧਾਰਮਿਕ ਅਤੇ ਸਿਆਸੀ ਆਗੂਆਂ ਦੀ ਮਿਲੀਭੁਗਤ ਦਾ ਐਸਾ ਜਾਲ ਵਿਛਿਆ ਹੋਇਆ ਹੈ ਜਿਸ ਵਿਚ ਫਸੇ ਲੋਕ ਧਾਰਮਿਕ ਅਤੇ ਸਿਆਸੀ ਤੌਰ 'ਤੇ ਅੰਨ੍ਹੀ-ਬੋਲੀ ਭੀੜ ਬਣ ਰਹੇ ਹਨ। ਸ਼ਰਮ ਅਤੇ ਧਰਮ ਅੱਜ ਵੀ ਲੁਕ ਗਏ ਹਨ ਅਤੇ ਕੂੜ ਦਾ ਬੋਲਬਾਲਾ ਹੈ। ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਚ ਲਾਈਆਂ ਸਟੇਜਾਂ ਨੂੰ ਲੋਕਾਂ ਨੇ ਬਹੁਤਾ ਹੁੰਗਾਰਾ ਨਹੀਂ ਭਰਿਆ।

ਅਸੀਂ ਪੰਜਾਬੀ, ਵਿਸ਼ੇਸ਼ ਤੌਰ 'ਤੇ ਸਿੱਖ, ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਲਈ ਜਿਥੇ ਇਮਰਾਨ ਖਾਨ ਅਤੇ ਪਾਕਿਸਤਾਨ ਸਰਕਾਰ ਦੀ ਬੱਲੇ-ਬੱਲੇ ਕਰ ਰਹੇ ਹਾਂ, ਉਥੇ ਪਾਕਿਸਤਾਨ ਦੀਆਂ ਭਾਰਤ ਅਤੇ ਅਤਿਵਾਦੀਆਂ ਪ੍ਰਤੀ ਨੀਤੀਆਂ 'ਤੇ ਖਦਸ਼ੇ ਵੀ ਹਨ। ਪਾਕਿਸਤਾਨ ਇਸ ਲਾਂਘੇ ਨੂੰ ਕਿਸ ਰੂਪ ਵਿਚ ਵਰਤਦਾ ਹੈ, ਇਹ ਆਉਣ ਵਾਲਾ ਸਮਾਂ ਦੱਸੇਗਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਜਿਥੇ ਕਰਤਾਰਪੁਰ ਲਾਂਘਾ ਖੁੱਲ੍ਹਣ ਦਾ ਸੁਆਗਤ ਹੈ, ਉਥੇ ਉਨ੍ਹਾਂ ਦੀਆਂ ਸਿਖਿਆਵਾਂ 'ਤੇ ਚੱਲਣਾ ਵੀ ਜ਼ਰੂਰੀ ਹੈ। ਅੱਜ ਗੁਰਦੁਆਰਿਆਂ ਵਿਚ ਭੀੜਾਂ ਜ਼ਰੂਰ ਹਨ ਪਰ ਬਾਬਾ ਨਾਨਕ ਦਾ ਦੱਸਿਆ ਰਾਹ ਅਜੇ ਖਾਲੀ ਹੈ। ਆਓ ਸਾਰੇ ਉਸ ਰਸਤੇ 'ਤੇ ਚਲਣ ਦਾ ਤਹੱਈਆ ਕਰੀਏ।

# ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਗਿਣਤੀ ਵਧੀ

**ਡੇਰਾ ਬਾਬਾ ਨਾਨਕ:** ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਤੋਂ ਬਾਅਦ ਇਥੇ ਨਤਮਸਤਕ ਹੋਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵਧਣ ਲੱਗੀ ਹੈ। ਜ਼ਿਕਰਯੋਗ ਹੈ ਕਿ 9 ਨਵੰਬਰ ਨੂੰ ਲਾਂਘੇ ਦਾ ਉਦਘਾਟਨ ਹੋਇਆ ਸੀ ਅਤੇ 10 ਨਵੰਬਰ ਤੋਂ ਆਮ ਸ਼ਰਧਾਲੂਆਂ ਲਈ ਲਾਂਘਾ ਖੋਲ੍ਹ ਦਿੱਤਾ ਗਿਆ ਸੀ, ਜਿਸ ਨੂੰ ਲੈ ਕੇ ਸਿੱਖ ਜਗਤ ਅੰਦਰ ਭਾਰੀ ਉਤਸ਼ਾਹ ਸੀ ਪਰ ਇਹ ਉਤਸ਼ਾਹ ਉਦੋਂ ਮੱਠਾ ਪੈ ਗਿਆ ਜਦੋਂ ਦੋਵਾਂ ਦੇਸ਼ਾਂ ਦੇ ਵਿਚਾਲੇ ਹੋਏ ਸਮਝੌਤੇ ਤਹਿਤ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਪਾਸਪੋਰਟ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਗਈ।

ਇਸ ਤੋਂ ਬਿਨਾ ਜਾਗਰੂਕਤਾ ਦੀ ਘਾਟ ਵੀ ਵੱਡਾ ਅੜਿੱਕਾ ਬਣੀ। ਭਾਵੇਂ ਭਾਰਤ ਵਾਲੇ ਪਾਸਿਉਂ ਰੋਜ਼ਾਨਾ 5000 ਹਜ਼ਾਰ ਸ਼ਰਧਾਲੂਆਂ ਨੂੰ ਦਰਸ਼ਨਾਂ ਲਈ ਜਾਣ ਦੀ ਇਜਾਜ਼ਤ ਸੀ ਪਰ ਸ਼ਰਧਾਲੂਆਂ ਦੀ ਗਿਣਤੀ 500 ਦਾ ਅੰਕੜਾ ਪਾਰ ਨਾ ਕਰ ਸਕੀ। ਹੁਣ ਸ਼ਰਧਾਲੂਆਂ ਦੀ ਗਿਣਤੀ ਵਧਣ ਲੱਗੀ ਹੈ। 20 ਡਾਲਰ ਫੀਸ ਦੇਣ ਸਮੇਂ ਅਤੇ ਉਸ ਤੋਂ ਬਾਅਦ ਇਮੀਗ੍ਰੇਸ਼ਨ ਚੈੱਕ ਪੋਸਟ 'ਤੇ ਸ਼ਰਧਾਲੂਆਂ ਦੀਆਂ



ਲੰਮੀਆਂ ਲਾਈਨਾਂ ਲੱਗ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦਾ ਪੂਰਾ ਕੰਪਲੈਕਸ 42 ਏਕੜ 'ਚ ਬਣਾਇਆ ਗਿਆ ਹੈ। ਕੁੱਲ 450 ਏਕੜ ਜ਼ਮੀਨ ਗੁਰਦੁਆਰਾ ਸਾਹਿਬ ਨੂੰ ਦਿੱਤੀ ਗਈ ਹੈ, ਜਿਸ 'ਚ ਇਮੀਗ੍ਰੇਸ਼ਨ ਕੇਂਦਰ, ਸੜਕ, ਦਰਸ਼ਨ ਡਿਓੜੀ, ਇਸ਼ਨਾਨ ਘਰ, ਲੰਗਰ ਹਾਲ, ਸਰਾਂ, ਹਸਪਤਾਲ ਤੋਂ ਇਲਾਵਾ ਬਚੀ ਜ਼ਮੀਨ 'ਤੇ ਖੇਤੀ ਕੀਤੀ ਜਾਂਦੀ ਹੈ ਜਿਸ ਤੋਂ ਹੋਈ ਆਮਦਨ ਤੇ ਉਸ ਵਿਚ ਬੀਜੀਆਂ ਸਬਜ਼ੀਆਂ ਗੁਰਦੁਆਰਾ ਸਾਹਿਬ ਲਈ ਹੀ ਵਰਤੀਆਂ ਜਾਂਦੀਆਂ ਹਨ। ਭਾਰਤ ਤੋਂ ਗਏ ਸ਼ਰਧਾਲੂ ਪ੍ਰਸ਼ਾਦ ਦੇ ਤੌਰ ਉਤੇ ਗੁਰਦੁਆਰਾ ਸਾਹਿਬ ਦੀ ਖ਼ੁਹੀ ਤੋਂ ਪਾਣੀ ਤੇ ਸਬਜ਼ੀਆਂ ਪੁੱਟ ਕੇ ਵੀ ਲਿਆ ਰਹੇ ਹਨ। ਸ਼ਰਧਾਲੂਆਂ ਨੇ ਵਾਪਸ ਆਉਂਦਿਆਂ ਦੱਸਿਆ ਕਿ ਪਾਕਿਸਤਾਨ ਸਰਕਾਰ ਵੱਲੋਂ ਕੌਮਾਂਤਰੀ ਸੀਮਾ ਤੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਤੱਕ ਜਿਸ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਨ੍ਹਾਂ ਲਈ 20 ਡਾਲਰ ਤਾਂ ਕੁਝ ਵੀ ਨਹੀਂ। ਜਾਣਕਾਰੀ ਅਨੁਸਾਰ ਸ਼ਰਧਾਲੂਆਂ ਦੇ ਨਤਮਸਤਕ ਹੋਣ ਦੇ ਇਸ ਅੰਕੜੇ 'ਚ ਹੋਰ ਵਾਧਾ ਹੋਣ ਦੀ ਉਮੀਦ ਹੈ।

ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਪਰਤੇ ਸ਼ਰਧਾਲੂਆਂ ਨੇ ਪਾਕਿਸਤਾਨ ਸਰਕਾਰ ਵੱਲੋਂ ਕੀਤੇ ਪ੍ਰਬੰਧਾਂ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਆਈ.ਸੀ.ਪੀ. (ਪਾਕਿਸਤਾਨ) ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਦਾ ਰਵੱਈਆ ਸ਼ਲਾਘਾਯੋਗ ਹੈ। ਸ਼ਰਧਾਲੂਆਂ ਨੇ ਦੱਸਿਆ ਕਿ ਕੁਝ ਰਾਜਸੀ ਪਾਰਟੀਆਂ ਦੇ ਲੀਡਰਾਂ ਵੱਲੋਂ ਪਾਕਿਸਤਾਨ ਸਰਕਾਰ ਵੱਲੋਂ 20 ਡਾਲਰ ਲੈਣ ਦੇ ਮੁੱਦੇ ਨੂੰ ਆਪਣੇ ਨਿੱਜੀ ਮੁਫਾਦਾਂ ਲਈ ਐਵੇਂ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਸ਼ਰਧਾਲੂ ਉਥੋਂ ਦੀ ਸਰਕਾਰ ਵੱਲੋਂ ਕੀਤੇ ਪ੍ਰਬੰਧ, ਗੁਰਦੁਆਰੇ ਨੂੰ ਸੁੰਦਰ ਢੰਗ ਨਾਲ ਸਜਾਉਣ ਅਤੇ ਭਵਿੱਖ ਵਿਚ ਹੋਣ ਵਾਲੇ ਹੋਰ ਕਾਰਜਾਂ ਕਾਰਨ ਇਹ 20 ਡਾਲਰ ਦਾ ਮਾਮਲਾ ਨਿਗੂਣਾ ਦੱਸਦੇ ਹਨ। ਇਕ ਸ਼ਰਧਾਲੂ ਨੇ 20 ਡਾਲਰ ਲੈਣ ਦਾ ਮੁੱਦਾ ਚੁੱਕਣ ਵਾਲੇ ਆਗੂਆਂ ਨੂੰ ਸਵਾਲ ਕੀਤਾ ਕਿ ਜੇ ਦਿੱਲੀ ਤੋਂ ਕੋਈ ਸ਼ਰਧਾਲੂ ਦਰਬਾਰ ਸਾਹਿਬ, ਅੰਮ੍ਰਿਤਸਰ ਨਤਮਸਤਕ ਹੋਣ ਆਉਂਦਾ ਹੈ ਤਾਂ ਕੀ ਰਸਤੇ ਵਿਚ ਪੈਂਦੇ ਟੌਲ ਪਲਾਜ਼ਾ ਦੇ ਟੈਕਸ ਮੁਆਫ ਕੀਤੇ ਜਾਂਦੇ ਹਨ? ਜੇ ਆਪਣੇ ਦੇਸ਼ ਦੀ ਸਰਕਾਰ ਸ਼ਰਧਾਲੂਆਂ ਕੋਲੋਂ ਧਾਰਮਿਕ ਸਥਾਨਾਂ ਉਤੇ ਜਾਂਦੇ ਸਮੇਂ ਟੌਲ/ਬੈਰੀਅਰ ਟੈਕਸ ਲੈਂਦੀ ਹੈ ਤਾਂ ਫਿਰ ਪਾਕਿਸਤਾਨ ਸਰਕਾਰ ਕਿਉਂ ਨਾ ਲਵੇ।

## ਦੂਰਬੀਨ ਹਟਾਉਣ ਕਾਰਨ ਸ਼ਰਧਾਲੂ ਹੋਏ ਨਿਰਾਸ਼

**ਅੰਮ੍ਰਿਤਸਰ:** ਗੁਰਦੁਆਰਾ ਕਰਤਾਰਪੁਰ ਸਾਹਿਬ (ਪਾਕਿਸਤਾਨ) ਲਈ ਲਾਂਘਾ ਭਾਵੇਂ ਖੁੱਲ੍ਹ ਗਿਆ ਹੈ ਪਰ ਸੰਗਤ ਨੂੰ ਜਥੇ ਦੇ ਰੂਪ ਵਿਚ ਕਰਤਾਰਪੁਰ ਸਾਹਿਬ ਜਾਣ ਲਈ ਮਨਜ਼ੂਰੀ ਨਾ ਮਿਲਣ ਅਤੇ ਡੇਰਾ ਬਾਬਾ ਨਾਨਕ ਵਿਚ ਦਰਸ਼ਨ ਸਥਾਨ ਤੋਂ ਦੂਰਬੀਨ ਹਟਾਉਣ ਕਾਰਨ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਜਾਂਦੇ ਸ਼ਰਧਾਲੂਆਂ ਨੂੰ ਨਿਰਾਸ਼ ਪਰਤਣਾ ਪੈ ਰਿਹਾ ਹੈ।

## ਸ਼ਰਧਾਲੂਆਂ ਲਈ ਮੁਸੀਬਤਾਂ ਪੈਦਾ ਕਰ ਰਿਹੈ ਭਾਰਤ: ਪਾਕਿ

**ਇਸਲਾਮਾਬਾਦ:** ਪਾਕਿਸਤਾਨ ਦੇ ਵਿਦੇਸ਼ ਵਿਭਾਗ ਦੇ ਬੁਲਾਰੇ ਮੁਹੰਮਦ ਫੈਜ਼ਲ ਨੇ ਭਾਰਤ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਆਉਣ ਵਾਲੇ ਸ਼ਰਧਾਲੂਆਂ ਲਈ ਮੁਸੀਬਤਾਂ ਪੈਦਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਰੋਜ਼ਾਨਾ ਦਰਸ਼ਨ ਲਈ 5000 ਲੋਕਾਂ ਨੂੰ ਆਉਣ ਦੀ ਇਜਾਜ਼ਤ ਹੈ ਪਰ ਅਸਲ ਗਿਣਤੀ ਉਮੀਦ ਤੋਂ ਘੱਟ ਹੈ।

## ਟਰਾਂਸਪੋਰਟ ਦੇ ਨਾਕਸ ਪ੍ਰਬੰਧਾਂ ਕਾਰਨ ਸ਼ਰਧਾਲੂ ਪ੍ਰੇਸ਼ਾਨ

**ਡੇਰਾ ਬਾਬਾ ਨਾਨਕ:** ਡੇਰਾ ਬਾਬਾ ਨਾਨਕ ਤੋਂ ਯਾਤਰੀ ਟਰਮੀਨਲ ਤੱਕ ਪਹੁੰਚਣ ਲਈ ਸ਼ਰਧਾਲੂਆਂ ਨੂੰ ਕਈ ਪਰੇਸ਼ਾਨੀਆਂ 'ਚੋਂ ਲੰਘਣਾ ਪੈ ਰਿਹਾ ਹੈ। ਸਥਾਨਕ ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨ ਤੋਂ ਟਰਮੀਨਲ ਤੱਕ ਪਹੁੰਚਣ ਲਈ ਕੋਈ ਪੁਖਤਾ ਪ੍ਰਬੰਧ ਨਹੀਂ ਹਨ। ਗੁਰਦੁਆਰਾ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਦੇ ਜਨਰਲ ਸਕੱਤਰ ਗੁਰਿੰਦਰ ਸਿੰਘ ਬਾਜਵਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਮੰਗ ਕੀਤੀ ਕਿ ਦਰਸ਼ਨਾਂ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਰਿਹਾਇਸ਼ ਅਤੇ ਆਵਾਜਾਈ ਦਾ ਉਚਿਤ ਪ੍ਰਬੰਧ ਕੀਤਾ ਜਾਵੇ। ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਦੇ ਲਾਂਘੇ ਦੇ ਉਦਘਾਟਨ ਮੌਕੇ ਪੰਜਾਬ ਸਰਕਾਰ ਵੱਲੋਂ ਮੁਫਤ ਬੱਸ ਸੇਵਾ ਸ਼ੁਰੂ ਕੀਤੀ ਗਈ ਸੀ ਪਰ ਹੁਣ ਇਹ ਬੱਸ ਸੇਵਾ ਬੰਦ ਹੋਣ ਨਾਲ ਦੂਰ-ਦੁਰਾਡੇ ਸ਼ਹਿਰਾਂ ਤੋਂ ਬੱਸ ਜਾਂ ਰੇਲ ਰਾਹੀਂ ਡੇਰਾ ਬਾਬਾ ਨਾਨਕ ਪਹੁੰਚਣ ਵਾਲੇ ਸ਼ਰਧਾਲੂਆਂ ਨੂੰ ਯਾਤਰੀ ਟਰਮੀਨਲ ਤੱਕ ਪਹੁੰਚਣ ਲਈ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਢਾਈ ਕਰੋੜ ਵਿਚ ਵਿਕੇ ਪਾਕਿਸਤਾਨ ਵੱਲੋਂ ਪ੍ਰਕਾਸ਼ ਪੁਰਬ ਮੌਕੇ ਜਾਰੀ ਕੀਤੇ ਸਿੱਕੇ

**ਇਸਲਾਮਾਬਾਦ:** ਪਾਕਿਸਤਾਨ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਜਾਰੀ ਕੀਤੇ ਗਏ ਸਿੱਕਿਆਂ ਤੋਂ ਹੁਣ ਤੱਕ ਪਾਕਿਸਤਾਨ ਨੂੰ 2 ਕਰੋੜ 53 ਲੱਖ ਰੁਪਏ ਦੀ ਆਮਦਨ ਹੋਈ ਹੈ। ਸਟੇਟ ਬੈਂਕ ਆਫ ਪਾਕਿਸਤਾਨ ਵੱਲੋਂ ਜੋ 550 ਰੁਪਏ ਦੇ ਸਿੱਕੇ ਜਾਰੀ ਕੀਤੇ ਗਏ ਸਨ, ਉਨ੍ਹਾਂ 'ਚੋਂ 46 ਹਜ਼ਾਰ ਸਿੱਕੇ ਵਿਕ ਚੁੱਕੇ ਹਨ।

ਇਹ ਸਿੱਕੇ ਪ੍ਰਕਾਸ਼ ਪੁਰਬ ਸਮਾਰੋਹਾਂ ਵਿਚ ਸ਼ਾਮਲ ਹੋਣ ਵਾਲੇ ਹਿੰਦੂ ਤੇ ਸਿੱਖ ਸ਼ਰਧਾਲੂਆਂ ਸਮੇਤ ਸਿੱਕੇ ਇਕੱਠੇ ਕਰਨ ਦੇ ਸ਼ੌਕੀਨਾਂ ਵੱਲੋਂ ਖਰੀਦੇ ਗਏ ਹਨ। ਪ੍ਰਕਾਸ਼ ਪੁਰਬ ਮੌਕੇ ਪਾਕਿ ਸਰਕਾਰ ਵੱਲੋਂ ਜਾਰੀ ਕੀਤੀ 20 ਰੁਪਏ ਦੀ ਕੀਮਤ ਵਾਲੀਆਂ ਡਾਕ ਟਿਕਟਾਂ ਦੀ ਵੱਡੇ ਪੱਧਰ ਉਤੇ ਵਿਕਰੀ ਹੋ ਰਹੀ ਹੈ। ਸਟੇਟ ਬੈਂਕ ਆਫ ਪਾਕਿਸਤਾਨ ਵੱਲੋਂ ਕਰਾਚੀ 'ਚ ਜਾਰੀ ਕੀਤੇ ਗਏ ਇਹ ਸਿੱਕੇ ਲਾਹੌਰ ਦੀ ਉਸ ਟਕਸਾਲ ਤੋਂ ਢਲਵਾਏ ਗਏ ਹਨ, ਜਿਥੋਂ 1940 ਤੋਂ ਸਰਕਾਰੀ ਸਿੱਕੇ ਢਲਵਾਏ ਜਾ ਰਹੇ ਹਨ ਅਤੇ ਇਨ੍ਹਾਂ ਸਿੱਕਿਆਂ ਦਾ ਬਕਾਇਦਾ ਰਿਕਾਰਡ ਵੀ ਰੱਖਿਆ ਜਾਂਦਾ ਹੈ। ਉਕਤ ਸਿੱਕਿਆਂ ਦੇ ਇਕ ਪਾਸੇ ਉਰਦੂ 'ਚ 'ਇਸਲਾਮੀ ਜਮਹੂਰੀਆ ਪਾਕਿਸਤਾਨ 550 ਰੁਪਏ-2019' ਅਤੇ ਦੂਜੇ ਪਾਸੇ ਅੰਗਰੇਜ਼ੀ 'ਚ '550 ਬ੍ਰਥਡੇ ਸੇਲੀਬ੍ਰੇਸ਼ਨਜ਼-ਸ੍ਰੀ ਗੁਰੂ ਨਾਨਕ ਦੇਵ ਜੀ 1469-2019' ਉੱਕਰਿਆ ਹੋਇਆ ਹੈ।

## ਬੋਡੋ ਗਰੁੱਪ 'ਤੇ ਹੋਰ ਪੰਜ ਸਾਲ ਲਈ ਪਾਬੰਦੀ

**ਨਵੀਂ ਦਿੱਲੀ:** ਕੇਂਦਰ ਨੇ ਆਸਾਮ ਦੇ ਬਾਗੀ ਬੋਡੋ ਗਰੁੱਪ ਨੈਸ਼ਨਲ ਡੈਮੋਕ੍ਰੈਟਿਕ ਫਰੰਟ ਆਫ ਬੋਡੋਲੈਂਡ ਉਤੇ ਪਾਬੰਦੀ ਪੰਜ ਹੋਰ ਸਾਲਾਂ ਲਈ ਵਧਾ ਦਿੱਤੀ ਹੈ। ਸਰਕਾਰ ਮੁਤਾਬਕ ਗਰੁੱਪ ਕਈ ਹਿੰਸਕ ਗਤੀਵਿਧੀਆਂ 'ਚ ਸ਼ਾਮਲ ਰਿਹਾ ਹੈ।

# ਯਾਦਗਾਰੀ ਹੋ ਨਿਬੜਿਆ ਟੋਰਾਂਟੋ ਦਾ ਕੌਮਾਂਤਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ

**ਬਰੈਂਪਟਨ, ਕੈਨੇਡਾ (ਹੀਰਾ ਰੰਧਾਵਾ):** ਰਾਮਗੜੀਆ ਸਿੱਖ ਫਾਊਂਡੇਸ਼ਨ ਆਫ ਓਂਟਾਰੀਓ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇੱਕ ਰੋਜ਼ਾ ਅੰਤਰਰਾਸ਼ਟਰੀ ਸਰਬ ਸਾਂਝਾ ਕਵੀ ਦਰਬਾਰ ਇਥੇ ਸੈਂਚੁਰੀ ਗਾਰਡਨ ਰੀਕ੍ਰਿਏਸ਼ਨ ਕੰਪਲੈਕਸ 'ਚ ਕਰਵਾਇਆ ਗਿਆ, ਜਿਸ 'ਚ ਵੱਖ-ਵੱਖ ਦੇਸ਼ਾਂ 'ਚ ਵਸਦੇ ਕਵੀਆਂ ਨੇ ਹਿੱਸਾ ਲਿਆ। ਡਾ. ਪ੍ਰਗਟ ਸਿੰਘ ਬੱਗਾ ਨੇ ਗੁਰੂ ਨਾਨਕ ਬਾਰੇ ਬੋਲਦਿਆਂ ਆਪਣੇ ਵਿਲੱਖਣ ਅੰਦਾਜ਼ ਨਾਲ ਸਭ ਨੂੰ ਜੀ ਆਇਆਂ ਕਿਹਾ। ਜੀਵਨ ਨਗਰ (ਹਰਿਆਣਾ) ਦੇ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ 'ਚ ਸਾਰੇ ਧਰਮਾਂ ਨੂੰ ਇਕੱਠਾ ਕਰ ਕੇ ਰੱਖਿਆ, ਸਾਨੂੰ ਸਭ ਨੂੰ ਉਸੇ ਤਰ੍ਹਾਂ ਇਕੱਠੇ ਰਹਿਣਾ ਚਾਹੀਦਾ ਹੈ।

ਸਮਾਗਮ ਦੀ ਸ਼ੁਰੂਆਤ ਸਕੂਲ ਦੇ ਬੱਚਿਆਂ ਮਨਦੀਪ ਕਮਲ ਅਤੇ ਬੇਟੀਆਂ ਵਲੋਂ ਇਕ ਧਾਰਮਿਕ ਗੀਤ ਨਾਲ ਕੀਤੀ ਗਈ, ਜਿਸ ਉਪਰੰਤ ਕੈਨੇਡਾ ਅਤੇ ਭਾਰਤ ਦੇ ਕੌਮੀ ਤਰਾਨੇ ਵੀ ਗਾਏ ਗਏ। ਸਮਾਗਮ ਵਿਚ ਪਹੁੰਚੇ ਬਰੈਂਪਟਨ ਤੋਂ ਐਮ. ਦਿਲਬਾਗ ਸਿੰਘ ਦੇਵਗਨ, ਕਰਨ ਅਜੈਬ ਸਿੰਘ ਸੰਘਾ, ਚੈਟੀ ਕਾਲੀਆ, ਸੁਰਜੀਤ ਕੌਰ, ਓਂਕਾਰਪ੍ਰੀਤ, ਕੁਲਵਿੰਦਰ ਖਹਿਰਾ, ਕਰਨੈਲ ਸਿੰਘ ਮਰਵਾਹਾ, ਕਰਮਜੀਤ ਸਿੰਘ ਬੱਗਾ ਤੇ ਹਰਜਿੰਦਰ ਪੱਤਲ ਨੇ ਬਾਬੇ ਨਾਨਕ ਦੀ ਮਹਿਮਾ 'ਚ ਕਵਿਤਾਵਾਂ ਪੇਸ਼ ਕੀਤੀਆਂ ਅਤੇ ਵਿਚਾਰ-ਚਰਚਾ ਵਿਚ ਹਿੱਸਾ ਲਿਆ। ਸਟੇਜ ਦੀ ਕਾਰਵਾਈ ਹਰਦਿਆਲ ਸਿੰਘ ਝੀਤਾ ਨੇ ਸੰਭਾਲੀ।

ਸਮਾਗਮ ਦੇ ਅੰਤ ਵਿਚ ਸੰਸਥਾ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।




ਬਤੌਰ ਮੁੱਖ ਮਹਿਮਾਨ ਪਹੁੰਚੇ ਟੋਰਾਂਟੋ 'ਚ ਭਾਰਤੀ ਕੌਂਸਲ ਜਨਰਲ ਬੀਬੀ ਅਪੂਰਮਾ ਸ੍ਰੀਵਾਸਤਵ ਨੇ ਭਾਰਤ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸ਼ਤਾਬਦੀ ਦੇ ਰੂਪ 'ਚ ਮਨਾਉਂਦਿਆਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਕਰਵਾਏ ਪ੍ਰੋਗਰਾਮਾਂ ਲਈ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕਿ ਗੁਰੂ ਨਾਨਕ ਦੇਵ ਜੀ ਸਿਰਫ ਸਿੱਖਾਂ ਦੇ ਹੀ ਗੁਰੂ ਨਹੀਂ ਹਨ, ਉਹ ਤਾਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਵੀ ਗੁਰੂ ਹਨ।

ਇਸ ਮੌਕੇ ਸਿੱਖ ਵਿਦਵਾਨ ਪੂਰਨ ਸਿੰਘ ਪਾਂਧੀ ਤੇ ਸਾਬਕਾ ਸੰਸਦ ਮੈਂਬਰ ਗੁਰਬਖਸ਼ ਸਿੰਘ ਮੱਲ੍ਹੀ ਨੇ ਆਖਿਆ ਕਿ ਅੱਜ ਜਾਤਾਂ-ਪਾਤਾਂ ਅਤੇ ਉਚ-ਨੀਚ ਵਾਲੇ ਝੰਜਟਾਂ 'ਚੋਂ ਨਿਕਲ ਕੇ ਸਾਨੂੰ ਸ਼ਬਦ ਗੁਰੂ ਦੀ ਪਰਿਭਾਸ਼ਾ ਸਮਝਣੀ ਚਾਹੀਦੀ ਹੈ।

ਭਾਰਤ ਤੋਂ ਪਹੁੰਚੇ ਨਾਮਧਾਰੀ ਸੰਪਰਦਾ ਪੀ. ਰੁਬੀ ਸਹੋਤਾ ਨੇ ਸਭ ਨੂੰ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਪ੍ਰਕਾਸ਼ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।

ਇਸ ਮੌਕੇ ਹੋਏ ਕਵੀ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਮਨਜੀਤ ਇੰਦਰਾ, ਪਰਮਜੀਤ ਕੌਰ ਦਿਓਲ, ਸੋਏਬ ਸਦੀਕ, ਰਵਿੰਦਰ ਸਿੰਘ ਸਹਿਰਾਅ, ਕੁਮਾਰ ਜਗਦੇਵ ਬਰਾੜ, ਸੁਰਿੰਦਰ ਪਾਮਾ, ਮਾਲਵਿੰਦਰ ਸਿੰਘ, ਜਗੀਰ ਸਿੰਘ ਕਾਹਲੋਂ, ਸੰਜੀਵ ਧਵਨ, ਸਤਨਾਮ ਕੌਰ ਚੌਹਾਨ, ਸ਼ਹੀਨਾ ਕਸ਼ਯਪ, ਅਜਮੇਰ ਸਿੰਘ ਪ੍ਰਦੇਸੀ, ਮਕਸੂਦ ਚੌਧਰੀ, ਇਕਬਾਲ ਮਾਹਲ, ਜੈਕਾਰ ਲਾਲ ਦੁੱਗਲ, ਜਸਬੀਰ ਸਿੰਘ ਸੈਂਭੀ, ਜਸਵਿੰਦਰ ਸਿੰਘ ਬੁੱਚੋ, ਹੀਰਾ ਰੰਧਾਵਾ, ਤਲਵਿੰਦਰ ਸਿੰਘ ਮੰਡ, ਪ੍ਰਵੀਨ ਸੁਲਤਾਨਾ, ਮਹਿੰਦਰ ਸਿੰਘ ਕੁੰਦੀ, ਜਰਨੈਲ ਸਿੰਘ ਮਠਾੜੂ, ਹਰਦਿਆਲ ਸਿੰਘ ਝੀਤਾ, ਰਵਿੰਦਰ ਸਿੰਘ ਸ਼ਾਦ, ਹਰਵਿੰਦਰ ਚੀਮਾ, ਗੁਰਚਰਨ ਸਿੰਘ ਦੁਬਈ, ਮਹਿਮਾਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਦੇਵ ਦੂਹੜੇ, ਰਿੰਟੂ ਭਾਟੀਆ, ਤਾਹਿਰ ਗੋਰਾ, ਸੁਰਿੰਦਰਜੀਤ ਕੌਰ, ਤਲਵਿੰਦਰ ਸਿੰਘ, ਪਿਆਰਾ ਸਿੰਘ ਕੁੱਦੋਵਾਲ, ਕਰਮਜੀਤ ਗਿੱਲ, ਸ਼ਿਵਰਾਜ ਸੰਨੀ, ਅਵਤਾਰ ਜੰਡੂ, ਬਲਜੀਤ ਕੌਰ, ਬਲਰਾਜ ਧਾਲੀਵਾਲ, ਸੁੰਦਰਪਾਲ ਰਾਜਾਸਾਂਸੀ ਵੀ ਹਾਜ਼ਿਰ ਸਨ। ਗੁਰਦਿਆਲ ਬੱਲ, ਬਲਰਾਜ ਦਿਓਲ (ਖਬਰਨਾਮਾ), ਸੁਖਿੰਦਰ (ਸੰਵਾਦ), ਪ੍ਰਤੀਕ ਆਰਟਿਸਟ (ਪੰਜਾਬੀ ਟ੍ਰਿਬਿਊਨ), ਹਰਜੀਤ ਬਾਜਵਾ ਤੇ ਚਮਕੌਰ ਮਾਛੀਕੇ (ਹਮਦਰਦ ਟੀ. ਵੀ., ਦਰਸ਼ਨ ਟੀ. ਵੀ., ਪੰਜਾਬੀ ਟ੍ਰਿਬਿਊਨ), ਡਾ. ਸੁਖਦੇਵ ਸਿੰਘ ਝੰਡ (ਸਿੱਖ ਸਪੋਕਸਮੈਨ) ਸਮੇਤ ਜੀ. ਟੀ. ਏ. ਵਿਚਲੇ ਪੰਜਾਬੀ ਦੇ ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਤੋਂ ਪ੍ਰਤੀਨਿਧ ਪਹੁੰਚੇ ਹੋਏ ਸਨ।

## ਵੀਰ ਭੁਪਿੰਦਰ ਸਿੰਘ ਪਹਿਲੀ ਦਸੰਬਰ ਨੂੰ ਗੁਰਦੁਆਰਾ ਸਟਰਲਿੰਗ ਹਾਈਟਸ 'ਚ ਕੀਰਤਨ ਕਰਨਗੇ



**ਸਟਰਲਿੰਗ ਹਾਈਟਸ, ਮਿਸ਼ੀਗਨ (ਬਿਊਰੋ):** ਵੀਰ ਭੁਪਿੰਦਰ ਸਿੰਘ ਗੁਰਦੁਆਰਾ ਸਟਰਲਿੰਗ ਹਾਈਟਸ ਵਿਚ ਪਹਿਲੀ ਦਸੰਬਰ, ਐਤਵਾਰ ਨੂੰ ਦੁਪਹਿਰ 12 ਵਜੇ ਤੋਂ ਇਕ ਵਜੇ ਤੱਕ ਗੁਰਬਾਣੀ ਕੀਰਤਨ ਅਤੇ ਗੁਰ ਸ਼ਬਦ ਵਿਚਾਰ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮੂਹ ਸੰਗਤ ਨੂੰ ਇਸ ਮੌਕੇ ਹਾਜ਼ਰੀ ਭਰ ਕੇ ਗੁਰਬਾਣੀ ਕੀਰਤਨ ਅਤੇ ਗੁਰ ਸ਼ਬਦ ਵਿਚਾਰ ਦਾ ਲਾਹਾ ਲੈਣ ਦੀ ਬੇਨਤੀ ਕੀਤੀ ਹੈ।


**Singh Tax & Accounting Services LLC.**

***Individual & Business Taxes, Accounting, Payroll & Financial Consulting Services.***

Please contact us to File Individual, Partnership, Corporation and Modified Tax Returns, Consultation for tax matters. Notary Public Services & response to IRS Tax matters services.

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ

ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ



Mohan Singh
M.COM, MBA (Finance), ACA
Master in Taxation.
IRS Enrolled agent,
Notary Public

**Ph: 248-982-2036**

Office Locations
Michigan: 38565 Joy Rd, Westland, MI 48185
Minnesota: 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com

# ਪੰਜਾਬ ਵਿਚ ਵਿਤੀ ਐਮਰਜੈਂਸੀ ਵਰਗੇ ਹਾਲਾਤ ਬਣੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ ਵੱਲੋਂ ਜੀ.ਐਸ.ਟੀ. ਦੇ ਮੁਆਵਜ਼ੇ ਵਜੋਂ ਮਿਲਣ ਵਾਲੀ 4100 ਕਰੋੜ ਰੁਪਏ ਦੀ ਰਕਮ ਨਾ ਹਾਸਲ ਹੋਣ ਕਾਰਨ ਸੂਬੇ ਵਿਚ 'ਵਿੱਤੀ ਐਮਰਜੈਂਸੀ' ਵਰਗੇ ਹਾਲਾਤ ਬਣ ਗਏ ਹਨ। ਮੁੱਖ ਮੰਤਰੀ ਦਫਤਰ ਦੇ ਸੂਤਰਾਂ ਦਾ ਦੱਸਣਾ ਹੈ ਕਿ ਵਿੱਤੀ ਸੰਕਟ ਕਾਰਨ ਸਰਕਾਰ 'ਓਵਰ ਡਰਾਫਟ' ਵਿਚ ਚਲੀ ਗਈ ਹੈ ਤੇ ਕੇਂਦਰ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਰਾਸ਼ੀ ਦਾ ਜੇਕਰ ਭੁਗਤਾਨ ਨਹੀਂ ਹੁੰਦਾ ਤਾਂ ਸੰਕਟ ਬੇਹੱਦ ਗੰਭੀਰ ਹੋ ਜਾਵੇਗਾ।

ਸੂਤਰਾਂ ਮੁਤਾਬਕ ਕੇਂਦਰ ਨੇ ਪੰਜਾਬ ਸਰਕਾਰ ਨੂੰ ਅਕਤੂਬਰ ਮਹੀਨੇ 2100 ਕਰੋੜ ਰੁਪਏ ਜੀ.ਐਸ.ਟੀ. ਦੇ ਮੁਆਵਜ਼ੇ ਦੀ ਕਿਸ਼ਤ ਵਜੋਂ ਦੇਣੇ ਸਨ। ਇਸੇ ਤਰ੍ਹਾਂ 2 ਹਜ਼ਾਰ ਕਰੋੜ ਰੁਪਏ ਸਾਲ 2017 ਦੇ ਹਨ, ਜਦੋਂ ਜੀ.ਐਸ.ਟੀ. ਲਾਗੂ ਕੀਤਾ ਗਿਆ ਸੀ। ਇਹ ਰਕਮ ਵੀ ਅਟਕੀ ਪਈ ਹੈ ਤੇ ਕੇਂਦਰੀ ਵਿੱਤ ਮੰਤਰਾਲੇ ਵੱਲੋਂ ਕੋਈ ਰਾਹ ਨਹੀਂ ਦਿੱਤਾ ਜਾ ਰਿਹਾ। ਮੁੱਖ ਮੰਤਰੀ ਦਫਤਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਨੂੰ ਮਾਲੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖਾਸ ਕਰ ਕੇ ਜੀ.ਐਸ.ਟੀ. ਦੀ ਵਸੂਲੀ ਘਟਣ ਕਰਕੇ ਪੰਜਾਬ ਨੂੰ ਕੇਂਦਰੀ ਵਿੱਤ ਮੰਤਰਾਲਾ 4100 ਕਰੋੜ ਰੁਪਏ ਦਾ ਭੁਗਤਾਨ ਰੋਕੀ ਬੈਠਾ ਹੈ। ਪੰਜਾਬ ਦੇ ਅਧਿਕਾਰੀਆਂ ਵੱਲੋਂ ਜਦ ਵੀ ਕੇਂਦਰੀ ਵਿੱਤ ਮੰਤਰਾਲੇ ਨਾਲ ਇਸ ਸਬੰਧੀ ਸੰਪਰਕ ਸਾਧਿਆ ਜਾਂਦਾ ਹੈ ਤਾਂ



ਨਵੀਂ ਦਿੱਲੀ ਵਿਚ ਬੈਠੇ ਕੇਂਦਰੀ ਵਿੱਤ ਮੰਤਰਾਲੇ ਦੇ ਅਧਿਕਾਰੀਆਂ ਵੱਲੋਂ ਟਾਲ-ਮਟੋਲ ਦਾ ਰਸਤਾ ਹੀ ਅਖਤਿਆਰ ਕੀਤਾ ਜਾਂਦਾ ਹੈ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਇਹ ਭੁਗਤਾਨ ਰੋਕੇ ਜਾਣ ਕਾਰਨ ਸਰਕਾਰ ਅਕਤੂਬਰ ਮਹੀਨੇ ਦੀ ਤਨਖਾਹ, ਜੋ ਨਵੰਬਰ 'ਚ ਦੇਣੀ ਸੀ, ਦੇਰੀ ਨਾਲ ਦੇ ਸਕੀ ਸੀ ਤੇ ਜੇਕਰ ਆਉਂਦੇ ਦਿਨਾਂ ਦੌਰਾਨ ਕੇਂਦਰ ਤੋਂ ਪੈਸਾ ਨਾ ਮਿਲਿਆ ਤਾਂ ਨਵੰਬਰ ਦੀਆਂ ਤਨਖਾਹਾਂ ਦਾ ਭੁਗਤਾਨ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਸੰਕਟ ਕਾਰਨ 5,200 ਕਰੋੜ ਰੁਪਏ ਦਾ ਭੁਗਤਾਨ ਰੁਕਿਆ ਪਿਆ ਹੈ।

ਵਿੱਤ ਵਿਭਾਗ ਮੁਤਾਬਕ ਅਕਤੂਬਰ ਮਹੀਨੇ ਦੌਰਾਨ ਸਿਰਫ ਤਨਖਾਹਾਂ, ਪੈਨਸ਼ਨਾਂ ਦਾ ਭੁਗਤਾਨ ਅਤੇ ਪਹਿਲਾਂ ਹੀ ਸਿਰ ਚੜ੍ਹੇ ਕਰਜ਼ੇ ਦੀਆਂ ਕਿਸ਼ਤਾਂ ਅਤੇ ਕਰਜ਼ੇ ਦੇ ਵਿਆਜ ਦਾ ਭੁਗਤਾਨ ਕੀਤਾ ਜਾ ਸਕਿਆ ਹੈ। ਸਰਕਾਰ ਵੱਲੋਂ ਅਕਤੂਬਰ ਮਹੀਨੇ ਤੋਂ ਬਾਅਦ ਕੋਈ ਵੀ ਭੁਗਤਾਨ ਨਹੀਂ ਕੀਤਾ ਗਿਆ। ਸੂਤਰਾਂ ਮੁਤਾਬਕ ਬਿਜਲੀ ਨਿਗਮ ਨੂੰ ਦਿੱਤੀ ਜਾਣ ਵਾਲੀ 4 ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਨਹੀਂ ਦਿੱਤੀ ਜਾ ਸਕੀ। ਇਸੇ ਤਰ੍ਹਾਂ ਨਗਰ ਨਿਗਮਾਂ ਅਤੇ ਮਿਉਂਸਪਲ ਕਮੇਟੀਆਂ ਨੂੰ ਸਰਕਾਰ ਨੇ ਚੁੰਗੀ ਦੇ ਭੁਗਤਾਨ ਵਜੋਂ ਕਰਾਂ 'ਚੋਂ ਹਿੱਸਾ ਦੇਣਾ ਹੁੰਦਾ ਹੈ, ਉਸ ਦਾ ਭੁਗਤਾਨ ਵੀ ਨਹੀਂ ਕੀਤਾ ਜਾ ਸਕਿਆ। ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਮੁਤਾਬਕ ਦਿੱਤੀ ਜਾਣ ਵਾਲੀ 300 ਕਰੋੜ ਰੁਪਏ ਦੀ ਗਰਾਂਟ ਰੁਕੀ ਪਈ ਹੈ। ਪੰਜਾਬ ਸਰਕਾਰ ਵੱਲੋਂ ਹਰ ਮਹੀਨੇ 2,200 ਕਰੋੜ ਰੁਪਏ ਤਨਖਾਹਾਂ ਦੇ ਭੁਗਤਾਨ ਉਤੇ ਖਰਚ ਕੀਤੇ ਜਾਂਦੇ ਹਨ। ਪੰਜਾਬ ਸਰਕਾਰ ਨੂੰ ਇਸ ਸਾਲ ਕੇਂਦਰ ਤੋਂ ਜੀ.ਐਸ.ਟੀ. ਦੇ ਮੁਆਵਜ਼ੇ ਵਜੋਂ 9,700 ਕਰੋੜ ਰੁਪਏ ਦੇ ਕਰੀਬ ਦੀ ਰਾਸ਼ੀ ਮਿਲਣ ਦੀ ਸੰਭਾਵਨਾ ਹੈ।

ਪੰਜਾਬ ਨੂੰ ਅਪਰੈਲ, ਜੁਲਾਈ ਅਤੇ ਅਗਸਤ ਮਹੀਨੇ ਦੌਰਾਨ ਤਕਰੀਬਨ 4,700 ਕਰੋੜ ਰੁਪਏ ਦੀ ਗਰਾਂਟ ਮਿਲੀ ਸੀ ਉਸ ਤੋਂ ਬਾਅਦ ਕੇਂਦਰ ਤੋਂ ਰਾਸ਼ੀ ਆਉਣੀ ਬੰਦ ਹੋ ਗਈ। ਕੇਂਦਰ ਸਰਕਾਰ ਦਾ ਵਿੱਤੀ ਸੰਕਟ ਵੀ ਅਗਸਤ ਮਹੀਨੇ ਤੋਂ ਬਾਅਦ ਹੀ ਸਾਹਮਣੇ ਆਉਣ ਲੱਗਾ ਸੀ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਹਾਲ ਹੀ ਵਿਚ ਵਿੱਤ ਮੰਤਰੀਆਂ ਦੀ ਮੀਟਿੰਗ ਦੌਰਾਨ ਵੀ ਇਹ ਮੁੱਦਾ ਚੁੱਕਿਆ ਸੀ ਪਰ ਕੇਂਦਰ ਸਰਕਾਰ ਨੇ ਇਸ ਸਬੰਧੀ ਕੋਈ ਹੁੰਗਾਰਾ ਨਹੀਂ ਭਰਿਆ। ਸੂਤਰਾਂ ਦਾ ਇਹ ਵੀ ਦੱਸਣਾ ਹੈ ਕਿ ਪੰਜਾਬ ਮੰਤਰੀ ਮੰਡਲ ਦੀ ਪਿਛਲੇ ਦਿਨਾਂ ਦੌਰਾਨ ਹੋਈ ਮੀਟਿੰਗ ਦੌਰਾਨ ਸੂਬੇ ਦੀ ਮਾਲੀ ਹਾਲਤ ਬਾਰੇ ਮੰਤਰੀਆਂ ਨੇ ਚਰਚਾ ਕਰਨੀ ਸੀ ਪਰ ਇਸ ਮੁੱਦੇ ਨੂੰ ਟਾਲ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਦੇਸ਼ ਵਿਚ ਚੱਲ ਰਹੇ ਮੰਦੀ ਦੇ ਦੌਰ ਦੌਰਾਨ ਪੰਜਾਬ ਵਿਚ ਵੀ ਮਾਲੀਏ ਦੀ ਵਸੂਲੀ ਵਿਚ ਭਾਰੀ ਗਿਰਾਵਟ ਆਈ ਹੈ ਜਦਕਿ ਸਰਕਾਰ ਦੇ ਖਰਚਿਆਂ ਵਿਚ ਕੋਈ ਕਮੀ ਨਹੀਂ ਹੋਈ ਸਗੋਂ ਵਾਧਾ ਹੀ ਹੋਇਆ ਹੈ।

## ਕਰਜ਼ੇ ਦੀ ਪੰਡ ਹੁਣ ਹੋਰ ਭਾਰੀ ਹੋਈ

**ਚੰਡੀਗੜ੍ਹ:** ਪੰਜਾਬ ਸਰਕਾਰ ਇਸ ਵੇਲੇ ਗੰਭੀਰ ਵਿੱਤੀ ਸੰਕਟ ਵਿਚੋਂ ਲੰਘ ਰਹੀ ਹੈ। ਸਰਕਾਰ ਸਿਰ ਇਸ ਵਿੱਤੀ ਸਾਲ ਦੇ ਅੰਤ ਭਾਵ 31 ਮਾਰਚ 2020 ਤੱਕ 2 ਲੱਖ 29 ਹਜ਼ਾਰ 611 ਕਰੋੜ ਰੁਪਏ ਦਾ ਕਰਜ਼ਾ ਹੋ ਜਾਵੇਗਾ। ਸਰਕਾਰ ਦੇ ਬੱਝਵੇਂ ਖਰਚਿਆਂ ਨੂੰ ਦੇਖਿਆ ਜਾਵੇ ਤਾਂ ਹਰ ਸਾਲ 26,978 ਕਰੋੜ ਰੁਪਏ ਤਨਖਾਹਾਂ, 10,875 ਕਰੋੜ ਰੁਪਏ ਪੈਨਸ਼ਨਾਂ ਉਤੇ ਖਰਚ ਹੁੰਦੇ ਹਨ। ਬਿਜਲੀ ਸਬਸਿਡੀ ਦੇ ਰੂਪ ਵਿਚ ਸਰਕਾਰ ਨੇ ਪਾਵਰਕੌਮ ਨੂੰ 12,393 ਕਰੋੜ ਰੁਪਏ ਦੀ ਅਦਾਇਗੀ ਇਸ ਸਾਲ ਕਰਨੀ ਹੈ। ਪੰਜਾਬ ਸਰਕਾਰ ਇਸ ਮਾਲੀ ਸਾਲ ਦੌਰਾਨ ਕੰਮ ਚਲਾਉਣ ਲਈ 17,334 ਕਰੋੜ ਰੁਪਏ ਦਾ ਕਰਜ਼ਾ ਲਵੇਗੀ ਤੇ ਇਸ ਦੇ ਉਲਟ ਪਹਿਲਾਂ ਲਏ ਕਰਜ਼ੇ ਦੇ ਵਿਆਜ ਦੀ ਅਦਾਇਗੀ 30,309 ਕਰੋੜ ਰੁਪਏ ਵੀ ਕਰਨੀ ਬਾਕੀ ਹੈ ਤੇ ਮੂਲ ਦੀਆਂ ਕਿਸ਼ਤਾਂ ਦਾ ਸਾਲਾਨਾ ਭਾਰ 12,639 ਕਰੋੜ ਰੁਪਏ ਹੈ। ਇਨ੍ਹਾਂ ਤੱਥਾਂ ਤੋਂ ਸਰਕਾਰ ਦੀ ਮਾਲੀ ਹਾਲਤ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ।

## ਵਿੱਤੀ ਹਾਲਾਤ 'ਤੇ ਵ੍ਹਾਈਟ ਪੇਪਰ ਦੀ ਮੰਗ

**ਚੰਡੀਗੜ੍ਹ:** ਪੰਜਾਬ 'ਚ ਵਿੱਤੀ ਐਮਰਜੈਂਸੀ ਦੇ ਹਾਲਾਤ ਲਈ ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਤੁਰਤ ਵ੍ਹਾਈਟ ਪੇਪਰ ਜਾਰੀ ਕਰਨ ਦੀ ਮੰਗ ਕੀਤੀ। ਪਾਰਟੀ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸੂਬੇ ਦੀ ਵਿੱਤੀ ਐਮਰਜੈਂਸੀ ਦਾ ਖਮਿਆਜ਼ਾ ਹਰੇਕ ਵਰਗ ਨੂੰ ਭੁਗਤਣਾ ਪੈ ਰਿਹਾ ਹੈ। ਸਰਕਾਰੀ ਹਸਪਤਾਲਾਂ, ਡਿਸਪੈਂਸਰੀਆਂ 'ਚ ਨਾ ਦਵਾਈ ਅਤੇ ਨਾ ਹੀ ਸਟਾਫ ਹੈ। 2500 ਰੁਪਏ ਮਹੀਨੇ ਪੈਨਸ਼ਨ ਦੀ ਉਮੀਦ ਨਾਲ ਕੈਪਟਨ ਅਮਰਿੰਦਰ ਸਿੰਘ ਦੇ ਲਾਰਿਆਂ 'ਚ ਆਉਣ ਵਾਲੇ ਬਜ਼ੁਰਗ, ਵਿਧਵਾਵਾਂ ਅਤੇ ਅਪੰਗ ਆਪਣੀ ਮਾਮੂਲੀ ਪੈਨਸ਼ਨ ਨੂੰ ਵੀ ਤਰਸ ਰਹੇ ਹਨ, ਕਿਸਾਨਾਂ-ਮਜ਼ਦੂਰਾਂ ਦੇ ਕਰਜ਼ਿਆਂ ਦੀ ਮੁਆਫੀ ਅਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਤਾਂ ਦੂਰ ਦੀ ਗੱਲ ਹੈ।

# ਬੱਬਰ ਖਾਲਸਾ ਨਾਲ ਸਬੰਧਤ 5 ਜਣਿਆਂ ਖਿਲਾਫ ਚਾਰਜਸ਼ੀਟ ਦਾਖਲ

**ਮੁਹਾਲੀ:** ਕੌਮੀ ਜਾਂਚ ਏਜੰਸੀ ਐਨ.ਆਈ.ਏ. ਵੱਲੋਂ ਘੱਲੂਘਾਰਾ ਦਿਵਸ ਦੌਰਾਨ ਪੰਜਾਬ 'ਚ ਵਿਸ਼ੇਸ਼ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲੇ 'ਚ ਗ੍ਰਿਫਤਾਰ 4 ਮੁਲਜ਼ਮਾਂ ਜਗਦੇਵ ਸਿੰਘ ਵਾਸੀ ਤਲਾਨੀਆ ਜ਼ਿਲ੍ਹਾ ਫਤਹਿਗੜ੍ਹ ਸਾਹਿਬ, ਰਵਿੰਦਰਪਾਲ ਸਿੰਘ ਵਾਸੀ ਪਿੰਡ ਮਹਿਣਾ ਜ਼ਿਲ੍ਹਾ ਮੋਗਾ, ਨਿਸ਼ਾਨ ਸਿੰਘ, ਹਰਚਰਨ ਸਿੰਘ ਅਤੇ ਵਿਦੇਸ਼ 'ਚ ਬੈਠੇ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਖਿਲਾਫ ਅਦਾਲਤ 'ਚ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ।

ਉਕਤ ਮੁਲਜ਼ਮਾਂ 'ਤੇ ਦੇਸ਼ ਵਿਰੋਧੀ ਕਾਨੂੰਨ ਅਨਲਾਫੁਲ ਐਕਟ, 120 ਬੀ ਅਤੇ ਆਰਮਜ਼ ਐਕਟ ਤਹਿਤ ਦੋਸ਼ ਲਗਾਏ ਗਏ ਹਨ। ਇਸ ਮਾਮਲੇ 'ਚ ਐਨ.ਆਈ.ਏ. ਵੱਲੋਂ ਮੁਲਜਮ ਨਿਸ਼ਾਨ ਸਿੰਘ ਖਿਲਾਫ ਅਗਲੇਰੀ ਤਫਤੀਸ਼ ਜਾਰੀ ਰੱਖਣ ਲਈ ਇਕ ਵੱਖਰੀ ਅਰਜ਼ੀ ਦਾਇਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਇਸੇ ਅਦਾਲਤ ਵੱਲੋਂ ਰਵਿੰਦਰਪਾਲ ਸਿੰਘ ਅਤੇ ਜਗਦੇਵ ਸਿੰਘ ਦੀ ਜ਼ਮਾਨਤ ਦੀ ਅਰਜ਼ੀ ਖਾਰਜ ਕੀਤੀ ਜਾ ਚੁੱਕੀ ਹ। ਇਸ ਮਾਮਲੇ 'ਚ ਕੁਲਵਿੰਦਰਜੀਤ ਸਿੰਘ ਖਾਨਪੁਰੀਆ ਨੂੰ ਛੱਡ ਕੇ ਬਾਕੀ ਸਾਰੇ ਮੁਲਜ਼ਮ ਅੰਮ੍ਰਿਤਸਰ ਜੇਲ੍ਹ 'ਚ ਬੰਦ ਹਨ।

# ਪੰਜਾਬ ਤੇ ਹਰਿਆਣਾ ਵਿਚ ਪਰਾਲੀ ਸਾੜਨ ਦੇ ਮਾਮਲੇ ਘਟੇ



**ਨਵੀਂ ਦਿੱਲੀ:** ਵਾਤਾਵਰਨ ਮੰਤਰਾਲੇ ਵੱਲੋਂ ਲੋਕ ਸਭਾ ਵਿਚ ਦੱਸਿਆ ਗਿਆ ਕਿ ਸਰਕਾਰ ਦੇ ਯਤਨਾਂ ਨਾਲ ਪੰਜਾਬ, ਹਰਿਆਣਾ ਤੇ ਉਤਰ ਪ੍ਰਦੇਸ਼ ਵਿਚ ਪਰਾਲੀ ਸਾੜਨ ਦੇ ਮਾਮਲੇ 19 ਫੀਸਦੀ ਘਟੇ ਹਨ। ਇਕ ਸਵਾਲ ਦਾ ਲਿਖਤੀ ਜਵਾਬ ਦਾਖਲ ਕਰਦਿਆਂ ਵਾਤਾਵਰਨ ਰਾਜ ਮੰਤਰੀ ਬਾਬੁਲ ਸੁਪਰੀਓ ਨੇ ਦੱਸਿਆ ਕਿ 2018 ਨਾਲੋਂ ਇਸ ਸਾਲ 19 ਫੀਸਦੀ ਮਾਮਲੇ ਘੱਟ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਦੇ ਯਤਨਾਂ ਨਾਲ 2017 ਤੇ 2016 ਵਿਚ ਵੀ ਘੱਟ ਮਾਮਲੇ ਸਾਹਮਣੇ ਆਏ ਸਨ। ਯੂਪੀ 'ਚ ਇਹ 36.8 ਫੀਸਦੀ ਘਟਿਆ ਹੈ, ਹਰਿਆਣਾ ਵਿਚ 25.1 ਫੀਸਦੀ ਤੇ ਪੰਜਾਬ ਵਿਚ ਮਾਮਲੇ 16.8 ਫੀਸਦੀ ਘਟੇ ਹਨ।

ਪੰਜਾਬ, ਹਰਿਆਣਾ ਤੇ ਯੂਪੀ ਵਿਚ ਪਰਾਲੀ ਸਾੜੇ ਜਾਣ ਨੂੰ ਦਿੱਲੀ ਵਿਚ ਹਵਾ ਦੀ ਮਾੜੀ ਗੁਣਵੱਤਾ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਦਿੱਲੀ ਸਰਕਾਰ ਵੀ ਇਸ ਲਈ ਇਨ੍ਹਾਂ ਰਾਜਾਂ ਨੂੰ ਜ਼ਿੰਮੇਵਾਰ ਮੰਨਦੀ ਹੈ। ਹਰਿਆਣਾ ਤੇ ਪੰਜਾਬ ਸਿਰ ਦੋਸ਼ ਵੱਧ ਮੜ੍ਹਿਆ ਜਾਂਦਾ ਹੈ। ਥਰਮਲ ਪਲਾਂਟਾਂ ਵਿਚ ਪਰਾਲੀ ਨੂੰ ਈਂਧਨ ਵਜੋਂ ਵਰਤਣ ਬਾਰੇ ਵੀ ਸਰਕਾਰ ਗੰਭੀਰ ਹੈ।

## ਇੱਜਤ ਹੱਤਕ ਕੇਸ 'ਚ ਰਾਹੁਲ ਤੇ ਯੇਚੁਰੀ ਖਿਲਾਫ ਚੱਲੇਗਾ ਕੇਸ

**ਮੁੰਬਈ:** ਆਰ.ਐਸ.ਐਸ. ਵਰਕਰ ਵੱਲੋਂ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਸੀ.ਪੀ.ਐਮ. ਦੇ ਜਨਰਲ ਸਕੱਤਰ ਸੀਤਾਰਾਮ ਯੇਚੁਰੀ ਖਿਲਾਫ ਦਾਖਲ ਇੱਜ਼ਤ ਹੱਤਕ ਦੀ ਸ਼ਿਕਾਇਤ ਰੱਦ ਕਰਾਉਣ ਲਈ ਪਾਈ ਗਈ ਅਰਜ਼ੀ ਨੂੰ ਮਹਾਰਾਸ਼ਟਰ ਦੀ ਅਦਾਲਤ ਨੇ ਖਾਰਜ ਕਰ ਦਿੱਤਾ ਹੈ। ਦੋਵੇਂ ਆਗੂਆਂ ਨੂੰ ਹੁਣ ਕੇਸ ਦਾ ਸਾਹਮਣਾ ਕਰਨਾ ਪਵੇਗਾ। ਅਦਾਲਤ ਵੱਲੋਂ 6 ਜਨਵਰੀ ਨੂੰ ਕੇਸ ਦੀ ਅੱਗੇ ਸੁਣਵਾਈ ਕੀਤੀ ਜਾਵੇਗੀ। ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ 'ਚ ਸੰਘ ਦਾ ਨਾਮ ਘੜੀਸਣ ਕਰਕੇ ਆਰ.ਐਸ.ਐਸ. ਕਾਰਕੁਨ ਅਤੇ ਵਕੀਲ ਧਰੁਤੀਮਾਨ ਜੋਸ਼ੀ ਨੇ ਗਾਂਧੀ ਅਤੇ ਯੇਚੁਰੀ ਖਿਲਾਫ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ।

# ਬੇਰੁਜ਼ਗਾਰ ਅਧਿਆਪਕਾਂ 'ਤੇ ਵਰ੍ਹਾਈਆਂ ਡਾਂਗਾਂ



**ਸੰਗਰੂਰ:** ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਦੀ ਕੋਠੀ ਦਾ ਘਿਰਾਉ ਕਰਨ ਪੁੱਜੇ ਬੇਰੁਜ਼ਗਾਰ ਅਧਿਆਪਕਾਂ ਉਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ। ਇਸ ਦੌਰਾਨ ਅੱਥਰੂ ਗੈਸ ਦੇ ਗੋਲੇ ਵੀ ਛੱਡੇ ਗਏ ਅਤੇ ਪਾਣੀ ਦੀਆਂ ਬੁਛਾੜਾਂ ਦੀ ਵਰਤੋਂ ਵੀ ਕੀਤੀ ਗਈ। ਲਾਠੀਚਾਰਜ ਦੌਰਾਨ ਇੱਕ ਦਰਜਨ ਬੇਰੁਜ਼ਗਾਰ ਅਧਿਆਪਕ ਜਖਮੀ ਹੋ ਗਏ ਹਨ। ਸੱਤ ਜਣਿਆਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

ਲਾਠੀਚਾਰਜ ਦੌਰਾਨ ਪੁਲਿਸ ਅਤੇ ਬੇਰੁਜ਼ਗਾਰ ਅਧਿਆਪਕਾਂ ਵਿਚਕਾਰ ਟਕਰਾਅ ਦੌਰਾਨ ਅੱਧੀ ਦਰਜਨ ਪੁਲਿਸ ਮੁਲਾਜ਼ਮ ਵੀ ਜਖਮੀ ਹੋਏ ਹਨ। ਪਿਛਲੇ ਕਰੀਬ ਢਾਈ ਮਹੀਨਿਆਂ ਤੋਂ ਰੁਜ਼ਗਾਰ ਖਾਤਰ ਪੱਕੇ ਮੋਰਚੇ ਲਗਾ ਕੇ ਸੰਘਰਸ਼ ਕਰ ਰਹੇ ਟੈੱਟ ਪਾਸ ਬੇਰੁਜ਼ਗਾਰ ਬੀ.ਐਡ. ਅਤੇ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਨੇ ਲਗਭਗ ਦੋ ਦਰਜਨ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹਿਰ 'ਚ ਵਿਸ਼ਾਲ ਰੋਸ ਮਾਰਚ ਕੀਤਾ। ਬੇਰੁਜ਼ਗਾਰ ਅਧਿਆਪਕਾਂ ਦਾ ਕਾਫਲਾ ਜਦੋਂ ਮੰਤਰੀ ਦੀ ਕੋਠੀ ਨੇੜੇ ਪਹੁੰਚਿਆ ਤਾਂ ਬੈਰੀਕੇਡਾਂ ਅੱਗੇ ਪੁਲਿਸ ਅਤੇ ਬੇਰੁਜ਼ਗਾਰ ਅਧਿਆਪਕਾਂ ਵਿਚਾਲੇ ਟਕਰਾਅ ਹੋ ਗਿਆ।

ਟਕਰਾਅ ਮਗਰੋਂ ਪ੍ਰਦਰਸ਼ਨਕਾਰੀ ਅਧਿਆਪਕਾਂ ਵੱਲੋਂ ਕੋਠੀ ਨਜ਼ਦੀਕ ਮੁੱਖ ਸੜਕ 'ਤੇ ਆਵਾਜਾਈ ਠੱਪ ਕਰਕੇ ਧਰਨਾ ਲਗਾ ਦਿੱਤਾ ਗਿਆ ਅਤੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਪਿਛਲੇ ਢਾਈ ਮਹੀਨਿਆਂ ਦੌਰਾਨ ਸਿੱਖਿਆ ਮੰਤਰੀ ਦੀ ਕੋਠੀ ਅੱਗੇ ਕਈ ਵਾਰ ਬੇਰੁਜ਼ਗਾਰ ਅਧਿਆਪਕਾਂ ਅਤੇ ਪੁਲਿਸ ਵਿਚਾਲੇ ਟਕਰਾਅ ਹੋ ਚੁੱਕਿਆ ਹੈ ਤੇ ਲਾਠੀਚਾਰਜ ਵੀ ਕੀਤਾ ਜਾ ਚੁੱਕਾ ਹੈ। ਸੰਘਰਸ਼ ਦੀ ਹਮਾਇਤ 'ਤੇ ਪਹੁੰਚੀਆਂ ਕਿਸਾਨ ਤੇ ਵਿਦਿਆਰਥੀ ਜਥੇਬੰਦੀਆਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਥੇਬੰਦੀਆਂ ਵੱਲੋਂ ਵੱਡਾ ਸਾਂਝਾ ਘੋਲ ਵਿੱਢਿਆ ਜਾਵੇਗਾ।

# ਜੀ.ਐਸ.ਟੀ. ਬਕਾਏ: ਰਾਜਾਂ ਦਾ ਕੇਂਦਰ ਅੱਗੇ ਤਰਲਾ

**ਚੰਡੀਗੜ੍ਹ:** ਇਕ ਦੇਸ਼ ਇਕ ਟੈਕਸ ਅਤੇ ਦੂਸਰੀ ਆਜ਼ਾਦੀ ਦੇ ਨਾਅਰਿਆਂ ਨਾਲ ਸ਼ੁਰੂ ਕੀਤਾ ਗਿਆ ਵਸਤਾਂ ਅਤੇ ਸੇਵਾਵਾਂ ਟੈਕਸ (ਜੀ.ਐਸ.ਟੀ.) ਪਹਿਲੇ ਦੋ ਸਾਲਾਂ ਦੌਰਾਨ ਹੀ ਕੇਂਦਰ ਅਤੇ ਰਾਜਾਂ ਦਰਮਿਆਨ ਅਸੁਖਾਵੇਂ ਸਬੰਧਾਂ ਦਾ ਕਾਰਨ ਬਣ ਰਿਹਾ ਹੈ।




ਪੰਜ ਰਾਜਾਂ ਦੇ ਵਿੱਤ ਮੰਤਰੀਆਂ ਨੇ ਕੇਂਦਰ ਨੂੰ ਲਿਖੀ ਚਿੱਠੀ ਵਿਚ ਰਾਜਾਂ ਦਾ ਹਿੱਸਾ ਸਮੇਂ ਸਿਰ ਜਾਰੀ ਨਾ ਹੋਣ ਕਰਕੇ ਵਿੱਤੀ ਪ੍ਰਬੰਧ ਦੇ ਗੜਬੜਾ ਜਾਣ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ। ਸੰਵਿਧਾਨ ਦੀ 101ਵੀਂ ਸੋਧ ਅਨੁਸਾਰ ਜੇ ਜੀ.ਐਸ.ਟੀ. ਲਗਾਉਣ ਨਾਲ ਰਾਜਾਂ ਨੂੰ ਵੈਟ ਤੇ ਹੋਰ ਟੈਕਸਾਂ ਤੋਂ ਹੋਣ ਵਾਲੀ ਵਸੂਲੀ ਵਿਚ ਵਿਕਾਸ ਦਰ 14 ਫੀਸਦੀ ਤੋਂ ਘੱਟ ਰਹਿੰਦੀ ਹੈ ਤਾਂ ਪੰਜ ਸਾਲਾਂ ਤੱਕ ਕੇਂਦਰ ਸਰਕਾਰ ਉਸ ਨੂੰ ਪੂਰਾ ਕਰੇਗੀ। ਇਹ ਪੈਸਾ ਮਹੀਨਾਵਾਰ ਦਿੱਤਾ ਜਾਣਾ ਤੈਅ ਹੈ ਪਰ ਇਨ੍ਹਾਂ ਪੰਜਾਂ ਰਾਜਾਂ ਨੂੰ ਅਗਸਤ, ਸਤੰਬਰ ਅਤੇ ਅਕਤੂਬਰ ਦਾ ਹਿੱਸਾ ਨਹੀਂ ਮਿਲਿਆ। ਸਭ ਤੋਂ ਵੱਧ ਬਕਾਇਆ ਪੰਜਾਬ ਦਾ ਹੈ। ਸੂਬੇ ਦਾ ਦੋ ਹਜ਼ਾਰ ਕਰੋੜ ਰੁਪਏ ਦੋ ਮਹੀਨੇ ਦਾ ਅਤੇ 21 ਸੌ ਕਰੋੜ ਰੁਪਏ ਪੁਰਾਣਾ ਬਕਾਇਆ ਹੈ। ਇਹ ਪੈਸਾ ਨਾ ਮਿਲਣ ਕਰਕੇ ਪੰਜਾਬ ਦੇ ਖਜ਼ਾਨੇ ਵਿਚ ਪੰਜ ਹਜ਼ਾਰ ਕਰੋੜ ਰੁਪਏ ਦੇ ਜ਼ਰੂਰੀ ਬਿੱਲਾਂ ਦਾ ਭੁਗਤਾਨ ਨਹੀਂ ਹੋ ਰਿਹਾ।

ਪੱਛਮੀ ਬੰਗਾਲ, ਕੇਰਲ, ਦਿੱਲੀ, ਰਾਜਸਥਾਨ ਅਤੇ ਪੰਜਾਬ ਦੇ ਵਿੱਤ ਮੰਤਰੀਆਂ ਦਾ ਕਹਿਣਾ ਹੈ ਕਿ ਰਾਜ ਓਵਰ ਡ੍ਰਾਫਟਿੰਗ ਅਤੇ ਗੰਭੀਰ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਕੇਂਦਰ ਸਰਕਾਰ ਨੇ ਅਜਿਹੀ ਦੇਰੀ ਦਾ ਕੋਈ ਕਾਰਨ ਵੀ ਨਹੀਂ ਦੱਸਿਆ। ਹਾਲਤ ਭਾਜਪਾ ਸ਼ਾਸਿਤ ਰਾਜਾਂ ਦੀ ਵੀ ਅਲੱਗ ਨਹੀਂ ਹੈ ਪਰ ਉਹ ਕੇਂਦਰ ਵਿਚ ਆਪਣੀ ਪਾਰਟੀ ਦੀ ਸਰਕਾਰ ਦੇ ਦਬਦਬੇ ਕਾਰਨ ਖੁੱਲ੍ਹੇਆਮ ਕੁਝ ਕਹਿਣ ਤੋਂ ਗੁਰੇਜ਼ ਕਰ ਰਹੇ ਹਨ। ਰਾਜਾਂ ਵਿਚ ਟੈਕਸਾਂ ਰਾਹੀਂ ਹੁੰਦੀ ਆਮਦਨ 'ਚੋਂ 60 ਫੀਸਦੀ ਜੀ.ਐਸ.ਟੀ. ਰਾਹੀਂ ਹੁੰਦੀ ਹੈ। ਸਬੰਧਤ ਰਾਜ ਬਾਕੀ ਚਾਲੀ ਫੀਸਦੀ ਨਾਲ ਤਾਂ ਆਪਣੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਦੀ ਸਥਿਤੀ ਵਿਚ ਵੀ ਨਹੀਂ ਹਨ।


ਵਿੱਤ ਮੰਤਰੀਆਂ ਨੇ ਜੀ.ਐਸ.ਟੀ. ਕੌਂਸਲ ਦੀ ਮੀਟਿੰਗ ਬੁਲਾਉਣ ਅਤੇ ਇਸ ਮੁੱਦੇ ਨੂੰ ਏਜੰਡੇ ਵਿਚ ਸ਼ਾਮਲ ਕਰਨ ਦੀ ਮੰਗ ਵੀ ਕੀਤੀ ਹੈ। ਦੱਸ ਦਈਏ ਕਿ ਨੋਟਬੰਦੀ ਅਤੇ ਜੀ.ਐਸ.ਟੀ. ਨਾਲ ਅਰਥਚਾਰੇ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਕੇਂਦਰ ਸਰਕਾਰ ਇਹ ਸਚਾਈ ਮੰਨਣ ਲਈ ਤਿਆਰ ਨਹੀਂ ਹੈ। ਵਿਰੋਧੀ ਪਾਰਟੀਆਂ ਨੇ ਜੀ.ਐਸ.ਟੀ. ਲਾਗੂ ਕਰਨ ਦੇ ਢੰਗ ਬਾਰੇ ਤਾਂ ਕੁਝ ਵਿਰੋਧ ਜਤਾਇਆ ਸੀ ਪਰ ਇਕ ਦੇਸ਼ ਇਕ ਟੈਕਸ ਦੇ ਮੁੱਦੇ ਉਤੇ ਕੋਈ ਬੁਨਿਆਦੀ ਮੱਤਭੇਦ ਨਹੀਂ ਸਨ ਜਦਕਿ ਕਈ ਅਰਥ ਸ਼ਾਸਤਰੀ ਇਹ ਆਗਾਹ ਕਰਦੇ ਰਹੇ ਹਨ ਕਿ ਟੈਕਸ ਲਗਾਉਣ ਅਤੇ ਇਕੱਠੇ ਕਰਨ ਦਾ ਮੁੱਦਾ ਦੇਸ਼ ਦੇ ਸੰਘੀ ਢਾਂਚੇ ਨਾਲ ਜੁੜਿਆ ਹੋਇਆ ਹੈ। ਇਸ ਨਾਲ ਪਹਿਲਾਂ ਹੀ ਮਜ਼ਬੂਤ ਕੇਂਦਰ ਸਰਕਾਰ ਦੇ ਹੱਥ ਮਜ਼ਬੂਤ ਹੋਣਗੇ ਅਤੇ ਰਾਜ ਸਰਕਾਰਾਂ ਦੇ ਅਧਿਕਾਰਾਂ ਨੂੰ ਖੋਰਾ ਲੱਗੇਗਾ।

# ਗੁਰਦੁਆਰਾ ਸਟਰਲਿੰਗ ਹਾਈਟਸ 'ਚ ਗੁਰਪੁਰਬ ਨੂੰ ਸਮਰਪਿਤ ਸਮਾਗਮ

**ਸਟਰਲਿੰਗ ਹਾਈਟਸ, ਮਿਸ਼ੀਗਨ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ ਵਿਖੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹਫਤਾ ਭਰ ਚੱਲੇ ਸਮਾਗਮਾਂ 'ਚ ਸੰਗਤਾਂ ਨੇ ਭਰਵੀਂ ਹਾਜ਼ਰੀ ਲੁਆਈ ਅਤੇ ਗੁਰੂ ਜੀ ਦੇ ਉਪਦੇਸ਼ ਨੂੰ ਕਥਾ ਤੇ ਕੀਰਤਨ ਰਾਹੀਂ ਸਰਵਣ ਕੀਤਾ।

ਗੁਰਦੁਆਰਾ ਸਾਹਿਬ ਵਿਖੇ 11 ਤੋਂ 17 ਨਵੰਬਰ ਤੱਕ ਕੀਰਤਨ ਅਤੇ ਗੁਰੂ ਸ਼ਬਦ ਦੀ ਕਥਾ ਬਾਰੇ ਵਿਚਾਰ ਹੋਈ, ਜਿਸ ਵਿਚ ਵਿਸ਼ੇਸ਼ ਤੌਰ 'ਤੇ ਭਾਈ ਰਣਜੀਤ ਸਿੰਘ ਚੰਡੀਗੜ੍ਹ ਵਾਲੇ ਸ਼ਾਮ ਦੇ ਦੀਵਾਨਾਂ ਵਿਚ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਇਨ੍ਹਾਂ ਸਮਾਗਮਾਂ ਨੂੰ ਮੁੱਖ ਰਖਦਿਆਂ 15 ਨਵੰਬਰ, ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ ਐਤਵਾਰ ਸਵੇਰੇ 9 ਵਜੇ ਪਾਏ ਗਏ। 15 ਨਵੰਬਰ ਨੂੰ ਸ਼ਾਮ ਦੇ ਦੀਵਾਨ ਵਿਚ ਰਹਿਰਾਸ ਤੋਂ ਬਾਅਦ ਭਾਈ ਗੁਰਮੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਉਪਰੰਤ ਭਾਈ ਰਣਜੀਤ ਸਿੰਘ ਚੰਡੀਗੜ੍ਹ ਵਾਲਿਆਂ ਨੇ ਗੁਰੂ ਸ਼ਬਦ ਦੀ ਕਥਾ ਕੀਤੀ ਅਤੇ ਫਿਰ ਭਾਈ ਨਰਿੰਦਰ ਸਿੰਘ ਬਨਾਰਸ ਵਾਲੇ (ਸਾਬਕਾ ਹਜ਼ੂਰੀ ਰਾਗੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਨੇ ਪੁਰਾਤਨ ਰਾਗਾਂ ਵਿਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।







ਇਸ ਮੌਕੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖੂਨਦਾਨ ਕੈਂਪ ਗੁਰਦੁਆਰਾ ਸਾਹਿਬ ਵਿਖੇ ਲਾਇਆ ਗਿਆ, ਜਿਸ ਵਿਚ ਸਿੱਖ ਸੰਗਤਾਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। 16 ਨਵੰਬਰ, ਸਨਿਚਰਵਾਰ ਨੂੰ ਸ਼ਾਮ ਦੇ ਦੀਵਾਨਾਂ ਵਿਚ ਕਥਾ ਅਤੇ ਕੀਰਤਨ ਦੀ ਸੇਵਾ ਹੋਈ। 17 ਨਵੰਬਰ, ਐਤਵਾਰ ਨੂੰ ਅਖੰਡ ਪਾਠ ਦੇ ਭੋਗ ਸਵੇਰੇ 9 ਵਜੇ ਪਾਏ ਗਏ। ਆਸਾ ਦੀ ਵਾਰ ਅਤੇ ਬੱਚਿਆਂ ਦੇ ਕੀਰਤਨ ਪਿਛੋਂ ਭਾਈ ਗੁਰਮੀਤ ਸਿੰਘ ਦੇ ਜਥੇ ਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਰਣਜੀਤ ਸਿੰਘ ਨੇ ਗੁਰੂ ਨਾਨਕ ਦੀਆਂ ਸਿੱਖਿਆਵਾਂ 'ਤੇ ਆਧਾਰਤ ਗੁਰੂ ਸ਼ਬਦ ਦੀ ਕਥਾ-ਵਿਚਾਰ ਸੰਗਤਾਂ ਨਾਲ ਸਾਂਝੀ ਕੀਤੀ। ਦੀਵਾਨ ਦੇ ਅਖੀਰ ਵਿਚ ਭਾਈ ਨਰਿੰਦਰ ਸਿੰਘ ਬਨਾਰਸ ਵਾਲਿਆਂ ਨੇ ਨਿਰਮੋਲਕ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਅਖੀਰ ਵਿਚ ਮਿਸ਼ੀਗਨ ਸਟੇਟ ਦੀ ਗਵਰਨਰ ਗ੍ਰੈਸ਼ਨ ਵ੍ਹਿਟਮਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਿੱਖਾਂ ਨੂੰ ਦਿੱਤਾ ਸੰਦੇਸ਼ ਪ੍ਰਾਜੈਕਟਰ 'ਤੇ ਵੀਡੀਓ ਕਲਿਪ ਚਲਾ ਕੇ ਸੰਗਤਾਂ ਨਾਲ ਸਾਂਝਾ ਕੀਤਾ ਗਿਆ।









# ਵਸੀਅਤ ਅਤੇ ਟਰੱਸਟ ਬਾਰੇ ਚਰਚਾ

## ਜਾਣਕਾਰੀ

ਵਸੀਅਤ ਅਤੇ ਟਰੱਸਟ ਬਾਰੇ ਚਰਚਾ

ਸ਼ਿਕਾਗੋ (ਬਿਊਰੋ): ਸ਼ਿਕਾਗੋ ਦੇ ਸਿੱਖ ਸੀਨੀਅਰ ਸਿਟੀਜ਼ਨਾਂ ਦੀ ਮਹੀਨੇਵਾਰ ਮੀਟਿੰਗ ਵਿਚ ਇਸ ਵਾਰ ਵਸੀਅਤ ਅਤੇ ਟਰੱਸਟ ਬਾਰੇ ਚਰਚਾ ਹੋਈ, ਜੋ ਵਕੀਲ ਨਵਰੀਤ ਕੌਰ ਹੈਨੇਗਨ ਨੇ ਕੀਤੀ। ਬੀਬੀ ਹੈਨੇਗਨ ਲੰਬਾਰਡ ਏਰੀਏ ਦੇ ਸਕੂਲ ਡਿਸਟ੍ਰਿਕਟ 45 ਦੇ ਬੋਰਡ ਮੈਂਬਰ ਵੀ ਹਨ। ਉਹ ਠਾਕਰ ਸਿੰਘ ਬਸਾਤੀ ਦੀ ਵੱਡੀ ਪੁੱਤਰੀ ਹੈ, ਜੋ ਗੁਰਦੁਆਰਾ ਪੈਲਾਟਾਈਨ ਦੀ ਛਤਰ-ਛਾਇਆ ਹੇਠ ਵੱਡੀ ਹੋਈ। ਸਟੇਜ ਤੋਂ ਸ਼ਬਦ ਕੀਰਤਨ ਅਤੇ ਪੰਜਾਬੀ ਗੀਤ ਗਾਉਂਦੀ ਰਹੀ ਹੈ। ਉਹ ਬੈਡਮਿੰਟਨ ਦੀ ਸਟੇਟ ਚੈਂਪੀਅਨ ਰਹੀ ਅਤੇ ਵਾਇਲਿਨ ਦੀ ਮਾਹਰ ਹੈ।

ਨਵਰੀਤ ਕੌਰ ਨੇ ਦੱਸਿਆ ਕਿ ਬਹੁਤੇ ਲੋਕ ਵਸੀਅਤ ਬਣਾਉਣ ਲਈ ਆਲਸੀ ਹਨ। ਸੋਚਦੇ ਹਨ ਕਿ ਮੇਰੇ ਕੋਲ ਕਿਹੜੀ ਜਾਇਦਾਦ ਹੈ, ਨਾਲੇ ਮਰਨ ਉਪਰੰਤ ਭਾਰਤ ਵਾਂਗ ਆਪ-ਮੁਹਾਰੇ ਸਭ ਕੁਝ ਬੱਚਿਆਂ ਵਿਚ ਵੰਡਿਆ ਜਾਵੇਗਾ, ਜਦੋਂਕਿ ਅਮਰੀਕਾ ਵਿਚ ਅਜਿਹਾ ਨਹੀਂ ਹੁੰਦਾ। ਖਾਸ ਤੌਰ 'ਤੇ ਇਲੀਨਾਏ ਪ੍ਰੋਬੇਟ ਸਟੇਟ ਹੈ, ਜੇ ਵਸੀਅਤ ਨਹੀਂ ਤਾਂ ਕੋਰਟ ਫੈਸਲਾ ਕਰਦੀ ਹੈ, ਜਿਸ ਲਈ ਉਹ ਪਹਿਲਾਂ ਆਪਣਾ ਟੈਕਸ ਕੱਢਦੇ ਹਨ, ਫਿਰ ਪਿਛੇ ਰਹੇ ਜੀਵਨ ਸਾਥੀ ਨੂੰ ਅੱਧ ਅਤੇ ਅੱਧ ਬੱਚਿਆਂ ਵਿਚ ਵੰਡਿਆ ਜਾਂਦਾ ਹੈ; ਭਾਵੇਂ ਬੱਚੇ ਨਾਲ ਤੁਹਾਡੀ ਬਣਦੀ ਹੈ, ਭਾਵੇਂ ਨਹੀਂ। ਫਿਰ ਬੱਚਿਆਂ ਦੀ ਸਹਿਮਤੀ ਤੋਂ ਬਿਨਾ ਤੁਸੀਂ ਕੁਝ ਵੇਚ-ਖਰੀਦ ਨਹੀਂ ਸਕਦੇ।

ਜ਼ਰੂਰੀ ਨਹੀਂ, ਜਾਇਦਾਦ ਲਈ ਹੀ ਵਸੀਅਤ ਬਣਾਉਣੀ ਹੈ। ਜੇ ਕਿਸੇ ਐਕਸੀਡੈਂਟ ਦਾ ਪੈਸਾ ਮਿਲੇ ਜਾਂ ਲਾਟਰੀ ਆਦਿ ਨਿਕਲ ਆਵੇ ਤਾਂ ਕਾਨੂੰਨ ਮੁਤਾਬਿਕ ਵੰਡ ਹੁੰਦੀ ਹੈ। ਰਿਹਾਇਸ਼, ਬੈਂਕ ਖਾਤੇ, ਕਰਜ਼ੇ, ਜੋ ਤੁਹਾਡੀ ਜਾਇਦਾਦ ਹੈ, ਉਹ ਆਮ ਤੌਰ 'ਤੇ ਬੈਂਕਾਂ ਦੇ ਨਾਂ ਹੁੰਦੇ ਹਨ ਤੇ ਨਾਲ ਹੀ ਸਾਂਝੇ ਖਾਤੇ ਦੇ ਨਾਂ। ਇਹ ਸਭ ਲਿਖੇ ਮੁਤਾਬਕ ਹੀ ਹੁੰਦਾ ਹੈ। ਜੇ ਕੁਝ ਲਿਖਿਆ ਨਹੀਂ ਤਾਂ ਮਰਜ਼ੀ ਕੋਰਟ ਦੀ ਚਲਦੀ ਹੈ।

ਵਸੀਅਤ ਅਤੇ ਟਰੱਸਟ ਤੁਹਾਡੀਆਂ ਲਿਖਤੀ ਹਦਾਇਤਾਂ ਹਨ ਕਿ ਵੰਡ ਕਿਵੇਂ ਹੋਵੇਗੀ। ਇਸ ਤੋਂ ਬਿਨਾ ਬੈਂਕ ਖਾਤੇ ਆਦਿ ਚਲਾਉਣ 'ਤੇ ਪਾਬੰਦੀ ਲੱਗ ਸਕਦੀ ਹੈ, ਜਿਸ ਕਰਕੇ ਪਿਛੇ ਰਹਿ ਗਏ ਸਾਥੀ ਦਾ ਜੀਵਨ ਔਖਾ ਹੋ ਜਾਂਦਾ ਹੈ। ਕੋਰਟ ਵਿਚ 1000 ਡਾਲਰ ਦਾ ਬਾਂਡ ਭਰਨਾ ਪਏਗਾ, ਵਕੀਲ ਕਰਨਾ ਪਵੇਗਾ ਤੇ ਖੂਬ ਖਰਚੇ ਹੋਣਗੇ। ਗਹਿਣਿਆਂ ਆਦਿ ਪਿਛੇ ਝਗੜੇ ਹੋ ਸਕਦੇ ਹਨ, ਜਦੋਂ ਕਿ ਵਸੀਅਤ/ਟਰੱਸਟ ਵਿਚ ਤੁਸੀਂ ਇਹ ਲਿਖ ਸਕਦੇ ਹੋ ਕਿ ਕਿਸ ਨੂੰ ਕਿਹੜੀ ਚੀਜ਼ ਮਿਲੇਗੀ। ਟਰੱਸਟ ਹਰ ਇਕ ਲਈ ਜ਼ਰੂਰੀ ਨਹੀਂ। ਜੇ ਵਸੀਅਤ/ਟਰੱਸਟ ਬਣਾਏ ਹੋਣ ਤਾਂ ਬਾਂਡ ਨਹੀਂ ਭਰਨਾ ਪੈਂਦਾ, ਨਹੀਂ ਤਾਂ ਅਖਬਾਰਾਂ ਵਿਚ ਇਸ਼ਤਿਹਾਰ ਦੇਣੇ ਪੈਂਦੇ ਹਨ ਤੇ ਵਕਤ ਲੱਗ ਸਕਦਾ ਹੈ। ਜੇ ਕੋਈ ਚੁਣੌਤੀ ਦੇ ਦੇਵੇ ਤਾਂ ਤਾਣਾ ਹੋਰ ਵੀ ਉਲਝ ਸਕਦਾ ਹੈ। ਇਹ ਨੋਟਿਸ ਲਾਅ ਬੁਲੈਟਿਨ ਵਿਚ ਵੀ ਦਿੱਤੇ ਜਾਂਦੇ ਹਨ, ਜਿਥੋਂ ਅਖਬਾਰਾਂ ਪ੍ਰਕਾਸ਼ਿਤ ਕਰ ਦਿੰਦੀਆਂ ਹਨ।

ਅਮਰੀਕਾ ਦੀ ਬਣੀ ਵਸੀਅਤ ਇੰਡੀਆ ਵਿਚ ਵੀ ਕੰਮ ਆ ਸਕਦੀ ਹੈ। ਵੈਸੇ ਚੰਗੀ ਗੱਲ ਇਹ ਹੈ ਕਿ ਉਥੇ ਜਾ ਕੇ ਖੁਦ ਬਣਵਾਈ ਜਾਵੇ; ਨਹੀਂ ਤਾਂ ਭਾਰਤੀ ਕੌਂਸਲੇਟ ਜਾ ਕੇ ਮੋਹਰ ਲਵਾ ਸਕਦੇ ਹੋ। ਵਸੀਅਤ ਕੋਰਟ ਵਿਚ ਜਮਾਂ ਹੋਣ ਪਿਛੋਂ ਪਬਲਿਕ ਡਾਕੂਮੈਂਟ ਬਣ ਜਾਂਦੀ ਹੈ, ਗੁਪਤ ਨਹੀਂ ਰਹਿੰਦੀ। ਸੋ ਸ਼ਬਦਾਵਲੀ ਸੋਚ-ਸਮਝ ਕੇ ਲਿਖਣੀ ਚਾਹੀਦੀ ਹੈ। ਜਿਵੇਂ ਜੇ ਹੀਰਿਆਂ ਦਾ ਜ਼ਿਕਰ ਕਰ ਦਿਓ ਤਾਂ ਗਲਤ ਨਜ਼ਰਾਂ 'ਚ ਆ ਸਕਦੀ ਹੈ। ਵਸੀਅਤ ਵਿਚ ਕਿਸੇ ਨੂੰ ਜਿੰਮੇਵਾਰੀ ਦਿੱਤੀ ਜਾਂਦੀ ਹੈ ਕਿ ਵੰਡ ਇਸ ਤਰ੍ਹਾਂ ਕਰਨੀ ਹੈ। ਇਉਂ ਕਰਕੇ ਦੁਰਵਰਤੋਂ 'ਤੇ ਕਾਬੂ ਰੱਖ ਸਕਦੇ ਹੋ ਅਤੇ ਪਰਿਵਾਰਕ ਝਗੜੇ ਘਟ ਸਕਦੇ ਹਨ। ਇਲੀਨਾਏ ਵਿਚ ਦੋ ਗਵਾਹ ਚਾਹੀਦੇ ਹਨ, ਜੋ ਪਰਿਵਾਰਕ ਮੈਂਬਰ ਨਾ ਹੋਣ। ਜੇ ਲੋੜ ਪਵੇ ਤਾਂ ਕੋਰਟ ਜਾ ਕੇ ਗਵਾਹੀ ਦੇ ਸਕਦੇ ਹੋਣ।

ਵਸੀਅਤ/ਟਰੱਸਟ ਲਈ ਜ਼ਰੂਰੀ ਹੈ ਕਿ ਬਣਾਉਣ ਵਾਲੇ ਦੀ ਦਿਮਾਗੀ ਹਾਲਤ ਸਹੀ ਹੋਵੇ, ਉਹ ਕਿਸੇ ਦਬਾਅ ਹੇਠ ਨਾ ਹੋਵੇ। ਇਸ ਤਹਿਤ ਤੁਸੀਂ ਕਿਸੇ ਨੂੰ ਬੇਦਖਲ ਵੀ ਕਰ ਸਕਦੇ ਹੋ। ਅੱਛਾ ਹੁੰਦਾ ਹੈ, ਜੇ ਨਾਲ ਵਜ੍ਹਾ ਵੀ ਲਿਖੀ ਜਾਵੇ। ਇਹ ਵੀ ਜ਼ਰੂਰੀ ਹੈ ਕਿ ਜਿਨ੍ਹਾਂ ਨੂੰ ਵਸੀਅਤ ਮਿਲਣੀ ਹੈ, ਜੇ ਕਿਤੇ ਉਹ ਸਰਕਾਰੀ ਇਮਦਾਦ 'ਤੇ ਹਨ, ਜਿਵੇਂ ਵੈਲਫੇਅਰ ਆਦਿ, ਤਾਂ ਉਨ੍ਹਾਂ ਦੀ ਇਹ ਆਮਦਨ ਦਾ ਹਿੱਸਾ ਨਾ ਬਣੇ। ਵਸੀਅਤ ਵਿਚ ਤੁਸੀਂ ਇਹ ਹਦਾਇਤ ਲਿਖ ਸਕਦੇ ਹੋ।



ਨਵਰੀਤ ਕੌਰ ਹੈਨੇਗਨ

ਵਸੀਅਤ ਦਾ ਖਰਚਾ ਸ਼ੁਰੂ ਵਿਚ ਘੱਟ ਹੁੰਦਾ ਹੈ, ਪਰ ਮੌਤ ਤੋਂ ਬਾਅਦ ਕੋਰਟ ਦੇ ਖਰਚੇ ਦੇਣੇ ਪੈਂਦੇ ਹਨ। ਵਕੀਲ ਕਰਨਾ ਪੈਂਦਾ ਹੈ। ਚੰਗਾ ਹੁੰਦਾ ਹੈ ਜੇ ਮਕਾਨ, ਕਾਰ, ਬੈਂਕ ਖਾਤੇ ਸਾਂਝੇ ਨਾਂਵਾਂ 'ਤੇ ਖੋਲ੍ਹੇ ਜਾਣ ਅਤੇ ਨਾਲ ਲਿਖਿਆ ਜਾਵੇ ਕਿ ਮੌਤ ਤੋਂ ਬਾਅਦ ਸਾਰੀ ਮਲਕੀਅਤ ਪਿਛੇ ਬਚੇ ਸਾਥੀ ਦੀ ਹੈ। ਵਸੀਅਤ ਵਿਚ ਤੁਸੀਂ ਕਿਸੇ ਦੋਸਤ, ਰਿਸ਼ਤੇਦਾਰ, ਸੰਸਥਾ ਦਾ ਨਾਂ ਵੀ ਲਿਖ ਸਕਦੇ ਹੋ ਕਿ ਮੌਤ ਉਪਰੰਤ ਇਨ੍ਹਾਂ ਨੂੰ ਇਹ ਕੁਝ ਦਿੱਤਾ ਜਾਵੇ। ਵਸੀਅਤ 5-7 ਸੌ ਡਾਲਰ ਵਿਚ ਬਣ ਜਾਂਦੀ ਹੈ। ਟਰੱਸਟ ਘੱਟੋ-ਘੱਟ ਦੋ-ਢਾਈ ਹਜ਼ਾਰ ਡਾਲਰ ਵਿਚ ਬਣਦਾ ਹੈ। ਮਾਲਕ-ਤੀਵੀਂ ਦੋਹਾਂ ਦੀ ਅਲੱਗ-ਅਲੱਗ ਬਣਦੀ ਹੈ। ਅੱਜ ਕੱਲ੍ਹ ਇਕ ਹੋਰ ਖਾਤਾ 401 ਦਾ ਹੈ, ਉਸ ਵਿਚ ਵੀ ਸਾਵਧਾਨੀ ਨਾਲ ਹਿੱਸੇਦਾਰਾਂ ਦੇ ਨਾਂ ਲਿਖ ਦੇਣੇ ਚਾਹੀਦੇ ਹਨ। ਟਰੱਸਟ ਦੇ ਮਾਲਕ ਜਿਉਂਦੇ ਜੀਅ ਤੁਸੀਂ ਹੋ, ਭਾਵੇਂ ਇਹ ਕੋਰਟ ਵਿਚ ਦਾਖਲ ਕੀਤਾ ਜਾਂਦਾ ਹੈ, ਪਰ ਤਬਦੀਲ ਕਰ ਸਕਦੇ ਹੋ। ਹੱਥ ਲਿਖਤ ਵੀ ਕੰਮ ਕਰ ਸਕਦੀ ਹੈ। ਟਰੱਸਟ ਮੁਤਾਬਕ ਖਾਤਾ ਬੰਦ ਕਰਨ ਦੀ ਮੁਨਿਆਦ ਦੋ ਸਾਲ ਹੈ, ਜੋ ਕਿਸੇ ਦਾ ਕੋਈ ਬਕਾਇਆ ਟਰੱਸਟ ਵਾਲੇ ਨੇ ਦੇਣਾ, ਉਹ ਵੀ ਬਰਾਬਰ ਹਿਸਿਆਂ ਵਿਚੋਂ ਦੇਣਾ ਪਵੇਗਾ, ਜਿਵੇਂ ਮੈਡੀਕਲ ਬਿਲ ਆਦਿ। ਟਰੱਸਟ ਵਿਚ ਇਹ ਹਦਾਇਤ ਵੀ ਕਰ ਸਕਦੇ ਹੋ ਕਿ ਸਾਰਾ ਹਿੱਸਾ ਇਕਦਮ ਦੀ ਥਾਂ ਇੰਨੇ ਇੰਨੇ ਸਾਲ ਬਾਅਦ ਇਨ੍ਹਾਂ ਇਨ੍ਹਾਂ ਨੂੰ ਦਿੱਤਾ ਜਾਵੇ; ਜਿਵੇਂ ਬੱਚਿਆਂ ਦੀ ਉਮਰ 18 ਸਾਲ 'ਤੇ ਇੰਨਾ, 30 ਸਾਲ 'ਤੇ ਇੰਨਾ ਤਾਂ ਕਿ ਉਹ ਸਾਰੀ ਪੂੰਜੀ ਇਕਦਮ ਬਰਬਾਦ ਨਾ ਕਰਨ। ਪੋਤੇ ਪੋਤੀਆਂ, ਦੋਹਤੇ-ਦੋਹਤੀਆਂ ਦੇ ਨਾਂ ਵੀ ਪਾਏ ਜਾ ਸਕਦੇ ਹਨ, ਜਿਸ ਨੂੰ ਸਪਰਿੰਗਿੰਗ ਟਰੱਸਟ ਕਿਹਾ ਜਾਂਦਾ ਹੈ ਕਿ ਜੇ ਉਹ ਕਾਲਜ ਪੜ੍ਹਦੇ ਹਨ ਤਾਂ ਇਨ੍ਹਾਂ ਨੂੰ ਪੈਸਾ ਇੱਦਾਂ ਦਿੱਤਾ ਜਾਵੇ।

ਇਕ ਪਰਚਾ ਟਰਾਂਸਫਰ ਆਨ ਡੈਥ ਅਖਵਾਉਂਦਾ ਹੈ, ਜਿਸ ਦਾ ਮਤਲਬ ਹੈ, ਮਰਨ ਉਪਰੰਤ ਇਹ ਵਸਤਾਂ ਇੱਦਾਂ ਦੇ ਦਿੱਤੀਆਂ ਜਾਣ ਜਿਵੇਂ ਘਰ ਆਦਿ। ਦੂਜਾ ਅੱਜ ਕੱਲ੍ਹ ਲੋੜੀਂਦਾ ਕਾਰਜ ਹੈਲਥਕੇਅਰ ਪਾਵਰ ਆਫ ਅਟਾਰਨੀ ਹੈ, ਜਿਸ ਵਿਚ ਤੁਸੀਂ ਕਿਸੇ ਨੂੰ ਨਾਮਜ਼ਦ ਕਰਦੇ ਹੋ, ਹਦਾਇਤਾਂ ਲਿਖ ਦਿੰਦੇ ਹੋ ਕਿ ਜੇ ਮੈਨੂੰ ਹੋਸ਼-ਹਵਾਸ ਨਾ ਰਹਿਣ ਜਾਂ ਮੈਂ ਫੈਸਲਾ ਕਰਨ ਦੇ ਅਸਮਰਥ ਹੋਵਾਂ ਤਾਂ ਇਹ ਸ਼ਖਸ ਮੇਰੇ ਲਈ ਫੈਸਲਾ ਕਰੇਗਾ। ਕਈ ਵਾਰ ਹਾਲਾਤ ਠੀਕ ਨਾ ਹੋਣ ਕਰਕੇ ਇਕ ਤੋਂ ਵੱਧ ਨਾਂ ਵੀ ਲਿਖ ਸਕਦੇ ਹੋ। ਤੁਹਾਡੇ ਆਖਰੀ ਦਿਨ ਕਿਥੇ ਅਤੇ ਕਿਵੇਂ ਗੁਜ਼ਰਨ, ਇਹ ਵੀ ਲਿਖਵਾ ਸਕਦੇ ਹੋ। ਅਜਕਲ ਫਿਊਨਰਲ ਹੋਮ ਵੀ ਇਹ ਪੇਪਰ ਮੰਗਦੇ ਹਨ, ਨਹੀਂ ਤਾਂ ਉਨ੍ਹਾਂ ਨੂੰ ਕੋਰਟ ਤੋਂ ਇਜਾਜ਼ਤ ਲੈਣੀ ਪੈਂਦੀ ਹੈ। ਐਚ. ਆਈ. ਪੀ. ਏ. ਇਕ ਹੋਰ ਜ਼ਰੂਰੀ ਕਾਨੂੰਨ ਹੈ, ਜੋ ਦਸਤਖਤਾਂ ਬਿਨਾ ਇਲਾਜ ਵਿਚ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਤਹਿਤ ਤੁਸੀਂ ਹਦਾਇਤਾਂ ਲਿਖ ਸਕਦੇ ਹੋ ਕਿ ਤੁਹਾਡਾ ਆਖਰੀ ਵਕਤ ਕਿਵੇਂ ਪੂਰਾ ਹੋਵੇ।

ਸਮਾਗਮ ਦੇ ਅਖੀਰ ਵਿਚ ਸੁਰਿੰਦਰਪਾਲ ਸਿੰਘ ਕਾਲੜਾ ਨੇ ਬੀਬੀ ਨਵਰੀਤ ਕੌਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਲੋੜ ਪੈਣ 'ਤੇ ਉਨ੍ਹਾਂ ਨੂੰ ਫਿਰ ਬੁਲਾਵਾਂਗੇ। ਨਵਰੀਤ ਦੀ ਇਸ ਵਿਸ਼ੇ 'ਤੇ ਇਹ ਦੂਜੀ ਵਾਰੀ ਸੀ।

ਯਾਦ ਰਹੇ, ਸਿੱਖ ਸੀਨੀਅਰ ਸਿਟੀਜ਼ਨ ਮਹੀਨੇ ਦੇ ਪਹਿਲੇ ਬੁਧਵਾਰ ਨੂੰ 4 ਤੋਂ 6 ਵਜੇ ਸ਼ਾਮ ਗੁਰਦੁਆਰਾ ਪੈਲਾਟਾਈਨ ਵਿਖੇ ਇਕੱਠੇ ਹੁੰਦੇ ਹਨ ਤੇ ਤੀਜੇ ਬੁਧਵਾਰ 1 ਤੋਂ 3 ਵਜੇ ਤੱਕ ਜਨਮ ਦਿਨ ਮਨਾਉਣ ਲਈ ਲੰਚ ਕਰਦੇ ਹਨ। ਹੋਰ ਜਾਣਕਾਰੀ ਲਈ ਸ. ਕਾਲੜਾ ਨਾਲ ਫੋਨ: 847-305-9119 ਜਾਂ basatit@aol.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੈਲਾਟਾਈਨ ਗੁਰੂਘਰ 'ਚ ਗੁਰੂ ਨਾਨਕ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਸਮਾਗਮ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ, ਬਿਊਰੋ):** ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਸਬੰਧ 'ਚ ਸਥਾਨਕ ਗੁਰਦੁਆਰਾ ਪੈਲਾਟਾਈਨ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ ਜੋ ਪਹਿਲੀ ਦਸੰਬਰ ਤੱਕ ਜਾਰੀ ਰਹਿਣਗੇ। ਇਨ੍ਹਾਂ ਸਮਾਗਮਾਂ ਵਿਚ ਸੰਗਤਾਂ ਨੇ ਭਰਵੀਂ ਹਾਜਰੀ ਭਰੀ।

9 ਨਵੰਬਰ, ਸਨਿਚਰਵਾਰ ਨੂੰ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਸੰਗਤਾਂ ਬੜੇ ਹੀ ਉਤਸ਼ਾਹ ਤੇ ਜੋਸ਼ ਨਾਲ ਸ਼ਾਮਿਲ ਹੋਈਆਂ। 10 ਨਵੰਬਰ, ਐਤਵਾਰ ਨੂੰ ਭਾਈ ਅਜੀਤ ਸਿੰਘ ਇੰਡੀਆਨਾ ਨੇ ਕੀਰਤਨ ਨਾਲ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। 12 ਨਵੰਬਰ, ਮੰਗਲਵਾਰ ਸ਼ਾਮ ਨੂੰ 550ਵੇਂ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਦੀਵਾਨ ਸਜੇ। ਸੰਗਤਾਂ ਦੀਆਂ ਭਾਰੀ ਰੌਣਕਾਂ ਲੱਗੀਆਂ। ਇਸ ਇਤਿਹਾਸਕ ਦਿਹਾੜੇ 'ਤੇ ਸ਼ਿਕਾਗੋ ਤੋਂ ਇਲਾਵਾ ਮਿਲਵਾਕੀ, ਇਡੀਆਨਾ ਤੇ ਮਿਸ਼ੀਗਨ ਤੋਂ ਵੀ ਸੰਗਤਾਂ ਪੁੱਜੀਆਂ। ਪ੍ਰਕਾਸ਼ ਪੁਰਬ ਸਬੰਧੀ ਦੀਵਾਨ ਹਾਲ ਅਤੇ ਪਾਲਕੀ ਦੀ ਫੁੱਲਾਂ ਦੀਆਂ ਲੜੀਆਂ ਅਤੇ ਵੰਨ ਸੁਵੰਨੇ ਪਰਦਿਆਂ ਤੇ ਲਾਈਟਾਂ ਨਾਲ ਸੁੰਦਰ ਸਜਾਵਟ ਕੀਤੀ ਗਈ।













ਕਥਾਵਾਚਕ ਭਾਈ ਜਗਤਾਰ ਸਿੰਘ ਜਾਚਕ ਨੇ ਗੁਰੂ ਨਾਨਕ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਸਭ ਨੂੰ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਪ੍ਰੇਰਨਾ ਕੀਤੀ। ਭਾਈ ਹਰਿੰਦਰ ਸਿੰਘ ਰੋਮੀ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਸਰਵਣ ਕਰਵਾਇਆ।

ਇਸ ਮੌਕੇ ਗੁਰੂ ਨਾਨਕ ਦੇਵ ਦੇ ਸਮੇਂ ਦੇ ਇਤਿਹਾਸ ਨੂੰ ਤਾਜ਼ਾ ਕਰਦੀ ਇਕ ਫੋਟੋ ਪ੍ਰਦਰਸ਼ਨੀ ਵੀ ਲਾਈ ਗਈ ਅਤੇ ਗੁਰੂ ਸਾਹਿਬ ਸਬੰਧੀ ਕਿਤਾਬਾਂ ਵੀ ਮੁਫਤ ਵੰਡੀਆਂ ਗਈਆਂ।

ਪ੍ਰਕਾਸ਼ ਪੁਰਬ ਸਬੰਧੀ 15 ਨਵੰਬਰ, ਸ਼ੁੱਕਰਵਾਰ ਨੂੰ ਸਵੇਰੇ ਅਖੰਡ ਪਾਠ ਦਾ ਅਰੰਭ ਹੋਇਆ। 15 ਤੇ 16 ਨਵੰਬਰ ਸ਼ਾਮ ਨੂੰ ਸਜੇ ਵਿਸ਼ੇਸ਼ ਦੀਵਾਨ ਵਿਚ ਭਾਈ ਹਰਿੰਦਰ ਸਿੰਘ ਰੋਮੀ ਦੇ ਸ਼ਬਦ ਕੀਰਤਨ ਉਪਰੰਤ ਭਾਈ ਸ਼੍ਰੀਪਾਲ ਸਿੰਘ ਨੇ ਤੰਤੀ ਸਾਜਾਂ ਨਾਲ ਕੀਰਤਨ ਕਰਦਿਆਂ ਗੁਰੂ ਮਹਿਮਾ ਕੀਤੀ। ਕਥਾਵਾਚਕ ਭਾਈ ਪ੍ਰਮਿੰਦਰਜੀਤ ਸਿੰਘ ਨੇ ਗੁਰਮਤਿ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅਜੀਤ ਸਿੰਘ ਜੱਬਲਪੁਰ ਅਤੇ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਨੇ ਵੀ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲੁਆਈ।

ਐਤਵਾਰ, 17 ਨਵੰਬਰ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ। ਭਾਈ ਹਰਿੰਦਰ ਸਿੰਘ ਰੋਮੀ ਤੇ ਭਾਈ ਸ਼੍ਰੀਪਾਲ ਸਿੰਘ ਨੇ ਕੀਰਤਨ ਕੀਤਾ। ਐਤਵਾਰ ਨੂੰ ਨਿਸ਼ਾਨ ਸਾਹਿਬ ਦੇ ਚੋਲੇ ਬਦਲੇ ਗਏ ਅਤੇ ਨਿਸ਼ਾਨ ਸਾਹਿਬ ਨੂੰ ਵਿਸ਼ੇਸ਼ ਲਾਈਟਾਂ ਲਾ ਕੇ ਰੁਸ਼ਨਾਇਆ ਗਿਆ। 16 ਨਵੰਬਰ ਨੂੰ ਸਵੇਰੇ ਪ੍ਰਭਾਤ ਫੇਰੀ ਸਜਾਈ ਗਈ, ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਿਲ ਹੋਈਆਂ।

ਇਸ ਤੋਂ ਇਲਾਵਾ 23, 24 ਤੇ 25 ਨਵੰਬਰ ਨੂੰ ਕੀਰਤਨ ਦਰਬਾਰ ਸਜੇ ਅਤੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਸਰਬ ਸਾਂਝਾ ਉਪਦੇਸ਼ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸੰਗਤਾਂ ਨੇ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ। ਸੰਤ ਅਨੂਪ ਸਿੰਘ ਊਨਾ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਅਤੇ ਭਾਈ ਨਿਰਮਲ ਸਿੰਘ ਨਾਗਪੁਰੀ ਨੇ ਅਨੰਦਮਈ ਕੀਰਤਨ ਦੀ ਵਰਖਾ ਕੀਤੀ। ਸੰਤ ਅਨੂਪ ਸਿੰਘ ਦੇ ਬੇਟੇ ਨੇ ਰਾਗਾਂ ਉਤੇ ਆਧਾਰਤ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਜੈਕਰਿਆਂ ਨਾਲ ਉਸ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।

ਸਮਾਗਮ ਵਿਚ ਆਤਮ-ਰਸ ਕੀਰਤਨ ਦਰਬਾਰ ਵਿਚ ਸਾਰੇ ਰਾਗੀ ਜਥਿਆਂ ਨੇ ਸਾਂਝੇ ਤੌਰ 'ਤੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਹ ਦ੍ਰਿਸ਼ ਬਹੁਤ ਹੀ ਅਲੌਕਿਕ ਸੀ। ਇਸ ਮੌਕੇ ਸਾਰੇ ਰਾਗੀ ਜਥਿਆਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

ਭਾਈ ਮਨਜੀਤ ਸਿੰਘ ਮੋਟਰੋਲਾ ਵਾਲਿਆਂ ਨੇ ਕਿਹਾ ਕਿ ਪੁਰਾਤਨ ਰਵਾਇਤ ਅਨੁਸਾਰ ਰਾਗ ਆਧਾਰਤ ਕੀਰਤਨ ਦਰਬਾਰ ਸੁਣ ਕੇ ਅਨੰਦ ਆ ਗਿਆ। ਸਾਡੀ ਬੇਨਤੀ ਹੈ ਕਿ ਇਹੋ ਜਿਹੇ ਸਮਾਗਮ ਹਰ ਸਾਲ ਹੋਣੇ ਚਾਹੀਦੇ ਹਨ।

ਇਸ ਮੌਕੇ ਸੀਨੀਅਰ ਸਿਟੀਜਨ ਗਰੁਪ ਨੇ ਇਕ ਦੂਜੇ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਕਿਹਾ ਕਿ ਉਹ ਬੜੇ ਭਾਗਾਂ ਵਾਲੇ ਹਨ, ਜਿਨ੍ਹਾਂ ਪਹਿਲਾਂ ਗੁਰੂ ਨਾਨਕ ਦੇਵ ਜੀ 500 ਸਾਲਾ ਸਮਾਗਮਾਂ ਵਿਚ ਸ਼ਿਰਕਤ ਕੀਤੀ ਸੀ ਅਤੇ ਹੁਣ 550 ਸਾਲਾ ਸਮਾਗਮਾਂ ਵਿਚ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ ਤੇ ਪਿਛਲੇ ਇਕ ਮਹੀਨੇ ਤੋਂ ਉਚ ਕੋਟੀ ਦੇ ਕੀਰਤਨੀ ਜਥਿਆਂ ਦੇ ਰਸਮਈ ਕੀਰਤਨ ਦਾ ਅਨੰਦ ਮਾਣ ਰਹੇ ਹਨ। ਗੁਰੂਘਰ ਵਲੋਂ ਪਹਿਲੀ ਵਾਰੀ ਹਾਈਵੇਅ 90 ਉਤੇ 4 ਹਫਤਿਆਂ ਲਈ ਗੁਰੂ ਨਾਨਕ ਪ੍ਰਕਾਸ਼ ਪੁਰਬ ਸਬੰਧੀ ਅਤੇ ਸਿੱਖ ਕੌਮ ਦਾ ਵਿਦੇਸ਼ਾਂ 'ਚ ਨਾ ਰੌਸ਼ਨ ਕਰਨ ਵਾਲੀਆਂ ਕੁਝ ਸ਼ਖਸੀਅਤਾਂ ਦੀਆਂ ਤਸਵੀਰਾਂ ਦਾ ਇਕ ਡਿਜੀਟਲ ਸਾਈਨ ਬੋਰਡ ਲਾਇਆ ਗਿਆ।

ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਅੰਦਰ ਤੇ ਬਾਹਰ ਦੀ ਦਿੱਖ ਨੂੰ ਸੰਵਾਰਨ ਲਈ ਰੰਗ ਰੋਗਨ ਕੀਤੇ ਗਏ। ਕਾਰ ਸੇਵਾ ਜਥੇ ਨੇ ਰੰਗ ਕਰਨ ਵਾਲਿਆਂ ਨਾਲ ਮਿਲ ਕੇ ਦਿਨ-ਰਾਤਾਂ ਇਕ ਕਰ ਕੇ ਕੰਮ ਕੀਤਾ। ਬਾਹਰੀ ਵਾਤਾਵਰਣ ਨੂੰ ਸੰਵਾਰਨ ਲਈ ਰੁੱਖ ਤੇ ਸਜਾਵਟੀ ਪੌਦੇ ਲਾਏ ਗਏ। ਗੁਰੂ ਘਰ ਦੇ ਗੇਟ ਤੇ ਫੈਂਸ ਦੁਆਲੇ ਖੂਬਸੂਰਤ ਲੜੀਆਂ ਲਾ ਕੇ ਸਜਾਵਟ ਕੀਤੀ ਗਈ।



ਗੁਰੂਘਰ ਵਿਚ ਪਹਿਲਾਂ ਕਈਆਂ ਮੌਕਿਆਂ 'ਤੇ ਲੱਖਾਂ ਦਾ ਦਾਨ ਕਰ ਚੁਕੇ ਇਕ ਦੋ ਪਰਿਵਾਰਾਂ ਨੇ ਚੋਖੀ ਰਕਮ 550 ਸਾਲਾ ਪ੍ਰਕਾਸ਼ ਪੁਰਬ ਸਮਾਗਮ ਲਈ ਭੇਟਾ ਦਿੰਦਿਆਂ ਕਿਹਾ ਕਿ ਗੁਰੂ ਮਹਾਰਾਜ ਦੇ ਉਲੀਕੇ ਕਾਰਜ ਤਨ, ਮਨ ਤੇ ਸ਼ਰਧਾ ਨਾਲ ਮਨਾਏ ਜਾਣੇ ਚਾਹੀਦੇ ਹਨ। ਜੇ ਕੋਈ ਖਰਚੇ ਵਿਚ ਕਮੀ ਰਹੀ ਤਾਂ ਉਹ ਪੂਰੀ ਕਰ ਦੇਣਗੇ। ਸਮਾਗਮ ਦੇ ਪ੍ਰਬੰਧਕਾਂ ਨੇ ਕਿਹਾ ਕਿ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਪਹਿਲਾਂ ਹੀ ਆਪਣੀ ਸਰਧਾ ਨਾਲ ਭੇਟਾ ਦੇ ਕੇ ਸਮਾਗਮ ਦੇ ਖਰਚੇ ਦਾ ਟੀਚਾ ਪੂਰਾ ਕਰ ਦਿੱਤਾ ਸੀ, ਪਰ ਫਿਰ ਵੀ ਇਨ੍ਹਾਂ ਪਰਿਵਾਰਾਂ ਦੀ ਸ਼ਰਧਾ ਤੇ ਸੰਗਤਾਂ ਦੇ ਭਰਵੇਂ ਸਹਿਯੋਗ ਲਈ ਧੰਨਵਾਦ।

ਇਕ ਹੋਰ ਪ੍ਰਬੰਧਕ ਨੇ ਦਸਿਆ ਕਿ ਸੰਗਤਾਂ ਵਿਚ ਇਨ੍ਹਾਂ ਸਮਾਗਮਾਂ ਪ੍ਰਤੀ ਇੰਨਾ ਉਤਸ਼ਾਹ ਸੀ ਕਿ ਸਮਾਗਮ ਲਈ ਲੋੜੀਂਦੀ ਰਕਮ 3 ਹਫਤਿਆਂ ਵਿਚ ਹੀ ਪੂਰੀ ਕਰ ਦਿੱਤੀ। ਉਹ ਚਾਹੁੰਦੇ ਤਾਂ ਹੋਰ ਮਾਇਆ ਵੀ ਸੰਗਤ ਦੇਣ ਨੂੰ ਤਿਆਰ ਸੀ, ਪਰ ਹੁਣ ਉਹ ਹਰ ਸਾਲ ਲਗਾਤਾਰ ਇਹ ਸਮਾਗਮ ਜਾਰੀ ਰਖਣਾ ਚਾਹੁੰਦੇ ਹਨ। ਇਸ ਲਈ ਉਨ੍ਹਾਂ ਉਨੀ ਮਾਇਆ ਹੀ ਇੱਕਠੀ ਕੀਤੀ, ਜਿੰਨੀ ਇਸ ਸਾਲ ਲੋੜ ਸੀ। ਅਗਲੇ ਸਾਲ ਸੰਗਤਾਂ ਨੂੰ ਫਿਰ ਬੇਨਤੀ ਕਰਾਂਗੇ। ਜ਼ਿਕਰਯੋਗ ਹੈ ਕਿ ਬਹੁਤੀ ਸੰਗਤ ਨੇ ਗੁਰੂ ਸਾਹਿਬ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ 550 ਡਾਲਰ ਭੇਟ ਕੀਤੇ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਸਾਹਿਬ ਦੇ 40 ਸਾਲਾ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਕਿ ਇਕ ਹੀ ਮਹੀਨੇ ਵਿਚ ਲਗਾਤਾਰ ਇੰਨੇ ਵੰਨ ਸੁਵੰਨੇ ਪ੍ਰੋਗਰਾਮ ਹੋਏ ਹੋਣ ਤੇ ਸੰਗਤਾਂ ਨੇ ਇਨ੍ਹਾਂ ਦਾ ਲਾਹਾ ਲਿਆ ਹੋਵੇ।

550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਸਬੰਧੀ ਬੱਚਿਆਂ ਦੇ ਭਾਸ਼ਣ ਮੁਕਾਬਲੇ 27 ਅਕਤੂਬਰ ਨੂੰ ਕਰਵਾਏ ਗਏ, ਜਿਨ੍ਹਾਂ ਵਿਚ 3 ਤੋਂ 8 ਸਾਲ, 9 ਤੋਂ 12 ਸਾਲ ਅਤੇ 13 ਤੋਂ 16 ਸਾਲ ਉਮਰ ਵਰਗ ਦੇ 40 ਬੱਚਿਆਂ ਨੇ ਹਿੱਸਾ ਲਿਆ। ਪਹਿਲੇ ਤਿੰਨ ਥਾਂਵਾਂ 'ਤੇ ਆਉਣ ਵਾਲੇ ਬੱਚਿਆਂ ਨੂੰ ਗੁਰਦੁਆਰਾ ਲਾਇਬ੍ਰੇਰੀ ਦੇ ਸੇਵਾਦਾਰਾਂ ਨੇ ਹੌਸਲਾ ਹਫਜ਼ਾਈ ਵਜੋਂ ਕ੍ਰਮਵਾਰ 100 ਡਾਲਰ, 75 ਡਾਲਰ ਅਤੇ 50 ਡਾਲਰ ਦੇ ਇਨਾਮ ਦਿੱਤੇ। 17 ਨਵੰਬਰ, ਐਤਵਾਰ ਨੂੰ ਬੱਚਿਆਂ ਨੇ ਮੁੜ ਆਪਣੇ ਪ੍ਰਭਾਵਸ਼ਾਲੀ ਭਾਸ਼ਣਾਂ ਦਾ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਬੋਰਡ ਮੈਂਬਰ ਤੇ ਲਾਇਬ੍ਰੇਰੀ ਇੰਚਾਰਜ ਬੀਬੀ ਸਲਵਿੰਦਰ ਕੌਰ ਨੇ ਸੰਗਤਾਂ ਨੂੰ ਗੁਰਪੁਰਬ ਦੀ ਵਧਾਈ ਦਿੰਦਿਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖਿਆਵਾਂ ਦੀ ਰੌਸ਼ਨੀ 'ਚ ਨੌਜਵਾਨਾਂ ਨੂੰ ਸਿੱਖੀ ਸਰੂਪ ਵਿਚ ਪਰਪੱਕ ਰਹਿਣ ਲਈ ਦੀ ਪ੍ਰੇਰਨਾ ਕੀਤੀ। ਉਨ੍ਹਾਂ ਭਾਸ਼ਣ ਮੁਕਾਬਲੇ ਪ੍ਰੋਗਰਾਮ ਨੂੰ ਸਫਲ ਕਰਨ ਲਈ ਸੰਗਤ, ਲਾਇਬਰੇਰੀ ਟੀਮ ਦੇ ਸੇਵਾਦਾਰਾਂ, ਮੁਕਾਬਲੇ ਦੇ ਜੱਜਾਂ, ਬੱਚਿਆਂ ਦੇ ਮਾਤਾ-ਪਿਤਾ ਅਤੇ ਹੋਰ ਵਾਲੰਟੀਅਰਾਂ ਤੇ ਟਰਾਫੀਆਂ ਦੇ ਸਪਾਂਸਰ ਡਾ. ਕਾਨਨ ਸਿੰਘ ਤੇ ਡਾ. ਦੀਪਕਮਲ ਕੌਰ ਢਿੱਲੋਂ ਦਾ ਧੰਨਵਾਦ ਕੀਤਾ।

ਬੀਬੀ ਸਲਵਿੰਦਰ ਕੌਰ ਨੇ ਸਤਨਾਮ ਸਿੰਘ ਔਲਖ ਦਾ ਪ੍ਰੋਗਰਾਮ ਲਈ ਦਿੱਤੇ ਵੱਡਮੁਲੇ ਸੁਝਾਅ ਲਈ ਧੰਨਵਾਦ ਕਰਦਿਆਂ ਬੋਰਡ ਮੈਂਬਰ ਜੈ ਰਾਮ ਸਿੰਘ ਕਾਹਲੋਂ ਤੇ ਅੱਛਰ ਸਿੰਘ ਦਾ ਸਮਾਗਮ ਦੇ ਪ੍ਰਬੰਧ ਵਿਚ ਨਿਭਾਈ ਗਈ ਵਿਸ਼ੇਸ਼ ਭੂਮਿਕਾ ਲਈ ਧੰਨਵਾਦ ਕੀਤਾ।

ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਲਾਇਬ੍ਰੇਰੀ ਟੀਮ ਦੇ ਮਨਦੀਪ ਕੌਰ ਮਾਨ, ਪਾਲ ਸੈਣੀ, ਬਲਬੀਰ ਸਿੰਘ, ਪ੍ਰੀਤੀ ਕੌਰ ਸਿਬਲ ਤੇ ਸਤਨਾਮ ਸਿੰਘ ਨੇ ਭਰਵੀਂ ਮਿਹਨਤ ਕੀਤੀ।

ਲੰਘੇ ਐਤਵਾਰ 24 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਪੂਰੇ ਸਮਾਗਮ ਦੇ ਪ੍ਰਮੁਖ ਨੁਮਾਇੰਦੇ ਤੇ ਗੁਰੂਘਰ ਦੇ ਬੋਰਡ ਮੈਂਬਰ ਜੈ ਰਾਮ ਸਿੰਘ ਕਾਹਲੋਂ ਨੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਕੀਰਤਨੀ ਜਥਿਆਂ, ਵਾਲੰਟੀਅਰਾਂ, ਸਪਾਸਰਾਂ ਤੇ ਸੰਗਤ ਦਾ ਸਹਿਯੋਗ ਲਈ ਉਚੇਚਾ ਧੰਨਵਾਦ ਕੀਤਾ। ਉਨ੍ਹਾਂ ਭਾਸ਼ਣ ਮੁਕਾਬਲੇ ਵਿਚ ਹਿੱਸਾ ਲੈਣ ਲਈ ਬੱਚਿਆਂ ਦਾ ਵਿਸ਼ੇਸ਼ ਸ਼ੁਕਰੀਆ ਅਦਾ ਕੀਤਾ ਤੇ ਕਿਹਾ ਕਿ ਸਾਡੀ ਆਉਣ ਵਾਲੀ ਪਨੀਰੀ ਗੁਰੂ ਨਾਲ ਇਸੇ ਤਰ੍ਹਾਂ ਹੀ ਜੁੜੀ ਰਹੇ। ਉਨ੍ਹਾਂ ਸਮਾਗਮਾਂ ਨੂੰ ਨਪੇਰੇ ਚਾੜ੍ਹਨ ਲਈ ਗੁਰੂਘਰ ਦੀ ਪ੍ਰਬੰਧਕ ਕਮੇਟੀ ਦਾ ਵੀ ਧੰਨਵਾਦ ਕੀਤਾ।

ਸਮਾਗਮ ਦਾ ਅਰੰਭ ਪਹਿਲੀ ਨਵੰਬਰ ਨੂੰ ਹੋਇਆ ਸੀ ਤੇ ਸਮਾਪਤੀ ਪਹਿਲੀ ਦਸੰਬਰ ਨੂੰ ਹੋਵੇਗੀ। ਬੀਬੀ ਬਲਜੀਤ ਕੌਰ ਖਾਲਸਾ ਦੇ ਜਥੇ ਵਲੋਂ ਕੀਰਤਨ 29, 30 ਨਵੰਬਰ ਅਤੇ ਪਹਿਲੀ ਦਸੰਬਰ ਨੂੰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਖੂਨ ਦਾਨ ਕੈਂਪ ਵੀ ਲਾਇਆ ਜਾਵੇਗਾ।

ਇਨ੍ਹਾਂ ਸਮਾਗਮਾਂ 'ਚ ਹਰਭਜਨ ਸਿੰਘ ਮਾਂਗਟ ਤੇ ਭੁਪਿੰਦਰ ਸਿੰਘ ਮਾਂਗਟ ਦੇ ਪਰਿਵਾਰਾਂ ਨੇ ਵੱਖ ਵੱਖ ਸਮੇਂ ਵਿਚ ਅਖੰਡ ਪਾਠ ਕਰਵਾਏ ਅਤੇ ਲੰਗਰ ਦੀ ਸੇਵਾ ਨਿਭਾਈ।

# ਖੌਰੂ ਪਾਉਣ ਵਾਲੇ ਤਿੰਨ ਨੌਜਵਾਨ ਕੈਨੇਡਾ ਵਿਚੋਂ ਕੱਢੇ

**ਵੈਨਕੂਵਰ:** ਕੈਨੇਡਾ ਦੇ ਸਰੀ ਸ਼ਹਿਰ ਦੇ ਸਟਰਾਬੈਰੀ ਹਿੱਲ ਖੇਤਰ 'ਚ ਅਗਸਤ ਮਹੀਨੇ ਇਕ ਪਲਾਜ਼ੇ 'ਚ ਪੰਜਾਬੀ ਮੁੰਡਿਆਂ ਵੱਲੋਂ ਇਕ-ਦੂਜੇ ਦੀ ਕੁੱਟਮਾਰ ਕਰਨ ਵਾਲਿਆਂ 'ਚੋਂ ਤਿੰਨ ਨੂੰ ਭਾਰਤ ਵਾਪਸ ਭੇਜ ਦਿੱਤਾ ਹੈ ਤੇ ਤਿੰਨ ਹੋਰਨਾਂ ਨੂੰ ਵੀ ਉਸੇ ਦਰਵਾਜ਼ੇ ਰਾਹੀਂ ਲੰਘਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਪੁਲਿਸ ਦੇ ਦੇਸ਼ ਵਾਪਸੀ (ਡਿਪੋਰਟੇਸ਼ਨ) ਦੇ ਫੈਸਲੇ ਦਾ ਸੰਕੇਤ ਹੈ ਕਿ ਹੁਣ ਖੌਰੂ ਪਾਉਣ ਵਾਲਿਆਂ ਦੀ ਖੈਰ ਨਹੀਂ। ਜਿਵੇਂ ਹੀ ਸਰੀ ਪੁਲਿਸ ਨੇ ਉਕਤ ਕਾਰਵਾਈ ਬਾਰੇ ਪੱਤਰ ਜਾਰੀ ਕੀਤਾ ਤਾਂ ਲੋਕਾਂ ਨੇ ਤੁਰਤ ਇਸ ਨੂੰ ਸ਼ਹਿਰ 'ਚ ਸ਼ਾਂਤੀ ਦੀ ਬਹਾਲੀ ਵੱਲ ਪੁੱਟਿਆ ਪਹਿਲਾ ਸਹੀ ਕਦਮ ਕਰਾਰ ਦਿੱਤਾ। ਪੁਲਿਸ ਨੇ ਕਿਹਾ ਕਿ ਬੀਤੇ ਹਫਤੇ ਸਰੀ 'ਚ ਅੱਧੀ ਰਾਤ ਹੋਈ ਹੁੱਲੜਬਾਜ਼ੀ ਵਾਲੇ ਮਾਮਲੇ ਦੀ ਜਾਂਚ ਵੀ ਬਰੀਕੀ ਨਾਲ ਕੀਤੀ ਜਾ ਰਹੀ ਹੈ ਤੇ ਉਸ 'ਚ ਦੋਸ਼ੀ ਪਾਏ ਜਾਣ ਵਾਲਿਆਂ ਨਾਲ ਵੀ ਅਜਿਹਾ ਹੀ ਸਲੂਕ ਕੀਤਾ ਜਾਵੇਗਾ।

ਲੰਘੀ 11 ਨਵੰਬਰ ਤੜਕਸਾਰ ਸਰੀ ਦੇ ਨਿਊਟਨ ਖੇਤਰ 'ਚ ਪਲਾਜ਼ੇ 'ਚ ਵਾਪਰੀ ਕੁੱਟਮਾਰ ਤੇ ਕਾਰਾਂ ਭੰਨਣ ਦੀ ਘਟਨਾ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਰੀ ਨਿਵਾਸੀਆਂ ਦੇ ਸਹਿਮ ਬਾਰੇ ਪੁਲਿਸ ਨੇ ਕਿਹਾ ਕਿ ਭਾਵੇਂ ਇਸ ਘਟਨਾ ਬਾਰੇ ਕਿਸੇ ਪੀੜਤ ਵੱਲੋਂ ਉਨ੍ਹਾਂ ਨੂੰ ਸ਼ਿਕਾਇਤ ਨਹੀਂ ਕੀਤੀ ਗਈ, ਪਰ ਪੁਲਿਸ ਦੀਆਂ ਵੱਖ ਵੱਖ ਇਕਾਈਆਂ ਵੱਲੋਂ ਇਕੱਤਰ ਜਾਣਕਾਰੀ ਦੇ ਆਧਾਰ ਉਤੇ ਅਸਲ ਮੁਲਜ਼ਮਾਂ ਦੀ ਪਛਾਣ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਲੁਕਵੇਂ ਢੰਗ ਨਾਲ ਸੰਕੇਤ ਦੇ ਦਿੱਤਾ ਗਿਆ ਹੈ ਕਿ ਕਸੂਰਵਾਰਾਂ ਨੂੰ ਘਰ ਭੇਜਿਆ ਜਾਵੇਗਾ।

## ਅਮਰੀਕਾ 'ਚ ਦਾਖਲ ਹੁੰਦੇ ਪੰਜ ਭਾਰਤੀ ਗ੍ਰਿਫਤਾਰ

**ਨਿਊ ਯਾਰਕ:** ਅਮਰੀਕਾ ਦੀ ਸਰਹੱਦੀ ਗਸ਼ਤੀ ਟੀਮ ਨੇ ਮੁਲਕ ਵਿਚ ਗੈਰਕਾਨੂੰਨੀ ਤਰੀਕੇ ਨਾਲ ਦਾਖਲ ਹੁੰਦੇ ਪੰਜ ਭਾਰਤੀਆਂ ਤੇ ਇਕ ਸ਼ੱਕੀ ਤਸਕਰ ਨੂੰ ਗ੍ਰਿਫਤਾਰ ਕੀਤਾ ਹੈ। ਟੀਮ ਨੇ ਇਨ੍ਹਾਂ ਛੇ ਜਣਿਆਂ ਨੂੰ ਓਗਡੈਂਨਸਬਰਗ ਸਥਿਤ ਕਾਰੋਬਾਰੀ ਅਦਾਰੇ 'ਚੋਂ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਨਿਊ ਯਾਰਕ ਨੇੜਲੇ ਮੌਰਿਸਟਾਊਨ ਇਮੀਗ੍ਰੇਸ਼ਨ ਨਾਕੇ 'ਤੇ ਇਕ ਅਮਰੀਕੀ ਚਾਲਕ ਵੱਲੋਂ ਚਲਾਏ ਜਾ ਰਹੇ ਵਾਹਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਝਕਾਨੀ ਦੇ ਕੇ ਉਥੋਂ ਭੱਜਣ ਵਿਚ ਸਫਲ ਰਿਹਾ। ਸਰਹੱਦੀ ਗਸ਼ਤੀ ਟੀਮ ਨੇ ਮਗਰੋਂ ਇਹ ਵਾਹਨ ਓਗਡੈਂਨਸਬਰਗ ਦੀ ਪਾਰਕਿੰਗ 'ਚੋਂ ਬਰਾਮਦ ਕਰ ਲਿਆ। ਟੀਮ ਨੇ ਇਨ੍ਹਾਂ ਨੂੰ ਮੁਕਾਮੀ ਕਾਰੋਬਾਰੀ ਅਦਾਰੇ 'ਚੋਂ ਗ੍ਰਿਫਤਾਰ ਕੀਤਾ ਤਾਂ ਉਨ੍ਹਾਂ ਕੋਲ ਇਮੀਗ੍ਰੇਸ਼ਨ ਨਾਲ ਸਬੰਧਤ ਕੋਈ ਵੀ ਦਸਤਾਵੇਜ਼ ਮੌਜੂਦ ਨਹੀਂ ਸੀ।

## ਰਾਜੀਵ ਗਾਂਧੀ ਦੇ ਕਾਤਲ ਨੂੰ ਮਹੀਨੇ ਦੀ ਪੈਰੋਲ

**ਚੇਨੱਈ:** ਮਦਰਾਸ ਹਾਈ ਕੋਰਟ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਕਤਲ ਕੇਸ 'ਚ ਦੋਸ਼ੀ ਠਹਿਰਾਏ ਗਏ 7 ਵਿਅਕਤੀਆਂ ਵਿਚੋਂ ਇਕ ਰੌਬਰਟ ਪਾਇਸ ਨੂੰ ਮਹੀਨੇ ਦੀ ਪੈਰੋਲ ਦਿੱਤੀ ਹੈ।

# ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਪੈਲਾਟਾਈਨ 'ਚ ਹੋਏ ਵਿਸ਼ੇਸ਼ ਸਮਾਗਮ ਦੀਆਂ ਕੁਝ ਯਾਦਗਾਰੀ ਤਸਵੀਰਾਂ



























# ਕਸ਼ਮੀਰ ਵਿਚ ਟੈਗੋਰ



***ਬੰਗਲਾ ਸਾਹਿਤ ਅਤੇ ਸੰਗੀਤ ਨੂੰ ਨਵੇਂ ਸਿਰਿਓਂ ਘੜਨ ਵਾਲੇ ਮਹਾਂਕਵੀ ਰਬਿੰਦਰਨਾਥ ਟੈਗੋਰ (7 ਮਈ 1861-7 ਅਗਸਤ 1941) ਦੀਆਂ ਕਈ ਰਚਨਾਵਾਂ ਕਸ਼ਮੀਰੀ ਭਾਸ਼ਾ ਵਿਚ ਅਨੁਵਾਦ ਹੋਈਆਂ। ਉਹ ਇਕ ਵਾਰ ਕਸ਼ਮੀਰ ਗਏ ਸਨ। ਇਹ ਪਿਛਲੀ ਸਦੀ ਦੇ ਦੂਜੇ ਦਹਾਕੇ ਦੀ ਗੱਲ ਹੈ। ਉਨ੍ਹਾਂ ਦੀਆਂ ਕਈ ਰਚਨਾਵਾਂ ਵਿਚ ਕਸ਼ਮੀਰ ਦਾ ਚੋਖਾ ਜ਼ਿਕਰ ਆਇਆ ਹੈ। ਇਸ ਲੇਖ ਵਿਚ ਹਰਮਿੰਦਰ ਸਿੰਘ ਹਰਜੀ ਨੇ ਉਨ੍ਹਾਂ ਦੀ ਕਸ਼ਮੀਰ ਨਾਲ ਸਾਂਝ ਬਾਰੇ ਗੱਲਾਂ-ਬਾਤਾਂ ਕੀਤੀਆਂ ਹਨ। -ਸੰਪਾਦਕ***

ਹਰਮਿੰਦਰ ਸਿੰਘ ਹਰਜੀ

ਮਹਾਂਕਵੀ ਰਬਿੰਦਰਨਾਥ ਟੈਗੋਰ ਇਕ ਵਾਰ 1915 ਵਿਚ ਕਸ਼ਮੀਰ ਗਏ। ਕਸ਼ਮੀਰ ਘਾਟੀ ਵਿਚ ਠਹਿਰਨ ਸਮੇਂ ਕਸ਼ਮੀਰ ਦੀ ਖੂਬਸੂਰਤੀ ਬਾਰੇ ਆਪਣੇ ਮਨ ਵਿਚ ਜੋ ਅਕਸ ਉਲੀਕੇ, ਉਨ੍ਹਾਂ ਦਾ ਪ੍ਰਗਟਾਵਾ ਅਕਸਰ ਉਹ ਆਪਣੀਆਂ ਲਿਖਤਾਂ ਵਿਚ ਕਰਦੇ ਰਹੇ। ਉਸ ਸਮੇਂ ਮਹਾਰਾਜਾ ਪ੍ਰਤਾਪ ਸਿੰਘ ਕਸ਼ਮੀਰ 'ਤੇ ਸ਼ਾਸਨ ਕਰਦੇ ਸਨ। ਮਹਾਰਾਜਾ ਗੁਲਾਬ ਸਿੰਘ ਨੇ 1846 ਵਿਚ ਸਿੱਖ ਰਾਜ ਦੇ ਪਤਨ ਪਿਛੋਂ ਕਸ਼ਮੀਰ ਨੂੰ ਅੰਗਰੇਜ਼ਾਂ ਪਾਸੋਂ 75 ਲੱਖ ਚਿਲਕੀ ਰੁਪਏ ਵਿਚ ਖਰੀਦਿਆ ਅਤੇ 1948 ਤੱਕ ਡੋਗਰਿਆਂ ਨੇ ਕਸ਼ਮੀਰ 'ਤੇ ਰਾਜ ਕੀਤਾ। ਇਸ ਘਿਨਾਉਣੀ ਖਰੀਦ ਵਿਚ ਸਿਰਫ ਕਸ਼ਮੀਰ ਦੇ ਲੋਕ ਤੇ ਧਰਤੀ ਹੀ ਨਹੀਂ ਸੀ, ਸਗੋਂ ਨਦੀ ਨਾਲੇ, ਚਸ਼ਮੇ, ਦਰਿਆ, ਝੀਲਾਂ-ਦਰਿੰਦ, ਪਰਿੰਦ, ਚਰਿੰਦ ਅਤੇ ਬਨਸਪਤੀ ਵੀ ਸ਼ਾਮਲ ਸੀ। ਅਲਾਮਾ ਇਕਬਾਲ ਨੇ ਇਸ ਨੂੰ ਬੈਅਨਾਮਾ ਅੰਮ੍ਰਿਤਸਰ ਦਾ ਨਾਂ ਦਿੱਤਾ ਹੈ। ਉਸ ਨੇ ਫਾਰਸੀ ਸ਼ਿਅਰ ਵਿਚ ਕਸ਼ਮੀਰ ਦੇ ਲੋਕਾਂ ਦੀ ਗੁਲਾਮੀ ਦਾ ਪ੍ਰਗਟਾਵਾ ਕੀਤਾ ਹੈ।

ਦਹਕਾਨ-ਵਾ-ਕਸ਼ਤ,  
ਜੂਹੇ-ਵਾ-ਖਿਆਬਾ,  
ਫਰ-ਵਾ-ਖਤੰਗ।  
ਕੋਮੇ-ਵਾ-ਫਰ-ਵਾ-ਖਤੰਗ,  
ਵਚੈ ਅਰਜਾਂਹ,  
ਫਰ-ਵਾ-ਖਤੰਗ।

(ਦਹਕਾਨ=ਕਿਸਾਨ, ਕਸ਼ਤ=ਖੇਤੀਬਾੜੀ, ਜੂਹੇ=ਨਹਿਰ, ਖਿਆਬਾ=ਕਿਆਰੀ, ਕੋਮ=ਲੋਕ, ਵਾ=ਨਾਲ, ਫਰ=ਸ਼ਾਨੋਸ਼ੌਕਤ, ਖਤੰਗ=ਬਿਰਖ=ਜਿਸ ਬਿਰਖ ਦੀ ਲੱਕੜੀ ਨਾਲ ਤੀਰ ਕਮਾਨ ਬਣਦੇ ਹਨ, ਵਚੈ=ਸਸਤੇ ਵਿਚ, ਅਰਜਾਂਹ=ਭਾਅ)

ਭਾਵ, ਕਿਸਾਨ ਉਸ ਦੀ ਖੇਤੀਬਾੜੀ, ਨਹਿਰਾਂ, ਕਿਆਰੀਆਂ ਅਤੇ ਕੌਮ ਦੀ ਇੱਜਤ ਸ਼ਾਨੋ-ਸ਼ੌਕਤ ਤੇ ਬਿਰਖ ਸਸਤੇ ਭਾਅ ਖਰੀਦੇ।

ਰਬਿੰਦਰਨਾਥ ਟੈਗੋਰ ਮਹਾਰਾਜਾ ਪ੍ਰਤਾਪ ਸਿੰਘ ਦੇ ਸ਼ਾਸਨ ਕਾਲ ਵਿਚ ਕਸ਼ਮੀਰ ਆਏ। ਉਸ ਦੇ ਸੰਗ ਉਸ ਦਾ ਪੁੱਤਰ ਰਤਿੰਦਰਨਾਥ ਟੈਗੋਰ ਤੇ ਨੂੰਹ ਅਤੇ ਇਕ ਹੋਰ ਬੰਗਾਲੀ ਸ਼ਾਇਰ ਸਤਿੰਦਰ ਨਾਥ ਚੈਟਰਜੀ ਵੀ ਸੀ। ਟੈਗੋਰ ਨੂੰ ਇਕ ਬੰਗਾਲੀ ਵਿਅਕਤੀ ਜਗਦੀਸ਼ ਚੰਦਰ ਚੈਟਰਜੀ ਨੇ ਕਸ਼ਮੀਰ ਆਉਣ ਦਾ ਸੱਦਾ ਦਿੱਤਾ ਸੀ, ਜੋ ਸ੍ਰੀਨਗਰ ਵਿਖੇ ਚੰਦਰ ਚੈਟਰਜੀ ਦੇ ਖੋਜ ਤੇ ਵਿਕਾਸ ਵਿਭਾਗ ਵਿਚ ਸੰਚਾਲਕ ਦੇ ਅਹੁਦੇ 'ਤੇ ਕੰਮ ਕਰਦਾ ਸੀ। ਇਸ ਵਿਭਾਗ ਨੂੰ ਉਸ ਸਮੇਂ ਵਿਦਿਆਪੀਠ ਆਖਦੇ ਸਨ।

ਜਦੋਂ ਰਬਿੰਦਰਨਾਥ ਟੈਗੋਰ ਰਾਵਲਪਿੰਡੀ ਰਸਤੇ ਕਸ਼ਮੀਰ ਆਏ ਤਾਂ ਉਨ੍ਹਾਂ ਦਾ ਜਗਦੀਸ਼ ਚੰਦਰ ਚੈਟਰਜੀ ਨੇ ਸਵਾਗਤ ਕੀਤਾ। ਉਸ ਨੇ ਮੋਜ਼ਿਜ਼ ਮਹਿਮਾਨਾਂ ਦੇ ਠਹਿਰਨ ਦਾ ਪ੍ਰਬੰਧ ਡਲ ਝੀਲ ਵਿਖੇ ਹਾਊਸ ਬੋਟ ਵਿਚ ਕੀਤਾ, ਜਿਸ ਦਾ ਨਾਂ ਪਰੇਸਤਾਨ (ਪਰੀਆਂ ਦਾ ਦੇਸ਼) ਸੀ। ਇਸ ਹਾਊਸ ਬੋਟ ਦਾ ਸਾਰਾ ਫਰਨੀਚਰ ਅਖਰੋਟ ਦੀ ਲੱਕੜ ਵਿਚ ਚਿੱਤਰਕਾਰੀ ਦੇ ਕੰਮ ਨਾਲ ਬਣਿਆ ਸੀ। ਇਸ ਦੀ ਸਜਾਵਟ ਕਸ਼ਮੀਰੀ ਗਲੀਚਿਆਂ ਅਤੇ ਖਿੜਕੀਆਂ 'ਤੇ ਪੱਟ (ਰੇਸ਼ਮ) ਦੇ ਪਰਦਿਆਂ ਨਾਲ ਕੀਤੀ ਗਈ ਸੀ। ਜਗਦੀਸ਼ ਚੰਦਰ ਚੈਟਰਜੀ ਆਪ ਸਨਮਾਨਤ ਮਹਿਮਾਨਾਂ ਦੀ ਸੇਵਾ ਕਰਦੇ ਸਨ ਅਤੇ ਉਨ੍ਹਾਂ ਦੀ ਖਾਹਿਸ਼ ਅਨੁਸਾਰ ਉਨ੍ਹਾਂ ਨੂੰ ਕਸ਼ਮੀਰ ਦੀਆਂ ਰਮਣੀਕ ਤੇ ਖੂਬਸੂਰਤ ਥਾਂਵਾਂ ਦੇ ਸੈਰ-ਸਪਾਟੇ ਲਈ ਲੈ ਜਾਂਦੇ ਸਨ। ਸ਼ਖਸੀ ਰਾਜ ਵੇਲੇ ਰਿਵਾਜ਼ ਅਤੇ ਸਰਕਾਰੀ ਹੁਕਮ ਹੁੰਦਾ ਸੀ ਕਿ ਕਸ਼ਮੀਰ ਵਿਚ ਬਾਹਰੋਂ ਆਈ ਉਚ ਸ਼ਖਸੀਅਤ ਨੂੰ ਸਰਕਾਰੀ ਅਧਿਕਾਰੀ ਦੇ ਦਫਤਰ ਜਾ ਕੇ ਮਹਿਮਾਨਾਂ ਲਈ ਰੱਖੀ ਪੁਸਤਕ 'ਤੇ ਆਪਣੇ ਵਿਚਾਰ ਤੇ ਖਿਆਲ ਅੰਕਿਤ ਕਰਨੇ ਜ਼ਰੂਰੀ ਸਨ।

ਟੈਗੋਰ ਨੂੰ ਜਦੋਂ ਇਹ ਸੂਚਨਾ ਮਿਲੀ ਤਾਂ ਉਸ ਨੇ ਆਪਣੇ ਮੇਜ਼ਬਾਨ ਨੂੰ ਸਪਸ਼ਟ ਸ਼ਬਦਾਂ ਵਿਚ ਸੂਚਿਤ ਕੀਤਾ, "ਨਾ ਤਾਂ ਮੈਂ ਮਹਾਰਾਜੇ ਜਾਂ ਰੈਜੀਡੈਂਟ ਨੂੰ ਮਿਲਣ ਜਾਵਾਂਗਾ ਅਤੇ ਨਾ ਹੀ ਮਹਿਮਾਨਾਂ ਲਈ ਪੁਸਤਕ 'ਤੇ ਆਪਣੇ ਵਿਚਾਰ ਪ੍ਰਗਟਾਵਾਂਗਾ। ਮੇਰੀ ਜਾਚੇ ਕਸ਼ਮੀਰ ਦੀ ਮਜ਼ਲੂਮ ਰਈਅਤ ਚੀਥੜਿਆਂ ਨਾਲ ਤਨ ਕਜਦੀ ਹੈ ਅਤੇ ਕਰੜੀ ਮਿਹਨਤ ਪਿਛੋਂ ਵੀ ਇਨ੍ਹਾਂ ਨੂੰ ਦੋ ਟੁੱਕ ਰੋਟੀ ਦੇ ਨਸੀਬ ਨਹੀਂ ਹੁੰਦੇ। ਇਹ ਗਰੀਬ ਲੋਕ ਮੇਰੇ ਧਿਆਨ ਦੇ ਹੱਕਦਾਰ ਹਨ।"

ਸ੍ਰੀਨਗਰ ਠਹਿਰਾਉ ਸਮੇਂ ਸ੍ਰੀ ਪ੍ਰਤਾਪ ਕਾਲਜ ਦੇ ਪ੍ਰਬੰਧਕਾਂ ਨੇ ਟੈਗੋਰ ਨੂੰ ਕਾਲਜ ਦੇ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸੱਦਾ ਭੇਜਿਆ, ਜੋ ਇਨ੍ਹਾਂ ਨੇ ਸਵੀਕਾਰ ਕੀਤਾ ਅਤੇ ਕਾਲਜ ਪੁੱਜਣ 'ਤੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੇ ਇਨ੍ਹਾਂ ਦਾ ਰੌਚਿਕ ਤੇ ਹਾਰਦਿਕ ਸੁਆਗਤ ਕੀਤਾ। ਸਾਰੇ ਵਿਦਿਆਰਥੀ ਕਾਲਜ ਦੇ ਆਡੀਟੋਰੀਅਮ (ਹਾਲ) ਵਿਚ ਮਹਾਂਕਵੀ ਟੈਗੋਰ ਦੇ ਦਰਸ਼ਨਾਂ ਲਈ ਵਿਆਕੁਲ ਸਨ। ਹਾਲ ਵਿਚ ਪ੍ਰਵੇਸ਼ ਹੋਣ 'ਤੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੇ ਤਾੜੀਆਂ ਦੀ ਗੂੰਜ ਨਾਲ ਭਾਰਤੀ ਸਭਿਅਤਾ ਅਤੇ ਸਖਾਫਤ ਦੇ ਦੂਤ ਦਾ ਸਵਾਗਤ ਕੀਤਾ।

ਮਹਾਂਕਵੀ ਟੈਗੋਰ ਜਦੋਂ ਭਾਸ਼ਣ ਦੇਣ ਲਈ ਮੰਚ 'ਤੇ ਆਏ, ਉਨ੍ਹਾਂ ਵਿਦਿਆਰਥੀਆਂ ਤੋਂ ਇਹ ਪੁੱਛਿਆ ਕਿ ਕਿਸੇ ਕੋਲ ਉਸ ਦੀ 1913 ਵਿਚ ਨੋਬੇਲ ਜੇਤੂ ਪੁਸਤਕ 'ਗੀਤਾਂਜਲੀ' ਹੈ? ਇਕ ਵਿਦਿਆਰਥੀ ਨੇ ਸਭਾ 'ਚੋਂ ਉਠ ਕੇ ਉਨ੍ਹਾਂ ਨੂੰ 'ਗੀਤਾਂਜਲੀ' ਦਿੱਤੀ। ਇਸ ਵਿਚੋਂ ਮਹਾਂਕਵੀ ਨੇ ਲਾਸਾਨੀ ਕਵਿਤਾ (ਨਜ਼ਮ) ਪੜ੍ਹ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ, ਜਿਸ ਵਿਚ ਮਨੁੱਖ ਦਾ ਦੇਸ਼ ਲਈ ਪਿਆਰ ਅਤੇ ਉਸ ਦੀ ਮਨਭਾਉਂਦੀ ਖਾਹਿਸ਼ ਦਾ ਵਰਣਨ ਸੀ। ਇਸ ਅਨੁਸਾਰ ਸ਼ਾਇਰ ਦੀ ਦ੍ਰਿਸ਼ਟੀ ਵਿਚ ਸਾਰੀ ਦੁਨੀਆਂ ਨਾਲ ਇਕ-ਮਿਕ ਹੋ ਕੇ ਪ੍ਰੇਮ ਕਰਨਾ। ਲੋਕਾਈ ਦੀ ਸੁੱਖ-ਸ਼ਾਂਤੀ ਦੀ ਕਾਮਨਾ ਕਰਨੀ, ਜੋ ਭਾਰਤੀ ਸਭਿਅਤਾ ਦਾ ਅਹਿਮ ਮੂਲ ਤੱਤ ਹੈ। ਮਾਨਵੀ ਏਕਤਾ, ਤਰਕ ਬੁੱਧੀ ਆਧਾਰਿਤ ਆਜ਼ਾਦੀ, ਭਾਰਤੀ ਸਭਿਅਤਾ ਦੀ ਅਹਿਮ ਬੁਨਿਆਦ ਹੈ। ਅਸੀਂ ਭਾਰਤ ਦੇ ਉਚੇਰੇ ਕਿਰਦਾਰ ਤੇ ਸਿਧਾਂਤ ਨੂੰ ਭੁੱਲ ਚੁਕੇ ਹਾਂ, ਜਿਸ ਨੇ ਸਾਰੀ ਦੁਨੀਆਂ ਨੂੰ ਆਪਣੀ ਹਿੱਕ ਵਿਚ ਸਮੇਟਿਆ ਹੋਇਆ ਸੀ। ਮੁਨਵਰ ਲਖਨਵੀ ਨੇ ਕਵਿਤਾ ਦਾ ਅਨੁਵਾਦ ਇਸ ਤਰ੍ਹਾਂ ਕੀਤਾ ਹੈ:

ਜਿਥੇ ਸਿਰ ਖੱਮ ਨਾ ਹੋਵੇ  
ਖਤਰੇ ਦੀ ਬੋ ਨਾ ਆਉਂਦੀ ਹੋਵੇ  
ਜਿਥੇ ਸਿੱਖਿਆ ਵਿਚ ਨਾ ਰੁਕਾਵਟ ਹੋਵੇ  
ਜਿਥੇ ਝਗੜਿਆਂ, ਬਖੇੜਿਆਂ ਨੇ  
ਘਰ ਨਾ ਗਾਲੇ ਹੋਣ  
ਜਿਥੇ ਸੰਸਾਰ ਦੇ ਟੁਕੜੇ  
ਤੇ ਤਿਣਕੇ ਨਾ ਕੀਤੇ ਹੋਣ  
ਜਿਥੇ ਤੇਰੀ ਰਹਿਨੁਮਾਈ ਵਿਚ  
ਦਿਲ ਉਨਤੀ ਦਾ ਧੁਰਾ ਹੋਵੇ  
ਜਿਥੇ ਹੁਸ਼ਿਆਰੀ ਵਿਚ  
ਆਪਣਾ ਦੇਸ਼ ਅੱਗੇ ਵਧੇ  
ਉਥੇ ਐ ਮੇਰੇ ਖਾਲਕ  
ਮੇਰਾ ਦੇਸ਼ ਨੀਂਦਰ ਤੋਂ ਜਾਗੇ।

ਸ੍ਰੀਨਗਰ ਵਿਚ ਟੈਗੋਰ ਦੀ ਪ੍ਰਧਾਨਗੀ ਵਿਚ ਵਿਸ਼ਾਲ ਆਵਾਮੀ ਕਵੀ ਦਰਬਾਰ ਜ਼ੈਨਾ ਕੱਦਲ, ਦਰਿਆ ਜਿਹਲਮ ਦੇ ਕਿਨਾਰੇ ਸਥਿਤ ਪ੍ਰਸਿਧ ਗਿਆਤਾ ਪੰਡਿਤ ਅਨੰਦ ਕੋਲ ਬਾਂਮਜਾਈ ਦੇ ਘਰ ਕਰਵਾਇਆ ਗਿਆ। ਕਵੀ ਦਰਬਾਰ ਵਿਚ ਟੈਗੋਰ ਮਹਿਜੂਰ ਅਤੇ ਮਾਸਟਰ ਜਿੰਦਕੌਲ ਦੇ ਕਲਾਮਾਂ ਨੂੰ ਸੁਣ ਕੇ ਦਾਦ ਤੇ ਪ੍ਰਸ਼ੰਸਾ ਕਰਨੋਂ ਨਾ ਰਹਿ ਸਕਿਆ। ਕਸ਼ਮੀਰ ਵਿਚ ਆਪਣੇ ਕਿਆਮ ਸਮੇਂ ਟੈਗੋਰ ਮਾਰਤੰਡ ਦੇ ਅੱਠਵੀਂ ਸਦੀ ਵਿਖੇ ਲਲਤਾਦਿਤਿਆ ਦੇ ਸ਼ਾਸਨ ਕਾਲ ਵਿਚ ਉਸਾਰੇ ਖਾਲਸ ਪੱਥਰ ਦੇ ਮੰਦਿਰਾਂ ਦੀ ਬਣਤਰ ਤੇ ਕਾਰੀਗਰੀ ਤੋਂ ਇੰਨਾ ਪ੍ਰਭਾਵਿਤ ਹੋਏ ਕਿ ਵਾਰ ਵਾਰ ਇਹ ਮੰਦਿਰ ਦੇਖਣ ਦੀ ਖਾਹਿਸ਼ ਪ੍ਰਗਟ ਕੀਤੀ। ਕਸ਼ਮੀਰ ਦੇ ਕੁਦਰਤੀ ਦਿਲ-ਖਿੱਚਵੇਂ ਤੇ ਹੁਸੀਨ ਨਜ਼ਾਰੇ ਅਤੇ ਡਲ ਦੀ ਰਮਣੀਕ ਫਿਜ਼ਾ ਉਨ੍ਹਾਂ ਦੇ ਕਾਵਿਕ ਜਜ਼ਬਿਆਂ ਨੂੰ ਹਲੂਣਾ ਦੇਣ ਲਈ ਕਾਫੀ ਸਨ। ਉਸੇ ਸਮੇਂ ਟੈਗੋਰ ਨੇ ਕਸ਼ਮੀਰ ਪ੍ਰਤੀ 'ਮਾਨਸੀ' ਸਿਰਲੇਖ ਹੇਠ ਕਵਿਤਾ ਲਿਖੀ, ਜਿਸ ਦੇ ਅਨੁਵਾਦਤ ਸ਼ਿਅਰ ਇਥੇ ਦਰਜ ਕੀਤੇ ਹਨ:

ਅੱਜ ਪਹੁ ਫੁਟਾਲੇ, ਇਸ ਬਾਗ ਵਿਚ  
ਸ਼ਬਨਮ ਦੇ ਕਤਰੇ ਦਰਿਆ ਕਿਨਾਰੇ  
ਬੇਦ ਦੇ ਪੱਤਰਾਂ ਤੇ ਧੁੱਪ ਦੀ ਸਰਸਰਾਹਟ  
ਨਾਲ ਲਿਸ਼ਕ ਰਹੇ ਨੇ।  
ਫਿਰ ਬੇਦ ਦੇ ਰੁੱਖ  
ਇਕ ਦੂਜੇ ਨਾਲ ਰਲਣ ਲੱਗਦੇ ਨੇ।  
ਅਤੇ  
ਸ਼ਾਇਰ ਦੇ ਦਿਲ ਵਿਚ ਸਿਮਟ ਕੇ  
ਆਪਣੀ ਥਾਂ ਬਣਾ ਲੈਂਦੇ ਨੇ।  
ਫਿਰ ਇਉਂ ਲੱਗਦਾ ਜਿਵੇਂ ਇਕ ਥਾਂ 'ਤੇ  
ਇਕੱਠੇ ਹੋ ਗਏ ਹੋਣ।

ਕਸ਼ਮੀਰ ਦੇ ਸੈਰ-ਸਪਾਟੇ ਸਮੇਂ ਟੈਗੋਰ ਡਲ ਝੀਲ ਦੇ ਹਾਊਸ ਬੋਟ ਨੂੰ ਛੱਡ ਕੇ ਰਾਮ ਮੁਨਸ਼ੀ ਬਾਗ ਦਰਿਆ ਜਿਹਲਮ ਦੇ ਕਿਨਾਰੇ ਹਾਊਸ ਬੋਟ ਵਿਚ ਰਹਿਣ ਲੱਗੇ। ਜਿਥੇ ਉਨ੍ਹਾਂ ਨੇ 'ਬਲਾਕਾ' (ਰਾਜ ਹੰਸ ਦੀ ਉਡਾਨ) ਸਿਰਲੇਖ ਹੇਠ ਨਜ਼ਮ ਲਿਖੀ, ਜਿਸ ਵਿਚ ਮਹਾਂਕਵੀ ਨੇ ਕਸ਼ਮੀਰ ਦੇ ਹੁਸਨ ਦੀ ਤਸਵੀਰ ਖਿਆਲੀ ਕੀਤੀ ਹੈ। ਆਥਣ ਵੇਲੇ ਟੈਗੋਰ ਹਾਊਸ ਬੋਟ ਦੀ ਛੱਤ 'ਤੇ ਬਹਿ ਕੇ ਦਰਿਆ ਦੀਆਂ ਲਹਿਰਾਂ ਦਾ ਦ੍ਰਿਸ਼ ਵੇਖ ਰਹੇ ਸਨ ਕਿ ਉਸੇ ਸਮੇਂ ਸਫੈਦ ਹੰਸਾਂ ਦਾ ਇਕ ਝੁੰਡ ਉਪਰੋਂ ਪਰਵਾਜ਼ ਕਰਕੇ ਫਲਕ ਦੀ ਪੌਣ ਵਿਚ ਉਡਦਾ ਰਿਹਾ। ਇਹ ਚਿੱਟੇ ਹੰਸ ਅਜੋਕੇ ਕਲਾ ਵਣਜ ਕੇਂਦਰ ਦੇ ਬਾਗ ਵਿਚ ਫਲਕ ਨਾਲ ਗੱਲਾਂ ਕਰਦੇ ਚਿਨਾਰਾਂ ਦੇ ਰੁੱਖਾਂ 'ਤੇ ਬਸੇਰਾ ਕਰਦੇ ਸਨ। ਇਹ ਦ੍ਰਿਸ਼ ਨੂੰ ਵੇਖ ਕੇ ਉਹ ਬਹੁਤ ਪ੍ਰਭਾਵਤ ਹੋਏ। ਨਜ਼ਮ ਦੇ ਕੁਝ ਪਦ:

ਸੁਰਖ ਸ਼ਾਮ ਦੀਆਂ ਛਾਂਵਾਂ ਵਿਚ,  
ਜਿਹਲਮ ਦੀਆਂ ਲਹਿਰਾਂ,  
ਸੁਨਹਿਰੀ ਤਾਰਿਆਂ ਦਾ  
ਪ੍ਰਕਾਸ਼ ਬਖੇਰ ਰਹੀਆਂ ਸਨ।  
ਤਾਰਿਆਂ ਦਾ ਜਲੂਸ,  
ਪਾਣੀ 'ਤੇ ਵਹਿੰਦੇ ਫੁੱਲਾਂ ਵਾਂਗ ਜਾ ਰਿਹਾ ਸੀ  
ਦਰਿਆ ਦੇ ਕਿਨਾਰੇ ਉਚੇ ਪਹਾੜ ਤੇ ਕੋਹ  
ਪਹਿਰੇਦਾਰਾਂ ਦੀ ਤਰ੍ਹਾਂ ਸਿੱਧੇ ਖੜ੍ਹੇ ਹਨ।  
ਅਤੇ  
ਤਖਲੀਕ ਖੁਆਬ ਵਿਚ  
ਆਪਣੀ ਪੂਰਤੀ ਲੱਭ ਰਹੀ ਹੈ।

1916 ਵਿਚ ਟੈਗੋਰ ਦਾ ਬੰਗਾਲੀ ਭਾਸ਼ਾ ਵਿਚ ਕਾਵਿ-ਸੰਗ੍ਰਿਹ 'ਬਲਾਕਾ' ਪ੍ਰਕਾਸ਼ਿਤ ਹੋਇਆ, ਜਿਸ ਵਿਚ ਕਸ਼ਮੀਰ ਬਾਰੇ ਸਾਰੀਆਂ ਕਵਿਤਾਵਾਂ ਸ਼ਾਮਲ ਸਨ।

ਸ਼ਾਇਰ-ਏ-ਕਸ਼ਮੀਰ ਗੁਲਾਮ ਅਹਿਮਦ ਮਹਿਜੂਰ ਪ੍ਰਤੀ ਮਹਾਂਕਵੀ ਟੈਗੋਰ ਨਾਲ ਸਬੰਧਾਂ ਬਾਰੇ ਕੁਝ ਹਕੀਕੀ ਤੱਥ ਪ੍ਰਾਪਤ ਹੋਏ ਸਨ। ਦਰਅਸਲ ਮਹਿਜੂਰ ਪ੍ਰਤੀ ਟੈਗੋਰ ਨੂੰ ਪੂਰੀ ਜਾਣਕਾਰੀ ਉਸ ਵੇਲੇ ਪ੍ਰਾਪਤ ਹੋਈ, ਜਦੋਂ ਉਘੇ ਤੇ ਪ੍ਰਗਤੀਵਾਦੀ ਕਲਾਕਾਰ ਬਲਰਾਜ ਸਾਹਨੀ ਨੇ ਜਨਵਰੀ 1938 ਵਿਚ ਸ਼ਾਂਤੀ ਨਿਕੇਤਨ ਤੋਂ ਪ੍ਰਕਾਸ਼ਿਤ ਹੋਣ ਵਾਲੇ ਤ੍ਰੈਮਾਸਿਕ ਰਸਾਲੇ ਵਿਚ ਮਹਿਜੂਰ ਬਾਰੇ ਲੇਖ ਪ੍ਰਕਾਸ਼ਿਤ ਕੀਤਾ। ਇਸ ਤੋਂ ਪਹਿਲਾਂ 1935 ਵਿਚ ਦੈਨਿਕ ਉਰਦੂ ਅਖਬਾਰ 'ਮਾਰਤੰਡ' ਵਿਚ ਦਵਿੰਦਰ ਸਤਿਆਰਥੀ ਦਾ ਮਹਿਜੂਰ ਬਾਰੇ ਲੇਖ ਪ੍ਰਕਾਸ਼ਿਤ ਹੋਇਆ ਸੀ। ਇਸ ਦੇ ਨਾਲ ਹੀ ਕਿਸੇ ਗੈਰ-ਕਸ਼ਮੀਰੀ ਨੇ ਮਹਿਜੂਰ ਦੀ ਗਜ਼ਲ ਅਨੁਵਾਦ ਕਰਕੇ 'ਮਾਡਰਨ ਰਿਵਿਊ' ਵਿਚ ਪ੍ਰਕਾਸ਼ਿਤ ਕੀਤੀ ਸੀ। ਇਨ੍ਹਾਂ ਪ੍ਰਕਾਸ਼ਨਾਂ ਰਾਹੀਂ ਟੈਗੋਰ ਤੇ ਮਹਿਜੂਰ ਵਿਚਾਲੇ ਅਦਿੱਖ ਰਿਸ਼ਤੇ ਹੋਰ ਪੀਢੇ ਹੋ ਗਏ।


ਜਦੋਂ ਟੈਗੋਰ ਨੇ ਮਾਡਰਨ ਰਿਵਿਊ ਵਿਚ ਮਹਿਜੂਰ ਦੀ ਗਜ਼ਲ ਦਾ ਅਨੁਵਾਦ ਪੜ੍ਹਿਆ ਤਾਂ ਉਸ ਨੂੰ ਇਹ ਕਲਾਮ ਬਹੁਤ ਪਸੰਦ ਆਇਆ। ਟੈਗੋਰ ਨੇ ਸ਼ਾਂਤੀ ਨਿਕੇਤਨ ਦੇ ਅਧਿਆਪਕ ਤੇ ਲੋਕ ਗੀਤ ਮਿਸ਼ਨ ਦੇ ਡਾਇਰੈਕਟਰ ਦਵਿੰਦਰ ਸਤਿਆਰਥੀ ਨੂੰ 1940 ਵਿਚ ਮਹਿਜੂਰ ਦੇ ਜੀਵਨ ਅਤੇ ਰਚਨਾ ਪ੍ਰਤੀ ਵੇਰਵਾ ਇਕੱਠਾ ਕਰਨ ਲਈ ਕਸ਼ਮੀਰ ਭੇਜਿਆ। ਸਤਿਆਰਥੀ ਨੇ ਇਕ ਮਹੀਨਾ ਸ੍ਰੀਨਗਰ ਰਹਿ ਕੇ ਇਸ ਸਭ ਦੀ ਸ਼ੀਰਾਜ਼ਾਬੰਦੀ ਕੀਤੀ ਅਤੇ ਉਰਦੂ ਅਨੁਵਾਦ ਅਨੰਦ ਕੋਲ ਬਾਂਮਜਾਈ ਨੇ ਕੀਤਾ। ਜਦੋਂ ਦਵਿੰਦਰ ਸਤਿਆਰਥੀ ਨੇ ਇਹ ਸਾਰਾ ਕਲਾਮ ਟੈਗੋਰ ਨੂੰ ਦਿਖਾਇਆ ਤਾਂ ਮਹਾਂਕਵੀ ਬਹੁਤ ਖੁਸ਼ ਹੋਏ ਅਤੇ ਮਹਿਜੂਰ ਦੇ ਗੀਤ ਦਾ ਅਨੁਵਾਦ ਸੁਣ ਕੇ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਕਿਹਾ, "ਜੇ ਮਹਿਜੂਰ ਬੰਗਾਲੀ ਭਾਸ਼ਾ ਤੋਂ ਜਾਣੂ ਹੁੰਦਾ ਤੇ ਮੈਂ ਬਿਨਾ ਕਿਸੇ ਸੰਕੋਚ ਦੇ ਕਹਿੰਦਾ ਕਿ ਉਸ ਨੇ ਮੇਰੇ ਹੀ ਖਿਆਲਾਂ ਦੀ ਤਰਜਮਾਨੀ ਕੀਤੀ ਹੈ, ਕਿਉਂਕਿ ਸ਼ਾਇਰੀ ਵਿਚ ਉਸ ਦੇ ਖਿਆਲ ਬਹੁਤ ਹੱਦ ਤੱਕ ਮੇਰੇ ਖਿਆਲਾਂ ਨਾਲ ਮਿਲਦੇ-ਜੁਲਦੇ ਹਨ।" ਇਕ ਬਿਆਨ ਵਿਚ ਟੈਗੋਰ ਨੇ ਮਹਿਜੂਰ ਨੂੰ ਕਸ਼ਮੀਰ ਦਾ ਵਰਡਜ਼ ਵਰਥ ਕਿਹਾ ਸੀ। ਇਸ ਕਦਰਦਾਨੀ ਦੇ ਇਵਜ਼ ਮਹਿਜੂਰ ਨੇ ਇਹ ਸ਼ਿਅਰ ਲਿਖੇ:


ਮੇਰੇ ਗੁਲਸ਼ਨ ਦੇ ਗੁਲਾਲ ਖਿੜੇ ਹਨ  
ਖੇੜੇ 'ਚ ਭਰਪੂਰ ਲੋਕ  
ਤਸਵੀਰਾਂ ਖਿੱਚ ਰਹੇ ਕਸ਼ਮੀਰੀਆਂ ਨੂੰ  
ਬੰਗਾਲੀ ਬੁਲਬੁਲ ਮੁਬਾਰਕ ਹੋਵੇ  
ਮੇਰੀ ਸਹੇਲੀ ਮੈਂ ਆਪਣਾ ਜੋਬਨ  
ਕਿਸ ਨੂੰ ਦਿਖਾਵਾਂ।

ਕਸ਼ਮੀਰ ਦੇ ਉਘੇ ਵਿਦਵਾਨ ਅਤੇ ਖੋਜੀ ਪ੍ਰੋ. ਪ੍ਰਿਥਵੀ ਨਾਥ ਪੁਸ਼ਪ ਨੇ ਇਸ ਵਿਚਾਰ 'ਤੇ ਸਵਾਲੀਆ ਚਿੰਨ੍ਹ ਲਾਇਆ ਹੈ ਅਤੇ ਹੁਣ ਵੀ ਗੌਰਤਲਬ ਹੈ ਕਿ ਕਿਹੜੇ ਸ਼ਬਦਾਂ ਵਿਚ ਟੈਗੋਰ ਨੇ ਮਹਿਜੂਰ ਨੂੰ ਪ੍ਰਸ਼ੰਸਾ ਨਾਲ ਨਿਵਾਜਿਆ। ਮਹਿਜੂਰ ਨੂੰ ਕਸ਼ਮੀਰ ਦਾ ਵਰਡਜ਼ ਵਰਥ ਕਹਿਣਾ ਸਿਰਫ ਕਿਆਸੀ ਹੋਈ ਗੱਲ ਹੈ, ਜਿਸ ਨੂੰ ਖੁਦ ਮਹਿਜੂਰ ਤੇ ਉਸ ਦੇ ਪੁੱਤਰ ਮੁਹੰਮਦ ਅਮੀਨ ਨੇ ਕੁਸ਼ਲ ਚੁਤਰਾਈ ਨਾਲ ਘੜ ਕੇ ਮਹਿਜੂਰ ਨਾਲ ਮਨਸੂਬ ਕੀਤਾ ਹੈ, ਪਰ ਇਸ ਕਥਨ ਦਾ ਕੋਈ ਲਿਖਤੀ ਪ੍ਰਮਾਣ ਪ੍ਰਾਪਤ ਨਹੀਂ ਅਤੇ ਨਾ ਹੀ ਸ਼ਾਂਤੀ ਨਿਕੇਤਨ ਦੇ ਭੰਡਾਰ ਵਿਚ ਇਸ ਦਾ ਕੋਈ ਪ੍ਰਮਾਣ ਮਿਲਦਾ ਹੈ। ਜਿਥੋਂ ਤੱਕ ਰਬਿੰਦਰਨਾਥ ਟੈਗੋਰ ਦੇ ਰਚੇ ਸਾਹਿਤ ਦਾ ਤਅਲੁਕ ਹੈ, ਜਿੰਨਾ ਉਸ ਦੇ ਸਾਹਿਤ ਦਾ ਅਨੁਵਾਦ ਕਸ਼ਮੀਰੀ ਭਾਸ਼ਾ ਵਿਚ ਹੋਇਆ, ਓਨਾ ਕਿਸੇ ਕਲਮਕਾਰ ਦੇ ਸਾਹਿਤ ਦਾ ਨਹੀਂ ਹੋਇਆ।

ਕਸ਼ਮੀਰੀ ਭਾਸ਼ਾ ਬੰਗਾਲੀ ਸਾਹਿਤ ਦੇ ਸਰਮਾਏ ਨਾਲ ਨੱਕੋ-ਨੱਕ ਭਰੀ ਹੈ। ਗੀਤਾਂਜਲੀ ਦਾ ਪਹਿਲਾ ਅਨੁਵਾਦ ਕਸ਼ਮੀਰੀ ਭਾਸ਼ਾ ਵਿਚ ਮਰਹੂਮ ਸਰਵਾ ਨੰਦ ਪ੍ਰੇਮੀ ਨੇ ਵਾਰਤਕ ਵਿਚ ਕੀਤਾ ਹੈ, ਪਰ ਇਸ ਵਿਚੋਂ ਮਹਾਂਕਵੀ ਟੈਗੋਰ ਦੀ ਕਾਵਿ-ਕਲਾ ਅਤੇ ਹੁਨਰ ਦੀ ਨਜ਼ਾਕਤ ਗਾਇਬ ਹੈ। ਭਾਰਤ ਦੇ ਸਾਰੇ ਕਵੀਆਂ 'ਚੋਂ ਟੈਗੋਰ ਨੂੰ ਬੁਲੰਦ ਮੁਕਾਮ 'ਤੇ ਸਥਾਪਤ ਕਰਨ ਵਿਚ ਮਰਹੂਮ ਆਰਿਫ ਬੇਗ ਦਾ 'ਫਲਾਗਨੀ' ਦਾ ਕਸ਼ਮੀਰੀ ਭਾਸ਼ਾ ਵਿਚ ਅਨੁਵਾਦ ਅਹਿਮ ਹੈ। ਇਸ ਦਿਲਚਸਪ ਕਾਵਿ-ਨਾਟਕ ਵਿਚ ਮੌਸਮਾਂ ਦਾ ਹਾਲ ਅਤੇ ਮਿਜ਼ਾਜ ਦਾ

*(ਬਾਕੀ ਅਗਲੇ ਸਫੇ 'ਤੇ)*





*ਸ੍ਰੀਨਗਰ ਦਾ ਸ੍ਰੀ ਪ੍ਰਤਾਪ ਕਾਲਜ ਜਿਥੇ ਟੈਗੋਰ ਨੇ ਭਾਸ਼ਣ ਦਿੱਤਾ ਸੀ ਅਤੇ (ਸੱਜੇ) ਡਲ ਝੀਲ ਦਾ ਇਕ ਨਜ਼ਾਰਾ।*

# ਫੁੱਟਬਾਲ ਦਾ ਮਸੀਹਾ ਸੁਖਵਿੰਦਰ ਸਿੰਘ ਸੁੱਖੀ

ਸੁਖਵਿੰਦਰ ਸੁੱਖੀ ਨੇ ਆਪਣੀ ਉਮਰ ਦੇ 70 ਸਾਲਾਂ 'ਚੋਂ 50 ਸਾਲ ਫੁੱਟਬਾਲ ਦੇ ਲੇਖੇ ਲਾਏ। ਰਾਂਝੇ ਨੇ ਹੀਰ ਲਈ 12 ਵਰ੍ਹੇ ਮੱਝਾਂ ਚਰਾਈਆਂ। ਸੁੱਖੀ ਜੇ. ਸੀ. ਟੀ. ਮਿੱਲ, ਫਗਵਾੜਾ ਦੀ ਫੁੱਟਬਾਲ ਟੀਮ ਦਾ 17 ਸਾਲ ਕੋਚ ਰਿਹਾ। ਸਮਝ ਲਓ ਕਿ 17 ਵਰ੍ਹੇ ਮੱਝਾਂ ਚਰਾਉਂਦਾ ਰਿਹਾ। ਉਸ ਦੀ ਬਤੌਰ ਖਿਡਾਰੀ ਤੇ ਕੋਚ 29 ਸਾਲ ਜੇ. ਸੀ. ਟੀ. ਨਾਲ ਸਾਂਝ ਰਹੀ। ਜੇ. ਸੀ. ਟੀ. ਦੀ ਟੀਮ ਨੂੰ ਉਸ ਨੇ ਫਰਸ਼ ਤੋਂ ਅਰਸ਼ 'ਤੇ ਪੁਚਾਇਆ। ਸਾਲਾਂ ਬੱਧੀ ਭਾਰਤ ਦੇ ਪ੍ਰਸਿੱਧ ਫੁੱਟਬਾਲ ਕੱਪਾਂ ਵਿਚ ਜੇ. ਸੀ. ਟੀ. ਦੀ ਤੂਤੀ ਬੋਲਦੀ ਰਹੀ। ਜੇ. ਸੀ. ਟੀ. ਨੇ 13 ਪੰਜਾਬੀ ਖਿਡਾਰੀ ਭਾਰਤੀ ਨੈਸ਼ਨਲ ਟੀਮਾਂ ਨੂੰ ਦਿੱਤੇ। ਸੁੱਖੀ ਖੁਦ ਜੇ. ਸੀ. ਟੀ. ਤੇ ਭਾਰਤੀ ਕੌਮੀ ਟੀਮਾਂ ਵਿਚ ਖੇਡਿਆ ਅਤੇ ਭਾਰਤੀ

**ਪ੍ਰਿੰ. ਸਰਵਣ ਸਿੰਘ**

ਟੀਮਾਂ ਨੂੰ ਕੋਚਿੰਗ ਦਿੰਦਾ ਰਿਹਾ।

ਇਕ ਸਮੇਂ ਉਹ ਫੁੱਟਬਾਲ ਜਗਤ ਦਾ 'ਕੋਚ ਆਫ ਦਾ ਮੰਥ' ਐਲਾਨਿਆ ਗਿਆ ਯਾਨਿ ਵਿਸ਼ਵ ਪੱਧਰ ਦਾ ਕੋਚ। ਉਹ ਪਹਿਲਾ ਭਾਰਤੀ ਫੁੱਟਬਾਲ ਕੋਚ ਹੈ, ਜਿਸ ਨੂੰ ਇਹ ਸਨਮਾਨ ਮਿਲਿਆ। ਉਦੋਂ ਉਸ ਦੀ ਤਿਆਰ ਕੀਤੀ ਭਾਰਤੀ ਨੈਸ਼ਨਲ ਟੀਮ ਨੇ ਯੂਨਾਈਟਿਡ ਅਰਬ ਅਮੀਰਾਤ (ਯੂ. ਏ. ਈ.) ਦੀ ਟੀਮ ਨੂੰ ਹਰਾਇਆ ਸੀ। ਅਰਬੀ ਟੀਮ ਦਾ ਨਾਮਵਰ ਕੋਚ ਬੜਾ ਤਜਰਬੇਕਾਰ ਸੀ। ਪਹਿਲਾਂ ਉਹ ਓਲੰਪਿਕ ਜੇਤੂ ਫਰਾਂਸ ਦੀ ਟੀਮ ਦਾ ਕੋਚ ਰਿਹਾ ਸੀ। ਉਸ ਨੇ ਵੀ ਪੰਜਾਬੀ ਕੋਚ ਸੁੱਖੀ ਦੀ ਕੋਚਿੰਗ ਨੂੰ ਸਲਾਮ ਕੀਤੀ ਤੇ ਉਸ ਦੇ ਦਾਅ ਪੇਚਾਂ ਨੂੰ ਦਿਲੋਂ ਸਲਾਹਿਆ। ਸੁੱਖੀ ਆਪਣੇ ਮਿਲਾਪੜੇ ਸੁਭਾਅ ਨਾਲ ਵਿਰੋਧੀਆਂ ਦਾ ਦਿਲ ਜਿੱਤਦਾ ਰਿਹਾ। ਜਿੰਨਾ ਉਹ ਧਰਤੀ ਦੇ ਉਪਰ ਦਿਸਿਆ, ਓਦੂੰ ਵੱਧ ਧਰਤੀ ਹੇਠ ਵਿਚਰਿਆ।

ਸੁੱਖੀ 'ਕੱਲਾ ਵਿਅਕਤੀ ਨਹੀਂ, ਇਕ ਸੰਸਥਾ ਦਾ ਨਾਂ ਹੈ। ਉਸ ਦੀ ਫੁੱਟਬਾਲ ਪ੍ਰਤੀ ਵਿਸ਼ੇਸ਼ ਪਹੁੰਚ ਤੇ ਵਿਸ਼ੇਸ਼ ਦ੍ਰਿਸ਼ਟੀਕੋਣ ਹੈ। ਭਾਰਤੀ ਫੁੱਟਬਾਲ ਦੀ ਕੋਚਿੰਗ ਵਿਚ ਇਕ ਸਮੇਂ ਉਹ ਸਰਬੋਤਮ ਕੋਚ ਸੀ। ਵਿਸ਼ਵ ਦੇ ਕਹਿੰਦੇ-ਕਹਾਉਂਦੇ ਖਿਡਾਰੀ ਉਸ ਦੇ ਗੁਰ ਹਾਸਲ ਕਰਦੇ ਸਨ। ਭਾਰਤੀ ਖਿਡਾਰੀਆਂ ਦਾ ਉਹ ਮੁਰਸ਼ਦ ਸੀ। ਉਸ ਦੇ ਗੁਰ, ਤਜਰਬੇ, ਖੇਡ ਦੀ ਵਿਲੱਖਣਤਾ ਤੇ ਕੋਚਿੰਗ ਸਕਿੱਲ ਨੂੰ ਮੁੱਖ ਰੱਖਦਿਆਂ ਏਸ਼ੀਅਨ ਕਨਫੈਡਰੇਸ਼ਨ ਨੇ ਉਸ ਨੂੰ ਸਰਬੋਤਮ ਕੋਚ ਦੇ ਅਵਾਰਡ ਨਾਲ ਸਨਮਾਨਿਆ ਸੀ। ਉਹ ਖੇਡ ਦੇ ਦਾਅ-ਪੇਚਾਂ ਦਾ ਧਨੀ ਸੀ। ਉਸ ਨੂੰ ਖਿਡਾਰੀਆਂ ਅੰਦਰ ਛੁਪੀਆਂ ਸੰਭਾਵਨਾਵਾਂ ਦਾ ਗੈਬੀ ਗਿਆਨ ਸੀ। ਇਹੋ ਕਾਰਨ ਹੈ ਕਿ ਉਸ ਦੀ ਕੋਚਿੰਗ ਨੇ ਸਾਧਾਰਨ ਘਰਾਂ ਦੇ ਸਾਧਾਰਨ ਮੁੰਡਿਆਂ ਨੂੰ ਫੁੱਟਬਾਲ ਦੇ ਨਾਇਕ ਬਣਾਇਆ। ਸੁੱਖੀ ਨੇ ਅਖਬਾਰਾਂ ਲਈ ਵੀ ਕੁਝ ਖੇਡ ਲੇਖ ਲਿਖੇ ਅਤੇ ਵਿਸ਼ਵ ਪ੍ਰਸਿੱਧ ਫੁੱਟਬਾਲ ਕੱਪਾਂ 'ਤੇ ਟੀ. ਵੀ. ਤੋਂ ਮਾਹਿਰਾਨਾ ਟਿੱਪਣੀਆਂ ਲੋਕਾਂ ਨਾਲ ਸਾਂਝੀਆਂ ਕੀਤੀਆਂ।

ਅੱਜ ਕੱਲ੍ਹ ਉਹ ਆਪਣੀ ਪਤਨੀ ਸੁਖਦੇਵ ਕੌਰ ਨਾਲ ਫਗਵਾੜੇ ਰਿਟਾਇਰ ਜੀਵਨ ਬਿਤਾ ਰਿਹੈ। ਖੇਡਣ ਵੇਲੇ ਉਹਦਾ ਵਜ਼ਨ 63 ਤੋਂ 67 ਕਿੱਲੋ ਵਿਚਕਾਰ ਰਿਹਾ ਸੀ, ਹੁਣ 73-74 ਕਿੱਲੋ ਹੈ। ਜੁੱਸਾ ਫਿੱਟ ਰੱਖਣ ਲਈ ਲੰਮੀਆਂ ਸੈਰਾਂ ਕਰਦੈ ਤੇ ਮੁੜ੍ਹਕਾ ਵਹਾਉਂਦੀਆਂ ਕਸਰਤਾਂ। ਹਾਲੇ ਸਾਰੇ ਅੰਗ ਹਰੀ ਕਾਇਮ ਹਨ। ਗਾਲੜੀ ਸਿਰੇ ਦਾ ਹੈ, ਜਿਸ ਕਰਕੇ ਹਾਸਾ ਠੱਠਾ ਚਲਦਾ ਰਹਿੰਦੈ। ਫਗਵਾੜੇ ਪੰਜਾਬ ਦਾ ਪੇਲੇ ਇੰਦਰ ਸਿੰਘ, ਕੋਚ ਜਗੀਰ ਸਿੰਘ,



*ਸੁਖਵਿੰਦਰ ਸਿੰਘ ਸੁੱਖੀ*

ਡੀ. ਪੀ. ਈ. ਸੀਤਲ ਸਿੰਘ, ਫੁੱਟਬਾਲ ਦੇ ਹੋਰ ਖਿਡਾਰੀ, ਜੇ. ਸੀ. ਟੀ. ਦੇ ਅਧਿਕਾਰੀ, ਲੇਖਕ ਪ੍ਰੋ. ਜਸਵੰਤ ਸਿੰਘ ਗੰਡਮ ਤੇ ਹੋਰ ਕਈ ਦੋਸਤ ਮਿੱਤਰ ਉਹਦੇ ਅੰਗ-ਸੰਗ ਹਨ। ਘਰ ਆਏ-ਗਏ ਦੀਆਂ ਰੌਣਕਾਂ ਲੱਗੀਆਂ ਰਹਿੰਦੀਆਂ ਹਨ। ਸੁਖਦੇਵ ਕੌਰ ਦੀ ਪ੍ਰਾਹੁਣਚਾਰੀ ਨਾਲ ਸੁੱਖੀ ਦੀ ਬੱਲੇ ਬੱਲੇ ਹੈ। ਉਨ੍ਹਾਂ ਦੀ ਧੀ ਅਮਨਪ੍ਰੀਤ ਕੌਰ ਪਵਾਰ ਨਾਰਵੇ ਵਿਚ ਵਿਆਹੀ ਹੈ ਤੇ ਪੁੱਤਰ ਗੁਰਸ਼ਰਨ ਸਿੰਘ ਸੰਧੂ ਕੈਨੇਡਾ ਵਿਚ ਹੈ, ਜਿਸ ਦਾ ਵਿਆਹ ਅਪਰੈਲ ਵਿਚ ਹੋਣਾ ਹੈ।

ਅਰਬਨ ਅਸਟੇਟ, ਫਗਵਾੜਾ ਦੇ ਜਿਸ ਸਜੇ-ਧਜੇ ਘਰ ਵਿਚ ਉਹ ਰਹਿ ਰਿਹੈ, ਉਹਦੀ ਸਪੋਰਟਸ ਕੋਟੇ ਵਾਲੀ ਮੁਢਲੀ ਅਲਾਟਮੈਂਟ ਏਸ਼ੀਆ ਦੇ ਫੁੱਟਬਾਲ ਜਰਨੈਲ, ਮਰਹੂਮ ਜਰਨੈਲ ਸਿੰਘ ਨੂੰ ਹੋਈ ਸੀ, ਜੋ ਉਸ ਨੇ ਦਰਿਆਦਿਲੀ ਨਾਲ ਸੁੱਖੀ ਦੇ ਖਾਤੇ ਪਾ ਦਿੱਤੀ। ਜਰਨੈਲ ਸਿੰਘ ਮੁੱਢ ਤੋਂ ਹੀ ਸੁੱਖੀ ਦਾ ਮਦਦਗਾਰ ਤੇ ਮਹਿਰਮ ਬਣਿਆ ਰਿਹਾ, ਜਿਸ ਦੀਆਂ ਮਿਹਰਾਂ ਨੂੰ ਉਹ ਕਦੇ ਨਹੀਂ ਭੁੱਲਿਆ। ਉਹ ਅਕਸਰ ਕਹਿੰਦਾ ਹੈ ਕਿ ਉਹਦਾ ਕੈਰੀਅਰ ਸਰਦਾਰ ਜਰਨੈਲ ਸਿੰਘ ਨੇ ਹੀ ਬਣਾਇਆ।

ਇਕ ਮੁਲਾਕਾਤ ਵਿਚ ਮੈਂ ਉਸ ਨੂੰ ਪੁੱਛਿਆ, ਤੁਹਾਨੂੰ 'ਕੋਚ ਆਫ ਦਾ ਮੰਥ' ਅਵਾਰਡ ਕਿਹੜੀ ਪ੍ਰਾਪਤੀ ਕਰਕੇ ਮਿਲਿਆ ਤਾਂ ਉਸ ਦਾ ਉੱਤਰ ਸੀ, "ਕੋਚ ਆਫ ਦਾ ਮੰਥ ਅਵਾਰਡ ਮੈਨੂੰ ਉਦੋਂ ਮਿਲਿਆ, ਜਦੋਂ ਕਰੀਬ ਸਾਰੇ ਏਸ਼ੀਆ ਮਹਾਂਦੀਪ ਵਿਚ ਵਰਲਡ ਕੱਪ ਲਈ ਕੁਆਲੀਫਾਇੰਗ ਮੁਕਾਬਲੇ ਹੋ ਰਹੇ ਸਨ ਤੇ ਸਾਰੇ ਕੋਚ ਪੱਬਾਂ ਭਾਰ ਸਨ। ਯੂ. ਏ. ਈ. ਦੀ ਟੀਮ, ਜਿਸ ਨੂੰ ਸਾਡੀ ਟੀਮ ਨੇ ਹਰਾਇਆ, ਉਸ 'ਤੇ ਅਰਬਾਂ ਰੁਪਏ ਖਰਚੇ ਗਏ ਸਨ। ਉਸ ਦੇ ਫਰਾਂਸੀਸੀ ਕੋਚ ਦੀ ਤਨਖਾਹ ਉਦੋਂ 50 ਹਜ਼ਾਰ ਅਮਰੀਕੀ ਡਾਲਰ ਮਹੀਨਾ ਸੀ। ਉਹ 1984 ਦੀ ਓਲੰਪਿਕ ਜੇਤੂ ਤੇ 1986 ਦੇ ਵਿਸ਼ਵ ਕੱਪ ਦੀ ਬਰਾਂਜ਼ ਮੈਡਲ ਜੇਤੂ ਫਰਾਂਸ ਦੀ ਟੀਮ ਦਾ ਕੋਚ ਰਹਿ ਚੁਕਾ ਸੀ। ਯੂ. ਏ. ਈ. ਦੀ ਟੀਮ ਨੂੰ ਹਰਾਉਣਾ ਮੇਰੀ ਕੋਚਿੰਗ ਦੀ ਪਹਿਲੀ ਵੱਡੀ ਪ੍ਰਾਪਤੀ ਸੀ, ਜਿਸ ਵਿਚ ਖਿਡਾਰੀਆਂ ਦਾ ਵੱਡਾ ਯੋਗਦਾਨ ਸੀ। ਉਹਦੇ ਨਾਲ ਮੇਰੀ ਜਿੰਮੇਵਾਰੀ ਹੋਰ ਵਧ ਗਈ ਸੀ ਤੇ ਮੈਂ ਹੋਰ ਸ਼ਿੱਦਤ ਨਾਲ ਕੋਚਿੰਗ ਵਿਚ ਪਰਪੱਕ ਹੋਣ ਲੱਗ ਪਿਆ। ਨਵੀਆਂ ਖੇਡ ਪੁਸਤਕਾਂ ਤੇ ਖੇਡ ਮੈਗਜ਼ੀਨਾਂ ਦਾ ਅਧਿਐਨ ਕਰਦਾ ਰਿਹਾ।"

ਸੁੱਖੀ ਅਜੇ ਪੰਜ ਕੁ ਸਾਲ ਦਾ ਸੀ, ਜਦੋਂ ਖੂਹ ਵਿਚ ਡਿੱਗ ਪਿਆ ਸੀ। ਕੁਦਰਤੀ ਇਕ ਬੰਦਾ ਮੌਕੇ 'ਤੇ ਬਹੁੜ ਪਿਆ, ਜਿਸ ਨੇ ਉਸ ਨੂੰ ਡੁਬਣੋਂ ਬਚਾਇਆ। ਨਾ ਕੇਵਲ ਬਚਾਇਆ ਸਗੋਂ ਬਾਅਦ ਵਿਚ ਉਸ ਨੇ ਰਿਸ਼ਤਾ ਵੀ ਕਰਵਾਇਆ ਤੇ ਸੁੱਖੀ ਦਾ ਘਰ ਵਸਾਇਆ। ਉਸ ਦਾ ਰਿਸ਼ਤਾ ਪਿੰਡ ਹਿਆਤਪੁਰ ਰੁੜਕੀ ਦੀ ਨੈਰੋਬੀ ਵਿਚ ਜਨਮੀ ਬੀਬੀ ਸੁਖਦੇਵ ਕੌਰ ਨਾਲ ਹੋਇਆ, ਜਿਸ ਦੀ ਕੁੱਖੋਂ ਇਕ ਧੀ ਤੇ ਇਕ ਪੁੱਤ ਪੈਦਾ ਹੋਏ। ਜੇ ਕਿਤੇ ਉਹ ਖੂਹ ਵਿਚ ਡੁੱਬ ਜਾਂਦਾ ਤਾਂ ਕਦੋਂ ਦਾ ਭੁੱਲ ਭੁਲਾ ਜਾਂਦਾ, ਪਰ ਫੁੱਟਬਾਲ ਦੀ ਖੇਡ ਨੇ ਉਸ ਨੂੰ ਦੁਨੀਆਂ ਦੇ 25-30 ਮੁਲਕ ਵਿਖਾਉਣੇ ਸਨ, ਜਿਥੇ ਸੁੱਖੀ-ਸੁੱਖੀ ਕਰਵਾਉਣੀ ਸੀ।

ਉਹਦੀਆਂ ਤਿਆਰ ਕੀਤੀਆਂ ਟੀਮਾਂ ਨੇ ਕਲਕੱਤੇ ਦੀਆਂ ਈਸਟ ਬੰਗਾਲ, ਮੁਹੰਮਦਨ ਸਪੋਰਟਿੰਗ ਤੇ ਮੋਹਨ ਬਾਗਾਨ ਜਿਹੀਆਂ ਨਾਮੀ ਟੀਮਾਂ 'ਤੇ ਲੱਤ ਫੇਰਨੀ ਸੀ। ਪੰਜਾਬ ਵਿਚ ਫੁੱਟਬਾਲ ਖਿਡਾਰੀਆਂ ਦੀ ਪਨੀਰੀ ਤਿਆਰ ਕਰਨੀ ਸੀ। ਪੰਜਾਬੀ ਖਿਡਾਰੀਆਂ ਦਾ ਯੋਗ ਮੁੱਲ ਪੁਆਉਣਾ ਤੇ ਉਨ੍ਹਾਂ ਦੀ ਕਦਰ ਕਰਨੀ ਸਿਖਾਉਣੀ ਸੀ। ਪੰਜਾਬ ਤੋਂ ਅਮਰੀਕ ਸਿੰਘ, ਮਨਜੀਤ ਸਿੰਘ, ਹਰਜਿੰਦਰ ਸਿੰਘ, ਤੇਜਿੰਦਰ ਕੁਮਾਰ, ਗੁਰਟੇਕ ਸਿੰਘ, ਰਾਮ ਪਾਲ, ਹਰਦੀਪ ਸੰਘਾ, ਦਲਜੀਤ ਸਿੰਘ, ਹਰਦੀਪ ਗਿੱਲ, ਦੀਪਕ, ਪ੍ਰਭਜੋਤ ਸਿੰਘ, ਸੁਰਜੀਤ ਸਿੰਘ ਤੇ ਵਰਿੰਦਰ ਸਿੰਘ ਜਿਹੇ ਖਿਡਾਰੀ ਭਾਰਤੀ ਕੌਮੀ ਟੀਮਾਂ ਨੂੰ ਦੇਣੇ ਸਨ। ਉਸ ਨੇ ਡੁਰੰਡ ਕੱਪ, ਡੀ. ਸੀ. ਐਮ. ਕੱਪ, ਭਾਰਤੀ ਫੁੱਟਬਾਲ ਲੀਗ ਤੇ ਹੋਰ ਕਈ ਥਾਂਈਂ ਬੈਸਟ ਕੋਚ ਐਲਾਨੇ ਜਾਣ ਦੇ ਨਾਲ ਵਿਸ਼ਵ ਪੱਧਰ ਦਾ ਕੋਚ ਬਣਨਾ ਸੀ।

ਸੁੱਖੀ ਦਾ ਜਨਮ 6 ਜੁਲਾਈ 1948 ਨੂੰ ਪਿੰਡ ਫਤਿਹਪੁਰ ਖੁਰਦ, ਜਿਲਾ ਹੁਸ਼ਿਆਰਪੁਰ ਵਿਚ ਹੋਇਆ ਸੀ। ਸਕੂਲ 'ਚ ਉਹਦੀ ਜਨਮ ਮਿਤੀ 6 ਜੁਲਾਈ 1949 ਲਿਖੀ ਗਈ, ਜਿਸ ਦਾ ਉਸ ਨੂੰ ਫਾਇਦਾ ਹੀ ਹੋਇਆ। ਉਹਦਾ ਜੱਦੀ ਪਿੰਡ ਫਤਿਹਪੁਰ ਮਾਹਿਲਪੁਰ ਲਾਗੇ ਹੈ, ਜਿਥੋਂ ਦੇ ਇਲਾਕੇ ਦੀ ਮਿੱਟੀ ਨੂੰ ਫੁੱਟਬਾਲ ਦੇ ਖਿਡਾਰੀ ਪੈਦਾ ਕਰਨ ਦੀ ਬਖਸ਼ਿਸ਼ ਹੈ, ਜਿਵੇਂ ਸੰਸਾਰਪੁਰ ਦੇ ਇਲਾਕੇ ਦੀ ਮਿੱਟੀ ਨੂੰ ਹਾਕੀ ਦੇ ਖਿਡਾਰੀ ਪੈਦਾ ਕਰਨ ਦਾ ਵਰ ਹੈ। ਸੁੱਖੀ ਦੀ ਮਾਤਾ ਜਗੀਰ ਕੌਰ ਤੇ ਪਿਤਾ ਪ੍ਰੀਤਮ ਸਿੰਘ ਖੇਤੀ ਕਰਦੇ ਸਨ, ਜੋ ਚਲਾਣਾ ਕਰ ਚੁਕੇ ਹਨ। ਸੁੱਖੀ ਹੋਰੀਂ ਤਿੰਨ ਭਰਾ ਸਨ ਤੇ ਇਕ ਭੈਣ। ਸੁੱਖੀ ਦਾ ਬਾਬਾ ਫੌਜ ਵਿਚ ਸੀ, ਜਿਸ ਨੂੰ ਬਹਾਦਰੀ ਵਿਖਾਉਣ ਬਦਲੇ ਮੈਡਲ ਮਿਲੇ ਤੇ ਬਾਰ ਵਿਚ ਤਿੰਨ ਮੁਰੱਬੇ ਭੋਇੰ ਮਿਲੀ। ਬਾਬੇ ਦੇ ਰਿਟਾਇਰ ਹੋਣ ਪਿੱਛੋਂ ਸਾਰਾ ਪਰਿਵਾਰ ਬਾਰ ਦੇ ਮੁਰੱਬਿਆਂ 'ਤੇ ਚਲਾ ਗਿਆ ਸੀ।

1947 ਦੇ ਉਜਾੜੇ ਵੇਲੇ ਉਹ ਟੋਭਾ ਟੇਕ ਸਿੰਘ ਦੇ ਚੱਕ 98 ਦੀ ਝੋਟੇ ਦੇ ਸਿਰ ਵਰਗੀ ਭੋਇੰ ਛੱਡ ਕੇ ਮੁੜ ਫਤਿਹਪੁਰ ਖੁਰਦ ਆ ਗਏ ਸਨ, ਜਿਥੇ ਕੁਝ ਮਹੀਨਿਆਂ ਪਿੱਛੋਂ ਸੁੱਖੀ ਦਾ ਜਨਮ ਹੋਇਆ। ਉਸ ਨੇ ਅੱਠ ਜਮਾਤਾਂ ਫਤਿਹਪੁਰ ਪੜ੍ਹੀਆਂ ਅਤੇ 9ਵੀਂ, 10ਵੀਂ ਤੇ 11ਵੀਂ ਗੜ੍ਹਸੰਕਰ ਤੋਂ ਕੀਤੀ। ਕਦੇ ਉਹ ਹਾਕੀ ਖੇਡ ਲੈਂਦਾ, ਕਦੇ ਫੁੱਟਬਾਲ। ਜੁੱਸੇ ਦਾ ਭਾਵੇਂ ਹਲਕਾ ਫੁਲਕਾ ਸੀ, ਪਰ ਸੀ ਚੀੜ੍ਹਾ। ਮਾੜੀ ਮੋਟੀ ਸੱਟ ਫੇਟ ਦੀ ਪਰਵਾਹ ਨਹੀਂ ਸੀ ਕਰਦਾ। ਕੱਦ ਨਿੱਕਾ ਹੋਣ ਕਰਕੇ ਉਹਦਾ ਨਾਂ ਪੈ ਗਿਆ ਸੀ, 'ਲਾਲ ਵਹੁਟੀ' ਜਿਸ ਨੂੰ ਚੀਚ ਵਹੁਟੀ ਵੀ ਕਹਿੰਦੇ ਹਨ। ਪਹਿਲਾਂ ਉਹ ਆਰੀਆ ਕਾਲਜ, ਨਵਾਂ ਸ਼ਹਿਰ ਪੜ੍ਹਨ ਲੱਗਾ, ਫਿਰ ਜਰਨੈਲ ਸਿੰਘ ਦੇ ਆਖੇ ਖਾਲਸਾ ਕਾਲਜ, ਮਾਹਿਲਪੁਰ ਚਲਾ ਗਿਆ ਤੇ ਫਿਰ ਡੀ. ਏ. ਵੀ. ਕਾਲਜ, ਜਲੰਧਰ। ਬੀ. ਏ. ਉਸ ਨੇ ਬਰੇਕਾਂ ਲਾ ਕੇ ਕੀਤੀ। ਉਹ ਜਿਸ ਟੀਮ ਵਿਚ ਵੀ ਖੇਡਿਆ, ਉਹ ਯੂਨੀਵਰਸਿਟੀ ਚੈਂਪੀਅਨ ਬਣਦੀ ਰਹੀ ਤੇ



*ਪ੍ਰਿੰ. ਸਰਵਣ ਸਿੰਘ ਅਤੇ ਸੁਖਵਿੰਦਰ ਸਿੰਘ ਸੁੱਖੀ*

ਯੂਨੀਵਰਸਿਟੀ ਇੰਟਰਵਰਸਿਟੀ ਚੈਂਪੀਅਨ। 1971 ਵਿਚ ਉਹ ਪੰਜਾਬ ਵੱਲੋਂ ਸੰਤੋਸ਼ ਟਰਾਫੀ ਖੇਡਿਆ ਤੇ ਫਿਰ ਲਗਾਤਾਰ 10-12 ਸਾਲ ਖੇਡਦਾ ਰਿਹਾ।

1966 ਵਿਚ 'ਲਾਲ ਵਹੁਟੀ' ਬਣਿਆ ਸੁੱਖੀ, ਰੈਫਰੀ ਬਣੇ ਜਰਨੈਲ ਸਿੰਘ ਦੀ ਨਜ਼ਰੇ ਚੜ੍ਹ ਗਿਆ, ਜਿਸ ਨੇ ਪਹਿਲੀ ਸਲਾਹ ਉਸ ਨੂੰ ਸਰੀਰ ਤਕੜਾ ਬਣਾਉਣ ਦੀ ਦਿੱਤੀ ਤੇ ਕਿਹਾ ਕਿ ਫੁੱਟਬਾਲ ਖੇਡਣੀ ਹੈ ਤਾਂ ਮਾਹਿਲਪੁਰ ਕਾਲਜ ਚਲਾ ਜਾਹ। ਫਿਰ ਚੱਲ ਸੋ ਚੱਲ ਹੋ ਗਈ। ਬੀ. ਏ. ਕੀਤੀ ਤਾਂ ਡੀ. ਏ. ਵੀ. ਜਲੰਧਰ ਵੱਲੋਂ ਫੁੱਟਬਾਲ ਖੇਡਣ ਲਈ ਐਮ. ਏ. 'ਚ ਦਾਖਲਾ ਲੈ ਲਿਆ। ਫਿਰ ਕਲੱਬਾਂ 'ਚ ਖੇਡਣ ਲੱਗ ਪਿਆ। ਨਕਦ ਇਨਾਮ ਮਿਲਣ ਲੱਗ ਪਏ ਤੇ ਨੌਕਰੀ ਮਿਲਣ ਦੀਆਂ ਆਸਾਂ ਜਾਗ ਪਈਆਂ। ਇਕ ਵਾਰ ਕਿਸੇ ਕਲੱਬ ਨੇ ਜਵਾਬ ਦਿੱਤਾ ਤਾਂ ਜਰਨੈਲ ਸਿੰਘ ਫਿਰ ਰਹਿਬਰ ਆ ਬਣਿਆ, ਜਿਸ ਨੇ ਮੱਤ ਦਿੱਤੀ ਕਿ ਐਨ. ਆਈ. ਐਸ., ਪਟਿਆਲੇ ਤੋਂ ਫੁੱਟਬਾਲ ਦਾ ਕੋਚਿੰਗ ਕੋਰਸ ਕਰ ਲੈ, ਜੋ ਜ਼ਿੰਦਗੀ ਭਰ ਕੰਮ ਆਵੇਗਾ। ਤੇ ਉਹੀ ਕੋਰਸ ਉਸ ਨੂੰ ਉਮਰ ਭਰ ਦੀਆਂ ਰੋਟੀਆਂ ਦੇ ਗਿਆ।

ਫਿਰ ਉਹ ਬੀ. ਐਸ. ਐਫ. ਵਿਚ ਸਬ ਇੰਸਪੈਕਟਰ ਭਰਤੀ ਹੋ ਗਿਆ ਤੇ ਬੀ. ਐਸ. ਐਫ. ਵੱਲੋਂ ਫੁੱਟਬਾਲ ਖੇਡਣ ਲੱਗਾ। ਇੰਸਪੈਕਟਰ ਬਣਿਆ ਤਾਂ ਨੌਕਰੀ ਛੱਡ ਦਿੱਤੀ, ਨਹੀਂ ਤਾਂ ਆਈ. ਜੀ. ਬਣ ਕੇ ਰਿਟਾਇਰ ਹੁੰਦਾ। ਉਹ 8 ਵਾਰ ਇੰਡੀਆ ਦੀਆਂ ਟੀਮਾਂ ਵਿਚ ਖੇਡਿਆ ਤੇ 11 ਵਾਰ ਸੰਤੋਸ਼ ਟਰਾਫੀਆਂ। ਉਸ ਦੀਆਂ ਪ੍ਰਾਪਤੀਆਂ ਵਿਚ 1986 'ਚ ਭਾਰਤ ਦੀ ਅੰਡਰ-16 ਟੀਮ, 1988-90 ਵਿਚ ਅੰਡਰ-19 ਟੀਮ, 1990-91 ਵਿਚ ਭਾਰਤੀ ਸੀਨੀਅਰ ਟੀਮ ਦਾ ਅਸਿਸਟੈਂਟ ਕੋਚ, 2002 ਵਿਚ ਭਾਰਤੀ ਟੀਮ ਦਾ ਟੈਕਨੀਕਲ ਡਾਇਰੈਕਟਰ, 1992-2002 ਤਕ ਭਾਰਤੀ ਟੀਮਾਂ ਨਾਲ ਕੋਚ, 1992-2009 ਤਕ ਜੇ. ਸੀ. ਟੀ. ਦੀ ਟੀਮ ਦਾ ਕੋਚ ਅਤੇ 2009 ਵਿਚ ਓਲੰਪਿਕ ਕੁਆਲੀਫਾਈ ਕਰਨ ਲਈ ਭਾਰਤੀ ਟੀਮ ਅੰਡਰ-23 ਦਾ ਕੋਚ ਬਣਨਾ ਸ਼ਾਮਲ ਹੈ। 1997 ਵਿਚ ਉਸ ਨੂੰ ਨੈਸ਼ਨਲ ਫੁੱਟਬਾਲ ਲੀਗ ਦਾ ਬੈਸਟ ਕੋਚ ਅਵਾਰਡ ਅਤੇ 1992 ਤੇ 96 ਵਿਚ ਡੁਰੰਡ ਕੱਪ ਦਾ ਬੈਸਟ ਕੋਚ ਅਵਾਰਡ ਮਿਲਿਆ।

ਉਸ ਦੀਆਂ ਤਿਆਰ ਕੀਤੀਆਂ ਟੀਮਾਂ ਨੇ 1995 'ਚ ਸਿਸਰਜ਼ ਕੱਪ, 1997 ਵਿਚ ਰੋਵਰਜ਼ ਕੱਪ, 1995 ਤੇ 96 ਵਿਚ ਫੈਡਰੇਸ਼ਨ ਕੱਪ, 1992 ਤੇ 96 ਵਿਚ ਡੁਰੰਡ ਕੱਪ, 1996 ਵਿਚ ਆਈ. ਐਫ. ਏ. ਸ਼ੀਲਡ, 1997 ਵਿਚ ਇੰਡੀਅਨ ਲੀਗ ਤੇ 2009 ਵਿਚ ਸੈਫ ਚੈਂਪੀਅਨਸ਼ਿਪ ਸਮੇਤ ਦਰਜਨ ਦੇ ਕਰੀਬ ਵੱਡੀਆਂ ਜਿੱਤਾਂ ਜਿੱਤੀਆਂ; ਪਰ ਅਫਸੋਸ ਇਸ ਗੱਲ ਦਾ ਰਿਹਾ ਕਿ ਏਨੀ ਘਾਲਣਾ ਦੇ ਬਾਵਜੂਦ ਉਸ ਨੂੰ ਦਰੋਣਾਚਾਰੀਆ ਅਵਾਰਡ ਨਾ ਮਿਲ ਸਕਿਆ। ਕੀ ਪਤਾ ਕੋਈ ਅਦਾਰਾ ਉਸ ਨੂੰ ਬੁੱਢੇਵਾਰੇ ਹੀ ਯਾਦ ਕਰ ਲਵੇ? ਸੁੱਖੀ ਜਿਹੇ ਕੋਚ ਨਿੱਤ ਨਿੱਤ ਨਹੀਂ ਜੰਮਦੇ।

## ਕਸ਼ਮੀਰ ਵਿਚ ਟੈਗੋਰ

*(ਪਿਛਲੇ ਸਫੇ ਦੀ ਬਾਕੀ)*

ਨਿਵੇਕਲਾ ਅੰਦਾਜ਼ੇ-ਬਿਆਨ ਹੈ।

ਟੈਗੋਰ ਦੇ 'ਚੀਖਰ ਬਾਲੀ' ਨਾਵਲ ਦਾ ਅਨੁਵਾਦ ਕਸ਼ਮੀਰੀ ਭਾਸ਼ਾ ਦੇ ਪ੍ਰਸਿਧ ਕਲਮਕਾਰ ਪ੍ਰੋ. ਪੁਸ਼ਪ ਨੇ ਕੀਤਾ ਸੀ। ਇਸ ਨਾਵਲ ਵਿਚ ਇਨਸਾਨੀ ਜਜ਼ਬਿਆਂ ਦਾ ਬਿਆਨ ਯਾਨਿ ਹਵਸ, ਸਿਧਾਂਤ ਅਤੇ ਘਰ ਦੇ ਬਖੇੜਿਆਂ ਤੇ ਇਸ਼ਕ ਦੇ ਵਲਵਲੇ ਮੂਰਤੀਮਾਨ ਕੀਤੇ ਹਨ। ਟੈਗੋਰ ਦੇ 'ਰਾਜਾ ਤੇ ਰਾਣੀ' ਨਾਵਲ ਦਾ ਕਸ਼ਮੀਰੀ ਅਨੁਵਾਦ ਅਮੀਨ ਕਾਮਲ ਨੇ ਕੀਤਾ ਹੈ। ਇਸ ਨਾਵਲ ਦਾ ਪ੍ਰਸੰਗ ਕਸ਼ਮੀਰ ਨਾਲ ਸਬੰਧਤ ਹੈ। ਇਸ ਵਿਚ ਕਸ਼ਮੀਰੀਆਂ ਦੇ ਹਯਾ ਤੇ ਮਾਨਵੀ ਗੈਰਤ ਅਤੇ ਮਾਣ ਨੂੰ ਕੁਸ਼ਲ ਢੰਗ ਨਾਲ ਉਜਾਗਰ ਕੀਤਾ ਗਿਆ ਹੈ, ਜਿਵੇਂ ਪੰਜਾਬ ਦਾ ਰਾਜਾ ਵਿਕਰਮ, ਕਸ਼ਮੀਰੀ ਸ਼ਹਿਜ਼ਾਦੀ ਦੇ ਇਸ਼ਕ ਵਿਚ ਮੋਹਿਤ ਹੋ ਕੇ ਰਈਅਤ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ ਗਿਆ ਸੀ ਅਤੇ ਆਪਣੀ ਸਾਰੀ ਸਲਤਨਤ ਦਾ ਕੰਮ ਕਾਜ ਸ਼ਹਿਜ਼ਾਦੀ ਦੇ ਹੱਥ ਵਿਚ ਦੇ ਦਿੰਦਾ ਹੈ।

ਸ਼ਹਿਜ਼ਾਦੇ ਦੀ ਐਸ਼ਪ੍ਰਸਤੀ ਤੋਂ ਤੰਗ ਆ ਕੇ ਸ਼ਹਿਜ਼ਾਦੀ ਦੇ ਰਿਸ਼ਤੇਦਾਰ ਸਲਤਨਤ ਦੇ ਕੰਮ-ਕਾਜ 'ਤੇ ਹਾਵੀ ਹੋ ਜਾਂਦੇ ਹਨ। ਰਾਜੇ ਦੀ ਲਾਪ੍ਰਵਾਹੀ ਤੋਂ ਲਾਭ ਪ੍ਰਾਪਤ ਕਰਕੇ ਆਪਣੀਆਂ ਜੇਬਾਂ ਭਰਨ ਲੱਗ ਪੈਂਦੇ ਹਨ। ਸ਼ਹਿਜ਼ਾਦੀ ਆਪਣੇ ਪਤੀ ਨੂੰ ਦੇਸ਼ ਦੀ ਵਿਗੜੀ ਸਥਿਤੀ ਦੀ ਸ਼ਿਕਾਇਤ ਕਰਦੀ ਹੈ, ਪਰ ਰਾਜਾ ਆਪਣੀ ਮਦਮਸਤੀ ਦੇ ਸਾਗਰ ਵਿਚੋਂ ਬਾਹਰ ਆਉਣ ਦਾ ਹੀਆ ਨਹੀਂ ਕਰਦਾ ਤਾਂ ਉਹ ਤੰਗ ਆ ਕੇ ਕਸ਼ਮੀਰ ਆਉਂਦੀ ਹੈ ਅਤੇ ਆਪਣੇ ਭਰਾ ਕਮਾਰ ਸੈਨ ਨੂੰ ਸਾਰਾ ਹਾਲ ਸੁਣਾਉਂਦੀ ਹੈ ਤੇ ਰਾਜੇ ਨੂੰ ਸਿੱਧੇ ਰਾਹ ਪਾਉਣ ਲਈ ਮਦਦ ਮੰਗਦੀ ਹੈ।

ਉਧਰ, ਰਾਜਾ ਵਿਕਰਮ ਆਪਣੀ ਪਤਨੀ ਦੇ ਨੱਸ ਜਾਣ 'ਤੇ ਲੋਹਾ-ਲਾਖਾ ਹੋ ਕੇ ਕਸ਼ਮੀਰ 'ਤੇ ਧਾਵਾ ਬੋਲ ਦਿੰਦਾ ਹੈ। ਸ਼ਹਿਜ਼ਾਦਾ ਕਮਾਰ ਸੈਨ ਤੇ ਸ਼ਹਿਜ਼ਾਦੀ ਜੰਗਲ ਵਿਚ ਪਨਾਹ ਲੈਂਦੇ ਹਨ। ਸ਼ਹਿਜ਼ਾਦਾ ਕਮਾਰ ਸੈਨ ਰਾਜਾ ਵਿਕਰਮ ਸਾਹਮਣੇ ਗੋਡੇ ਟੇਕਣ ਤੋਂ ਇਨਕਾਰ ਕਰਦਾ ਹੈ। ਆਪਣਾ ਸਿਰ ਕਲਮ ਕਰਕੇ ਰਾਜੇ ਵਿਕਰਮ ਨੂੰ ਆਪਣੀ ਭੈਣ (ਸ਼ਹਿਜ਼ਾਦੀ) ਰਾਹੀਂ ਤੋਹਫੇ ਵਜੋਂ ਭੇਜ ਦਿੰਦਾ ਹੈ ਅਤੇ ਸ਼ਹਿਜ਼ਾਦੀ ਆਪ ਵੀ ਧਰਤੀ 'ਤੇ ਡਿੱਗ ਕੇ ਪ੍ਰਾਣ ਤਿਆਗ ਦਿੰਦੀ ਹੈ।

ਟੈਗੋਰ ਦੇ 'ਕੁਰਬਾਨੀ' ਨਾਟਕ ਦਾ ਕਸ਼ਮੀਰੀ ਭਾਸ਼ਾ ਵਿਚ ਅਨੁਵਾਦ ਨੂਰ ਮੁਹੰਮਦ ਰੋਸ਼ਨ ਨੇ 1961 ਵਿਚ ਕੀਤਾ ਅਤੇ ਇਸ ਨਾਟਕ ਨੂੰ ਮੌਲਾਨਾ ਆਜ਼ਾਦ ਵੂਮੈਨ ਕਾਲਜ ਸ੍ਰੀਨਗਰ ਨੇ ਪ੍ਰਕਾਸ਼ਿਤ ਕੀਤਾ। ਇਸ ਸੰਗ੍ਰਿਹ ਵਿਚ ਟੈਗੋਰ ਦੇ ਨਾਟਕ ਕੁਰਬਾਨੀ ਤੋਂ ਇਲਾਵਾ 'ਚੰਡਾਲਨੀ' ਦਾ ਅਨੁਵਾਦ ਵੀ ਸ਼ਾਮਲ ਹੈ। ਟੈਗੋਰ ਦੇ ਹੋਰ ਤਿੰਨ ਨਾਟਕਾਂ 'ਡਾਕਘਰ', 'ਮੁਕਤੀ ਧਾਰਾ' ਅਤੇ 'ਗੁਲ-ਲਾਲਾ' ਦਾ ਤਰਤੀਬਵਾਰ ਅਮੀਨ ਕਾਮਲ, ਅਲੀ ਮੁਹੰਮਦ ਲੋਨ ਅਤੇ ਨੂਰ ਮੁਹੰਮਦ ਰੋਸ਼ਨ ਨੇ ਕਸ਼ਮੀਰੀ ਭਾਸ਼ਾ ਵਿਚ ਅਨੁਵਾਦ ਕੀਤਾ ਹੈ। ਰਬਿੰਦਰਨਾਥ ਟੈਗੋਰ ਦੀ ਕਸ਼ਮੀਰ ਦੇ ਉਘੇ ਸ਼ਾਇਰ ਆਰਿਫ ਬੇਗ ਨੇ ਇਨ੍ਹਾਂ ਢੁਕਵੇਂ ਸ਼ਬਦਾਂ ਵਿਚ ਪ੍ਰਸ਼ੰਸਾ ਕੀਤੀ ਹੈ:

ਤੇਰੀ ਗੀਤਾਂਜਲੀ ਕ੍ਰਿਸ਼ਨ ਦੀ ਗੀਤਾ ਹੈ
ਤੇਰੀ ਅੰਮ੍ਰਿਤਧਾਰਾ
ਆਬ-ਏ-ਹਯਾਤ ਨਾਲ ਛਲਕ ਰਹੀ ਹੈ
ਤੂੰ ਸੁਰਾਹੀ ਦਾ ਮੂੰਹ ਸ਼ਰਾਬ ਨਾਲ
ਕੰਢਿਆਂ ਤੱਕ ਭਰ ਦਿੱਤਾ ਹੈ।
ਤੇਰੀ ਗਲੀ ਵਿਚ ਇਸੇ ਕਰਕੇ
ਆਸ਼ਕਾਂ ਦੀ ਭੀੜ ਨਜ਼ਰ ਆਉਂਦੀ ਹੈ।
ਵਿਚਾਰ ਤੇ ਗਿਆਨ ਦਾ ਸੌਦਾ ਸਸਤਾ ਹੈ
ਪਰ ਜਾਂਬਾਜ਼ ਆਪਣਾ ਸਿਰ ਦੇ ਕੇ
ਤੇਰਾ ਸੰਗੀਤ ਪ੍ਰਾਪਤ ਕਰਦੇ ਹਨ।
ਚੌਖੰਡੀ ਚਰਚਾ ਹੈ
ਕਿ ਸਾਕੀ ਸ਼ਰਾਬ ਵਰਤਾ ਰਿਹਾ ਹੈ।
ਇਸ ਖਬਰ ਨੂੰ ਸੁਣ ਕੇ 'ਆਰਿਫ' ਤੇਰੀ
ਮਹਿਫਿਲ ਵਿਚ ਪੁੱਜ ਗਿਆ ਹੈ।

ਰਬਿੰਦਰਨਾਥ ਟੈਗੋਰ ਦੀ ਕਸ਼ਮੀਰ ਵਿਚ ਆਮਦ ਆਪਣੇ ਆਪ ਵਿਚ ਇਤਿਹਾਸਕ ਤੱਥ ਹੈ ਜਿਸ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। ਟੈਗੋਰ ਅਨੁਸਾਰ ਅਨੇਕ ਧਰਮਾਂ ਅਤੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਮਨੁੱਖ ਧਰਤੀ ਨੂੰ ਘਰ ਵਾਂਗ ਆਪਣੇ ਕਲਾਵੇ ਵਿਚ ਲੈਂਦੇ ਹਨ।

ਕੁਝ ਪਲ ਉਸ ਦੀ ਆਮਦ ਦੇ
ਤੁਹਾਡੇ ਨਾਲ ਸਾਂਝੇ ਕਰਦਾ ਹਾਂ।
ਫਿਜ਼ਾ ਦੀ ਸਫੀਨਾਂ ਵਿਚ ਇਤਿਹਾਸ ਦੇ
ਕੁਝ ਫੁੱਲ ਭਰਦਾ ਹਾਂ।

###

## ਹੀਰ

ਜੇ ਮੈਂ ਸ਼ਬਦਾਂ ਦਾ ਜਾਦੂਗਰ ਹੁੰਦਾ ਤਾਂ
ਅੱਖਰਾਂ ਵਿਚ ਜੜ ਦਿੰਦਾ ਨਕਸ਼ ਤੇਰੇ।
ਵਾਰਿਸ ਦੀ ਹੀਰ ਨੂੰ ਮਾਤ ਪਾਉਂਦੀ
ਜਦ ਚਿਹਰੇ ਤੋਂ ਕਿਰਦੇ ਫੁੱਲ ਤੇਰੇ।
ਅੱਜ ਦੀ ਹੀਰ ਦੀ ਵੀ ਲੋਕ ਗੱਲ ਕਰਦੇ
ਜਦ ਤੱਕਦੇ ਜ਼ੁਲਫਾਂ ਦੇ ਵਾਲ ਤੇਰੇ।
ਸੂਰਜ ਦੀ ਰੋਸ਼ਨੀ ਵੀ ਮੱਧਮ ਪੈ ਜਾਂਦੀ
ਜਦ ਨੈਣਾਂ 'ਚ ਨਿਕਲਦੀ ਲਾਟ ਤੇਰੇ।
ਕਾਲੀ ਰਾਤ ਵੀ ਚਾਨਣੀ ਲੱਗਦੀ ਸੀ
ਬਾਹਰ ਨਿਕਲਦੀ ਸੀ ਜਦ ਵਿਚ ਨ੍ਹੇਰੇ।
ਚਿਹਰੇ ਨੂੰ ਸੀ ਪਏ ਚਾਰ ਚੰਨ ਲਾਉਂਦੇ
ਸੀ ਸੁਰਖ ਗੁਲਾਬ ਦੇ ਪਤਲੇ ਹੋਂਠ ਤੇਰੇ।
'ਸਿੱਧੂ' ਜਿਹੇ ਕਈ ਹੋ ਜ਼ਿੰਦਾ ਲਾਸ਼ ਜਾਂਦੇ
ਦਰਸ਼ਨ ਸਬੱਬੀਂ ਜਦ ਜਾਂਦੇ ਸੀ ਹੋ ਤੇਰੇ।

*-ਬਲਜਿੰਦਰ ਸਿੱਧੂ*
*ਗੁਲਾਮ ਪੱਤਰਾ, ਫਿਰੋਜ਼ਪੁਰ।*
*ਫੋਨ: 91-95010-15085*

# ਬਰੋਕ ਕਲਾ ਦੇ ਰੰਗ



ਬਰੋਕ ਕਲਾ ਵਿਚ 'ਆਖਰੀ ਰਾਤਰੀ ਭੋਜ' ਚਿੱਤਰ।

ਕਲਾ ਪਰਿਕਰਮਾ

1400-1500 ਈਸਵੀ ਯੂਰਪੀ ਮੁੜ-ਸੁਰਜੀਤੀ (Renaissance) ਦਾ ਸਮਾਂ ਸੀ ਜਿਸ ਦੀ ਕਲਾ, ਕਲਾਕਾਰਾਂ ਅਤੇ ਇਸ ਦੇ ਪ੍ਰਭਾਵਾਂ ਬਾਰੇ ਅਸੀਂ ਪਹਿਲੇ ਲੇਖਾਂ ਵਿਚ ਜ਼ਿਕਰ ਕੀਤਾ ਸੀ। 1600 ਤੋਂ 1700 ਈਸਵੀ ਦਾ ਸਮਾਂ ਬਰੋਕ ਕਲਾ (Baroque Art) ਅੰਦੋਲਨ ਦਾ ਸਮਾਂ ਹੈ। ਕਰਾਵੇਜੀਓ, ਪੀਟਰ ਪਾਲ ਰੂਬੇਨ, ਅਰਤੇਮੀਸਿਆ ਜੇਨਟਿਲੇਸਚੀ, ਜਿਓਵਾਨਨੀ ਲਾਰੈਂਜੋ ਬਰਨੀਨੀ, ਰੈਮਬ੍ਰਾਂ, ਵਾਨ ਰਿਜਨ, ਕਲਾਉਡੇ ਲੋਰੈਨ, ਡੀਏਗੋ ਵੇਲਜ਼ਕੁਏ



ਰਣਦੀਪ ਮੱਦੋਕੇ
ਫੋਨ: +91-98146-93368

ਅਤੇ ਐਨਥਨੀ ਵਾਨ ਡਾਇਕ ਬਰੋਕ ਅੰਦੋਲਨ ਦੇ ਮੁੱਖ ਕਲਾਕਾਰ ਸਨ।

ਮੁੜ-ਸੁਰਜੀਤੀ ਲਹਿਰ ਤੋਂ ਬਾਅਦ ਬਰੋਕ ਲਹਿਰ ਵੀ ਸਮੇਂ ਦੇ ਸਹਿਜ ਵਿਕਾਸ 'ਚ ਵਾਪਰਦੀਆਂ ਸਮਾਜਿਕ, ਸਭਿਆਚਾਰਕ, ਸਿਆਸੀ ਅਤੇ ਵਿਤੀ ਉਥਲ-ਪੁਥਲਾਂ ਦਾ ਹੀ ਪ੍ਰਗਟਾਵਾ ਸੀ। ਸਥਾਪਿਤ ਕੈਥੋਲਿਕ ਮਤ ਤਬਦੀਲੀ ਦੀ ਹਵਾ ਦੇ ਖਿਲਾਫ ਆਪਣੀ ਤਾਕਤ ਬਰਕਰਾਰ ਰੱਖਣ ਦੀ ਲੜਾਈ ਲੜ ਰਿਹਾ ਸੀ। ਇਸ ਸਮੇਂ ਤੱਕ ਇਸਾਈ ਮਤ ਕੈਥੋਲਿਕਾਂ ਅਤੇ ਪ੍ਰੋਟੈਸਟੈਂਟਾਂ ਵਿਚ ਵੰਡਿਆ ਜਾ ਚੁੱਕਾ ਸੀ ਅਤੇ ਇਨ੍ਹਾਂ ਦੀ ਆਪਸੀ ਖਿਚੋਤਾਣ ਚੱਲ ਰਹੀ ਸੀ। ਧਾਰਮਿਕ ਸੁਧਾਰਾਂ ਅਤੇ ਉਲਟ ਸੁਧਾਰਵਾਦੀ ਭੇੜ ਸਿਖਰਾਂ 'ਤੇ ਸੀ। ਬਰੋਕ ਕਲਾ ਬਾਰੇ ਕਿਹਾ ਜਾਂਦਾ ਹੈ ਕਿ ਇਸ ਨੂੰ ਕੈਥੋਲਿਕ ਪ੍ਰਤੀਕਿਰਿਆਵਾਦੀਆਂ ਵਲੋਂ ਹੀ ਉਤਸ਼ਾਹਿਤ ਕੀਤਾ ਗਿਆ ਸੀ।

ਬਰੋਕ ਕਲਾ ਵਿਚ ਜ਼ਿਆਦਾਤਰ ਮੁੜ-ਸੁਰਜੀਤੀ ਕਲਾ ਲਹਿਰ ਵਾਲੇ ਵਿਸ਼ੇ ਹੀ ਦੁਹਰਾਏ ਗਏ ਪਰ ਇਸ ਦੀ ਵਿਉਂਤਬੰਦੀ ਵਿਚ ਮੁੜ-ਸੁਰਜੀਤੀ ਕਲਾ ਨਾਲੋਂ ਕਾਫੀ ਅੰਤਰ ਸੀ ਜਿਸ ਨੂੰ ਅਸੀਂ ਰਵਾਇਤੀ ਸਮੱਗਰੀ ਨੂੰ ਬਦਲੇ ਹੋਏ ਰੂਪਕ ਪੱਖ (ਅਤਿ ਰਹੱਸਵਾਦੀ) ਵਜੋਂ ਚਿੰਨ੍ਹਤ ਕਰ ਸਕਦੇ ਹਾਂ; ਜਿਵੇਂ ਲੁਭਾਉਣੀ ਕਾਮੁਕਤਾ, ਨਾਟਕੀ ਯਥਾਰਥ, ਤੀਬਰ ਭਾਵਨਾਵਾਂ ਅਤੇ ਗਤੀ ਜੋ ਬਰੋਕ ਕਲਾ ਦੇ ਵਿਖਿਆਤ ਕਲਾਕਾਰ ਜਿਓਵਾਨਨੀ ਲਾਰੈਂਜੋ ਬਰਨੀਨੀ ਦੀ ਕਲਾ ਵਿਚ ਉਭਰਵੇਂ ਰੂਪ ਵਿਚ ਮੌਜੂਦ ਸੀ।

ਜਿਵੇਂ; ਕੀ ਮੁੜ-ਸੁਰਜੀਤੀ ਅੰਦੋਲਨ ਦੀ ਕਲਾ ਵਿਚ ਗਹਿਰਾਈ ਅਤੇ ਸਮਾਨਅੰਤਰ ਪ੍ਰਸੰਗ (parallel perspective) ਵਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ ਪਰ ਇਸ ਵਿਚ ਉਚਤਮ ਯਥਾਰਥ ਦੇ ਬਾਵਜੂਦ ਹਾਵ-ਭਾਵਾਂ ਦੀ ਕਮੀ ਰੜਕਦੀ ਸੀ। ਬਰੋਕ ਕਲਾ ਵਿਚ ਹਾਵ-ਭਾਵ ਬਹੁਤ ਪ੍ਰਧਾਨ ਸਨ; ਮਸਲਨ, ਬਰਨੀਨੀ ਦੀ ਬਣਾਈ ਡੇਵਿਡ ਦੀ ਮੂਰਤੀ ਵਿਚ ਮਾਇਕਲਐਂਜਲੋ ਦੇ ਡੇਵਿਡ ਨਾਲੋਂ ਹਾਵ-ਭਾਵ ਜ਼ਿਆਦਾ ਹਨ ਪਰ ਬਰੋਕ ਚਿੱਤਰਕਾਰੀ ਵਿਚ ਬਹੁ



ਜਿਓਵਾਨਨੀ ਬਰਨੀਨੀ ਦਾ ਡੇਵਿਡ।



ਖਗੋਲ ਵਿਗਿਆਨੀ ਜੋਹਾਂਨੇਸ ਵੇਰਮੀਰ ਦਾ ਇਕ ਚਿੱਤਰ।

ਪਾਸਾਰੀ ਆਭਾਸ ਦੇ ਨਾਲ-ਨਾਲ ਨਾਟਕੀ ਰੌਸ਼ਨੀ ਇਨ੍ਹਾਂ ਨੂੰ ਰੰਗਮੰਚੀ ਦਿੱਖ ਵੀ ਦਿੰਦੀ ਸੀ, ਜਾਂ ਕਿਹਾ ਜਾ ਸਕਦਾ ਹੈ ਕਿ ਰਹੱਸਮਈ ਪ੍ਰਭਾਵ ਹੈ ਜੋ ਮੁੜ-ਸੁਰਜੀਤੀ ਅੰਦੋਲਨ ਦੇ ਚਿੱਤਰਾਂ ਜਿਹਾ ਗੰਭੀਰ ਅਸਰ ਨਹੀਂ ਪਾਉਂਦਾ ਸੀ।

ਕੈਥੋਲਿਕ ਮਤ ਦੇ ਥਾਪੜੇ ਦੇ ਬਾਵਜੂਦ ਬਰੋਕ ਕਲਾ ਦੀ ਚਰਚਾ ਆਪਣੇ ਸਮਕਾਲੀ ਸਮੇਂ ਵਿਚ ਇੰਨੀ ਜ਼ਿਆਦਾ ਨਹੀਂ ਹੋਈ। ਕਾਫੀ ਸਮੇਂ ਬਾਅਦ ਇਸ ਨੂੰ ਗੌਲਿਆ ਗਿਆ ਅਤੇ ਇਸ ਦੀ ਤੁਲਨਾ ਮੁੜ-ਸੁਰਜੀਤੀ ਅੰਦੋਲਨ ਦੀ ਕਲਾ ਨਾਲ ਕੀਤੀ ਗਈ। ਬਰੋਕ ਕਲਾ ਨੂੰ ਭਾਵੇਂ ਕੈਥੋਲਿਕ ਮਤ ਦੀ ਸਾਖ ਕਲਾ ਵਿਚ ਮੁੜ ਸਥਾਪਤ ਕਰਨ ਦੀ ਮੁਹਿੰਮ ਵਜੋਂ ਹੀ ਜਾਣਿਆ ਜਾਂਦਾ ਹੈ ਪਰ ਸਮਾਂ ਪਿਛਲਖੁਰੀ ਨਹੀਂ ਮੁੜਦਾ; ਸਮਾਜ ਅਤੇ ਸਭਿਆਚਾਰ ਲਗਾਤਾਰ ਅਗਾਂਹ ਵਲ ਹੀ ਵਧਦਾ ਹੈ, ਭਾਵੇਂ ਇਸ ਦੀ ਚਾਲਕ ਸ਼ਕਤੀ ਦੀ ਅਗਵਾਨੂੰ ਸਮਾਜਿਕ-ਸਿਆਸੀ ਕ੍ਰਾਂਤੀ ਹੋਵੇ ਜਾਂ ਫਿਰ ਸਹਿਜ ਵਿਕਾਸ ਪਰ ਇਸ ਦਾ ਅਸਰ ਸਮਾਜ ਅਤੇ ਸਭਿਆਚਰ ਵਿਚ ਲਗਾਤਾਰ ਦਿਸਦਾ ਹੈ। ਇਹ ਅਸੀਂ ਬਰੋਕ ਕਲਾ ਵਿਚ ਵੀ ਮਹਿਸੂਸ ਕਰ ਸਕਦੇ ਹਾਂ ਕਿਉਂਕਿ ਇਸ ਵਿਚ ਸਿਰਫ ਧਾਰਮਿਕ ਵਿਸ਼ਵਾਸ ਨਾਲ ਸੰਬਧਿਤ ਕਲਾ ਸਿਰਜਣਾ ਹੀ ਨਹੀਂ ਹੋਈ ਸਗੋਂ ਮੁੜ-ਸੁਰਜੀਤੀ ਅੰਦੋਲਨ ਦੀ ਕਲਾ ਤੋਂ ਅਗਾਂਹ ਸਾਧਾਰਨ ਜਨ ਜੀਵਨ, ਧਰਤ-ਦ੍ਰਿਸ਼ (landscape), ਵਿਗਿਆਨ, ਖਗੋਲ ਵਿਗਿਆਨ ਅਤੇ ਇਲਾਜ ਪ੍ਰਣਾਲੀ ਵਿਚ ਹੋ ਰਹੇ ਨਵੇਂ ਤਜਰਬਿਆਂ ਨੂੰ ਵੀ ਚਿੱਤਰਿਆ ਗਿਆ।

ਬਰੋਕ ਕਲਾ ਇਤਾਲਵੀ ਪ੍ਰਭਾਵਸ਼ਾਲੀ ਵਰਗ ਅਤੇ ਕੈਥੋਲਿਕ ਮਤ ਦੀਆਂ ਹੱਦਬੰਦੀਆਂ ਤੋਂ ਬਾਹਰ ਯੂਰਪ ਦੇ ਬਹੁਤੇ ਦੇਸ਼ਾਂ ਵਿਚ ਵੀ ਪਨਪੀ, ਜਿਥੇ ਨਵੀਂ ਵਪਾਰੀ ਜਮਾਤ ਪੈਦਾ ਹੋ ਚੁੱਕੀ ਸੀ ਜੋ ਕੈਥੋਲਿਕ ਮਤ ਦੇ ਮਧਯੁਗੀ ਪ੍ਰਤੀਕਿਰਿਆਵਾਦੀ ਵਿਸ਼ਵਾਸਾਂ ਦੀ ਬਜਾਇ ਪ੍ਰਗਤੀਵਾਦੀ ਸੀ। ਜਿਥੇ ਇਤਾਲਵੀ ਸਪੈਨਿਸ਼ ਬਰੋਕ ਦੇ ਕਲਾਕਾਰਾਂ ਨੂੰ ਕੈਥੋਲਿਕ ਮਤ ਦੀ ਜੈ-ਜੈਕਾਰ ਕਰਨ ਲਈ ਹੱਲਾਸ਼ੇਰੀ ਦੇ ਰਿਹਾ ਸੀ, ਉਥੇ ਡਚ, ਫਰਾਂਸੀਸੀ, ਜਰਮਨ ਬਰੋਕ ਕਲਾਕਾਰਾਂ ਨੂੰ ਨਵ-ਪ੍ਰਗਤੀਸ਼ੀਲ ਵਪਾਰੀ ਵਰਗ ਹੁਲਾਰਾ ਦੇ ਰਿਹਾ ਸੀ। ਇਸੇ ਸਮੇਂ ਵਿਗਿਆਨ ਆਪਣੇ ਆਧੁਨਿਕ ਮੁਹਾਂਦਰੇ ਵਲ ਪੁਲਾਂਘ ਪੁੱਟ ਰਿਹਾ ਸੀ।

ਇਤਾਲਵੀ ਵਿਗਿਆਨੀ ਅਤੇ ਦਾਰਸ਼ਨਿਕ ਗਲੀਲਿਓ ਗਲੀਲੀ ਵੀ ਗਣਿਤ, ਖਗੋਲ ਅਤੇ ਭੌਤਿਕ ਵਿਗਿਆਨ ਬਾਰੇ ਆਪਣੇ ਤਜਰਬੇ ਕਰ ਰਹੇ ਸਨ, ਭਾਵੇਂ ਦੂਰਬੀਨ ਦੀ ਖੋਜ ਕਾਫੀ ਪਹਿਲਾਂ ਹੀ ਹੋ ਚੁੱਕੀ ਸੀ ਪਰ ਗਲੀਲਿਓ ਨੇ ਉਸ ਸਮੇਂ ਦੀ ਅਤਿ ਆਧੁਨਿਕ ਦੂਰਬੀਨ ਬਣਾ ਕੇ ਸੌਰ-ਮੰਡਲ ਅਤੇ ਅਤੇ ਗ੍ਰਹਿਆਂ ਬਾਰੇ ਆਪਣਾ ਨਵਾਂ ਸਿਧਾਂਤ ਦਿੱਤਾ। ਇਹ ਕੈਥੋਲਿਕ ਗ੍ਰੰਥਾਂ ਦੀ ਧਰਤੀ, ਸੌਰ-ਮੰਡਲ ਅਤੇ ਬ੍ਰਹਿਮੰਡ ਬਾਰੇ ਕਲਪਨਾ ਦੇ ਉਲਟ ਸੀ ਜਿਸ ਤੋਂ ਖਿਝ ਕੇ ਗਲੀਲਿਓ ਨੂੰ ਕੈਦ ਕਰ ਲਿਆ ਗਿਆ। ਇਸੇ ਤਰ੍ਹਾਂ ਭਾਫ ਇੰਜਨ, ਥਰਮਾਮੀਟਰ, ਕਾਗਜ਼ ਆਦਿ ਹੋਰ ਕਈ ਮੁਖ ਖੋਜਾਂ ਵੀ ਹੋ ਚੁੱਕੀਆਂ ਸਨ। ਇਉਂ ਸਮਾਜ ਅਤੇ ਸਭਿਆਚਾਰ ਉਪਰ ਸਾਹਿਤ, ਕਲਾ ਅਤੇ ਵਿਗਿਆਨ ਦਾ ਰਲਵਾਂ ਪ੍ਰਭਾਵ ਦਿਸਦਾ ਸੀ।

ਖਿਲਾਅ ਵਿਚ ਕਿਉਂਕਿ ਕੁਝ ਨਹੀਂ ਵਾਪਰਦਾ, ਸਮਾਜ ਅੰਦਰ ਵਾਪਰਦੇ ਹਰ ਵਰਤਾਰੇ ਦੀਆਂ ਤੰਦਾਂ ਇਕ ਦੂਜੇ ਨਾਲ ਜੁੜੀਆਂ ਹੁੰਦੀਆਂ ਹਨ। ਇਹ ਬੜਾ ਕੁਦਰਤੀ ਹੈ ਕਿ ਜਦੋਂ ਜਦੋਂ ਵੀ ਮਾਨਵ ਸਮਾਜ ਵਿਚ ਪੁਰਾਤਨ ਮਾਨਦੰਡਾਂ ਨੂੰ ਰੱਦ ਕੇ ਨਵੇਂ ਵਿਚਾਰ ਆਉਂਦੇ ਹਨ ਤਾਂ ਹਰ ਖੇਤਰ ਵਿਚ ਇਸ ਦੀ ਅਗਾਂਹਵਧੂ ਝਲਕ ਦਿਸਦੀ ਹੈ ਅਤੇ ਖੜੋਤ ਤੇ ਪਿਛਲਮੋੜੇ ਦੇ ਸਮੇਂ ਵਿਚ ਸਾਹਿਤ, ਕਲਾ ਅਤੇ ਬੌਧਿਕਤਾ ਦੇ ਖੇਤਰ ਵਿਚ ਭਰਮ ਭੁਲੇਖੇ ਅਤੇ ਸਤਹੀਪਣੇ ਦੀ ਭਰਮਾਰ ਹੁੰਦਾ ਹੈ। ਸੋ, ਬਰੋਕ ਕਲਾ ਅੰਦੋਲਨ ਉਪਰ ਵੀ ਪਿਛਾਖੜੀ ਅਤੇ ਆਧੁਨਿਕਤਾਵਾਦ ਵਿਚ ਚੱਲ ਰਹੀ ਖਿਚੋਤਾਣ ਦੀ ਝਲਕ ਸਾਫ ਦਿਸਦੀ ਹੈ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ **ਦੋ ਤੋਂ ਚਾਰ ਸਤਰਾਂ** 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ **ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਦਸੰਬਰ 2019** ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-406



ਭਾਵੇਂ ਰਹੀ ਕਰੋਪੀ ਅਕਸਰ, ਸਮੇਂ ਸਮੇਂ ਦੀਆਂ ਸਰਕਾਰਾਂ ਦੀ।
ਫਿਰ ਵੀ ਸ਼ਾਨ ਵਿਲੱਖਣ ਯਾਰੋ, ਸਰਦਾਰਾਂ ਅਤੇ ਦਸਤਾਰਾਂ ਦੀ।

## ਕੈਪਸ਼ਨ ਮੁਕਾਬਲਾ-404



ਅੰਦਰ ਹੈ ਰੱਬ ਸਭ ਦੇ ਵੱਸਦਾ
ਵਧਿਆ ਹੱਥ ਹੈ ਪਰਉਪਕਾਰੀ।
ਫੀਤੀਆਂ, ਵਰਦੀ ਭੁੱਲ ਕੇ ਸਭ ਕੁਝ
ਬਹਿ ਗਿਆ ਪੱਬਾਂ ਭਾਰ ਵਰਦੀਧਾਰੀ।
ਆ ਕੇ ਭੁੱਖੇ ਨੂੰ ਹੱਥੀਂ ਖੁਆ ਕੇ
ਬਣਿਆ ਮਿਸਾਲ ਮਾਨਵਤਾ ਦਾ ਪੁਜਾਰੀ।
*-ਦਵਿੰਦਰ ਕੌਰ*

---

ਪੁਲਿਸ ਵਾਲਾ ਸਾਈਕਲ 'ਤੇ
ਕਰਦਾ-ਫਿਰਦਾ ਪੰਧ।
ਲੋੜਵੰਦ ਇੱਕ ਮੰਗਤਾ ਵੇਖ ਕੇ
ਕੱਢਦਾ ਹੈ ਦਸਵੰਦ।
ਚੰਗੀ ਨੌਕਰੀ ਕੋਮਲ ਹਿਰਦਾ
ਮਿਹਨਤ ਲੇਖੇ ਲਾਈ।
ਭੁੱਖਾ-ਭਾਣਾ ਵੇਖ ਸੜਕ 'ਤੇ
ਉਸ ਦੀ ਭੁੱਖ ਮਿਟਾਈ।
*-ਪ੍ਰੀਤਮ ਸਿੰਘ ਲੰਮੇ*
*ਫੋਨ: 925-325-2486*

---

ਦਇਆ ਤਰਸ ਵਸਦੇ ਹਿਰਦੇ
ਨਹੀਂ ਅਹੁਦੇ ਦੇ ਮੁਥਾਜ ਹੁੰਦੇ।
ਦੀਨ ਦੁਖੀ ਦੀ ਨੇ ਸੇਵਾ ਕਰਦੇ
ਦਿਲ ਦੇ ਬੜੇ ਸ਼ਾਹਬਾਜ਼ ਹੁੰਦੇ।
ਮਨੁੱਖਤਾ ਦੀ ਬਲਦੀ ਜੋਤ ਸੀਨੇ
ਜ਼ਖਮਾਂ 'ਤੇ ਮਲ੍ਹਮ ਲਾਉਂਦੇ।
ਨਾ ਕੋਈ ਜਾਤ ਧਰਮ ਦਾ ਬੰਧਨ
ਖੁਦਾ ਦਾ ਹੁਕਮ ਨਿਭਾਉਂਦੇ।
*-ਸੇਵਾ ਸਿੰਘ ਨੂਰਪੁਰੀ*

---

ਕੁੱਲ ਢਾਂਚੇ ਤੋਂ ਅੱਕੇ ਲੋਕ
ਬਦਜਨੀ ਵਾਲੀ ਪੀੜ ਹੰਢਾਵਣ।
ਚੰਗਾ-ਮਾੜਾ ਸਭਨਾਂ ਤਾਈਂ
ਇੱਕੋ ਰੱਸੇ ਬੰਨ੍ਹੀ ਜਾਵਣ।
ਹਰਿਆ ਬੂਟ ਤਾਂ ਰਹਿਓ ਰੀ
ਬੇਸ਼ੱਕ ਲੱਖਾਂ ਝੱਖੜ ਆਵਣ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਲੋਕੀਂ ਐਵੇਂ ਨ੍ਹੀਂ ਸਾਨੂੰ ਮਾਮਾ ਕਹਿੰਦੇ
ਕਰੀਏ ਦੀਨ ਦੁਨੀਆਂ ਦੀ ਸੇਵਾ।
ਬਾਬੇ ਨਾਨਕ ਦੀ ਬਾਣੀ ਕਹਿੰਦੀ
ਮਜ਼ਲੂਮਾਂ ਦੀ ਕੀਤੀ ਸੇਵਾ ਨੂੰ ਲੱਗੇ ਮੇਵਾ।
ਭਾਵੇਂ ਸਾਡਾ ਅਕਸ ਹੈ ਡਾਢਿਆਂ ਵਾਲਾ
ਉਤੋਂ ਉਤੋਂ ਭਾਵੇਂ ਡਰਾਈਏ
ਪਰ ਅੰਦਰੋਂ ਨਾਨਕ ਨਾਮ ਲੇਵਾ।
*-ਅਮਰਜਤਿ ਸਿੰਘ ਤੂਰ*
*ਕੁਲਬੁਰਛਾ, ਪਟਿਆਲਾ।*
*ਫੋਨ: 91-98784-69639*

To Advertise with Punjab Times Call: 847-359-0746
Fax:847-705-9388, e-mail:punjabtimes1@sbcglobal.net
Visit us on the web:wwwpunjabtimesusa.com

# ਹਾਣ ਦਾ ਹਾਸਲ


ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080


**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦੇ ਪਿਛਲੇਰੇ ਪੰਧ ਦੀ ਗੱਲ ਕਰਦਿਆਂ ਕਿਹਾ ਸੀ, “ਡੁੱਬਦਾ ਸੂਰਜ ਕਦੇ ਵੀ ਅਕਾਰਥ ਨਹੀਂ। ਸੂਰਜ ਡੁੱਬਣ ਲੱਗਦਾ ਤਾਂ ਪਰਿੰਦੇ ਘਰਾਂ ਨੂੰ ਪਰਤਦੇ, ਬੋਟਾਂ ਦੀ ਭੁੱਖ ਨੂੰ ਟੁੱਕਰ ਦੀ ਆਸ ਹੁੰਦੀ, ਦਰੀਂ ਉਡੀਕਦੇ ਕਲੀਰਿਆਂ ਨੂੰ ਪਿਆਰੇ ਦੀ ਦਸਤਕ ਦਾ ਹਰ ਦਮ ਭੁਲੇਖਾ ਪੈਂਦਾ ਅਤੇ ਬੁੱਢੇ ਮਾਪਿਆਂ ਦੇ ਮਨਾਂ 'ਚ ਪਰਦੇਸੀ ਪੁੱਤ ਦੇ ਵਾਪਸ ਪਰਤਣ ਦੀ ਆਸ ਜਾਗਦੀ।” ਹਥਲੇ ਲੇਖ ਵਿਚ ਡਾ. ਭੰਡਾਲ ਹਾਣ-ਪਰਵਾਣ ਦੀ ਗੱਲ ਕਰਦਿਆਂ ਕਹਿੰਦੇ ਹਨ, “ਹਾਣੀ ਹੁੰਦੇ ਜੋ ਬਣ ਹੁੰਗਾਰਾ, ਹਾਕ ਦਾ ਹਾਸਲ ਬਣਦੇ; ਤਲਖੀਆਂ ਤੇ ਤੰਗੀਆਂ ਦੇ ਸਾਹਵੇਂ ਨੰਗੀਆਂ ਹਿੱਕਾਂ ਤਣਦੇ।...ਹਾਣੀ ਤਾਂ ਕੁਝ ਉਹ ਵੀ ਹੁੰਦੇ, ਜੋ ਹਮਰੁਤਬਾ ਬਣ ਕੇ ਧੋਖਾ, ਫਰੇਬ, ਕਪਟ ਅਤੇ ਬੇਵਫਾਈ ਪ੍ਰਗਟਾਉਂਦੇ। ਮਿੱਤਰਤਾ ਮਖੌਲ ਬਣਦੀ।...ਇਹ ਹਾਣੀ ਬਣਨ ਤੇ ਕਲੰਕ। ਇਸ ਦੀ ਕਲਾਖ ਵਿਚ ਸ਼ਰਮਸਾਰ ਹੋ ਜਾਂਦੀ, ਹਾਣਪੁਣੇ ਦਾ ਹੱਜ ਕਰਨ ਵਾਲੀ ਲੋਕਾਈ ਤੇ ਖੁਦਾਈ।” ਡਾ. ਭੰਡਾਲ ਸਪਸ਼ਟ ਕਰਦੇ ਹਨ, “ਉਹ ਹਾਣੀ ਨਹੀਂ ਹੁੰਦੇ, ਜੋ ਪਿੱਠ ਪਿੱਛੇ ਚੁਗਲੀਆਂ ਕਰਦੇ। ਤੁਹਾਡੀ ਬਦਖੋਹੀ ਵਿਚੋਂ ਆਪਣਾ ਚੰਗੇਰਾਪਣ ਜਾਹਰ ਕਰਦੇ। ਸਗੋਂ ਹਾਣੀ ਤਾਂ ਉਹ ਹੁੰਦੇ ਜੋ ਪਿਆਰ, ਆਦਰ, ਸਤਿਕਾਰ, ਮਿੱਤਰਤਾ, ਆਪਸੀ ਸੂਝ-ਬੂਝ, ਵਾਦ-ਸੰਵਾਦ ਅਤੇ ਸਾਥ ਦਾ ਸੁੰਦਰ ਸੰਗਮ ਹੁੰਦੇ।” -ਸੰਪਾਦਕ**

ਹਾਣ, ਹਮ-ਉਮਰ, ਹਮ-ਰੁਤਬਾ ਹਮ-ਜਾਤ, ਜਾਂ ਹਮ-ਗੋਤ ਹੋ ਸਕਦੇ, ਜਿਨ੍ਹਾਂ ਨਾਲ ਸਾਂਝ ਹੁੰਦੀ। ਹਾਣ ਜਿਨ੍ਹਾਂ ਨਾਲ ਕੁਝ ਆਦਤਾਂ ਮਿਲਦੀਆਂ ਜਾਂ ਵਿਚਾਰਾਂ ਦੀ ਸਮਾਨਤਾ ਹੁੰਦੀ।

ਹਾਣ, 'ਕੱਠੇ ਪੜ੍ਹਦੇ ਵਿਦਿਆਰਥੀਆਂ ਦਾ, ਇਕ ਟੀਮ ਵਿਚ ਖੇਡਦੇ ਖਿਡਾਰੀਆਂ ਦਾ, ਟੂਰ 'ਤੇ ਗਏ ਸਾਥੀਆਂ ਦਾ ਜਾਂ ਮਹਿਫਿਲ ਸਜਾਉਣ ਵਾਲੇ ਸਾਥੀਆਂ ਦਾ ਵੀ ਹੁੰਦਾ, ਜਿਸ ਵਿਚ ਬਹੁਤ ਕੁਝ ਸਾਂਝਾ ਹੁੰਦਾ।

ਹਾਣ, ਹਰ ਉਮਰ, ਕਿੱਤੇ, ਕਾਰੋਬਾਰ ਅਤੇ ਹਰੇਕ ਭਾਈਚਾਰੇ ਵਿਚ ਵੀ ਹੁੰਦਾ। ਇਹ ਭਾਵੇਂ ਬਾਬੇ, ਯੋਗੀ, ਸਾਧ, ਫਕੀਰ, ਪੀਰ, ਵਪਾਰੀ ਜਾਂ ਸ਼ਿਕਾਰੀ ਹੋਣ।

ਹਾਣ ਦਾ ਮਾਣ ਸਿਰਫ ਵਿਅਕਤੀਆਂ ਵਿਚ ਹੀ ਨਹੀਂ ਹੁੰਦਾ, ਇਹ ਜਾਨਵਰਾਂ ਅਤੇ ਪਰਿੰਦਿਆਂ ਵਿਚ ਵੀ ਹੁੰਦਾ। ਹਾਣ, ਨਸਲ ਦਾ ਪਾੜਾ ਵੀ ਦੂਰ ਕਰ ਦਿੰਦਾ। ਕਈ ਵਾਰ ਵੱਖੋ ਵੱਖਰੇ ਜਾਨਵਰਾਂ ਵਿਚ ਅਜਿਹਾ ਹਾਣ ਹੁੰਦਾ ਕਿ ਜਿਸ 'ਤੇ ਨਾਜ਼ ਹੁੰਦਾ। ਜਾਨਵਰਾਂ ਦੀ ਨੇਕਨੀਤੀ ਨੂੰ ਹਾਣ ਦੇ ਸੰਦਰਭ ਵਿਚ ਦੇਖਿਆਂ ਪਤਾ ਲੱਗਦਾ ਕਿ ਜਾਨਵਰ ਅਤੇ ਪਰਿੰਦੇ ਵੀ ਪੂਰੀ ਨਿਸ਼ਠਾ ਨਾਲ ਹਾਣ ਪਾਲਦੇ ਅਤੇ ਪੂਰੀ ਤਰ੍ਹਾਂ ਨਿਭਾਉਂਦੇ।

ਹਰ ਹਾਣ ਦਾ ਆਪਣਾ ਰੂਪ ਤੇ ਰੰਗ। ਆਪਣੇ ਸਰੋਕਾਰ, ਸੂਹਜ ਅਤੇ ਸੰਵੇਦਨਾ। ਇਸ ਵਿਚੋਂ ਬਹੁਤ ਸਾਰੀਆਂ ਸੂਖਮ ਮਨੋਭਾਵਨਾਵਾਂ ਅਤੇ ਲੋੜਾਂ ਦੀ ਪੂਰਤੀ। ਸਿਰਫ ਲੋੜ ਹੈ ਕਿ ਹਾਣ ਸੱਚੇ ਰੂਪ ਵਿਚ ਹਾਣ ਬਣ ਕੇ ਹਾਣੀ ਦਾ ਰੁਤਬਾ ਪ੍ਰਾਪਤ ਕਰੇ ਅਤੇ ਇਸ ਨੂੰ ਨਿਭਾਉਣ ਦੇ ਕਾਬਲ ਹੋਵੇ।

ਹਾਣੀਆਂ ਦੇ ਰੰਗ ਵੀ ਨਿਰਾਲੇ। ਇਨ੍ਹਾਂ ਦੀ ਰੰਗਤਾਂ 'ਚ ਇਲਾਹੀ ਅਤੇ ਅਨੂਠੀ ਭਾਅ। 'ਕੇਰਾਂ ਇਕ ਬੱਚਾ ਆਪਣੀ ਮਾਂ ਨੂੰ ਕਹਿੰਦਾ ਕਿ ਮੈਂ ਕੱਲ ਨੂੰ ਗੇਮ 'ਤੇ ਜਾਣਾ ਤੇ ਮੈਂ ਆਪਣੇ ਚਾਰ ਹਾਣੀਆਂ ਲਈ ਪੀਜ਼ਾ ਲੈ ਕੇ ਜਾਵਾਂਗਾ ਅਤੇ ਫਿਰ ਉਹ ਵੀ ਵਾਰੀ ਵਾਰੀ ਗੇਮ 'ਤੇ ਪੀਜ਼ਾ ਲਿਆਉਣਗੇ ਤੇ ਅਸੀਂ ਸਾਰੇ ਰਲ ਕੇ ਖਾਇਆ ਕਰਾਂਗੇ। ਉਹ ਪਹਿਲੇ ਦਿਨ ਜਦ ਪੀਜ਼ਾ ਲੈ ਕੇ ਜਾਂਦਾ ਹੈ ਤਾਂ ਉਸ ਦੇ ਸਾਥੀ ਹੀ ਸਾਰਾ ਪੀਜ਼ਾ ਖਾ ਲੈਂਦੇ ਨੇ ਅਤੇ ਉਸ ਨੂੰ ਕੁਝ ਨਹੀਂ ਮਿਲਦਾ। ਘਰ ਆ ਕੇ ਉਹ ਮਸੋਸਿਆ ਤੇ ਰੋਣਹਾਕਾ ਸੀ। ਪਰ ਇਹੀ ਤਾਂ ਬਚਪਨਾ ਏ। ਇਸ ਵਿਚ ਇਕ ਬੱਚੇ ਦੀ ਨਿਰਛੱਲਤਾ ਅਤੇ ਦੂਜਿਆਂ ਵਿਚ ਵਿਚ ਰਲ ਮਿਲ ਕੇ ਨਾ ਖਾਣ ਅਤੇ ਖੁਸ਼ੀਆਂ ਨੂੰ ਸਾਂਝੇ ਰੂਪ ਵਿਚ ਨਾ ਮਾਣ ਸਕਣ ਦੀ ਕਮਜੋਰੀ ਵੀ ਝਲਕਦੀ ਸੀ। ਇਸ ਨਿੱਕੀ ਜਿਹੀ ਘਟਨਾ ਵਿਚ ਬਹੁਤ ਕੁਝ ਛੁਪਿਆ ਹੋਇਆ ਸੀ, ਜੋ ਬੱਚਿਆਂ ਦੀ ਮਾਨਸਿਕਤਾ ਨੂੰ ਬਾਖੂਬੀ ਪ੍ਰਗਟ ਕਰਦਾ ਕਿ ਬੱਚੇ ਕਿਸ ਮਾਹੌਲ ਵਿਚ ਪਲ ਰਹੇ ਨੇ ਅਤੇ ਮਾਪਿਆਂ ਵਲੋਂ ਉਨ੍ਹਾਂ ਨੂੰ ਕਿਹਤੇ ਸੰਸਕਾਰ ਦਿਤੇ ਗਏ ਹਨ। ਦਰਅਸਲ ਹਾਣੀਆਂ ਵਿਚ ਸ਼ਰਾਰਤਾਂ ਤਾਂ ਹੁੰਦੀਆਂ ਨੇ, ਪਰ ਜੇ ਇਹ ਉਸਾਰੂ ਨਾ ਹੋਣ ਤਾਂ ਬੱਚੇ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੁੰਦਾ ਨਹੀਂ ਤਾਂ ਮਨ ਵਿਚ ਕੁਝ ਅਜਿਹਾ ਉਕਰਿਆ ਜਾਂਦਾ, ਜੋ ਸਾਰੀ ਉਮਰ ਅਦਿੱਖ ਰੂਪ ਵਿਚ ਨਜ਼ਰ ਆਉਂਦਾ।

ਹਾਣੀ ਸਿਰਫ ਕਲਾਸ, ਖੇਡ ਜਾਂ ਭਾਈਚਾਰੇ ਵਿਚ ਹੀ ਨਹੀਂ ਹੁੰਦੇ, ਜਿਨ੍ਹਾਂ ਨਾਲ ਜੀਵਨ ਦੀ ਢਲਦੀ ਸ਼ਾਮੇ ਬਚਪਨ ਅਤੇ ਜਵਾਨੀ ਦੀਆਂ ਕਰੂਰ ਜਾਂ ਮਿੱਠੀਆਂ ਯਾਦਾਂ ਸਾਂਝੀਆਂ ਕਰਕੇ, ਬੀਤੇ ਵਿਚ ਪਰਤਿਆ ਜਾਂਦਾ। ਹਾਣੀਆਂ ਨਾਲ ਮਾਣੇ ਪਲਾਂ ਵਿਚ ਜੀਵਨ ਦੀ ਮੱਧਮ ਪੈ ਚੁਕੀ ਰੰਗਤ ਤੇ ਸਰੂਪ ਨੂੰ ਵੀ ਮਾਣਿਆ ਜਾ ਸਕਦਾ, ਜੋ ਸਾਥੋਂ ਖੁੱਸ ਕੇ ਬਹੁਤ ਦੂਰ ਜਾ ਚੁਕੀ ਹੁੰਦੀ ਅਤੇ ਜਿਸ ਦੇ ਵਾਪਸ ਪਰਤਣ ਦੀ ਕੋਈ ਆਸ ਨਹੀਂ ਹੁੰਦੀ। ਕਦੇ ਬਾਬਿਆਂ ਨੂੰ ਆਪਣੇ ਸਾਥੀਆਂ ਨਾਲ ਤਾਸ਼ ਖੇਡਦੇ, ਟਿੱਚਰਾਂ ਕਰਦੇ, ਖੁੱਲ੍ਹ ਕੇ ਹੱਸਦੇ ਅਤੇ ਇਕ ਦੂਜੇ ਦਾ ਮੌਜੂ ਉਡਾਉਂਦੇ ਦੇਖਣਾ, ਤੁਹਾਨੂੰ ਅਹਿਸਾਸ ਹੋਵੇਗਾ ਕਿ ਸਾਡੇ ਬਜੁਰਗ ਸਾਡੇ ਤੋਂ ਵੀ ਵੱਧ ਭਰਪੂਰ ਜ਼ਿੰਦਗੀ ਜਿਉਂਦੇ ਨੇ ਭਾਵੇਂ ਉਹ ਘੱਟ ਪੜ੍ਹੇ-ਲਿਖੇ ਨੇ ਜਾਂ ਸਾਡੇ ਜਿੰਨੀਆਂ ਸਹੂਲਤਾਂ ਨਹੀਂ।

ਹਾਣੀ ਤਾਂ ਜੀਵਨ-ਸਫਰ ਦੇ ਵੀ ਹੁੰਦੇ, ਜੋ ਸਫਰ ਵਿਚਲੀਆਂ ਖਾਈਆਂ, ਖੱਡੇ, ਰੋੜੇ ਅਤੇ ਪੱਥਰਾਂ ਦੀਆਂ ਠੋਕਰਾਂ ਨੂੰ ਸਹਿੰਦੇ ਅਤੇ ਭੁੱਖ ਤੇ ਤ੍ਰੇਹ ਨੂੰ ਮਿਲ ਕੇ ਜਿਉਂਦੇ। ਦਰਅਸਲ ਉਨ੍ਹਾਂ ਦੇ ਨੈਣਾਂ ਵਿਚ ਇਕ ਮੰਜ਼ਿਲ 'ਤੇ ਪਹੁੰਚਣ ਦੀ ਸਾਂਝ ਹੁੰਦੀ, ਜੋ ਹਾਣ ਦਾ ਧੁਰਾ ਹੁੰਦੀ। ਇਸ ਦੀ ਧੁਨ ਵਿਚ ਹੀ ਉਹ ਦੁਸ਼ਵਾਰੀਆਂ ਦਾ ਦ੍ਰਿੜਤਾ ਅਤੇ ਦਲੇਰੀ ਨਾਲ ਸਾਹਮਣਾ ਕਰਦੇ, ਨਵੀਆਂ ਮੰਜ਼ਿਲਾਂ ਦਾ ਸਿਰਨਾਵਾਂ ਬਣ ਜਾਂਦੇ।

ਸਭ ਤੋਂ ਪਿਆਰਾ ਹਾਣ ਤਾਂ ਪਤੀ-ਪਤਨੀ ਦਾ, ਜੋ ਉਮਰ ਭਰ ਨਿਭਦਾ। ਇਸ ਵਿਚ ਖੇੜੇ ਤੇ ਖੁਸ਼ੀਆਂ ਦਾ ਖਲਾਰਾ, ਹਾਸੇ ਤੇ ਹਾਦਸੇ ਦਾ ਹਾਸਲ, ਸਫਲਤਾਵਾਂ ਅਤੇ ਅਸਫਲਤਾਵਾਂ ਦੀ ਅਰਾਧਨਾ, ਪੂਰਨ ਤੇ ਅਪੂਰਨ ਆਸਾਂ ਦੀ ਆਸਥਾ, ਉਮੀਦੀ ਅਤੇ ਨਾ-ਉਮੀਦੀ ਵਿਚਲੀ ਖਿਚੋਤਾਣ, ਮਿਲਣ ਤੇ ਵਿਛੜਨ ਵਿਚਲੀ ਦੂਰੀ, ਚਾਅ ਤੇ ਉਦਾਸੀ ਦੀ ਸਤਰੰਗੀ, ਔਲਾਦ ਦੀਆਂ ਲੋੜਾਂ-ਥੋੜਾਂ ਦਾ ਬੋਝ, ਪੂਰਤੀ ਤੇ ਅਪੂਰਤੀ ਵਿਚਲਾ ਅਸਾਵਾਂਪਣ, ਸਮਾਜਕ ਰਿਸ਼ਤੇ ਨਿਭਾਉਣ ਦੀ ਪ੍ਰਤੀਬੱਧਤਾ, ਇਕ ਦੂਜੇ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਪ੍ਰਤੀ ਤਵੱਜੋ, ਇਕ ਦੀ ਅੱਖ ਵਿਚ ਕੱਖ ਪੈਣ 'ਤੇ ਦੂਜੇ ਦੀ ਅੱਖ ਵਿਚ ਰੜਕ ਪੈਣਾ ਜਾਂ ਇਕ ਦਾ ਸੁਪਨਾ ਅਤੇ ਦੂਜੇ ਦਾ ਸੱਚ ਆਦਿ ਬਹੁਤ ਕੁਝ ਸਾਂਝਾ। ਇਸ ਦੀ ਧਰਾਤਲ ਦਾ ਨਰੋਆਪਣ ਅਤੇ ਪਕਿਆਈ ਹੀ ਇਸ ਦੀ ਸਥਿਰਤਾ ਦੀ ਜਾਮਨ। ਭੁਰ ਰਹੀਆਂ ਨੀਹਾਂ ਜਾਂ ਕੰਧਾਂ ਤੋਂ ਕਿਰਦਾ ਕੱਲਰ, ਇਸ ਹਾਣ ਦੀ ਜ਼ਰਜ਼ਰੀ ਹੋਂਦ ਦੀ ਤਸ਼ਬੀਹ। ਹਾਣ ਦੀ ਇਮਾਰਤ ਤੂਫਾਨਾਂ ਤੇ ਹਨੇਰੀਆਂ ਵਿਚ ਵੀ ਅਡੋਲ ਰਹੇ ਤਾਂ ਇਕ ਸੁਪਨ-ਗਿਰੀ ਨੈਣਾਂ ਵਿਚ ਧਰ ਜਾਂਦੀ। ਅਜਿਹਾ ਹਾਣ ਤਿੱਖੜ ਦੁਪਹਿਰਾਂ ਅਤੇ ਤੱਤੀਆਂ ਲੂਆਂ ਵਿਚ ਵੀ ਕੁਮਲਾਉਂਦਾ ਜਾਂ ਮੁਰਝਾਉਂਦਾ ਨਹੀਂ।

ਜਦ ਵਿਚਾਰਾਂ ਦੀ ਸਾਂਝ ਪੈਦਾ ਹੁੰਦੀ ਤਾਂ ਇਸ ਹਾਣ ਵਿਚ ਬਹੁਤ ਕੁਝ ਸਾਂਝਾ ਹੁੰਦਾ, ਜਿਨ੍ਹਾਂ ਸਦਕਾ ਨਰੋਏ ਵਿਚਾਰ, ਵਿਹਾਰ, ਅਚਾਰ, ਕਿਰਦਾਰ ਅਤੇ ਸਦਾਚਾਰ ਪੈਦਾ ਹੁੰਦੇ। ਇਹ ਸਾਂਝ ਸੁਪਨਿਆਂ ਦੀ ਸਾਂਝ ਵੀ ਹੁੰਦੀ, ਸੁਪਨਿਆਂ ਦੀ ਪੂਰਤੀ ਦਾ ਸਾਂਝਾ ਉਦਮ ਵੀ ਹੁੰਦਾ, ਜਾਂ ਖਾਸ ਮਕਸਦ ਦੀ ਪੂਰਤੀ ਲਈ ਲੋਕ ਰਾਏ ਪੈਦਾ ਕਰਨਾ ਵੀ ਹੁੰਦੇ, ਜਿਸ ਵਿਚੋਂ ਸਮਾਜਕ ਸਰੋਕਾਰਾਂ ਦੀ ਸੁਗੰਧ ਆਉਂਦੀ। ਸਮਾਜ ਦੇ ਨਾਵੇਂ ਨਵੀਆਂ ਕੀਰਤੀਆਂ, ਕਾਰਨਾਮਿਆਂ ਅਤੇ ਕਰਨੀਆਂ ਦੀ ਸੁਗਤ ਪਾਉਂਦੀ। ਅਜਿਹੇ ਹਾਣੀ ਲੋਕ-ਯਾਦ ਵਿਚ ਸਦਾ ਸਮੋਏ ਰਹਿੰਦੇ। ਉਨ੍ਹਾਂ ਦੀ ਪ੍ਰੇਰਨਾ ਵਿਚੋਂ ਅਜਿਹੀਆਂ ਕਰੂੰਬਲਾਂ ਫੁੱਟਦੀਆਂ, ਜੋ ਸ਼ਾਖਾਵਾਂ ਬਣ ਕੇ ਛਾਂ ਵੀ ਦਿੰਦੀਆਂ ਅਤੇ ਮਨ-ਰੌਕੜ ਦੀ ਜੂਹੇ ਨਵੀਆਂ ਸੰਭਾਵਨਾਵਾਂ ਦੀਆਂ ਕਲਮਾਂ ਵੀ ਲਾਉਂਦੀਆਂ।

ਹਾਣ ਉਮਰ, ਰੰਗ, ਨਸਲ, ਫਿਰਕੇ, ਜਾਤ, ਵਿਦਿਆ ਜਾਂ ਰੁਤਬੇ ਦਾ ਮੁਥਾਜ਼ ਨਹੀਂ। ਹਾਣ ਸਿਰਫ ਹਾਣ ਹੁੰਦਾ। ਇਸ ਵਿਚੋਂ ਹੀ ਸਮਾਜ ਨੂੰ ਨਵੀਆਂ ਸੂਹਾਂ ਤੇ ਨਿਵੇਕਲੀਆਂ ਤਦਬੀਰਾਂ ਦੀ ਤਸਦੀਕ ਹੁੰਦੀ, ਜੋ ਆਖਰ ਨੂੰ ਤਕਦੀਰਾਂ ਬਣਦੀਆਂ। ਅਜੋਕੇ ਸਮਾਜ ਵਿਚ ਅੰਤਰ-ਜਾਤੀ ਵਿਆਹਾਂ ਦੇ ਰੁਝਾਨ ਕਾਰਨ ਜਾਤ, ਅਮੀਰੀ/ਗਰੀਬੀ ਜਾਂ ਕਾਲੇ-ਗੋਰੇ ਵਿਚਲੀ ਦੀਵਾਰ ਖਤਮ। ਹਾਣ ਨੂੰ ਜਦ ਹਾਣ ਪਿਆਰਾ ਹੋਵੇ ਤਾਂ ਹਾਣੀ ਉਸਰੀਆਂ ਦੀਵਾਰਾਂ ਰੇਤ ਦੀ ਕੰਧ ਵਾਂਗ ਢਹਿ ਜਾਂਦੀਆਂ। ਇਸ ਹਾਣ ਵਿਚੋਂ ਹੀ ਜੀਵਨ-ਸਾਥ ਦਾ ਆਗਾਜ਼ ਹੁੰਦਾ। ਅਜਿਹੇ ਜੀਵਨ-ਹਾਣੀ ਬਣਾਉਂਦਿਆਂ ਮਾਪਿਆਂ ਦੀ ਸਲਾਹ, ਸੋਨੇ ਤੇ ਸੁਹਾਗਾ।

ਕਲਮ ਵੀ ਤਾਂ ਇਹੀ ਲੋਚਦੀ,
ਹਾਣੀ ਹੁੰਦੇ ਅਰਥਾਂ ਵਰਗੇ
ਜੋ ਬਹਿਣ ਸ਼ਬਦਾਂ ਦੀ ਜੂਹੇ
ਵਕਤ ਦੀ ਤਹਿਜ਼ੀਬ ਕਰੇਂਦੇ
ਸੋਚ-ਸੁਗੰਧ ਥੀਂ ਸੂਹੇ।

ਹਾਣੀ ਹੁੰਦੇ ਤਾਰਿਆਂ ਦਾ ਕਾਫਲਾ
ਅੰਬਰ ਰੂਪ ਨਿਖਾਰਨ
ਘੁੱਪ ਹਨੇਰਿਆਂ ਦੀ ਵਾਦੀ
ਚਾਨਣ ਸੰਗ ਲਿਸ਼ਕਾਰਨ।

ਹਾਣੀ ਹੁੰਦੇ ਧੂੜ 'ਚ ਉਗੇ
ਪੈੜਾਂ ਦੇ ਸਿਰਨਾਵੇਂ
ਜਿੰਦ-ਸਫਰ ਦੇ ਔਝੜ ਰਾਹੀਂ
ਨਿਭਦੇ ਬਣ ਪ੍ਰਛਾਵੇਂ।

ਹਾਣੀ ਹੁੰਦੇ ਜੋ ਬਣ ਹੁੰਗਾਰਾ
ਹਾਕ ਦਾ ਹਾਸਲ ਬਣਦੇ
ਤਲਖੀਆਂ ਤੇ ਤੰਗੀਆਂ ਦੇ ਸਾਹਵੇਂ
ਨੰਗੀਆਂ ਹਿੱਕਾਂ ਤਣਦੇ।

ਹਾਣੀ ਹੁੰਦੇ ਪਾਣੀ ਦੀਆਂ ਲਹਿਰਾਂ
ਪਾਣੀ ਵਿਚ ਸਮੋਈਆਂ
ਜੋ ਪਾਣੀ ਨੂੰ ਵਾਸ਼ਪ ਕੀਤਿਆਂ
ਫਿਰ ਵੀ ਵੱਖ ਨਾ ਹੋਈਆਂ।

ਹਾਣੀ ਹੁੰਦੇ ਵਾਂਗ ਕਰੂੰਬਲਾਂ
ਟਾਹਣੀ ਪਿੰਡੇ ਜਾਈਆਂ
ਤੇ ਬਿਰਖਾਂ ਦੀ ਖੈਰ ਮਨਾਵਣ
ਦੂਰੋਂ ਚੱਲ ਕੇ ਆਈਆਂ।

ਹਾਣੀ ਹੁੰਦੇ ਰੂਹ-ਰਾਗਣੀ
ਜੋ ਰੂਹ-ਬੀਹੀ ਵਿਚ ਬੋਲੇ
ਜਿਸਮ-ਵਾੜਾਂ ਤੋਂ ਨਾਬਰ ਹੋਈ
ਹਰਦਮ ਰਹਿੰਦੀ ਕੋਲੇ।

ਸਭ ਤੋਂ ਅਜ਼ੀਮ ਹੁੰਦੇ, ਰੂਹ ਦੇ ਹਾਣੀ। ਇਸ ਹਾਣ ਵਿਚ ਸਕੂਨ, ਸਹਿਜ ਅਤੇ ਸੰਤੋਖ। ਇਹ ਹੈ ਹਾਣ ਦੀ ਸਮਰਪਿਤਾ ਜੋ ਜੀਵਨ ਸਾਰਥਕਤਾ ਨੂੰ ਸਿਆਣਦੀ। ਰੂਹ ਦੇ ਹਾਣੀ ਉਹ ਹੀ ਬਣਦੇ, ਜਦ ਨਿੱਜੀ ਮੁਫਾਦ ਨਾ ਹੋਵੇ, ਨਿੱਜ ਨੂੰ ਨਹੀਂ ਤਰਜੀਹ। ਆਤਮਕਤਾ, ਰਿਸ਼ਤੇ ਦੀ ਬੁਨਿਆਦ। ਇਸ ਬੁਨਿਆਦ ਵਿਚੋਂ ਬੰਦਗੀ, ਬੰਦਿਆਈ ਅਤੇ ਬਹੁਲਤਾ ਦਾ ਪੈਗਾਮ ਪੌਣਾਂ ਦੇ ਨਾਮ ਹੁੰਦਾ। ਪੌਣ-ਪਾਕੀਜ਼ਗੀ ਗੁਣਗੁਣਾਉਂਦੀ, ਦਰਿਆ ਦੀਆਂ ਲਹਿਰਾਂ ਵਿਚ ਸੰਗੀਤ, ਬਿਰਖ-ਬਾਣੀ ਦਾ ਸੂਹਜਮਈ ਵਰਤਾਰਾ। ਬਿਰਖਾਂ ਦੀ ਗਲਵਕੜੀ, ਦਰਿਆਵਾਂ ਦਾ ਸੰਗਮ, ਪਹਾੜੀ ਟੀਸੀਆਂ ਦੀ ਇਕਸਾਰਤਾ ਵਿਚ ਦਿਸਦੇ ਰੂਹ ਦੇ ਹਾਣੀ। ਕੁਦਰਤ ਆਪਣੇ ਸਮੁੱਚ ਵਿਚ ਹਾਜਰ। ਅੰਬਰ ਆਪਣੀ ਵਿਸ਼ਾਲਤਾ ਦੀ ਹਾਜਰੀ ਭਰਦਾ ਅਤੇ ਕਾਇਨਾਤ ਨੂੰ ਪੂਰਨਤਾ ਦਾ ਅਹਿਸਾਸ ਕਰਵਾਉਂਦਾ।

ਇਸ ਹਾਣ ਵਿਚੋਂ ਹੀ ਮਨੁੱਖ 'ਚੋਂ ਮਨੁੱਖ ਦੇ ਦਰਸ-ਦੀਦਾਰੇ। ਉਹ ਇਨਸਾਨ ਬਣਨ ਵੰਨੀਂ ਪਹਿਲਕਦਮੀ ਕਰਦਾ। ਕਲਾ-ਬਿਰਤੀ, ਕਲਮ-ਪਰਵਾਜ਼ ਸੋਚ-ਉਡਾਣ ਅਤੇ ਭਵਿੱਖ-ਮੁਖੀ ਸਰਕਾਰਾਂ ਪ੍ਰਤੀ ਸੰਵੇਦਨਾ ਸਿਰਫ ਰੂਹ-ਸੰਗ ਵਿਚੋਂ ਹੀ ਨਸੀਬ ਹੁੰਦੀ। ਰੂਹ ਰੇਜ਼ਾ ਰੇਜ਼ਾ ਹੋ ਕੇ ਰੂਹ-ਰੰਗਰੇਜ਼ਤਾ ਦੀ ਰਮਣੀਕਤਾ ਬਣਦੀ।

ਹਾਣੀ ਤਾਂ ਕੁਝ ਉਹ ਵੀ ਹੁੰਦੇ, ਜੋ ਹਮਰੁਤਬਾ ਬਣ ਕੇ ਧੋਖਾ, ਫਰੇਬ, ਕਪਟ ਅਤੇ ਬੇਵਫਾਈ ਪ੍ਰਗਟਾਉਂਦੇ। ਮਿੱਤਰਤਾ ਮਖੌਲ ਬਣਦੀ। ਦੰਭ ਕਰਦੇ, ਮੁਸੀਬਤ ਵਿਚ ਫਸੇ ਹੋਣ ਦਾ ਨਾਟਕ ਕਰਦੇ, ਵਖਤ ਦਾ ਵਾਸਤਾ ਪਾਉਂਦੇ, ਬਲੈਕਮੇਲ ਕਰਦੇ ਅਤੇ ਇਸ ਵਿਚੋਂ ਹੀ 'ਨਿੱਜੀ ਮੁਫਾਦ ਦੀ ਪੂਰਤੀ ਕਰਦੇ। ਇਹ ਹਾਣੀ ਬਣਨ ਤੇ ਕਲੰਕ। ਇਸ ਦੀ ਕਲਾਖ ਵਿਚ ਸ਼ਰਮਸਾਰ ਹੋ ਜਾਂਦੀ, ਹਾਣਪੁਣੇ ਦਾ ਹੱਜ ਕਰਨ ਵਾਲੀ ਲੋਕਾਈ ਤੇ ਖੁਦਾਈ।

ਉਹ ਹਾਣੀ ਨਹੀਂ ਹੁੰਦੇ, ਜੋ ਪਿੱਠ ਪਿੱਛੇ ਚੁਗਲੀਆਂ ਕਰਦੇ। ਤੁਹਾਡੀ ਬਦਖੋਹੀ ਵਿਚੋਂ ਆਪਣਾ ਚੰਗੇਰਾਪਣ ਜਾਹਰ ਕਰਦੇ। ਸਾਥੀ ਨੂੰ ਮਾੜਾ ਕਹਿ ਕੇ ਮਾਇਕ, ਰੁਤਬਾ ਜਾਂ ਸਮਾਜਕ ਮਾਣ ਪ੍ਰਾਪਤ ਕਰਦੇ। ਅਜਿਹੇ ਲੋਕ ਮਾਸੂਮ ਮਨਾਂ ਵਿਚ ਖੁੱਭਿਆ ਚੌਰਸ ਤੇ ਜੰਗਾਲਿਆ ਕਿੱਲ ਹੁੰਦੇ, ਜੋ ਤਾਉਮਰ ਇਕ ਚਸਕ ਪੈਦਾ ਕਰਦਾ ਰਹਿੰਦਾ, ਜਦ ਵੀ ਮਨ ਵਿਚ ਹਾਣ ਦੀ ਲੋਚਾ ਪੈਦਾ ਹੁੰਦੀ।

ਹਾਣੀ ਉਹ ਨਹੀਂ ਹੁੰਦੇ, ਜਿਨ੍ਹਾਂ ਦੇ ਕੋਹਜ, ਕਮੀਨਗੀ, ਕਰਤੂਤ ਜਾਂ ਕੁਕਰਮ ਕਾਰਨ ਨਾਲ ਤੁਰੇ ਜਾ ਰਹੇ ਹਾਣੀਆਂ ਨੂੰ ਵੀ ਨਮੋਸ਼ੀ ਹੁੰਦੀ।

ਹਾਣੀ ਉਹ ਬਣਾਓ, ਜੋ ਤੁਹਾਨੂੰ ਸਮਝੇ, ਤੁਹਾਡੇ ਵਿਚਾਰਾਂ ਦੀ ਪਰਵਾਜ਼ ਨੂੰ ਪਛਾਣੇ, ਜਿਸ ਦੇ ਕਦਮਾਂ ਵਿਚ ਤੁਹਾਡੇ ਨਾਲ ਤੁਰਨ ਦਾ ਸਾਹਸ ਹੋਵੇ, ਜਿਸ ਦੀ ਸੋਚ ਵਿਚ ਤੁਹਾਡੇ ਹਿੱਸੇ ਦਾ ਸੂਰਜ ਚਮਕਦਾ ਹੋਵੇ, ਜਿਨ੍ਹਾਂ ਦੇ ਰੂਹ-ਵਿਹੜੇ ਵਿਚ ਤੁਹਾਡੀ ਅਪਣੱਤ ਦਾ ਚਾਨਣ ਹੋਵੇ, ਜਿਸ ਦੀਆਂ ਬਰੂਹਾਂ ਵਿਚ ਤੁਹਾਡੀ ਆਮਦ ਵਿਚ ਪਾਣੀ ਡੋਲਿਆ ਜਾਵੇ ਜਾਂ ਜਿਸ ਦੇ ਮਨ ਵਿਚ ਉਚ/ਨੀਚ, ਵੱਡੇ/ਛੋਟੇ, ਆਪਣੇ/ਪਰਾਏ ਜਾਂ ਨਸਲ/ਜਾਤ, ਰੰਗ/ਰੁਤਬੇ ਦਾ ਖਿਆਲ ਨਾ ਹੋਵੇ। ਉਹ ਸਿਰਫ ਇਕ ਮਨੁੱਖ ਹੋਵੇ ਤੇ ਦੂਜੇ ਨੂੰ ਵੀ ਮਨੁੱਖ ਸਮਝਦਾ ਹੋਵੇ ਅਤੇ ਮਨੁੱਖਤਾ ਦਾ ਮੁਹਾਂਦਰਾ ਨਿਖਾਰਨਾ, ਉਸ ਦਾ ਧਰਮ ਤੇ ਚੰਗਿਆਈ ਉਸ ਦਾ ਕਰਮ ਹੋਵੇ।

ਹਾਣੀ ਉਹ ਹੀ ਹੋ ਸਕਦੇ, ਜੋ ਤੁਹਾਡੇ ਹੌਕਿਆਂ ਦੀ ਹੁੰਗਰ ਬਣਨ, ਤੁਹਾਡੇ ਹਾਸਿਆਂ ਦੇ ਕਹਿਕਹੇ ਹੋਣ, ਜਿਨ੍ਹਾਂ ਨੂੰ ਤੁਹਾਡੀ ਬੁਲੰਦੀ ਵਿਚੋਂ ਪਰਬਤੀ ਉਚਾਈ ਦਾ ਅਹਿਸਾਸ ਹੋਵੇ ਜਾਂ ਜਿਨ੍ਹਾਂ ਨੂੰ ਤੁਹਾਡੀ ਖੁਆਬ-ਪੂਰਤੀ ਵਿਚ ਵੀ ਕੁਝ ਸਿਰਜਣ ਅਤੇ ਪ੍ਰਾਪਤੀ ਦਾ ਮਾਣ ਹੋਵੇ।

ਹਾਣੀ ਉਹ ਹੀ ਹੁੰਦਾ, ਜੋ ਤੁਹਾਡੇ ਨਾਲ ਕੁਝ ਕਦਮ ਤੁਰੇ, ਪਰ ਉਸ ਦੀ ਸੰਵੇਦਨਾ ਸਾਰੀ ਉਮਰ ਮਹਿਕਦੀ ਰਹੇ। ਕੁਝ ਪਲਾਂ ਦਾ ਸਾਥ, ਰੂਹ ਦੀ ਤ੍ਰਿਸ਼ਨਗੀ ਬਣ ਜਾਵੇ। ਕੁਝ ਬੋਲਾਂ ਦੀ ਸਾਂਝ, ਮਿੱਠ-ਬੋਲੜੇ ਬੋਲਾਂ ਦਾ ਸ੍ਰਹਿਦ ਹੋਵੇ। ਸਦਾ ਮਿਠਾਸ ਵਰਤਾਉਂਦਾ ਰਹੇ, ਜਿਸ ਦੇ ਨੈਣਾਂ ਵਿਚ ਦਿਆ-ਭਾਵਨਾ, ਹਮਦਰਦੀ ਅਤੇ ਹਲੀਮੀ ਦਾ ਵਾਸ ਹੋਵੇ, ਜਿਸ ਦਾ ਹੱਥ ਹਮੇਸ਼ਾ ਮਦਦ ਲਈ ਉਠੇ, ਜਿਸ ਦੀ ਸੋਚੀ ਵਿਚ ਸ਼ੁਭ-ਕਰਮਨ ਦੀ ਲਾਲਸਾ ਹੋਵੇ ਅਤੇ ਜਿਸ ਦੀਆਂ ਭਾਵਨਾਵਾਂ ਵਿਚ ਸੁੱਚਮ ਤੇ ਉਚਮ ਦਾ ਨਿਵਾਸ ਹੋਵੇ।

ਹਾਣੀ ਉਹ ਹੁੰਦਾ ਜਿਸ ਦੇ ਮਨ ਵਿਚ ਫੁੱਲਾਂ ਦੀ ਖੇਤੀ ਹੋਵੇ, ਜਿਸ ਦੇ ਮਸਤਕ ਵਿਚ ਖੁਸ਼ਬੂਆਂ ਮੌਲਣ ਅਤੇ ਇਸ ਦੀ ਆਬੋ-ਹਵਾ ਵਿਚ ਜਿਉਣ ਜਾਚ ਨੂੰ ਨਵਾਂ ਸਰੂਰ ਮਿਲੇ। ਇਸ ਦੀਆਂ ਤਰਜੀਹਾਂ ਵਿਚ ਲੋਕਾਈ ਦੀਆਂ ਤਕਦੀਰਾਂ ਦੀ ਤ੍ਰਿਸ਼ਨਾ ਹੋਵੇ ਅਤੇ ਜਿਸ ਦੇ ਪੈਰਾਂ ਵਿਚ ਗਰੀਬੀ ਦੀਆਂ ਪੈੜਾਂ ਦੀ ਨਿਸ਼ਾਨਦੇਹੀ ਹੋਵੇ।

ਹਾਣੀ ਉਹ ਹੁੰਦੇ ਜੋ ਪਿਆਰ, ਆਦਰ, ਸਤਿਕਾਰ, ਮਿੱਤਰਤਾ, ਆਪਸੀ ਸੂਝ-ਬੂਝ, ਵਾਦ-ਸੰਵਾਦ ਅਤੇ ਸਾਥ ਦਾ ਸੁੰਦਰ ਸੰਗਮ ਹੁੰਦੇ। ਉਸ ਨਾਲ ਮਨੁੱਖ ਦਾ ਜਿਉਣਾ, ਜੀਅ ਨਾਲ ਜਿਉਣਾ ਹੁੰਦਾ ਨਾ ਕਿ ਸਾਹ ਪੂਰੇ ਕਰਨਾ।

ਹਾਣੀ ਸੀਰਤ, ਸਿਆਣਪ ਅਤੇ ਸੁੰਦਰਤਾ ਦਾ ਅਜਿਹਾ ਮੁਜੱਸਮਾ ਜੋ ਅੰਦਰੋਂ ਪਾਕ ਤੇ ਪਾਕੀਜ਼ ਹੁੰਦਾ। ਇਹੀ ਅਦਾ ਉਸ ਦਾ ਸਭ ਤੋਂ ਵੱਡਾ ਹਾਸਲ ਹੁੰਦਾ।

ਹਾਣੀ ਤਾਂ ਉਹ ਹੀ ਹੁੰਦਾ, ਜੋ ਕਿਸੇ ਬਸਤਰਹੀਣ ਲਈ ਲਿਬਾਸ, ਉਦਾਸ ਚਿਹਰੇ ਲਈ ਆਸ, ਸਾਹ-ਸੱਤਹੀਣ ਲਈ ਧਰਵਾਸ, ਹਾਰੇ ਲਈ ਵਿਸ਼ਵਾਸ ਅਤੇ ਰੁਆਂਸੇ ਲਈ ਹੁਲਾਸ ਦਾ ਸਿਰਨਾਵਾਂ ਹੁੰਦਾ। ਹਾਣੀ ਤਾਂ ਭੁੱਖੇ ਪੇਟ ਲਈ ਟੁੱਕਰ, ਚੀਥੜਿਆਂ ਲਈ ਅੱਖ ਦਾ ਹੰਝੂ ਅਤੇ ਡਿੱਗਿਆਂ ਲਈ ਡੰਗੋਰੀ ਹੁੰਦੇ।

ਹਾਣੀ ਤਾਂ ਉਹ ਹੁੰਦੇ ਜੋ ਆਲ੍ਹਿਆਂ ਵਿਚ ਬੁੱਝੇ ਚਿਰਾਗਾਂ ਲਈ ਅਰਦਾਸ, ਘਰ ਦੀ ਸੁੰਨ ਲਈ ਜਾਗਦੀ ਆਸ ਅਤੇ ਬੇਆਸ ਵਿਹੜਿਆਂ ਲਈ ਆਪਣਿਆਂ ਦੇ ਪਰਤ ਆਉਣ ਦੀ ਆਸਥਾ ਹੁੰਦੇ। ਘਰ ਨੂੰ ਘਰ ਬਣਾਉਣ ਦਾ ਵਰਦਾਨ, ਕਮਰਿਆਂ ਦੀ ਸ਼ਾਨ ਅਤੇ ਦੁਮੇਲਤੇ ਬਨੇਰਿਆਂ ਦਾ ਮਾਣ ਹੁੰਦੇ।

ਹਾਣੀ, ਆਮ ਹਾਣੀਆਂ ਜਿਹੇ ਨਹੀਂ ਹੁੰਦੇ। ਸਗੋਂ ਹਾਣੀ ਉਹ ਹੁੰਦੇ, ਜੋ ਤੁਹਾਡਾ ਹੀ ਪ੍ਰਤੀਬਿੰਬ ਹੁੰਦੇ, ਜਿਸ ਵਿਚੋਂ ਤੁਸੀਂ ਆਪਣਾ ਅਕਸ ਦੇਖ ਸਕਦੇ ਹੋ। ਅਜਿਹਾ ਹਾਣੀ ਇਕ ਹੀ ਬਥੇਰਾ। ਬਹੁਤਿਆਂ ਦੀ ਲੋੜ ਨਹੀਂ।

ਇਕ ਅੱਧ ਹਾਣੀ ਤਾਂ ਅਜਿਹਾ ਹੋਣਾ ਹੀ ਚਾਹੀਦਾ। ਤੁਹਾਡਾ ਕੀ ਵਿਚਾਰ ਏ?

**ਹਾਣ ਉਮਰ, ਰੰਗ, ਨਸਲ, ਫਿਰਕੇ, ਜਾਤ, ਵਿਦਿਆ ਜਾਂ ਰੁਤਬੇ ਦਾ ਮੁਥਾਜ਼ ਨਹੀਂ। ਹਾਣ ਸਿਰਫ ਹਾਣ ਹੁੰਦਾ। ਇਸ ਵਿਚੋਂ ਹੀ ਸਮਾਜ ਨੂੰ ਨਵੀਆਂ ਸੂਹਾਂ ਤੇ ਨਿਵੇਕਲੀਆਂ ਤਦਬੀਰਾਂ ਦੀ ਤਸਦੀਕ ਹੁੰਦੀ, ਜੋ ਆਖਰ ਨੂੰ ਤਕਦੀਰਾਂ ਬਣਦੀਆਂ। ਅਜੋਕੇ ਸਮਾਜ ਵਿਚ ਅੰਤਰ-ਜਾਤੀ ਵਿਆਹਾਂ ਦੇ ਰੁਝਾਨ ਕਾਰਨ ਜਾਤ, ਅਮੀਰੀ/ਗਰੀਬੀ ਜਾਂ ਕਾਲੇ-ਗੋਰੇ ਵਿਚਲੀ ਦੀਵਾਰ ਖਤਮ। ਹਾਣ ਨੂੰ ਜਦ ਹਾਣ ਪਿਆਰਾ ਹੋਵੇ ਤਾਂ ਹਾਣੀ ਉਸਰੀਆਂ ਦੀਵਾਰਾਂ ਰੇਤ ਦੀ ਕੰਧ ਵਾਂਗ ਢਹਿ ਜਾਂਦੀਆਂ। ਇਸ ਹਾਣ ਵਿਚੋਂ ਹੀ ਜੀਵਨ-ਸਾਥ ਦਾ ਆਗਾਜ਼ ਹੁੰਦਾ। ਅਜਿਹੇ ਜੀਵਨ-ਹਾਣੀ ਬਣਾਉਂਦਿਆਂ ਮਾਪਿਆਂ ਦੀ ਸਲਾਹ, ਸੋਨੇ ਤੇ ਸੁਹਾਗਾ।**

## ਸੌਣ ਤੋਂ ਪਹਿਲਾਂ

ਰਾਤ ਹਨੇਰੀ ਟਿਮਟਿਮਾਉਂਦੇ ਨੇ ਤਾਰੇ।
ਕਰਦੇ ਨੇ ਗੱਲਾਂ ਬੇਖੌਫ ਹੋ ਕੇ ਸਾਰੇ।
ਨਾ ਚੁਗਲੀ, ਨਾ ਮਿਹਣਾ ਕੋਈ ਮਾਰੇ।
ਹਾਸੇ ਵੰਡ ਰਹੇ ਖਿੜ੍ਹ ਖਿੜ੍ਹਾ ਕੇ ਸਾਰੇ।

ਕਾਦਰ ਤੱਕਦੈ ਚੁੱਪ ਚੁਪੀਤੇ ਮੰਜ਼ਰ।
ਸ਼ਾਂਤੀ ਚੁਫੇਰੇ ਵਸੇ ਸਭ ਦੇ ਅੰਦਰ।
ਧਰਤੀ ਜੰਨਤ ਕੋਈ ਪੂਜੇ ਕਲੰਦਰ।
ਗੁਰਦੁਆਰੇ ਜਾਂ ਮਸਜਿਦ ਤੇ ਮੰਦਿਰ।

ਫਿਰ ਕਿਉਂ ਬੰਦਾ ਜਹੱਨਮ ਬਣਾਏ।
ਮਜਹਬਾਂ ਦੇ ਨਾਂ 'ਤੇ ਲੋਕ ਸੁੱਕਣੇ ਪਾਏ।
ਖੁਦਗਰਜ਼ੀਆਂ ਨੇ ਵਸੀਲੇ ਬਣਾਏ।
ਸਿਆਸਤਾਂ ਜ਼ੁਲਮ ਦੇ ਕਹਿਰ ਢਾਹੇ।

ਕਹਿਣ ਨੂੰ ਭਾਵੇਂ ਦੁਨੀਆਂ ਹੈ ਕਟੁੰਬ।
ਪਰ ਲੋਕਾਂ ਦੀ ਠੱਪੀ ਜਾਂਦੀ ਹੈ ਖੁੰਬ।
ਖੋਭੇ ਖੰਜਰ ਚੱਲਦੇ ਲਹੂ ਦੇ ਹੈ ਸੁੰਬ।
ਬੰਦੇ ਦੇ ਗਲੇ ਨਫਰਤਾਂ ਦੀ ਹੈ ਟੁੰਬ।

ਜਾਪਦੈ ਤੱਕ ਕੇ ਰੱਬ ਗੁੰਮਸੁੰਮ ਹੈ।
ਚਾਰੇ ਪਾਸੇ ਹੁਨਾਲ ਜਿਹਾ ਹੁੰਮ ਹੈ।
ਹਵਾਵਾਂ ਦਾ ਸੂਚਕ ਰਿਹਾ ਘੁੰਮ ਹੈ।
ਨਵੀਂ ਸੁਬ੍ਹਾ ਦਾ ਮੱਥਾ ਰਿਹਾ ਚੁੰਮ ਹੈ।

-ਸੇਵਾ ਸਿੰਘ ਨੂਰਪੁਰੀ

## ਪੰਜਾਬ ਸਿੰਘ ਦਾ ਇਕਬਾਲੀਆ ਬਿਆਨ

# ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਂ 'ਤੇ

## ਗੁਰੂ ਨਾਨਕ ਦੇ 550ਵੇਂ ਪ੍ਰਕਾਸ਼ ਪੁਰਬ 'ਤੇ



**ਡਾ. ਸੁਖਪਾਲ ਸੰਘੇੜਾ***
dr.sukhpal.sanghera@gmail.com

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਹੈਲੋ, ਇਥੇ ਤੇ ਬਾਕੀ ਸੰਸਾਰ ਵਿਚ ਖਿੱਲਰੇ ਪੰਜਾਬੀਓ, ਕਾਇਨਾਤ ਦੇ ਨਾਂ 'ਤੇ: ਸਾਸਰੀਕਾਲ, ਚੜ੍ਹਦੀ ਕਲਾ, ਨਮਸਤੇ, ਇਸਲਾਮ-ਅਲੇਕਮ, ਰੱਬ ਰਾਖਾ! ਮੇਰਾ ਨਾਮ ਪੰਜਾਬ ਸਿੰਘ ਆ; ਮੈਂ ਆਪਣੇ-ਆਪ ਨੂੰ 'ਮੈਂ' ਤੇ ਕਦੀ 'ਅਸੀਂ' ਨਾਲ ਮੁਖਾਤਬ ਹੁੰਦਾਂ। ਅਸੀਂ ਉਨੇ ਹੀ ਸਿਆਣੇ ਹਾਂ, ਜਿੰਨਾ ਸਾਡਾ ਵੱਧ ਤੋਂ ਵੱਧ ਸਿਆਣਾ ਵਿਦਵਾਨ, ਤੇ ਉਨੇ ਹੀ ਬੇਵਕੂਫ ਜਿੰਨਾ ਸਾਡਾ ਵੱਧ ਤੋਂ ਵੱਧ ਅਗਿਆਨੀ ਬੰਦਾ।

**ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ:** ਸ਼ਾਇਰ ਕਦੀ ਸਮੇਂ ਦੇ ਸੱਚ 'ਚੋਂ ਬੋਲਦਾ ਹੈ, ਤੇ ਕਦੀ ਭਵਿੱਖ ਦੇ ਸੁਫਨੇ 'ਚੋਂ। ਮੈਨੂੰ ਨਹੀਂ ਪਤਾ, ਉਸ ਸ਼ਾਇਰ ਦੇ ਚਿੱਤ ਵਿਚ ਕੀ ਸੀ, ਜਦੋਂ ਉਹਨੇ ਕਰੀਬ ਸਦੀ ਪਹਿਲਾਂ ਕਹਿ ਮਾਰਿਆ, "ਪੰਜਾਬ ਵਸਦਾ ਗੁਰਾਂ ਦੇ ਨਾਂ 'ਤੇ।" (ਪ੍ਰੋ. ਪੂਰਨ ਸਿੰਘ)

ਉਂਜ ਮੈਂ ਤਾਂ ਇਸ ਤੁਕ ਵਿਚ ਵਿਸ਼ਵਾਸ ਕਰਦਾ ਹਾਂ, ਸ਼ਾਇਰ ਦੇ ਕਹਿਣ ਤੋਂ ਪਹਿਲਾਂ ਵੀ ਤੇ ਪਿਛੋਂ ਵੀ।

ਕੁਝ ਸ਼ਾਇਰਾਂ ਦੇ ਬੋਲ ਸਦੀਆਂ ਤੋਂ ਹਵਾ ਵਿਚ ਭਟਕਦੇ ਰਹਿੰਦੇ ਨੇ, ਉਨ੍ਹਾਂ ਸਿਰਾਂ ਦੀ ਭਾਲ ਵਿਚ, ਜਿੱਥੇ ਬੋਲ ਇਕ ਕੰਨ ਰਾਹੀਂ ਦਾਖਲ ਹੋ ਕੇ ਦੂਜੇ ਰਾਹੀਂ ਬਾਹਰ ਨਾ ਨਿਕਲ ਜਾਣ। ਅਸੀਂ ਇੰਨਾ ਵੀ ਬੋਲੇ ਨਹੀਂ ਹੁੰਦੇ, ਇੰਨੇ ਕਮਲੇ ਵੀ ਨਹੀਂ; ਬੱਸ ਮਚਲੇ, ਮੀਸਣੇ ਜਿਹੇ ਬਣ ਘੇਸਲ ਮਾਰ ਲੈਂਦੇ ਆਂ; ਕਈ ਵਾਰੀ ਵਰ੍ਹਿਆਂ ਤੇ ਸਦੀਆਂ ਲੰਮੀ ਘੇਸਲ। ਸਦੀਆਂ ਤੋਂ ਆਲੇ ਦੁਆਲੇ ਘੁੰਮਦੇ, ਉਜੜੇ ਹੋਏ, ਸ਼ਬਦ ਤੇ ਫਿਕਰੇ ਅੱਜ ਵੀ ਸੁਣਦਾਂ,

ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥
(ਪੰਨਾ 1)

---

ਸਚ ਕੀ ਬਾਣੀ ਨਾਨਕੁ ਆਖੈ
ਸਚੁ ਸੁਣਾਇਸੀ ਸਚ ਕੀ ਬੇਲਾ॥
(ਪੰਨਾ 723)

ਜਦੋਂ ਮੈਂ ਇਸ ਤਰ੍ਹਾਂ ਦੇ ਸ਼ਬਦ ਤੇ ਫਿਕਰੇ ਸੁਣਦਾਂ ਤਾਂ ਕਦੀ ਮੇਰੇ ਕੰਨਾਂ ਵਿਚ ਸ਼ਾਂ-ਸ਼ਾਂ ਹੋਣ ਲੱਗਦੀ ਆ, ਤੇ ਕਦੀ ਦਿਲ ਉਤੇ-ਥੱਲੇ ਹੋਣ ਲੱਗ ਜਾਂਦਾ ਯਾਨਿ ਬੇਚੈਨੀ ਜਿਹੀ ਹੋਣ ਲੱਗਦੀ ਆ, ਜਿਹਨੂੰ ਅੰਗਰੇਜ਼ੀ ਵਿਚ 'ਫੀਲਿੰਗ ਅਨਕੰਫਰਟੇਬਲ' ਕਹਿੰਦੇ ਆ।

ਪਰ ਮੈਨੂੰ ਭੋਰਾ ਭਰ ਵੀ ਸ਼ੱਕ ਨਹੀਂ ਸੀ ਕਿ ਮੈਂ ਗੁਰਾਂ ਦੇ ਨਾਂ 'ਤੇ ਵਸਦਾਂ। ਪੂਰਾ ਵਿਸ਼ਵਾਸ ਸੀ ਮੈਨੂੰ ਇਸ ਗੱਲ ਦਾ, ਸੰਨ 2019 ਦੇ ਕੱਤਕ ਦੀ ਪੁੰਨਿਆਂ ਤੱਕ, ਜਦੋਂ ਮੇਰੇ 'ਤੇ ਇੱਕ ਅਜਬ ਭਾਣਾ ਵਰਤਿਆ। ਪਤਾ ਨਹੀਂ ਇਹ ਆਵਾਜ਼ ਕਿਧਰੋਂ ਆਈ, ਜਾਂ ਖਬਰੇ ਮੇਰਾ ਆਪਾ ਹੀ ਆਪੇ ਤੋਂ ਬਾਹਰ ਹੋ ਕੇ ਖੁਦ 'ਤੇ ਵਰ੍ਹ ਪਿਆ ਸੀ, ਪੰਜਾਬ ਸਿੰਹਾਂ, ਅੱਕ ਚੱਬੇਂਗਾ? ਐਵੇਂ ਬੁਰਾ ਨਾ ਮੰਨ ਜਾਵੀਂ, ਅੱਕ, ਜਾਂ ਕਹਿ ਲੈ ਕੌੜ ਗੰਦਲ ਵਰਗਾ ਸੱਚ ਕਹਿਣ ਲੱਗਾਂ, "ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਂ 'ਤੇ!"

ਐਵੇਂ ਝੂਠ ਬੋਲਦਾ ਰਿਹਾ ਏਂ ਤੂੰ ਖੁਦ ਨਾਲ। ਤੇਰੇ ਆਸਹੀਣਤਾ, ਦਿਸ਼ਾਹੀਣਤਾ ਵਿਚ ਗੁਆਚੇ ਗੱਭਰੂ ਨਸ਼ਿਆਂ ਦੇ ਹੜ੍ਹ ਵਿਚ ਡੁੱਬ ਕੇ ਮਰ ਰਹੇ ਆ, ਜੋ ਜੁਗਾੜ੍ਹ ਬਣਾ ਸਕਣ, ਉਸ ਆਪਣੇ ਸੁਪਨਿਆਂ ਪਿਛੇ ਦੌੜਦੇ ਤੈਨੂੰ ਛੱਡ ਕੇ ਦੂਜੇ ਮੁਲਕਾਂ ਨੂੰ ਉਡਾਰੀਆਂ ਮਾਰ ਰਹੇ ਆ। ਤੇਰੇ ਭਾਈ ਲਾਲੋ, ਕਿਰਤੀ ਕਿਸਾਨ, ਕਰਜ਼ੇ ਦੇ ਭਾਰ ਦਾ ਫਾਹਾ ਗਲ ਪਾ ਖੁਦਕੁਸ਼ੀਆਂ ਰਹੇ ਆ।

ਤੂੰ ਇਹਨੂੰ 'ਵਸਣਾ' ਆਖਦਾਂ ਏਂ? ਤਾਂ ਫਿਰ ਉਜੜਨਾ ਕਿੱਦਾਂ ਦਾ ਹੁੰਦਾ?

**ਪੰਜਾਬ ਜਿਉਂਦਾ ਕਲਗੀਆਂ ਦੇ ਨਾਂ 'ਤੇ:** ਗੁਰਾਂ ਦੇ ਨਾਂ 'ਤੇ ਵਸਣਾ ਤਾਂ ਦੂਰ ਦੀ ਗੱਲ ਰਹੀ, ਤੈਨੂੰ ਤਾਂ ਗੁਰਾਂ ਦੇ ਨਾਂ 'ਤੇ ਜਿਉਣਾ ਵੀ ਨਹੀਂ ਆਉਂਦਾ। ਕੀ ਬਣਿਆ ਤੇਰੇ ਉਸ 'ਰੈਨੇਸਾਂਸ ਮੈਨ' ਦਾ? ਜਿਹਨੇ ਗੁਰੂ ਸਾਹਿਬਾਨ ਤੇ ਗੁਰਬਾਣੀ ਨੂੰ ਸਮਝ ਕੇ ਬ੍ਰਾਹਮਣਵਾਦੀ ਜਾਤ-ਪਾਤ ਖਤਮ ਕਰਨਾ ਸੀ? ਖੁਦ ਜਾਤ-ਪਾਤ ਵਿਚ ਖੇਰੂੰ ਹੋ ਗਿਆ: ਜੱਟ ਸਿੱਖ, ਮਜਹਬੀ ਸਿੱਖ, ਭਾਪੇ ਸਿੱਖ, ਰਾਮਗੜੀਏ ਸਿੱਖ ਵਗੈਰਾ ਵਗੈਰਾ। ਗੁਰਦੁਆਰੇ ਵੀ ਜਾਤਾਂ ਵਿਚ ਵੰਡ ਲਏ: ਜੱਟਾਂ ਦਾ, ਭਾਪਿਆਂ ਦਾ, ਚਮਾਰਾਂ ਦਾ, ਤਰਖਾਣਾਂ ਦਾ ਗੁਰਦੁਆਰਾ।

ਉਹ ਜਾਤ-ਪਾਤ 'ਤੇ ਵੀ ਨਹੀਂ ਰੁਕਦਾ; ਹੋਰ ਵੀ ਪਿੱਛੇ ਜਾਂਦਾ ਕਬੀਲਿਆਂ, ਗੋਤਾਂ ਵਿਚ ਵਟ ਜਾਂਦਾ ਤੇ 'ਸਾਹਿਬ' ਦੀ ਕਲਗੀ ਲਵਾਉਣ ਵਿਚ ਮਾਣ ਮਹਿਸੂਸ ਕਰਦਾ: ਕੀ ਹਾਲ ਐ ਬਰਾੜ ਸਾਹਿਬ, ਕਮਾਲ ਐ ਸੰਘੇੜਾ ਸਾਹਿਬ ਵਗੈਰਾ ਵਗੈਰਾ। ਏਦਾਂ ਆਪਣੀ ਸੋਚ ਵਿਚ ਅਸੀਂ ਜਦ ਕਬੀਲੇ ਵਾਲੇ ਯੁੱਗ ਨੂੰ ਪੌੜੀਆਂ ਉਤਰਨ ਲੱਗਦੇ ਆਂ ਤਾਂ ਸਾਡੇ ਸਿਰਾਂ 'ਤੇ ਰਜਵਾੜਾਸ਼ਾਹੀ ਤੇ ਸਰਦਾਰੀਆਂ ਦੀਆਂ ਕਲਗੀਆਂ ਉਗਣ ਲੱਗ ਪੈਂਦੀਆਂ।

ਅਜੇ ਬਥੇਰੇ ਪੁੱਤਰ ਨੇ, ਜੋ ਇਨ੍ਹਾਂ ਕਲਗੀਆਂ ਦੀ ਛਾਂ ਵਿਚ ਹੀ ਬੱਕਰੇ ਬੁਲਾਉਣ ਲੱਗਦੇ ਆ। ਮਨੁੱਖੀ ਸੱਭਿਅਤਾ ਦੇ ਬਣਨ ਤੋਂ ਵੀਹ ਹਜ਼ਾਰ ਸਾਲ ਬਾਅਦ ਵੀ ਤੇਰੇ ਬੰਦਿਆਂ ਨੂੰ ਬੰਦੇ ਦਾ ਪੁੱਤ ਬਣਨ ਨਾਲੋਂ ਸ਼ੇਰ ਦਾ ਪੁੱਤ ਬਣਨ ਵਿਚ ਵੱਧ ਮਾਣ ਕਿਉਂ ਹੁੰਦਾ? ਅਜੇ ਵੀ ਬਥੇਰੀਆਂ ਧੀਆਂ ਨੇ, ਜੋ ਜੇ ਪੁੱਤਰਾਂ ਵਾਂਗ ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਕਰਨ ਲੱਗ ਪੈਣ ਤਾਂ ਇਨ੍ਹਾਂ ਕਲਗੀਆਂ ਨੂੰ ਖਤਰਾ ਪੈਦਾ ਹੋ ਜਾਂਦਾ ਹੈ, ਜਿਹਨੂੰ ਅਸੀਂ 'ਖਾਨਦਾਨ ਦੀ ਇੱਜਤ ਨੂੰ ਖਤਰਾ' ਦਾ ਨਾਂ ਦਿੰਦੇ ਆਂ। ਜਦੋਂ ਇਹ ਖਤਰਾ ਪੈਦਾ ਹੁੰਦਾ, ਕੁੜੀ ਵਾਲਿਆਂ ਦਾ ਖਾਨਦਾਨੀ ਨੱਕ ਭਾਈਚਾਰੇ ਵਿਚ ਵੱਢਿਆ ਜਾਂਦਾ; ਜਿਸ 'ਤੇ ਬੰਦੂਕੜੀਆਂ ਵੀ ਚੱਲ ਸਕਦੀਆਂ। ਅਕਸਰ ਇਸ ਖਤਰੇ ਦੇ ਡਰੋਂ ਹੀ ਧੀਆਂ ਨੂੰ ਘਰ ਦੀ ਚਾਰ-ਦੀਵਾਰੀ ਜਾਂ ਨਿਗਰਾਨੀ ਹੇਠ ਕੈਦ ਰੱਖਿਆ ਜਾਂਦਾ।

ਉਂਜ ਤੇਰਾ ਲਾਣਾ ਆਧੁਨਿਕ ਵੀ ਬਹੁਤ ਹੋ ਗਿਆ। ਹੁਣ ਬੱਚੀ ਨੂੰ ਜਨਮ ਪਿਛੋਂ ਚਾਟੀ ਵਿਚ ਪਾ, ਜ਼ਮੀਨ 'ਚ ਦੱਬਣ ਦੀ ਲਾਹਨਤ ਤੋਂ ਬਚ ਜਾਂਦਾ; ਮਾਡਰਨ ਤਕਨਾਲੋਜੀ ਦੇ ਆਸਰੇ ਅਗਾਊਂ ਪਤਾ ਲਾ ਲੈਂਦਾ ਕਿ ਜੰਮਣ ਵਾਲਾ ਬੱਚਾ ਹੋਵੇਗਾ ਜਾਂ ਬੱਚੀ, ਤਾਂ ਜੋ ਅਨ-ਚਾਹੀ ਬੱਚੀ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਸਕੇ। ਉਦੋਂ ਗੁਰੂ ਸਾਹਿਬਾਨ ਜਾਂ ਗੁਰਬਾਣੀ ਦਾ ਚੇਤਾ ਭੁੱਲ ਜਾਂਦਾ, ਜੋ ਇਸ ਜ਼ਾਲਮਾਨਾ ਸਮਾਜਕ ਕੁਰੀਤੀ ਵਿਰੁਧ ਆਵਾਜ਼ ਉਠਾਉਂਦਿਆਂ ਇਹਨੂੰ ਘੋਰ ਪਾਪ ਕਹਿੰਦੇ ਆ।

ਇੰਜ ਅਜੇ ਵੀ ਤੂੰ ਗੁਰਬਾਣੀ ਨੂੰ ਉਲੰਘਦਾ ਆਪਣੇ ਪੁੱਤਰਾਂ ਤੇ ਧੀਆਂ ਵਿਚ ਫਰਕ ਕਰਦਾ ਏਂ। 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ' ਦੀ ਥਾਂ ਅੱਜ ਵੀ ਤੇਰੇ ਬਥੇਰਿਆਂ ਸਿਰਾਂ 'ਤੇ 'ਰੰਨਾਂ ਚੈਂਚਲਹਾਰੀਆਂ, ਕੀ ਰੰਨਾਂ ਦਾ ਇਤਬਾਰ', 'ਔਰਤ ਦੀ ਮੱਤ ਉਹਦੇ ਗਿੱਟਿਆਂ 'ਚ ਹੁੰਦੀ ਆਂ' ਅਤੇ 'ਔਰਤ ਮਰਦ ਦੇ ਪੈਰ ਦੀ ਜੁੱਤੀ ਆ' ਵਰਗਾ ਕੂੜ੍ਹਾ ਕਰਕਟ ਭਰਿਆ ਹੋਇਆ।

ਗੁਰਾਂ ਨੇ ਜਿਸ ਜਮੀਨ 'ਤੇ ਤਰਕ ਗੋਸ਼ਟੀਆਂ ਕੀਤੀਆਂ, ਉਸੇ ਜਮੀਨ 'ਤੇ ਤਰਕ ਦੀ ਥਾਂ ਤਕਰਾਰ ਚੱਲਦੇ ਨੇ। ਤੁਛ ਗੱਲਾਂ ਤੋਂ ਵੀ ਜੀਭਾਂ ਬੱਕਰੇ ਬੁਲਾਉਣ ਲੱਗਦੀਆਂ ਨੇ, ਹੱਥ ਦੂਜੇ ਸਿਰਾਂ ਤੋਂ ਪੱਗਾਂ ਉਛਾਲਣ ਲੱਗ ਪੈਂਦੇ ਆ, ਸਿਰ ਪਾਟਦੇ ਆ, ਤੇ ਬੰਦੂਕੜੀਆਂ ਚੱਲ ਪੈਂਦੀਆਂ; ਸਭ ਕਲਗੀਆਂ ਦੀ ਛਾਂ ਵਿਚ!

ਫਿਰ ਉਹ ਆਵਾਜ਼ ਪਤਾ ਨਹੀਂ ਆਲੇ ਦੁਆਲੇ ਗੁੰਮ ਹੋ ਗਈ ਜਾਂ ਮੇਰੇ ਮਗਜ 'ਚ, ਪਰ ਰੂਹ ਨੂੰ ਚੂੰਢੀਆਂ ਵੱਢਦਾ ਇਕ ਸਵਾਲ ਛੱਡ ਗਈ: ਜਦ ਅੱਜ ਵੀ ਰਜਵਾੜਾਸ਼ਾਹੀ ਕਲਗੀਆਂ ਦੇ ਨਾਂ 'ਤੇ ਜਿਉਂਦੀ ਹੈ ਪੰਜਾਬ, ਮੈਂ ਕਿਹੜੇ ਮੂੰਹ ਨਾਲ ਕਹਾਂ ਕਿ ਵਸਦਾ ਹੈ ਪੰਜਾਬ ਗੁਰਾਂ ਦੇ ਨਾਂ 'ਤੇ?

ਪੰਜਾਬ ਜਿਉਂਦਾ ਬ੍ਰਾਹਮਣਵਾਦੀ ਰੀਤਾਂ ਤੇ ਪਖੰਡਾਂ ਦੇ ਨਾਂ 'ਤੇ, ਹਾਲੇ ਵੀ: ਮੈਂ ਤਾਂ ਲਾਣੇ ਨੂੰ ਬੜਾ ਸਮਝਾਉਂਦਾਂ ਬਈ ਗੁਰੂਆਂ, ਭਗਤਾਂ ਤੇ ਸੂਫੀਆਂ ਨੇ ਸਾਨੂੰ ਧਾਰਮਿਕ ਲੁਟੇਰਿਆਂ ਦੀਆਂ ਕੁਰੀਤਾਂ, ਪਖੰਡਾਂ ਤੇ ਅੰਧਵਿਸ਼ਵਾਸ ਤੋਂ ਆਪਣੀ ਰਾਖੀ ਕਰਨ ਲਈ ਦੋ ਵੱਡੇ ਹਥਿਆਰ ਦਿੱਤੇ ਆ: ਸੱਚ ਤੇ ਤਰਕ। ਕਿਸੇ ਵੀ ਮਸਲੇ ਬਾਰੇ ਪਹਿਲਾਂ ਸੱਚ ਨੂੰ ਤਿਨਕਾ ਤਿਨਕ ਤੱਥ ਚੁਗ ਚੁਗ ਕੇ ਇਕੱਤਰ ਕਰੋ, ਫਿਰ ਤਰਕ ਵਰਤ ਕੇ ਤੱਥਾਂ ਨੂੰ ਇੱਕ ਦੂਜੇ ਸੰਗ ਜੋੜੋ, ਜਾਂਚੋ। ਇੰਜ ਗਿਆਨ ਤੱਕ ਪਹੁੰਚੋ। ਗਿਆਨ ਦਾ ਇਹੀ ਰਾਹ ਗੁਰੂ ਸਾਹਿਬਾਨ ਨੇ ਦਿਖਾਇਆ; ਇਹੀ ਵਿਗਿਆਨ ਦਿਖਾਉਂਦਾ ਆ। ਮੈਂ ਤਾਂ ਚੌਣੇ ਨੂੰ ਬੜਾ ਸਮਝਾਉਂਦਾਂ, ਮੇਰੀ ਕੋਈ ਸੁਣੇ ਵੀ!

ਜਦੋਂ ਮੈਨੂੰ ਕੋਈ ਮਿਹਣਾ ਮਾਰਨ ਵਾਂਗ ਪੁੱਛਦਾ, "ਬਈ ਪੰਜਾਬ ਸਿੰਹਾਂ, ਕੀ ਬਣਿਆ ਤੇਰੇ ਉਸ 'ਰੈਨੇਸਾਂਸ ਮੈਨ' ਦਾ, ਜਿਹਨੇ ਪੰਜਾਬ ਨੂੰ ਆਧੁਨਿਕ ਯੁੱਗ ਵੱਲ ਲੈ ਜਾਣਾ ਸੀ, ਜਿਵੇਂ ਤੂੰ ਕਹਿੰਦਾ ਸੀ, ਯੂਰਪ ਨੂੰ ਉਹਦਾ 'ਰੈਨੇਸਾਂਸ ਮੈਨ' ਮਾਡਰਨ ਯੁੱਗ ਵੱਲ ਲੈ ਗਿਆ? ਕੀ ਕਰਦਾ ਅੱਜ ਕੱਲ ਉਹ ਗੁਰੂ ਸਾਹਿਬਾਨ ਦੀ ਲਹਿਰ ਵਿਚੋਂ ਜੰਮਿਆ ਤੇਰਾ ਨਵਾਂ ਮਨੁੱਖ, ਗੁਰੂ ਦਾ ਸਿੱਖ?"

ਮੈਂ ਹੀ ਜਾਣਦਾਂ, ਤਦ ਮੇਰੇ ਦਿਲ 'ਤੇ ਕੀ ਬੀਤੀ ਆ। ਇਹ ਸਵਾਲ ਜਾਂ ਕਹਿ ਲਓ ਮਿਹਣਾ, ਪਾਣੀਉਂ ਪਤਲਾ ਤੇ ਕੱਖੋਂ ਹੌਲਾ ਕਰ ਕੇ ਸੁੱਟ ਜਾਂਦਾ ਮੈਨੂੰ। ਕੀ ਦੱਸਾਂ, ਕੀ ਕਰਦਾ ਮੇਰਾ 'ਰੈਨੇਸਾਂਸ ਮੈਨ'। ਦੱਸਣ ਜੋਗਾ ਛੱਡਿਆ ਹੋਵੇ ਤਾਂ!

ਕੀ ਕਹਾਂ ਕਿ ਮੇਰਾ 'ਰੈਨੇਸਾਂਸ ਮੈਨ' ਗੁਰਦੁਆਰਿਆਂ ਨਾਲ ਬਣੇ ਸਰੋਵਰਾਂ ਵਿਚ ਸੰਗਰਾਂਦ, ਮੱਸਿਆ ਤੇ ਹੋਰ ਖਾਸ ਮੌਕਿਆਂ 'ਤੇ ਕਿਸੇ ਹਿੰਦੂ ਸ਼ਰਧਾਲੂ ਦੀ ਤੀਰਥ ਯਾਤਰਾ ਤੇ ਇਸ਼ਨਾਨ ਵਾਂਗ ਹੀ ਇਸ਼ਨਾਨ ਕਰਦਾ ਵੇਖਿਆ ਜਾਂਦਾ; ਉਸੇ ਜਿਹੀ ਹੀ ਸ਼ਰਧਾ ਤੇ ਭਾਵਨਾ ਨਾਲ।

ਗੁਰਬਾਣੀ ਗਵਾਹ ਹੈ ਕਿ ਗੁਰੂ ਸਾਹਿਬਾਨ ਨੇ 'ਪਾਪ ਧੋਣ' ਤੇ 'ਜੀਵਨ ਸਫਲਾ ਕਰਨ' ਦੇ ਇਰਾਦੇ ਤੇ ਭਾਵਨਾ ਨਾਲ ਕੀਤੀ ਤੀਰਥ ਯਾਤਰਾ ਤੇ ਇਸ਼ਨਾਨ ਨੂੰ ਭਰਮ ਕਿਹਾ ਤੇ ਇਸ ਰੀਤ ਨੂੰ ਬ੍ਰਾਹਮਣਵਾਦ ਦਾ ਅੰਧਵਿਸ਼ਵਾਸ ਤੇ ਪਖੰਡ ਕਹਿ ਕੇ ਇਹਦਾ ਖੰਡਨ ਕੀਤਾ।

ਤਰਕ ਕਹਿੰਦਾ ਹੈ, ਜੇ ਅਜਿਹੀ ਤੀਰਥ ਯਾਤਰਾ ਤੇ ਇਸ਼ਨਾਨ ਭਰਮ ਤੇ ਪਖੰਡ ਹੈ ਤਾਂ ਅਜਿਹੇ ਹੀ ਇਰਾਦੇ ਤੇ ਭਾਵਨਾ ਨਾਲ ਕੀਤੀ ਗਈ ਗੁਰਧਾਮ-ਯਾਤਰਾ ਤੇ ਗੁਰਧਾਮਾਂ ਨਾਲ ਬਣੇ ਸਰੋਵਰਾਂ ਵਿਚ ਕੀਤਾ ਗਿਆ ਇਸ਼ਨਾਨ ਵੀ ਭਰਮ ਤੇ ਪਖੰਡ ਹੀ ਹੋਇਆ ਕਿ ਨਹੀਂ?

ਕੀ ਕਹਾਂ 'ਰੈਨੇਸਾਂਸ ਮੈਨ' ਬਾਰੇ? ਜਾਂ ਫਿਰ ਇਹ ਦੱਸਾਂ ਕਿ ਉਹ ਥਾਲ ਵਿਚ ਦੀਵੇ ਬਾਲ ਕੇ ਗੁਰੂ ਗ੍ਰੰਥ ਸਾਹਿਬ ਦੀ ਉਤਾਰੀ ਜਾ ਰਹੀ ਆਰਤੀ ਵਿਚ ਵੀ ਸ਼ਰੀਕ ਹੋ ਰਿਹਾ ਹੈ, ਉਸੇ ਆਰਤੀ ਨੂੰ ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ 'ਕੂੜ੍ਹ ਤੇ ਅਡੰਬਰ' ਕਿਹਾ ਗਿਆ ਹੈ। ਉਸੇ ਗੁਰੂ ਗ੍ਰੰਥ ਸਾਹਿਬ ਦੀ ਉਸੇ ਢੰਗ ਨਾਲ ਉਤਾਰੀ ਜਾ ਰਹੀ ਆਰਤੀ ਫਿਰ ਮਹਾਂ ਕੂੜ੍ਹ ਅਡੰਬਰ ਨਾ ਹੋਈ ਤਾਂ ਹੋਰ ਕੀ ਹੋਈ? ਜੇ ਮੰਦਿਰ ਵਿਚ ਉਤਾਰੀ ਉਹ ਆਰਤੀ ਬ੍ਰਾਹਮਣਵਾਦ ਹੈ, ਤਾਂ ਇਹ ਆਰਤੀ ਕੀ ਹੋਈ? ਇਸ ਸਵਾਲ ਦਾ ਜਵਾਬ ਕੱਢਣ ਲਈ ਫਿਜ਼ਿਕਸ ਦੀ ਪੀਐਚ.ਡੀ. ਦੀ ਲੋੜ ਨਹੀਂ, ਸਿਰਫ ਪੂਜਾ ਛੱਡ ਕੇ ਸੋਚਣ ਦੀ ਲੋੜ ਹੈ।

ਇੱਦਾਂ ਹੀ, ਜੋ ਗੁਰੂ ਗ੍ਰੰਥ ਸਾਹਿਬ 'ਮੂਰਤੀ ਪੂਜਾ' ਤੇ ਮੂਰਤੀਆਂ ਦੇ ਭੋਗ ਲਵਾਉਣ ਦੀ ਬ੍ਰਾਹਮਣਵਾਦੀ ਰੀਤ ਦਾ ਖੰਡਨ ਕਰਦਾ, ਉਸੇ ਗੁਰੂ ਗ੍ਰੰਥ ਸਾਹਿਬ ਨੂੰ ਭੋਗ ਲੱਗ ਰਹੇ ਆ ਤਾਂ ਫਿਰ ਇਹ ਰੀਤ ਬ੍ਰਾਹਮਣਵਾਦੀ ਰੀਤ ਕਿਵੇਂ ਨਾ ਹੋਈ? ਗੁਰਬਾਣੀ ਨੂੰ ਨਿਰਾਪੁਰਾ ਜਪਣਾ ਛੱਡ ਕੇ ਬੰਦਾ ਸਮਝਣ ਦੀ ਕੋਸ਼ਿਸ਼ ਕਰੇ, ਤਾਂ ਹੀ ਆ ਨਾ? ਉਨਾ ਚਿਰ ਧਰਮ ਵਪਾਰੀਆਂ ਦੀ ਪੌਂ ਬਾਰਾਂ; ਉਨ੍ਹਾਂ ਦਾ ਬਿਜਨਸ ਵਧਦਾ ਰਹਿਣਾ। ਨਾ ਹਿੰਗ ਲੱਗੇ, ਨਾ ਫਟਕੜੀ।

'ਰੈਨੇਸਾਂਸ ਮੈਨ' ਗੁਰਬਾਣੀ ਵਿਚ ਨਕਾਰੀ ਹੋਈ ਸਰਾਧ ਪ੍ਰਥਾ ਨੂੰ ਵੀ ਜਾਰੀ ਰੱਖ ਰਿਹਾ ਹੈ, ਭੋਜਨ ਚਾਹੇ ਬ੍ਰਾਹਮਣਾਂ ਨੂੰ ਛਕਾਇਆ ਜਾਏ ਜਾਂ ਉਨ੍ਹਾਂ ਦੀ ਥਾਂ 'ਸਿੱਖ ਬਿਠਾਏ' ਜਾਣ, ਗੱਲ ਤਾਂ ਉਹੀਓ ਈ ਹੋਈ। ਹੁਣ ਕੀ ਕੀ ਗਿਣਾਵਾਂ? ਬਾਬਾ ਆਦਮ ਦੇ ਵੇਲੇ ਤੋਂ ਚੱਲੀਆਂ ਆਉਂਦੀਆਂ ਬ੍ਰਾਹਮਣਵਾਦੀ ਕੁਰੀਤੀਆਂ ਤੇ ਪਖੰਡ ਉਨ੍ਹਾਂ ਦਾ ਵਿਸਤਾਰ ਤੇ ਰਹਿੰਦ-ਖੂਹੰਦ ਅਜੇ ਵੀ ਕਾਇਮ ਆ। ਜੋਤਸ਼ੀਆਂ, ਤਾਂਤਰਿਕ ਪਖੰਡੀਆਂ ਤੇ ਪਖੰਡੀ ਬਾਬਿਆਂ ਦੀਆਂ ਪੌਂ ਬਾਰਾਂ। ਵਹਿਮਾਂ ਤੇ ਅੰਧਵਿਸ਼ਵਾਸ ਵਿਚ ਜਕੜਿਆਂ ਲਾਣਾ ਪਖੰਡੀ ਬਾਬਿਆਂ, ਤਾਂਤਰਿਕ ਪਖੰਡੀਆਂ, ਜੋਤਸ਼ੀਆਂ, ਤੇ ਹੋਰ ਪਤਾ ਨਹੀਂ ਕਿਹੜੇ ਕਿਹੜੇ ਦੇ ਹੱਥੋਂ ਲੁੱਟ ਹੋ ਰਿਹਾ। ਕੋਈ ਗੁਰੂਆਂ ਦੇ ਦੱਸੇ ਮੁਤਾਬਕ ਏਸ ਦੰਭ ਵਿਰੁਧ ਦਲੀਲ ਕਰੇ ਤਾਂ ਸ਼ਰਧਾਲੂ ਲਾਣਾ ਉਹਨੂੰ ਵਿਰੋਧੀ ਕਹਿ ਕੇ ਦੁਰਕਾਰ ਦਿੰਦਾ। 'ਰੈਨੇਸਾਂਸ ਮੈਨ' ਲਾਣੇ ਵਿਚ ਰਲਿਆ ਉਨ੍ਹਾਂ ਵਾਂਗ ਹੀ ਧਾਗੇ ਤਵੀਤ ਕਰਵਾ ਰਿਹਾ; ਸੁੱਖਣਾ ਸੁੱਖਣ, ਮੰਨਤਾਂ ਮੰਗਣ/ਮਨਾਉਣ ਤੇ ਚੜ੍ਹਾਵੇ ਚੜ੍ਹਾਉਣ ਦੀਆਂ ਰਸਮਾਂ 'ਚ ਗੜੁੱਚ ਆ।

ਆਖਰ ਇਹ ਮਾਜ਼ਰਾ ਕੀ ਹੈ ਕਿ ਅਸੀਂ ਮੁੜ ਗੁਰੂ ਸਾਹਿਬਾਨ ਤੋਂ ਪਹਿਲਾਂ ਵਾਲੀਆਂ ਬ੍ਰਾਹਮਣਵਾਦੀ ਕੁਰੀਤੀਆਂ ਤੇ ਪਖੰਡ ਵਿਚ ਅੱਜ ਵੀ ਫਸੇ ਹੋਏ ਆਂ? ਇਸ ਸਭ ਪਿੱਛੇ ਕਿਹੜਾ ਸੱਚ ਕੰਮ ਕਰ ਰਿਹਾ? ਕਈ ਵਾਰ ਸੱਚ ਸਾਡੇ ਨੱਕ ਹੇਠਾਂ ਹੁੰਦਾ, ਪਰ ਆਪਣੀਆਂ ਕਮਜ਼ੋਰੀਆਂ ਸਦਕਾ ਅਸੀਂ ਪਛਾਣ ਨਹੀਂ ਸਕਦੇ, ਜਾਂ ਪਛਾਣਨਾ ਨਹੀਂ ਚਾਹੁੰਦੇ; ਮਚਲੇ ਬਣ ਜਾਂਦੇ ਆਂ। ਗੁਰੂ ਸਾਹਿਬਾਨ ਦੇ ਸਮੇਂ ਦੌਰਾਨ ਹੀ ਉਠੀਆਂ ਸਨ ਵਿਰੋਧੀ ਧਿਰਾਂ, ਜਿਵੇਂ ਉਦਾਸੀ, ਮੀਣੇ ਅਤੇ ਹੰਦਾਲੀਏ, ਜੋ ਗੁਰੂ ਸਾਹਿਬਾਨ ਦੀ ਸਿੱਖ ਮਾਨਵਵਾਦੀ ਲਹਿਰ ਨਾਲ ਸਹਿਮਤ ਨਹੀਂ ਸਨ। ਉਦਾਸੀ ਫਿਰਕੇ ਦੇ ਪੈਰੋਕਾਰਾਂ ਨੂੰ ਬ੍ਰਾਹਮਣੀ ਫਲਸਫੇ ਤੇ ਰਹੁਰੀਤਾਂ ਵਿਚ ਸਿਖਲਾਈ ਦਿੱਤੀ ਜਾਂਦੀ ਸੀ। ਗੁਰੂ ਸਾਹਿਬਾਨ ਤੋਂ ਬਾਅਦ ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ ਸਿੱਖੀ ਦੇ ਪ੍ਰਚਾਰ ਕੇਂਦਰਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਪੂਜਾ-ਅਸਥਾਨਾਂ ਵਿਚ ਬਦਲ ਦਿੱਤਾ; ਹਿੰਦੂ ਮੰਦਿਰਾਂ ਵਾਂਗ ਹੀ ਉਥੇ ਭਾਂਤ ਭਾਂਤ ਦੇ ਕਰਮ-ਕਾਂਡ ਸ਼ੁਰੂ ਕਰ ਦਿੱਤੇ। 'ਰੈਨੇਸਾਂਸ ਮੈਨ' ਸਣੇ ਲਾਣਾ ਇਸ ਸੱਚਾਈ ਨੂੰ ਪਛਾਣ ਨਾ ਸਕਿਆ ਜਾਂ ਪਛਾਣਨਾ ਨਹੀਂ ਸੀ ਚਾਹੁੰਦਾ। ਤਾਂ ਹੀ ਤਾਂ ਚੌਣੇ ਦੀ 'ਨਾ ਪਛਾਣਨ' ਦੀ ਇਸ ਸੱਚਾਈ ਦਾ ਅੱਕ ਮੈਨੂੰ ਰੋਜ਼ ਚੱਬਣਾ ਪੈਂਦਾ ਹੈ ਕਿ ਪੰਜਾਬ ਜਿਉਂਦਾ ਬ੍ਰਾਹਮਣਵਾਦੀ ਰੀਤਾਂ ਤੇ ਪਖੰਡਾਂ ਦੇ ਨਾਂ 'ਤੇ! ਕਿਹੜੇ ਮੂੰਹ ਨਾਲ ਕਹਾਂ, ਵਸਦਾ ਹੈ ਪੰਜਾਬ ਗੁਰਾਂ ਦੇ ਨਾਂ 'ਤੇ?

**ਕਿੰਜ ਵਸੀਦਾ ਗੁਰਾਂ ਦੇ ਨਾਂ 'ਤੇ:** ਉਹੀਓ ਆਵਾਜ਼ ਫਿਰ ਕਿਧਰੋਂ ਆਈ, "ਆਧੁਨਿਕ ਯੁੱਗ ਤਾਂ ਮਿਲ ਗਿਆ ਤੈਨੂੰ, ਜੋ ਤੇਰੀ ਇੰਗਲੈਂਡ ਤੋਂ ਆਈ ਗੁਲਾਮੀ ਦਾਜ ਵਿਚ ਲਿਆਈ ਸੀ; ਉਂਜ ਤੇਰਾ ਸਰੀਰ ਹੀ ਆਧੁਨਿਕ ਯੁੱਗ ਵਿਚ ਹੈ, ਆਧੁਨਿਕ ਯੁੱਗ ਦੀਆਂ ਤਾਂ ਤੂੰ ਸਹੂਲਤਾਂ ਹੀ ਮਾਣਦਾ ਏਂ, ਤੇਰੀ ਸੋਚ, ਤੇਰੇ ਖਾਬ, ਤਾਂ ਅਜੇ ਵੀ ਬਾਬੇ ਨਾਨਕ ਤੋਂ ਪਹਿਲਾਂ ਵਾਲੇ ਮੱਧਕਾਲੀ ਯੁੱਗ ਵਿਚ ਅੜੇ ਹੋਏ ਆ।

ਬਾਬਾ ਨਾਨਕ ਤਾਂ ਤੇਰੇ ਭਾਣੇ ਜਿੰਦਾਂ ਤੇਰੇ ਲਈ ਪੈਦਾ ਹੀ ਨਹੀਂ ਹੋਇਆ। ਤੂੰ ਤਾਂ ਆਪਣਾ ਖਿਆਲੀ ਬਾਬਾ ਨਾਨਕ ਬਣਾ ਕੇ ਉਹਨੂੰ ਪੂਜੀ ਜਾਨਾਂ, ਮੰਨਤਾਂ ਮੰਗੀ ਜਾਨਾਂ, ਚੜ੍ਹਾਵੇ ਚੜ੍ਹਾਈ ਜਾਨਾਂ ਤੇ ਨਾਲ ਨਾਲ ਪਖੰਡੀ ਬਾਬਿਆਂ ਦੇ ਡੇਰਿਓਂ ਤਵੀਤ ਵੀ ਬੰਨ੍ਹਾਈ ਜਾਨਾਂ।

ਵੱਡਾ ਆਇਆ ਗੁਰਾਂ ਦੇ ਨਾਂ 'ਤੇ ਵੱਸਣ ਵਾਲਾ! ਇੱਧਰ ਦੇਖ, ਤੈਨੂੰ ਦਿਖਾਵਾਂ, ਗੁਰਾਂ ਦੇ ਨਾਂ 'ਤੇ ਕਿਸ ਤਰ੍ਹਾਂ ਵੱਸਿਆ ਜਾਂਦਾ ਏ!

ਕਈ ਵਾਰ ਸੱਚ ਅਲਫ ਨੰਗਾ ਹੁੰਦਾ ਹੈ, ਤੇ ਨੰਗੇ ਸੱਚ ਦੀ ਆਵਾਜ਼ ਕੁਰਖਤ ਹੁੰਦੀ ਹੈ, ਪਰ ਜੇ ਉਹਨੂੰ ਸੁਣ ਕੇ ਉਹਦੀ ਰੌਸ਼ਨੀ ਵਿਚ ਅੱਖ ਉਘਾੜਨ ਦਾ ਜੇਰਾ ਕਰ ਲਈਏ ਤਾਂ ਆਪਣੇ ਮਸਲੇ ਅਸਲੀ ਰੂਪ ਵਿਚ ਬੜੇ ਸਪਸ਼ਟ ਦਿਸਦੇ ਨੇ, ਤੇ ਉਨ੍ਹਾਂ ਦੇ ਹੱਲ ਦਾ ਰਸਤਾ ਵੀ। ਇਸ ਤਰ੍ਹਾਂ ਇਹ ਆਵਾਜ਼ ਵੀ ਮੇਰੀਆਂ ਅੱਖਾਂ ਖੋਲ੍ਹ ਗਈ, ਜਦੋਂ ਉਸ ਕਿਹਾ, "ਇੱਧਰ ਦੇਖ, ਤੈਨੂੰ ਦਿਖਾਵਾਂ, ਗੁਰੂ ਦੇ ਨਾਂ 'ਤੇ ਕਿਸ ਤਰ੍ਹਾਂ ਵੱਸਿਆ ਜਾਂਦਾ ਏ!" ਤਦੇ ਈ ਤਾਂ ਮੈਂ ਲਾਣੇ ਨੂੰ ਕਹਿੰਨਾਂ ਬਈ ਤੁਸੀਂ ਤਾਂ ਗੁਰੂਆਂ ਨੂੰ ਪੂਜਣ ਜੋਗੇ ਰਹਿ ਗਏ, ਗੁਰਾਂ ਦੇ ਨਾਂ 'ਤੇ ਤਾਂ ਕੋਈ ਹੋਰ ਹੀ ਵਸੀ ਜਾ ਰਹੇ ਆ, ਜਿਨ੍ਹਾਂ ਨੇ ਖਬਰੇ ਕਦੀ ਗੁਰਾਂ ਦਾ ਨਾਂ ਵੀ ਨਹੀਂ ਸੁਣਿਆ ਹੋਣਾ।

ਦੁਨੀਆਂ ਵਿਚ ਬਥੇਰੇ ਐਸੇ ਮੁਲਕ ਹੈਗੇ ਆ, ਜੋ ਗੁਰੂਆਂ ਦਾ ਚਿਤਵਿਆ ਆਧੁਨਿਕ ਯੁੱਗ ਸੱਚੇ ਮਨੋਂ ਜੀਅ ਰਹੇ ਆ। ਜਿੱਥੇ ਮਾਪਿਆਂ ਦਾ ਬੱਚਿਆਂ ਪ੍ਰਤੀ ਵਤੀਰਾ ਕੱਢ-ਪਾ ਕੇ ਇੱਕੋ ਜਿਹਾ ਹੀ ਹੁੰਦਾ, ਬਿਨਾ ਲਿੰਗ ਦੇ ਭੇਦ-ਭਾਵ ਤੋਂ। ਯੁਵਾ ਅਵਸਥਾ ਤੋਂ ਹੀ ਕੁੜੀਆਂ ਮੁੰਡਿਆਂ ਵਾਂਗੂ ਹੀ ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਕਰਨ ਲੱਗ ਪੈਂਦੀਆਂ। ਮੁੜ ਵਿਆਹ ਤੇ ਵਿਧਵਾ ਜਾਂ ਤਲਾਕਸ਼ੁਦਾ ਔਰਤਾਂ 'ਤੇ ਕੋਈ ਊਜ ਨਹੀਂ ਲੱਗਦੀ। ਉਥੇ ਗਰਭ ਵਿਚ ਬੱਚੇ ਦੀ ਥਾਂ ਬੱਚੀ ਦੀ ਸੂਹ ਲੱਗਣ 'ਤੇ ਕੋਈ ਗਰਭ ਨਹੀਂ ਗਿਰਾਉਂਦਾ। ਉਥੇ ਔਰਤ ਤੇ ਮਰਦ ਨੂੰ ਬਰਾਬਰ ਦੇ ਹੱਕ ਮਿਲਦੇ ਆ। ਇੰਜ ਵਸਿਆ ਜਾਂਦਾ ਹੈ, ਗੁਰਾਂ ਦੇ ਨਾਂ 'ਤੇ।

ਉਨ੍ਹਾਂ ਮੁਲਕਾਂ ਵਿਚ ਵਿਗਿਆਨ ਤੇ ਵਿਗਿਆਨਕ ਸੋਚ ਦੀ ਰੌਸ਼ਨੀ ਵਿਚ ਜੋਤਿਸ਼, ਧਾਰਮਿਕ ਫਿਰਕਿਆਂ, ਪਖੰਡਾਂ ਤੇ ਹੋਰ ਅੰਧ-ਵਿਸ਼ਵਾਸਾਂ ਦਾ ਬੋਲਬਾਲਾ ਨਹੀਂ ਏ। ਅਕਸਰ ਤਰਕ ਤੇ ਵਿਗਿਆਨਕ ਸੋਚ ਰੋਜ਼ਾਨਾ ਜ਼ਿੰਦਗੀ ਵਿਚ ਸਹਿਜ ਹੀ ਘੁਲੀ ਮਿਲੀ ਹੁੰਦੀ ਹੈ, ਕਿਸੇ ਹੱਦ ਤੱਕ। ਧਾਰਮਿਕ ਹੋਵੇ ਜਾਂ ਅਧਾਰਮਿਕ, ਅਕਸਰ ਵਿਗਿਆਨਕ ਸੋਚ ਦੀ ਰੌਸ਼ਨੀ ਵਿਚ ਤੁਰਦਾ ਮਨੁੱਖ ਮਨੁੱਖੀ ਹੱਕਾਂ, ਬਰਾਬਰੀ ਤੇ ਹੋਰ ਕਦਰਾਂ-ਕੀਮਤਾਂ ਦਾ ਝੰਡਾਬਰਦਾਰ ਹੋ ਨਿਬੜਦਾ, ਸੁਭਾਅ ਵਜੋਂ ਹੀ। ਇਹਨੂੰ ਕਹਿੰਦੇ ਨੇ, ਵਸਣਾ ਗੁਰਾਂ ਦੇ ਨਾਂ 'ਤੇ।

ਇੱਕ ਜੱਟ ਤੇ ਇੱਕ ਚਮਾਰ, ਇੱਕੋ ਈ ਜਹਾਜੇ ਚੜ੍ਹ ਦੁਨੀਆਂ ਦੇ ਕਿਸੇ ਆਧੁਨਿਕ ਸਮਾਜ ਵਿਚ ਪਹੁੰਚ ਸਕਦੇ ਆ, ਇੱਕ-ਦੋ ਦਿਨਾਂ ਵਿਚ; ਤੇ ਉਸ ਮੁਲਕ ਵਿਚ ਉਤਰਦਿਆਂ ਹੀ ਜੱਟ-ਚਮਾਰ ਦਾ ਫਾਸਲਾ ਖਤਮ ਹੋ ਜਾਂਦਾ; ਛੂ ਮੰਤਰ। ਜੋ ਫਾਸਲਾ ਵੱਧੋ-ਵੱਧ ਦੋ ਦਿਨਾਂ ਵਿਚ ਖਤਮ ਹੋ ਜਾਂਦਾ, ਉਹਨੂੰ ਅਸੀਂ ਸਦੀਆਂ ਵਿਚ ਖਤਮ ਨਾ ਕਰ ਸਕੇ; ਫੇਰ ਵੀ ਸਾਡਾ ਸਮਾਜ ਉਨ੍ਹਾਂ ਆਧੁਨਿਕ ਸਮਾਜਾਂ ਦੇ ਨਾਲ ਨਾਲ ਰਹਿ ਰਿਹਾ, ਇੱਕੋ ਸਮੇਂ ਵਿਚ। ਇਹ ਵਕਤ ਦੀ ਸਭ ਤੋਂ ਵੱਡੀ ਤੌਹੀਨ ਹੈ। ਇਸ ਲਈ ਸਾਡੇ ਵਰਗੀਆਂ ਕੌਮਾਂ ਤੇ ਸਮਾਜਾਂ ਨੂੰ ਵਕਤ ਦਾ ਸਰਾਪ ਹੈ: ਉਜੜ ਜਾਉ! ਤਾਂ ਹੀ ਲਾਣਾ, ਖਾਸਕਰ ਨੌਜਵਾਨ, ਜਿਨ੍ਹਾਂ ਦਾ ਸੂਤ ਲੱਗਦਾ, ਹੁਣ ਚੁੰਬਕੀ ਖਿੱਚ ਦੇ ਖਿੱਚੇ ਮਾਡਰਨ ਮੁਲਕਾਂ ਨੂੰ ਉਡਾਰੀਆਂ ਭਰ ਰਹੇ ਆ; ਜੋ ਨੌਜਵਾਨ ਪਿੱਛੇ ਰਹਿ ਗਏ, ਉਹ ਆਸਹੀਣ ਦਿਸ਼ਾਹੀਣ, ਨਸ਼ਿਆਂ ਵਿਚ ਡੁੱਬ ਰਹੇ ਆ। ਜੋ ਉਡਾਰੀਆਂ ਮਾਰ ਗਏ, ਉਨ੍ਹਾਂ ਵਿਚੋਂ ਬਾਹਲੇ, ਆਪਣੀ ਭੂਤਮੁਖੀ ਸੋਚ ਸਦਕਾ ਆਧੁਨਿਕ ਮੁਲਕਾਂ ਵਿਚ ਕੁਝ ਸਿੱਖ ਨਹੀਂ ਰਹੇ; ਪਖੰਡੀ ਬਾਬਿਆਂ ਦੇ ਟਰਿਪ ਲੁਆ ਕੇ, ਕੁਝ ਅੰਧ-ਵਿਸ਼ਵਾਸ ਇੰਮਪੋਰਟ ਕਰ ਲੈਂਦੇ ਆ। ਚਲੋ, ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਤਾਂ ਆਧੁਨਿਕ ਯੁਗ ਵਿਚ ਵਸਣਗੀਆਂ, ਪੰਜਾਬ ਗੁਰਾਂ ਦੇ ਨਾਂ 'ਤੇ।

ਜੇ ਅਸੀਂ ਇੱਥੇ ਹੋ ਰਹੇ ਉਜਾੜੇ ਨੂੰ ਰੋਕਣਾ ਚਾਹੁੰਦੇ ਹਾਂ, ਤਾਂ ਵਕਤ ਦੇ ਇਸ 'ਉਜੜ ਜਾਓ' ਸਰਾਪ ਦਾ ਇੱਕ ਹੀ ਇਲਾਜ ਹੈ: ਬਦਲ ਜਾਓ! ਆਪਣੇ ਸਮਾਜ ਨੂੰ ਆਪਣੀ ਸੋਚ ਸਮੇਤ ਆਧੁਨਿਕ ਯੁੱਗ ਵਿਚ ਨੂੰ ਲੈ ਜਾਓ। ਇਹ ਹੁਣ ਤੱਕ ਕਿਉਂ ਨਹੀਂ ਹੋ ਸਕਿਆ? ਕਿਉਂਕਿ ਸਾਨੂੰ ਸਦੀਆਂ ਤੋਂ ਭੂਤ ਚੰਬੜਨ ਦੀ ਨਾਮੁਰਾਦ ਮਰਜ਼ ਲੱਗੀ ਹੋਈ ਆ। ਇਸ ਮਰਜ਼ ਨੂੰ 'ਭੂਤਮੁਖੀ ਸੋਚ' ਵੀ ਕਹਿੰਦੇ ਨੇ। ਜਦੋਂ ਏਸ ਮਰਜ਼ ਦੀ ਹਵਾ ਮਲੱਖ ਨੂੰ ਆਉਂਦੀ ਆ, ਤਾਂ ਹਿਰਦੇ ਫਿਰਕੂ ਭਾਵਨਾਵਾਂ ਸੰਗ ਜਲਣ ਲਗਦੇ ਆ, ਉਹੀਓ ਅੱਗ ਬਾਹਰ ਨਿਕਲ ਕੇ ਆਲੇ ਦੁਆਲੇ ਨੂੰ ਆਪਣੀ ਲਪੇਟ ਵਿਚ ਲੈਣ ਲੱਗਦੀ ਆ; ਬੰਦਾ ਖੂੰਖਾਰ ਪਸ਼ੂ ਬਣ ਕੇ ਦੂਜੇ ਬੰਦਿਆਂ ਨੂੰ ਮਾਰਨ 'ਤੇ ਉਤਰ ਆਉਂਦਾ। ਜਦੋਂ ਇਹ ਹਵਾ ਮੇਰੇ ਬੁੱਧੀਮਾਨਾਂ ਦੇ ਸਿਰ ਚੜ੍ਹਦੀ ਆ ਤਾਂ ਅੱਜ ਦੀਆਂ ਸਮੱਸਿਆਵਾਂ ਸਾਹਮਣੇ ਖੜ੍ਹੇ, ਉਹ ਚੰਗੇ ਭਲੇ ਦਿਸਦੇ, ਪਿੱਛੇ ਨੂੰ ਮੂੰਹ ਕਰਕੇ, ਇਤਿਹਾਸਕ ਹਸਤੀਆਂ ਨੂੰ ਹਾਕਾਂ ਮਾਰਨ ਲੱਗ ਪੈਂਦੇ ਨੇ ਸੇਧ ਲੈਣ ਲਈ। ਇਹ ਕੁਛ ਇਸ ਤਰ੍ਹਾਂ ਆ ਕਿ ਸਕੂਲੋਂ ਮਿਲੇ ਸਵਾਲਾਂ ਦੇ ਖੁਦ ਜਵਾਬ ਕੱਢਣ ਦੀ ਥਾਂ ਕੋਈ ਪਾੜ੍ਹਾ ਆਪਣੇ ਦਾਦਿਆਂ-ਪੜਦਾਦਿਆਂ ਅੱਗੇ ਮਦਦ ਲਈ ਲੇਲੜੀਆਂ ਕੱਢਣ ਲੱਗ ਪਵੇ; ਜਾਂ ਫਿਰ ਮਾਡਰਨ ਫਿਜ਼ਿਕਸ ਦਾ ਕੋਈ ਵਿਦਿਆਰਥੀ 20ਵੀਂ ਸਦੀ ਦੀ ਖੋਜੀ ਕੁਆਂਟਮ ਭੌਤਿਕੀ ਦੇ ਸਵਾਲਾਂ ਦੇ ਜਵਾਬ 17ਵੀਂ ਤੇ 18ਵੀਂ ਸਦੀ ਦੇ ਮਹਾਨ ਵਿਗਿਆਨੀ ਨਿਊਟਨ ਦੇ ਸਿਧਾਂਤਾਂ ਅਨੁਕੂਲ ਵਾਰ ਵਾਰ ਕੱਢੇ, ਹਰ ਵਾਰ ਫੇਲ੍ਹ ਹੋਣ ਦੇ ਬਾਵਜੂਦ। ਤਾਂ ਹੀ ਅਜਿਹੇ ਬੁੱਧੀਜੀਵੀ ਸਦੀਆਂ ਤੋਂ ਖੁਦ ਫੇਲ੍ਹ ਹੁੰਦੇ ਤੇ ਲਾਣੇ ਨੂੰ ਫੇਲ੍ਹ ਕਰਦੇ ਆਏ ਆ। ਇਸੇ ਮਰਜ਼ ਸਦਕਾ ਹੀ, ਲਾਣੇ ਵਿਚੋਂ ਕਈ ਗੁਰੂਆਂ ਨੂੰ ਉਨ੍ਹਾਂ ਦੇ ਸਮੇਂ ਵਿਚ ਹੀ ਕੁਰਾਹੀਏ ਕਹਿੰਦੇ ਰਹੇ; ਤੇ ਮੇਰੇ 'ਰੈਨੇਸਾਂਸ ਮੈਨ' ਨੇ ਮੂੰਹ ਵਿਚ ਘੁੰਗਣੀਆਂ ਪਾਈ ਰੱਖੀਆਂ, ਜਦੋਂ ਨਿਰਮਲੇ ਬ੍ਰਾਹਮਣ ਪੁਜਾਰੀਆਂ ਤੇ ਉਦਾਸੀ ਫਿਰਕੇ ਨੇ

*(ਬਾਕੀ ਅਗਲੇ ਸਫੇ 'ਤੇ)*


---

***ਪ੍ਰੋਫੈਸਰ, ਫਿਜ਼ਿਕਸ ਤੇ ਕੰਪਿਊਟਰ ਸਾਇੰਸ, ਪਾਰਕ ਯੂਨੀਵਰਸਿਟੀ, ਯੂ ਐਸ ਏ।**

# ਗੁਰੂ ਨਾਨਕ ਦੇ ਬੁਨਿਆਦੀ ਸਿਧਾਂਤ ਅਤੇ ਸੰਸਥਾਵਾਂ

ਸਿੱਖ-ਕੈਨਵਸ 'ਤੇ ਜੋ ਕੁਝ ਕਿਸੇ ਨੂੰ ਜਿਸ ਤਰ੍ਹਾਂ ਵੀ ਨਜ਼ਰ ਆਉਂਦਾ ਹੈ, ਉਹ ਸਭ ਗੁਰੂ ਨਾਨਕ ਦੇਵ ਜੀ ਦੀਆਂ ਬਖਸ਼ਿਸ਼ਾਂ ਦੇ ਪ੍ਰਗਟਾਵਿਆਂ ਦਾ ਹੀ ਰੰਗ ਹੈ। 'ਸੀ' ਤੋਂ 'ਹੈ' ਤੱਕ ਦੀ ਯਾਤਰਾ ਵਿਚ 'ਨੂੰ' ਅਤੇ 'ਦੀ' ਨਾਲ ਜੁੜੀਆਂ ਸਮੱਸਿਆਵਾਂ ਦੀਆਂ ਪੈੜਾਂ ਵੱਖ ਵੱਖ ਕਿਸਮ ਦੀ ਸਿਆਸਤ ਵੱਲ ਜਾਂਦੀਆਂ ਵੇਖੀਆਂ ਤੇ ਸਮਝੀਆਂ ਜਾ ਸਕਦੀਆਂ ਹਨ। ਇਨ੍ਹਾਂ ਦਾ ਪ੍ਰਭਾਵ ਜਿਸ ਤਰ੍ਹਾਂ ਸਿੱਖ ਧਰਮ ਦੇ ਸਿਧਾਂਤਾਂ ਅਤੇ ਸੰਸਥਾਵਾਂ 'ਤੇ ਪਿਆ ਹੈ, ਉਸ ਨੂੰ ਅਕਾਦਮਿਕ ਸੁਰ ਵਿਚ ਸਮਝਣ ਦੇ ਯਤਨ ਬਹੁਤ ਘੱਟ ਹੋਏ ਹਨ। ਇਸੇ ਕਰਕੇ ਗੁਰੂ ਨਾਨਕ ਵਲੋਂ ਸਿਧਾਂਤ ਅਤੇ ਸੰਸਥਾਵਾਂ ਪ੍ਰਸੰਗਕ ਉਖਾੜ ਦਾ ਸ਼ਿਕਾਰ ਹੋਈਆਂ ਨਜ਼ਰ ਆ ਰਹੀਆਂ ਹਨ।

ਧਰਮ ਚਿੰਤਨ ਬਾਰੇ ਪੜ੍ਹਦਿਆਂ-ਲਿਖਦਿਆਂ ਮੇਰੀ ਸਮਝ ਇਹ ਬਣ ਗਈ ਹੈ ਕਿ ਜਿਸ ਧਰਮ ਦੀ ਅਕਾਦਮਿਕਤਾ ਕਮਜ਼ੋਰ ਹੋਣ ਦੇ ਰਾਹ ਪੈ ਜਾਵੇ, ਉਸ ਧਰਮ ਵਿਚ ਘੁਸਪੈਠ ਦੀਆਂ ਸੰਭਾਵਨਾਵਾਂ ਵਧ



**ਪ੍ਰੋ. ਬਲਕਾਰ ਸਿੰਘ ਪਟਿਆਲਾ**
ਫੋਨ: +91-93163-01328

ਜਾਂਦੀਆਂ ਹਨ। ਕਿਸੇ ਕਿਸਮ ਦੀ ਘੁਸਪੈਠ ਅਤੇ ਅਪਹਰਣ ਨੂੰ ਸੁਜੱਗਤਾ ਨਾਲ ਹੀ ਰੋਕਿਆ ਜਾ ਸਕਦਾ ਹੈ। ਇਸ ਲਈ ਗੁਰੂ-ਕਾਲ ਵਿਚ ਭਾਈ ਗੁਰਦਾਸ ਨੂੰ ਸਿੱਖ ਅਕਾਦਮਿਕਤਾ ਲਈ ਉਚੇਚ ਨਾਲ ਤਿਆਰ ਕੀਤਾ ਗਿਆ ਸੀ ਅਤੇ ਇਸੇ ਦੀ ਨਿਰੰਤਰਤਾ ਵਿਚ ਦਸਮ ਪਾਤਸ਼ਾਹ ਹਜ਼ੂਰ ਦੇ 52 ਕਵੀਆਂ ਨੂੰ ਗਿਣਿਆ ਜਾ ਸਕਦਾ ਹੈ। ਉਸ ਵੇਲੇ 52 ਕਵੀਆਂ ਵਿਚੋਂ ਜੋ ਕੋਈ ਪੰਜਾਬੀ ਲਿਪੀ ਨਹੀਂ ਸੀ ਜਾਣਦਾ, ਉਸ ਨਾਲ ਸਹਾਇਕ ਵਜੋਂ ਸਿੱਖ ਨੂੰ ਲਾਇਆ ਜਾਂਦਾ ਸੀ।

ਗੁਰੂ ਕਾਲ ਅਤੇ ਮਿਸਲ ਕਾਲ ਵਿਚਾਲੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਕਰੀਬ ਇਕ ਦਹਾਕੇ (1708-1716) ਦਾ ਸਮਾਂ ਲਹੂ ਵੀਟਵੇਂ ਸੰਘਰਸ਼ ਦਾ ਸਮਾਂ ਸੀ ਅਤੇ ਇਸ ਵਿਚ ਕੁਝ ਵੀ ਸੰਭਾਲ ਕੇ ਰੱਖ ਸਕਣ ਦੀਆਂ ਚੇਤੰਨ ਸੰਭਾਵਨਾਵਾਂ ਮਨਫੀ ਹੁੰਦੀਆਂ ਗਈਆਂ। ਉਸ ਹਾਲਤ ਵਿਚ ਵੀ ਖਾਲਸਾ-ਮਾਤਾ ਅਤੇ ਭਾਈ ਮਨੀ ਸਿੰਘ ਦੀ ਅਗਵਾਈ ਵਿਚ ਕਿਸੇ ਨਾ ਕਿਸੇ ਸੁਰ ਵਿਚ ਸਿੱਖ ਅਕਾਦਮਿਕਤਾ ਰੁਮਕਦੀ ਰਹੀ ਅਤੇ ਸੰਭਾਲਣਯੋਗ ਨੂੰ ਸੰਭਾਲਦੀ ਰਹੀ। ਮਿਸਲ ਕਾਲ (1718-1799) ਵਿਚ ਇਸ ਪਾਸੇ ਧਿਆਨ ਦੇਣ ਦੀ ਸੰਭਾਵਨਾ ਨਾਂਹ ਵਰਗੀ ਹੀ ਸੀ। ਫਿਰ ਵੀ ਨਾਨਕ ਪੰਥੀਆਂ (ਉਦਾਸੀ ਅਤੇ ਨਿਰਮਲੇ ਆਦਿ) ਵਲੋਂ ਕੁਝ ਨਾ ਕੁਝ ਸਿੱਖ ਅਕਾਦਮਿਕਤਾ ਦੀ ਸੁਰ ਵਿਚ ਹੁੰਦਾ ਰਿਹਾ ਅਤੇ ਇਹੀ ਉਸ ਸਮਕਾਲ ਦੀ ਪ੍ਰਾਪਤੀ ਹੋ ਗਿਆ। ਸਿੱਖ ਰਾਜ (1799-1849) ਵੇਲੇ ਵੀ ਸਿੱਖ ਅਕਾਦਮਿਕਤਾ ਵੱਲ ਧਿਆਨ ਬਹੁਤ ਘਟ ਦਿੱਤਾ ਗਿਆ ਸੀ। ਕਾਲੋਨੀਅਲ ਹਕੂਮਤ ਦੀ ਆਮਦ ਨਾਲ ਵੱਖ ਵੱਖ ਕਾਰਨਾਂ ਕਰਕੇ ਜੋ ਕੁਝ ਵੀ ਲਿਖਿਆ ਗਿਆ ਪ੍ਰਾਪਤ ਹੈ, ਉਸ ਵਿਚੋਂ ਪੰਥਕਤਾ ਗੁੰਮ ਕਰਨ ਦੀ ਸਿਆਸਤ ਕਿਸੇ ਨਾ ਕਿਸੇ ਰੂਪ ਵਿਚ ਹੁੰਦੀ ਰਹੀ ਸੀ। ਇਹੀ ਸਮਾਂ ਸੀ ਜਦੋਂ ਇਸ ਵਿਚੋਂ ਨਿਕਲਣ ਦੀ ਅਕਾਦਮਿਕ ਕੋਸ਼ਿਸ਼ ਸਿੰਘ ਸਭਾ ਲਹਿਰ ਰਾਹੀਂ ਸਿੱਖ ਅਕਾਦਮਿਕਤਾ ਦੀ ਪਰੰਪਰਕ ਨਿਰੰਤਰਤਾ ਵਿਚ ਹੋਈ ਅਤੇ ਸਿੱਖ ਅਕਾਦਮਿਕਤਾ ਦੇ ਰੋਲ ਮਾਡਲ ਵਜੋਂ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਸਥਾਪਤ ਹੋ ਗਏ ਸਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਅਤੇ ਸਭਿਆਚਾਰ ਨੂੰ ਨਾਲ ਲਏ ਬਿਨਾ ਕਿਸੇ ਕਿਸਮ ਦੀ ਸਿਆਸਤ ਨਹੀਂ ਹੋ ਸਕਦੀ। ਇਸੇ ਕਰਕੇ ਸਿਆਸਤ ਦੇ ਪੈਰੋਂ ਹੋਣ ਵਾਲੇ ਨੁਕਸਾਨ ਸਭ ਤੋਂ ਪਹਿਲਾਂ ਧਰਮ ਅਤੇ ਸਭਿਆਚਾਰ ਨੂੰ ਹੀ ਹੁੰਦੇ ਹਨ। ਗੁਰੂ ਨਾਨਕ ਦੇਵ ਨੇ ਧਰਮ ਅਤੇ ਸਭਿਆਚਾਰ ਨੂੰ ਨਾਲ ਲੈ ਕੇ ਤੁਰਨ ਦੀਆਂ ਜੋ ਵਿਧੀਆਂ ਸਾਹਮਣੇ ਲਿਆਂਦੀਆਂ ਸਨ, ਉਹੀ ਸਿੱਖ ਧਰਮ ਵਜੋਂ ਸਥਾਪਤ ਹੋ ਗਈਆਂ ਸਨ/ਹਨ। ਇਸੇ ਦੀ ਅਕਾਦਮਿਕਤਾ ਨਾਲ ਜੁੜੀ ਹੋਈ ਸੀ, ਸਿੰਘ ਸਭਾ ਲਹਿਰ। ਕਿਸੇ ਵੀ ਸਮੇਂ ਦੀ ਹਕੂਮਤ ਨੂੰ ਪ੍ਰਾਪਤ ਸਮਾਜਕ ਸਰੋਕਾਰਾਂ ਨੂੰ ਸਿਆਸੀ ਸੁਰ ਵਿਚ ਵਰਤਣ ਤੋਂ ਨਹੀਂ ਰੋਕਿਆ ਜਾ ਸਕਦਾ। ਹਾਂ! ਰੋਕਣ ਦੀ ਸਿਆਸਤ ਕੀਤੀ ਜਾ ਸਕਦੀ ਹੈ। ਇਸ ਨਾਲ ਜੁੜੇ ਸੱਚ ਨੂੰ ਸਾਹਮਣੇ ਲਿਆਉਣ ਦੀਆਂ ਲਿਖਤੀ ਵਿਧਾਵਾਂ ਨੂੰ ਹੀ ਅਕਾਦਮਿਕਤਾ ਕਿਹਾ ਜਾ ਰਿਹਾ ਹੈ। ਇਸ ਨਾਲ ਸਾਹਮਣੇ ਆਉਣ ਵਾਲੇ ਸਿਧਾਂਤ ਅਤੇ ਸਿੱਖਿਆਵਾਂ ਦੀ ਨੀਂਹ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਅਧਿਆਤਮ+ਨੈਤਿਕਤਾ ਵਜੋਂ ਰੱਖ ਦਿੱਤੀ ਸੀ। ਅਧਿਆਤਮ ਨੂੰ ਸਮਾਜਕਤਾ ਵਿਚ ਉਤਾਰਨ ਨਾਲ ਹੀ ਨੈਤਿਕਤਾ ਦੀ ਭੂਮਿਕਾ ਅਰੰਭ ਹੋ ਸਕਦੀ ਹੈ। ਅਜਿਹਾ ਗੁਰੂ ਨਾਨਕ ਦੇਵ ਤੋਂ ਪਹਿਲਾਂ ਇਸ ਤਰ੍ਹਾਂ ਹੋਇਆ ਹੋਵੇ, ਮੇਰੇ ਧਿਆਨ ਵਿਚ ਨਹੀਂ ਹੈ।

ਕਹਿਣਾ ਇਹ ਚਾਹੁੰਦਾ ਹਾਂ ਕਿ ਬਾਬੇ ਨਾਨਕ ਦੀ ਆਮਦ ਨਾਲ ਇਕ ਪਾਸੇ ਆਮ ਬੰਦੇ ਦੇ ਧਰਮ ਦੀ ਨੀਂਹ ਰੱਖੀ ਗਈ ਸੀ ਅਤੇ ਦੂਜੇ ਪਾਸੇ ਕਿਸੇ ਵੀ ਵਰਤਮਾਨ/ਸਮਕਾਲ ਨੂੰ ਲੋੜੀਂਦਾ ਧਰਮ ਚਿੰਤਨ ਸਥਾਪਤ ਹੋ ਗਿਆ ਸੀ। ਆਮ ਬੰਦੇ ਨੂੰ ਧਰਮ ਵਿਚ ਇਹ ਖੁਲ੍ਹ ਦਿੱਤੀ ਗਈ ਸੀ ਕਿ ਉਹ ਸਿੱਖ ਹੋਏ ਬਿਨਾ ਵੀ ਸਿੱਖ ਹੋ ਸਕਦਾ ਹੈ। ਇਸ ਦੀ ਸ਼ੁਰੂਆਤ ਭਾਈ ਮਰਦਾਨੇ ਤੋਂ ਕਰ ਲਈ ਗਈ ਸੀ। ਇਸੇ ਸੁਰ ਵਿਚ ਭਾਈ ਨੰਦ ਲਾਲ ਅਤੇ ਭਾਈ ਕਨ੍ਹਈਆ ਨੂੰ ਅੰਮ੍ਰਿਤ ਛਕਣ ਲਈ ਨਹੀਂ ਸੀ ਕਿਹਾ ਗਿਆ। ਮੋਢੀ ਗੁਰੂ ਵੱਲੋਂ ਦਿੱਤੀ ਗਈ ਇਸੇ ਖੁਲ੍ਹ ਦਾ ਪ੍ਰਗਟਾਵਾ ਲੋਕ ਮਾਨਸਿਕਤਾ ਵਿਚ ਉਨ੍ਹਾਂ ਦੀ ਪਛਾਣ 'ਜਗਤ ਗੁਰ ਬਾਬਾ' ਵਜੋਂ ਸਥਾਪਤ ਹੋ ਗਈ ਸੀ। ਇਸ ਨੂੰ ਇਸ ਤਰ੍ਹਾਂ ਸਮਝਣ ਦੀ ਕੋਸ਼ਿਸ਼ ਵੀ ਕੀਤੀ ਜਾ ਸਕਦੀ ਹੈ ਕਿ ਬਾਬਾ ਜੀ ਜਿਸ ਤਰ੍ਹਾਂ ਬਾਣੀ ਰਾਹੀਂ ਗੁਰਮਤਿ ਦੇ ਦੂਤ ਪੈਦਾ ਕਰ ਰਹੇ ਸਨ, ਉਸ ਤਰ੍ਹਾਂ ਅੰਧ ਆਸਥਾ ਪੈਦਾ ਨਹੀਂ ਸਨ ਕਰ ਰਹੇ। ਇਸ ਵਿਚ ਆਸਥਾ ਨਾਲੋਂ ਚੇਤਨਾ+ਨੈਤਿਕਤਾ ਨੂੰ ਪਹਿਲ ਮਿਲ ਜਾਂਦੀ ਹੈ। ਇਸੇ ਕਰਕੇ ਧਰਮਸਾਲ ਅਰਥਾਤ ਗੁਰਦੁਆਰੇ ਵਿਚ ਜਾਣ ਵਾਲਿਆਂ ਵਾਸਤੇ ਉਹੋ ਜਿਹਾ ਕੋਈ ਬੰਧਨ ਨਹੀਂ ਸੀ, ਜਿਹੋ ਜਿਹਾ ਮੰਦਿਰਾਂ ਅਤੇ ਮਸੀਤਾਂ ਵਿਚ ਜਾਣ ਵਾਲਿਆਂ ਵਾਸਤੇ ਸੀ/ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ ਵੱਲੋਂ ਸਥਾਪਤ ਸਿਧਾਂਤ ਅਤੇ ਸੰਸਥਾ ਪ੍ਰਾਪਤ ਦੀ ਨਿਰੰਤਰਤਾ ਵਿਚ ਹੋਣ ਦੀਆਂ ਸੰਭਾਵਨਾਵਾਂ ਵਿਚੋਂ ਨਿਕਲ ਕੇ ਸੁਤੰਤਰ ਤੇ ਵਿਲੱਖਣ ਧਰਮ ਵਜੋਂ ਸਥਾਪਤ ਹੋ ਗਏ ਸਨ।

ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਤੇ ਸੰਸਥਾ ਨਾਲ ਜੁੜੇ ਹੋਏ ਵਰਤਾਰਿਆਂ ਨੂੰ ਜਿਸ ਤਰ੍ਹਾਂ ਸਿੱਖਾਂ ਤੱਕ ਸੀਮਿਤ ਕਰਕੇ ਸਿੱਖ ਸੰਸਥਾਵਾਂ ਜਾਂ ਪੰਥਕ ਸੰਸਥਾਵਾਂ ਵਜੋਂ ਵਰਤਮਾਨ ਵਿਚ ਵੇਖਿਆ ਜਾਣ ਲੱਗ ਪਿਆ ਹੈ, ਉਸ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਦੀ ਗਵਾਹੀ ਨਾਲ ਨਹੀਂ ਕੀਤੀ ਜਾ ਸਕਦੀ। ਸ਼ਬਦ ਗੁਰੂ ਦੇ ਸਿਧਾਂਤ ਨੂੰ ਸਿੱਖਾਂ ਤੱਕ ਸੀਮਿਤ ਕਰਕੇ ਵੇਖਾਂਗੇ ਤਾਂ "ਜਗਤ ਜਲੰਦਾ ਰਖਿ ਲੈ..." ਦੀ ਸਿੱਖ ਜਿੰਮੇਵਾਰੀ ਵੱਲ ਪਿੱਠ ਕਰ ਰਹੇ ਹੋਵਾਂਗੇ? ਗੁਰੂ ਨਾਨਕ ਦੇਵ ਜੀ ਵੱਲੋਂ ਬਖਸ਼ੇ ਸਿਧਾਂਤ ਵਿਚ ਗੁਰਸਿੱਖ ਦੀ ਵਰਤੋਂ ਹੋਈ ਹੈ ਅਤੇ ਸਿੱਖ ਸਾਹਿਤ ਵਿਚ ਇਸੇ ਸੁਰ ਵਿਚ ਗੁਰ-ਚੇਲਾ ਦੀ ਵਰਤੋਂ ਮਿਲ ਜਾਂਦੀ ਹੈ। ਸਿੱਖ ਅਕਾਦਮੀਸ਼ਨਾਂ ਦਾ ਫਰਜ਼ ਬਣਦਾ ਹੈ ਕਿ ਸਮਕਾਲੀ ਜਗਿਆਸਾ ਨੂੰ ਨਾਲ ਲੈ ਕੇ ਤੁਰਨ ਵਾਸਤੇ ਗੁਰਸਿੱਖ ਦਾ ਲੋੜੀਂਦਾ ਅਕਾਦਮਿਕ ਉਸਾਰ ਗੁਰਬਾਣੀ ਦੇ ਹਵਾਲੇ ਨਾਲ ਸਾਹਮਣੇ ਲਿਆਈਏ। ਅਜਿਹਾ ਕਰਾਂਗੇ ਤਾਂ ਸਮਝਾ ਸਕਾਂਗੇ ਕਿ ਗੁਰੂ ਅਤੇ ਸਿੱਖ ਦਾ ਉਹੀ ਰਿਸ਼ਤਾ ਹੈ, ਜੋ ਗੁਰੂ ਤੇ ਅਕਾਲ ਪੁਰਖ ਦਾ ਹੈ। ਤਾਂ ਤੇ ਗੁਰੂ ਦੀਆਂ ਸਿੱਖਿਆਵਾਂ ਵਿਚ ਵਿਸ਼ਵਾਸ ਰੱਖਣ ਦੀ ਖੁਲ੍ਹ ਕਿਸੇ ਵੀ ਜਗਿਆਸੂ ਗੁਰਸਿੱਖ ਨੂੰ ਹੋ ਸਕਦੀ ਹੈ। ਗੁਰਸਿੱਖ ਹੋਣ ਦੀ ਗਵਾਹੀ ਭਰਦਿਆਂ ਭਾਈ ਗੁਰਦਾਸ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਵਾਹਿਗੁਰੂ ਨੇ ਆਪਣਾ ਸਿੱਖ ਬਣਾਇਆ ਸੀ ਅਤੇ ਉਸੇ ਸੁਰ (ਜੋਤਿ+ਜੁਗਤਿ) ਵਿਚ ਗੁਰਸਿਖ ਹੋਣ ਦੇ ਗਵਾਹ ਗੁਰੂ ਸਾਹਿਬਾਨ ਹੋ ਗਏ ਸਨ:

ਸਤਿਗੁਰ ਨਾਨਕ ਦੇਉ ਆਪੁ ਉਪਾਇਆ।
ਗੁਰ ਅੰਗਦੁ ਗੁਰ ਸਿਖੁ ਬਬਾਣੇ ਆਇਆ।
ਗੁਰ ਸਿਖੁ ਹੈ ਗੁਰ ਅਮਰੁ ਸਤਿਗੁਰ ਭਾਇਆ।
ਰਾਮਦਾਸੁ ਗੁਰ ਸਿਖੁ ਗੁਰ ਸਦਵਾਇਆ।
ਗੁਰ ਅਰਜਨੁ ਗੁਰ ਸਿਖੁ ਪਰਗਟੀ ਆਇਆ।
ਗੁਰ ਸਿਖੁ ਹਰਿ ਗੋਵਿੰਦੁ ਨ ਲੁਕੈ ਲੁਕਾਇਆ।
(ਪਹਿਲੀ ਪਉੜੀ, ਵਾਰ 20ਵੀਂ)

ਸਿੱਖ, ਜੇ ਕੋਈ ਸਜੇ ਤਾਂ ਮੇਰੇ ਲਈ ਬਹੁਤ ਅਹਿਮ ਹੈ, ਪਰ ਸਿੱਖ ਜੇ ਕੋਈ ਹੋਣਾ ਚਾਹੇ ਤਾਂ ਉਹ ਵੀ ਮੇਰੇ ਲਈ ਓਨਾ ਹੀ ਅਹਿਮ ਹੋਣਾ ਚਾਹੀਦਾ ਹੈ। ਅਜਿਹੇ ਜਗਿਆਸੂ ਨਾਨਕ ਨਾਮਲੇਵਾ ਕਹਾਉਂਦੇ ਰਹੇ ਸਨ ਅਤੇ ਵਰਤਮਾਨ ਵਿਚ ਸਿਆਸੀ ਦਖਲ ਨਾਲ ਰੋਕ ਦਿੱਤੇ ਜਾਣ ਦੇ ਬਾਵਜੂਦ ਕਹਾ ਰਹੇ ਹਨ। ਬਾਬਾ ਜੀ ਦੇ 550ਵੇਂ ਵਰ੍ਹੇ ਨੂੰ ਮਨਾਉਣ ਵਾਲਿਆਂ ਨੇ ਇਹ ਨਤੀਜਾ ਸਾਹਮਣੇ ਲੈ ਆਂਦਾ ਹੈ ਕਿ ਸਜੇ ਹੋਏ ਸਿੱਖਾਂ ਨਾਲੋਂ ਨਾਨਕ ਨਾਮਲੇਵਿਆਂ ਦੀ ਗਿਣਤੀ ਚਾਰ ਗੁਣਾ ਹੈ। ਇਹ ਧਿਆਨ 'ਚ ਰੱਖਾਂਗੇ ਤਾਂ ਸਭ ਨੂੰ ਨਾਲ ਲੈ ਕੇ ਤੁਰ ਸਕਣ ਦੀਆਂ ਸਿੱਖ ਸੰਭਾਵਨਾਵਾਂ ਦੀ ਅਕਾਦਮਿਕਤਾ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਸਥਾਪਤ ਕਰ ਸਕਾਂਗੇ। ਲਏ ਜਾ ਰਹੇ ਵਿਸ਼ੇ ਦਾ ਸਾਰ ਮੈਨੂੰ ਇਸ ਤਰ੍ਹਾਂ ਵੀ ਸਮਝ ਆਇਆ ਹੈ।

ਇਹ ਸਾਰ ਮੇਰੇ ਲਈ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਗਲੋਬਲ ਪ੍ਰਸੰਗ ਵਿਚ ਪੈਦਾ ਹੋ ਗਏ ਬਹੁ-ਸਭਿਆਚਾਰਕ ਵਰਤਾਰਿਆਂ ਵਿਚ ਗੁਰੂ ਨਾਨਕ ਦਾ ਇਹ ਸਿਧਾਂਤ ਮਾਨਤਾ ਨੂੰ ਲੋੜੀਂਦਾ ਹੈ। ਇਸ ਦਾ ਰਾਹ ਜੇ ਸੰਸਥਾਵਾਂ ਰੋਕਦੀਆਂ ਲੱਗਦੀਆਂ ਹੋਣ ਤਾਂ ਇਸ ਬਾਰੇ ਬਾਣੀ ਦੀ ਅਗਵਾਈ ਵਿਚ ਅਕਾਦਮਿਕ ਸੁਰ ਵਿਚ ਸੰਵਾਦ ਛੇੜੇ ਜਾਣ ਦੀ ਲੋੜ ਹੈ। ਇਸੇ ਨੂੰ ਸਿੱਖ ਅਕਾਦਮਿਕਤਾ ਕਹਿ ਰਿਹਾਂ। ਅਜਿਹਾ ਨਹੀਂ ਕਰਾਂਗੇ ਤਾਂ ਸਿੱਖ ਸੰਸਥਾਵਾਂ ਨੂੰ ਸਿਆਸੀ ਅਪਹਰਣ ਤੋਂ ਨਹੀਂ ਬਚਾ ਸਕਾਂਗੇ। ਇਸ ਦੇ ਨਾਲ ਹੀ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਸੰਸਥਾ ਦਾ ਅਪਹਰਣ ਹੋ ਸਕਦਾ ਹੈ, ਸਿਧਾਂਤ ਦਾ ਅਪਹਰਣ ਨਹੀਂ ਹੋ ਸਕਦਾ। ਸੰਸਥਾ ਵਿਚ ਸਿਧਾਂਤ ਨਾਲੋਂ ਪ੍ਰਬੰਧਨ ਨੂੰ ਪਹਿਲ ਪ੍ਰਾਪਤ ਹੋ ਜਾਂਦੀ ਹੈ। ਪ੍ਰਬੰਧਨ ਵਿਚ ਨੈਤਿਕਤਾ ਲੋੜ ਮੁਤਾਬਕ ਹੀ ਕਾਇਮ ਰਹਿ ਸਕਦੀ ਹੈ। ਸੰਸਥਾ ਨੂੰ ਜਦੋਂ ਪ੍ਰਬੰਧਨ ਤੱਕ ਮਹਿਦੂਦ ਕਰ ਦੇਵਾਂਗੇ ਤਾਂ ਇਸ ਨਾਲ ਸਿਧਾਂਤ ਨਾਲੋਂ ਟੁੱਟਣਾ ਲਾਜ਼ਮੀ ਹੋ ਜਾਵੇਗਾ।

***ਇਸ ਵਿਚ ਕੋਈ ਸ਼ੱਕ ਨਹੀਂ ਕਿ ਧਰਮ ਅਤੇ ਸਭਿਆਚਾਰ ਨੂੰ ਨਾਲ ਲਏ ਬਿਨਾ ਕਿਸੇ ਕਿਸਮ ਦੀ ਸਿਆਸਤ ਨਹੀਂ ਹੋ ਸਕਦੀ। ਇਸੇ ਕਰਕੇ ਸਿਆਸਤ ਦੇ ਪੈਰੋਂ ਹੋਣ ਵਾਲੇ ਨੁਕਸਾਨ ਸਭ ਤੋਂ ਪਹਿਲਾਂ ਧਰਮ ਅਤੇ ਸਭਿਆਚਾਰ ਨੂੰ ਹੀ ਹੁੰਦੇ ਹਨ। ਗੁਰੂ ਨਾਨਕ ਦੇਵ ਨੇ ਧਰਮ ਅਤੇ ਸਭਿਆਚਾਰ ਨੂੰ ਨਾਲ ਲੈ ਕੇ ਤੁਰਨ ਦੀਆਂ ਜੋ ਵਿਧੀਆਂ ਸਾਹਮਣੇ ਲਿਆਂਦੀਆਂ ਸਨ, ਉਹੀ ਸਿੱਖ ਧਰਮ ਵਜੋਂ ਸਥਾਪਤ ਹੋ ਗਈਆਂ ਸਨ/ਹਨ। ਇਸੇ ਦੀ ਅਕਾਦਮਿਕਤਾ ਨਾਲ ਜੁੜੀ ਹੋਈ ਸੀ, ਸਿੰਘ ਸਭਾ ਲਹਿਰ। ਕਿਸੇ ਵੀ ਸਮੇਂ ਦੀ ਹਕੂਮਤ ਨੂੰ ਪ੍ਰਾਪਤ ਸਮਾਜਕ ਸਰੋਕਾਰਾਂ ਨੂੰ ਸਿਆਸੀ ਸੁਰ ਵਿਚ ਵਰਤਣ ਤੋਂ ਨਹੀਂ ਰੋਕਿਆ ਜਾ ਸਕਦਾ। ਹਾਂ! ਰੋਕਣ ਦੀ ਸਿਆਸਤ ਕੀਤੀ ਜਾ ਸਕਦੀ ਹੈ। ਇਸ ਨਾਲ ਜੁੜੇ ਸੱਚ ਨੂੰ ਸਾਹਮਣੇ ਲਿਆਉਣ ਦੀਆਂ ਲਿਖਤੀ ਵਿਧਾਵਾਂ ਨੂੰ ਹੀ ਅਕਾਦਮਿਕਤਾ ਕਿਹਾ ਜਾ ਰਿਹਾ ਹੈ।***

ਗੁਰਦੁਆਰਾ ਐਕਟ 1925 ਨਾਲ ਇਹੀ ਕੁਝ ਹੋ ਰਿਹਾ ਹੈ। ਸਿੱਖ ਸੰਸਥਾ ਵਿਚ ਪ੍ਰਬੰਧਕ ਨੂੰ ਸੇਵਾਦਾਰ ਪ੍ਰਵਾਨ ਕੀਤਾ ਗਿਆ ਹੈ ਅਤੇ ਸੇਵਾਦਾਰੀ ਵਿਚ ਅਹੁਦੇ ਦਾ ਕੋਈ ਅਧਿਕਾਰ ਨਹੀਂ ਦਿੱਤਾ ਗਿਆ। ਅਹੁਦੇ ਦੇ ਅਧਿਕਾਰ ਨਾਲ ਸਿਧਾਂਤ ਵਿਚ ਅਹੁਦੇਦਾਰੀ ਦਾ ਦਖਲ ਰੋਕਿਆ ਨਹੀਂ ਜਾ ਸਕਦਾ ਅਤੇ ਇਸ ਹਾਲਤ ਵਿਚ ਅਹੁਦੇ ਦੀ ਨੈਤਿਕਤਾ ਦਾ ਗੁਆਚ ਜਾਣਾ ਲਾਜ਼ਮ ਹੋ ਜਾਂਦਾ ਹੈ। ਅਹੁਦੇ ਦੇ ਅਧਿਕਾਰ ਵਿਚ ਅਹੁਦਾ ਦੇਣ ਅਤੇ ਅਹੁਦਾ ਲੈਣ ਦੀ ਸਿਆਸਤ ਸ਼ਾਮਲ ਹੋ ਜਾਂਦੀ ਹੈ। ਇਸ ਦੇ ਨਤੀਜਿਆਂ ਦੀ ਹੋਣੀ ਇਸ ਵੇਲੇ ਸਿੱਖ ਸੰਸਥਾਵਾਂ ਵਿਚ ਸਿਖਰ 'ਤੇ ਹੈ ਅਤੇ ਇਸ ਨਾਲ ਸਿਧਾਂਤ ਦਾ ਅਮਲ ਅਤੇ ਅਮਲ ਦਾ ਸਿਧਾਂਤ ਇਕ ਦੂਜੇ ਦੀ ਸਮਾਨੰਤਰਤਾ ਵਿਚ ਆ ਗਏ ਹਨ। ਨਤੀਜਨ ਸਿਧਾਂਤ ਅਤੇ ਸੰਸਥਾ ਵੀ ਸਮਾਨੰਤਰਤਾ ਵਿਚ ਆ ਗਏ ਹਨ। ਇਸ ਵੱਲ ਪਿੱਠ ਕੀਤਿਆਂ ਜਾਂ ਮੈਨੂੰ ਕੀ? ਸਮਝਿਆਂ ਨਹੀਂ ਸਰਨਾ। ਇਸ ਕਰਕੇ ਇਸ ਵਿਚੋਂ ਲੈਣ ਯੋਗ ਨੂੰ ਲੈਣ ਅਤੇ ਛੱਡਣ ਯੋਗ ਨੂੰ ਛੱਡਣ ਦੇ ਸਹਿਜ ਮਾਡਲ ਨੂੰ ਆਮ ਸਿੱਖ ਦੀ ਸੋਝੀ ਵਿਚ ਉਤਾਰਨਾ ਪਵੇਗਾ।

ਇਸ ਭੂਮਿਕਾ ਨੂੰ ਨਿਭਾਉਣ ਦੀ ਜਿੰਮੇਵਾਰੀ ਸਿੱਖ ਅਕਾਦਮਿਕਤਾ ਦੀ ਹੈ ਅਤੇ ਸਿੱਖ ਅਕਾਦਮਿਕਤਾ ਆਪਣੀ ਭੂਮਿਕਾ ਕਿਉਂ ਨਹੀਂ ਨਿਭਾ ਪਾ ਰਹੀ, ਇਸ ਬਾਰੇ ਸੰਵਾਦ ਰਚਾਉਣਾ ਚਾਹੀਦਾ ਹੈ। ਇਸ ਬਾਰੇ ਸੋਚਾਂਗੇ ਤਾਂ ਲਏ ਜਾ ਰਹੇ ਵਿਸ਼ੇ ਦੀ ਅਕਾਦਮਿਕਤਾ ਉਸਾਰ ਸਕਾਂਗੇ। ਆਪਣੀ ਅਕਾਦਮਿਕ ਜਿੰਮੇਵਾਰੀ ਨਾਲ ਨਹੀਂ ਨਿਭਾਂਗੇ ਤਾਂ ਉਹੀ ਗਲਤੀ ਕਰ ਰਹੇ ਹੋਵਾਂਗੇ, ਜਿਸ ਤੋਂ ਬਚ ਸਕਣ ਦੇ ਗੁਰਮਤਿ ਮਾਡਲ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਸੀ ਅਤੇ ਜਿਸ ਦੀ ਧਰੋਹਰ ਸ਼ਬਦ-ਗੁਰੂ ਅਰਥਾਤ ਗੁਰੂ ਗ੍ਰੰਥ ਸਾਹਿਬ ਇਸ ਪਾਸੇ ਸੋਚਣ ਵਾਲਿਆਂ ਦੇ ਸਦਾ ਅੰਗ-ਸੰਗ ਹਨ।

ਸਿੱਖ ਧਰਮ ਵਿਚ ਸਿਧਾਂਤ ਜੋਤਿ+ਜੁਗਤਿ ਅਤੇ ਗ੍ਰੰਥ+ਪੰਥ ਹੈ ਅਤੇ ਸੰਸਥਾ ਬਾਣੀ+ਰਹਿਤ ਅਤੇ ਗ੍ਰੰਥ+ਗੁਰਦੁਆਰਾ ਹੈ। ਇਸ ਦੀਆਂ ਰੋਲ ਮਾਡਲ ਸੰਸਥਾਵਾਂ ਹਰਿਮੰਦਰ ਸਾਹਿਬ+ਅਕਾਲ ਤਖਤ ਸਾਹਿਬ ਹਨ। ਜਮ੍ਹਾਂ 'ਨੂੰ' ਅਤੇ 'ਦੀ' ਇਹ ਦੱਸਣ ਲਈ ਵਰਤ ਲਏ ਹਨ ਤਾਂ ਕਿ ਇਹ ਦੱਸਿਆ ਜਾ ਸਕੇ ਕਿ ਜੋ ਕੁਝ ਇਕ ਦੂਜੇ ਦੀ ਪੂਰਕਤਾ ਵਿਚ ਹੈ ਅਤੇ ਰਹਿਣਾ ਚਾਹੀਦਾ ਹੈ, ਉਸ ਦੀ ਜੇ ਕਿਸੇ ਵੀ ਕਾਰਨ ਇਕਹਿਰੀ ਵਰਤੋਂ ਕਰਾਂਗੇ ਤਾਂ ਗੜਬੜ ਪੈਦਾ ਕਰ ਰਹੇ ਹੋਵਾਂਗੇ। ਸੋਚੋ! ਜੇ ਪ੍ਰਸੰਗ ਨੂੰ ਸਮਝੇ ਬਿਨਾ ਵਰਤੋਂ ਕਰਨ ਦੀ ਚੋਣ ਚੇਤਨਾ ਦੀ ਥਾਂ ਅਨਾੜੀਆਂ ਦੇ ਹੱਥਾਂ ਵਿਚ ਆ ਜਾਵੇ ਤਾਂ ਸਿਧਾਂਤ ਉਤੇ ਸੰਸਥਾ ਉਸੇ ਤਰ੍ਹਾਂ ਹਾਵੀ ਹੋ ਜਾਵੇਗੀ, ਜਿਸ ਤਰ੍ਹਾਂ ਸਿਆਸਤ ਨੂੰ ਠੀਕ ਬੈਠਦਾ ਹੋਵੇਗਾ। ਇਹ ਕਿਸ ਨੂੰ ਨਹੀਂ ਪਤਾ ਕਿ ਬਾਣੀ ਨਾਲੋਂ ਬਾਣੇ ਨਾਲ ਨਿਭਣਾ ਸੌਖਾ ਹੁੰਦਾ ਹੈ। ਇਸੇ ਨੂੰ ਸਿਆਸਤ ਕਹਿ ਰਿਹਾਂ। ਸਿਆਸਤ ਦਾ ਰਾਹ ਇਜਾਰੇਦਾਰੀਆਂ ਅਤੇ ਦੁਕਾਨਦਾਰੀਆਂ ਵੱਲ ਜਾਂਦਾ ਹੈ। ਇਹ ਵਰਤਾਰਾ ਪੂਰਕਤਾ ਉਤੇ ਭਾਵੁਕਤਾ ਦੇ ਹਾਵੀ ਹੋ ਜਾਣ ਦਾ ਹੈ। ਇਸ ਨੂੰ 'ਮੈਂ ਗੁਰੂ ਦਾ ਹਾਂ' ਦੀ ਗੁਰਮਤਿ ਤੋਂ 'ਗੁਰੂ ਮੇਰਾ ਹੈ' ਦੀ ਸਿਆਸਤ ਵਾਂਗ ਵੀ ਸਮਝਿਆ ਜਾ ਸਕਦਾ ਹੈ। ਇਸ ਦਾ ਹਾਸਲ ਸਿਆਸਤ ਦਰ ਸਿਆਸਤ ਹੀ ਹੋ ਸਕਦੀ ਹੈ ਤੇ ਇਹੀ ਸਿੱਖ ਭਾਈਚਾਰੇ ਦੀ ਹੋਣੀ ਹੋ ਗਿਆ ਹੈ।

ਸਿਆਸਤ ਸਿਧਾਂਤ ਨੂੰ ਮਾਧਿਅਮ ਮੰਨ ਕੇ ਤੁਰਦੀ ਹੈ ਅਤੇ ਸੰਸਥਾ ਨੂੰ ਸਿਆਸੀ ਪ੍ਰਾਪਤੀ ਸਮਝਦੀ ਹੈ; ਪਰ ਸਿਧਾਂਤ ਨੂੰ ਤਾਂ ਮਾਧਿਅਮ ਦਾ ਕੋਈ ਬੰਧਨ ਨਹੀਂ ਹੁੰਦਾ। ਸੈਮੀਨਾਰਾਂ ਵਿਚ ਇਸ ਦਾ ਆਲੋਚਨਾਤਮਕ ਉਸਾਰ ਸਾਹਮਣੇ ਲਿਆਉਣਾ ਚਾਹੀਦਾ ਹੈ ਅਤੇ ਇਸ ਦਾ ਮਾਧਿਅਮ ਸੰਵਾਦ ਹੋਣਾ ਚਾਹੀਦਾ ਹੈ। ਸਿਆਸਤ ਕੀ ਕਰ ਸਕਦੀ ਹੈ? ਇਸ ਦੀ ਮਿਸਾਲ ਇਹ ਦੇਣਾ ਚਾਹੁੰਦਾ ਹਾਂ ਕਿ ਸਿਆਸਤ ਨੇ 1947 ਵਿਚ ਪੰਜਾਬ ਦੇ ਦੋ ਟੋਟੇ ਕਰ ਦਿੱਤੇ ਸਨ। ਇਸ ਦੇ ਨਤੀਜੇ ਅਜੇ ਤੱਕ ਜੜ੍ਹਾਂ ਵਾਲੇ ਫੋੜੇ ਵਾਂਗ ਚਸਕ ਰਹੇ ਹਨ। ਉਹ ਤਾਂ ਬੇਗਾਨਿਆਂ ਨੇ ਕੀਤਾ ਸੀ। ਆਪਣਿਆਂ ਨੇ ਦੋ ਦਹਾਕਿਆਂ (1966) ਵਿਚ ਪੰਜਾਬ ਦੇ ਤਿੰਨ ਟੋਟੇ ਕਰ ਦਿੱਤੇ ਹਨ ਅਤੇ ਵਾਹਗੇ ਤੋਂ ਅੰਬਾਲੇ ਤੱਕ ਸੁੰਗੜ ਗਏ ਇਸੇ ਖਿੱਤੇ (ਪੰਜਾਬੀ ਸੂਬੇ) ਨੂੰ ਪਤਾ ਨਹੀਂ ਕੀ ਦਾ ਕੀ ਕਹੀ ਜਾ ਰਹੇ ਹਨ? ਕੌਣ ਕਿਸ ਨੂੰ ਪੁੱਛੇ ਕਿ ਸਿਆਸਤ ਦੀ ਇਸ ਗੁਰਮਤਿ ਵਿਰੋਧੀ ਇੱਲਤ ਨਾਲ ਸਿੱਖ ਅਕਾਦਮੀਸ਼ਨ ਕਿਉਂ ਤੇ ਕਿਵੇਂ ਸੰਤੁਸ਼ਟ ਹੋਈ ਬੈਠੇ ਹਨ? ਇੱਲਤ ਨੂੰ ਸਿਆਸੀ ਸੰਕੇਤ ਵਾਂਗ ਵਰਤ ਰਿਹਾ ਹਾਂ। ਇਸ ਦਾ ਬਾਣੀ ਪ੍ਰਸੰਗ ਬਰਾਸਤਾ ਸਮਾਜਕਤਾ ਇਸ ਤਰ੍ਹਾਂ ਪ੍ਰਾਪਤ ਹੈ:

ਮਲਾਰ ਕੀ ਵਾਰ ਮ. 1, ਸਲੋਕ ਮ. 2
ਨਾਉ ਫਕੀਰੈ ਪਾਤਿਸਾਹ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥

ਇਸ ਤੋਂ ਅਗਲਾ ਸਲੋਕ ਮ. 1 "ਰਾਜੇ ਸੀਹ ਮੁਕਦਮ ਕੁਤੇ..." ਵਾਲਾ ਹੈ। ਅਕਾਦਮਿਕ ਸੁਰ ਵਿਚ ਕਲਜੁਗੀ ਵਰਤਾਰਿਆਂ ਦੀ ਪ੍ਰਧਾਨ ਸੁਰ ਸਿਆਸਤ ਹੋ ਗਈ ਹੈ ਅਤੇ ਇਸ ਦੇ ਨਤੀਜੇ ਸਿਧਾਂਤ ਅਤੇ ਸੰਸਥਾ ਨੂੰ ਵੀ ਭੁਗਤਣੇ ਪੈ ਰਹੇ ਹਨ। ਇਸ ਹਾਲਤ ਵਿਚ ਇਹ ਸੋਚਣਾ ਪਵੇਗਾ ਕਿ 21ਵੀਂ ਸਦੀ ਵਿਚ ਮਿਲੇ ਜਾਗ੍ਰਿਤੀ-ਮਾਧਿਅਮਾਂ ਅਤੇ ਖੁਲ੍ਹ-ਵਿਧੀਆਂ ਦਾ ਲਾਹਾ ਲੈ ਕੇ ਸਿੱਖ ਅਕਾਦਮਿਕਤਾ ਉਸਾਰਾਂਗੇ ਤਾਂ ਸਮਝ ਸਕਾਂਗੇ ਕਿ ਇਕ ਸਿੱਖ ਸੰਤ ਦੂਜੇ ਸਿੱਖ ਸੰਤ ਨਾਲ ਦੁਸ਼ਮਣਾਂ ਵਾਂਗ ਲੜ ਰਿਹਾ ਹੈ ਤਾਂ ਇਸ ਦਾ ਫੈਸਲਾ ਕੋਈ ਤੀਜਾ ਸੰਤ ਕਿਵੇਂ ਕਰ ਸਕਦਾ ਹੈ? ਇਹ ਮਾਮਲਾ ਅਕਾਦਮਿਕ ਹੈ ਅਤੇ ਇਸ 'ਤੇ ਫੈਸਲੇ ਦੀ ਗੱਲ ਵੀ ਅਕਾਦਮੀਸ਼ਨਾਂ ਨੂੰ ਹੀ ਕਰਨੀ ਚਾਹੀਦੀ ਹੈ। ਇਸ ਮਸਲੇ 'ਤੇ ਬਾਬਰੀ ਮਸਜਿਦ ਦੇ ਮਸਲੇ ਵਾਂਗ ਕਿਉਂ ਨਹੀਂ ਬੋਲਿਆ ਜਾ ਸਕਦਾ? ਸੋਚਣਾ ਚਾਹੀਦਾ ਹੈ ਕਿ ਆਧੁਨਿਕਤਾ ਦਾ ਲਾਭ ਸਿੱਖ ਅਕਾਦਮਿਕਤਾ ਨੂੰ ਕਿਉਂ ਨਹੀਂ ਹੋਇਆ? ਪੰਜਾਬੀ ਚੇਤਨਾ ਨੂੰ ਸਿੱਖ ਅਕਾਦਮਿਕਤਾ ਨਾਲ ਨਿਭਣ ਤੋਂ ਕੌਣ ਅਤੇ ਕਿਵੇਂ ਰੋਕਦਾ ਰਿਹਾ ਹੈ?

ਇਸ ਪਾਸੇ ਪੰਜਾਬੀ ਅਕਾਦਮਿਕਤਾ ਅਤੇ ਸਿੱਖ ਅਕਾਦਮਿਕਤਾ ਨੂੰ ਇਕ ਦੂਜੇ ਦੀ ਪੂਰਕਤਾ ਵਿਚ ਤੋਰ ਕੇ ਹੀ ਲੋੜੀਂਦੀ ਸੇਧ ਵਿਚ ਤੁਰਿਆ ਜਾ ਸਕਦਾ ਹੈ। ਇਸ ਦੀਆਂ ਪੈੜਾਂ ਗੁਰੂ ਨਾਨਕ ਦੇਵ ਜੀ ਨੇ ਧਰਮ ਅਤੇ ਸਭਿਆਚਾਰ ਨੂੰ ਇਕੱਠਿਆਂ ਤੋਰ ਕੇ ਪਾ ਦਿੱਤੀਆਂ ਸਨ। ਇਸ ਪਾਸੇ ਸੰਵਾਦ ਰਚਾ ਕੇ ਹੀ ਤੁਰਿਆ ਜਾ ਸਕਦਾ ਹੈ। ਇਹੋ ਜਿਹਾ ਇਕ ਕਦਮ ਸੰਤ ਸੁੱਚਾ ਸਿੰਘ ਦੀ ਅਗਵਾਈ ਵਿਚ ਜਵੱਦੀ ਕਲਾਂ ਲੁਧਿਆਣਾ ਵਿਖੇ ਹੋਇਆ ਸੀ। ਨਤੀਜੇ ਚੰਗੇ ਨਿਕਲੇ ਸਨ। 550ਵੀਂ ਸ਼ਤਾਬਦੀ 'ਤੇ ਇਸੇ ਸੁਰ ਵਿਚ ਯਤਨ ਡੇਰਾ ਬਾਬਾ ਨਾਨਕ ਵਿਖੇ ਨਵੰਬਰ ਦੇ ਦੂਜੇ ਹਫਤੇ ਵਿਚ ਪੰਜਾਬ ਸਰਕਾਰ ਦੀ ਅਗਵਾਈ ਵਿਚ ਹੋ ਚੁਕਾ ਹੈ। ਚੰਗੇ ਨਤੀਜਿਆਂ ਦੀ ਆਸ ਕੀਤੀ ਜਾ ਰਹੀ ਹੈ। ਇਹੋ ਜਿਹੇ ਮਾਡਲਾਂ ਨੂੰ ਸਿਆਸੀ ਸ਼ਿਕੰਜਿਆਂ ਵਿਚ ਕੱਸ ਕੇ ਨਹੀਂ ਵੇਖਣਾ ਚਾਹੀਦਾ, ਕਿਉਂਕਿ ਇਹ ਯਤਨ ਤਾਂ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਤੇ ਸੰਸਥਾ ਦੇ ਇਰਦ-ਗਿਰਦ ਹੀ ਕੀਤੇ ਜਾ ਰਹੇ ਹਨ ਤੇ ਕਰਦੇ ਰਹਿਣਾ ਚਾਹੀਦਾ ਹੈ।

*(ਬਾਕੀ ਅਗਲੇ ਸਫੇ 'ਤੇ)*

## ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਂ 'ਤੇ


ਗੁਰੂਆਂ ਦੇ ਪ੍ਰਚਾਰ ਕੇਂਦਰਾਂ 'ਚ ਬ੍ਰਹਾਮਣਵਾਦੀ ਰੀਤਾਂ ਤੇ ਪਖੰਡ ਨੂੰ ਲਾਗੂ ਕੀਤਾ, ਤੇ ਜਮਹੂਰੀਅਤ ਲਾਗੂ ਕਰਨ ਦੀ ਥਾਂ ਰਣਜੀਤ ਸਿੰਘ ਆਪਣੇ ਸਿਰ 'ਤੇ ਮੱਧਕਾਲੀ ਯੁੱਗ ਦੀ ਰਾਜ-ਕਲਗੀ ਸਜਾ 'ਮਹਾਰਾਜਾ' ਬਣ ਗਿਆ। 'ਭੂਤਮੁਖੀ ਸੋਚ' ਨਾਂ ਦੀ ਏਸ ਮਰਜ਼ ਦੀ ਤਰਕ ਨਾਲ ਦੁਸ਼ਮਣੀ ਆ। ਜਦੋਂ ਤੱਕ ਲਾਣੇ ਨੂੰ ਇਹ ਮਰਜ਼ ਲੱਗੀ ਰਹੂ, ਉਨਾ ਚਿਰ ਨਹੀਂ ਵਸ ਸਕਦਾ ਪੰਜਾਬ ਗੁਰਾਂ ਦੇ ਨਾਂ 'ਤੇ।

'ਭੂਤਮੁਖੀ ਸੋਚ' ਨਾਂ ਦੀ ਮਰਜ਼ ਦੇ ਇਲਾਜ ਦਾ ਨੁਸਖਾ ਆ: ਤਰਕ (ਇੱਕ ਹਥਿਆਰ ਜੋ ਗੁਰੂ ਸਾਹਿਬਨ ਨੇ ਸਾਨੂੰ ਦਿਤਾ) ਤੇ ਵਿਗਿਆਨਕ ਸੋਚਣੀ, ਜੋ ਗੁਰੂ ਸਾਹਿਬਾਨ ਨੇ ਖੁਦ ਅਧਿਆਤਮਕ ਘੇਰੇ ਵਿਚ ਵਰਤੀ। ਮਿਸਾਲ ਵਜੋਂ ਭਾਵੇਂ ਵਿਗਿਆਨ ਦਾ ਇੱਕ ਕੇਂਦਰੀ, ਮਾਦੇ ਦੀ ਅਵਿਨਾਸ਼ਤਾ ਦੇ ਸਿਧਾਂਤ ਦਾ ਖਿਆਲ 2800 ਵਰ੍ਹੇ ਪਹਿਲੇ ਹੀ ਗਰੀਕ ਫਿਲਾਸਫਰ ਥੇਲਜ਼ ਨੂੰ ਆ ਗਿਆ ਸੀ, ਪਰ ਇਹ ਸਿਧਾਂਤ ਮੁਕੰਮਲ ਹੋਇਆ 20ਵੀਂ ਸਦੀ ਵਿਚ ਹੀ, ਆਈਨਸਟਾਈਨ ਦੀ ਖੋਜ ਨਾਲ। ਲਓ, ਸੁਣ ਲਓ, ਇਸ ਮੁਕੰਮਲ ਖਿਆਲ ਦਾ ਅਧਿਆਤਮਕ ਰੂਪ ਬਾਬੇ ਨਾਨਕ ਨੇ ਗੁਰਬਾਣੀ ਦੇ ਮੂਲ ਮੰਤਰ ਵਿਚ 20ਵੀਂ ਸਦੀ ਤੋਂ ਕਰੀਬ ਚਾਰ ਸਦੀਆਂ ਪਹਿਲਾਂ ਹੀ ਭਰ ਦਿੱਤਾ। ਇਸ ਲਈ ਚਲੋ ਅਧਿਆਤਮਕਤਾ ਦੇ ਦਾਇਰੇ ਵਿਚ ਹੀ ਸਹੀ, ਗੁਰਾਂ ਦੀ ਸੋਚ ਵਿਗਿਆਨਕ ਸੀ। ਉਨ੍ਹਾਂ ਦੀ ਬਾਣੀ ਵਿਚ ਔਰਤ ਨੂੰ ਮਰਦ ਦੇ ਬਰਾਬਰ ਦਰਜਾ, ਜ਼ੁਲਮ ਦਾ ਵਿਰੋਧ, ਕਿਰਤ ਤੇ ਹੱਕ ਸੱਚ ਦਾ ਸਾਥ, ਤੇ ਹੋਰ ਮਾਨਵਵਾਦੀ ਮੁੱਲ ਉਨ੍ਹਾਂ ਦੀ ਪਹੁੰਚ ਦੇ ਭਵਿੱਖਮੁਖੀ ਹੋਣ ਵੱਲ ਸਪਸ਼ਟ ਇਸ਼ਾਰਾ ਕਰਦੇ ਆ। ਮੌਜੂਦਾ ਸਮੱਸਿਆਵਾਂ ਦੇ ਹੱਲ ਲੱਭਣ ਲਈ ਭੂਤਮੁਖੀ ਪਹੁੰਚ ਅਪਨਾਉਣ ਦੀ ਥਾਂ ਅੱਜ ਦੇ ਹਾਲਾਤ 'ਤੇ ਆਧਾਰਿਤ, ਵਿਗਿਆਨਕ ਤੇ ਭਵਿੱਖਮੁਖੀ ਪਹੁੰਚ ਅਪਨਾਉਦਿਆਂ ਆਪਾਂ ਸੱਚੀਂ ਮੁੱਚੀਂ ਦੇ ਆਧੁਨਿਕ ਯੁੱਗ ਵਿਚ ਦਾਖਲ ਹੋ ਸਕਦੇ ਆਂ। ਫੇਰ ਵਸੂ ਪੰਜਾਬ ਗੁਰਾਂ ਦੇ ਨਾਂ 'ਤੇ।

*(ਸਮਾਪਤ)*

# ਧਵਲੈ ਉਪਰਿ ਕੇਤਾ ਭਾਰੁ

ਜਪੁਜੀ ਸਾਹਿਬ ਗੁਰੂ ਨਾਨਕ ਦੇਵ ਜੀ ਦੀ ਉਤਮ ਰਚਨਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਹੀ ਸੁਭਾਇਮਾਨ ਹੈ। ਇਸ ਬਾਣੀ 'ਚ ਗੁਰੂ ਸਾਹਿਬ ਨੇ ਮਨੁੱਖ ਦੇ ਭਰਮ ਭੁਲੇਖੇ ਦੂਰ ਕੀਤੇ ਹਨ। ਢੇਰ ਪੁਰਾਣੇ ਸਮੇਂ ਵਿਚ ਕਈ ਰਿਸ਼ੀ ਮੁਨੀ ਜੰਗਲ ਵਿਚ ਤਪ ਕਰਦੇ ਰਹੇ, ਜਿਨ੍ਹਾਂ ਨੇ ਉਪਨਿਸ਼ਦਾਂ ਲਿਖੀਆਂ। ਇਹ ਬਹੁਤ ਪੁਰਾਣੀਆਂ ਧਰਮ-ਪੁਸਤਕਾਂ ਹਨ। ਕਈਆਂ ਵਿਚ ਵਿਚਾਰ ਕੀਤੀ ਗਈ ਹੈ ਕਿ ਜਗਤ ਕਦੋਂ ਬਣਿਆ, ਕਿਉਂ ਬਣਿਆ, ਕਿਵੇਂ ਬਣਿਆ, ਕਿੰਨਾ ਕੁ ਵੱਡਾ ਹੈ? ਆਦਿ। ਭਗਤੀ ਕਰਨ ਗਏ ਰਿਸ਼ੀ ਭਗਤੀ ਦੀ ਥਾਂ ਇਕ ਅਜਿਹੇ ਉਦਮ ਵਿਚ ਲੱਗ ਪਏ, ਜੋ ਮਨੁੱਖ ਦੀ ਸਮਝ ਤੋਂ ਬਹੁਤ ਪਰੇ ਹੈ। ਇੱਥੇ ਸਤਿਗੁਰੂ ਇਸ ਉਕਾਈ ਵੱਲ ਇਸ਼ਾਰਾ ਕਰਦੇ ਹਨ। ਅਜਿਹੇ ਕੋਝੇ ਯਤਨਾਂ ਦਾ ਹੀ ਨਤੀਜਾ ਸੀ ਕਿ ਆਮ ਲੋਕਾਂ ਨੇ ਮਿਥ ਲਿਆ ਕਿ ਧਰਤੀ ਨੂੰ ਇਕ ਬਲਦ ਨੇ ਚੁੱਕਿਆ ਹੋਇਆ ਹੈ। ਇਹ ਮਿਸਾਲ ਲੈ ਕੇ ਸਤਿਗੁਰੂ ਇਸ ਦੀ ਨਿਖੇਧੀ ਕਰਦੇ ਹਨ ਕਿ ਕੁਦਰਤਿ ਬੇਅੰਤ



ਡਾ. ਅਜੀਤ ਸਿੰਘ ਕੋਟਕਪੂਰਾ
ਫੋਨ: 585-305-0443

ਹੈ, ਤੇ ਇਸ ਦਾ ਰਚਨਹਾਰ ਭੀ ਬੇਅੰਤ ਹੈ। ਉਨ੍ਹਾਂ ਫੁਰਮਾਇਆ,

ਧੌਲੁ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
ਜੇ ਕੋ ਬੁਝੈ ਹੋਵੈ ਸਚਿਆਰੁ॥
ਧਵਲੈ ਉਪਰਿ ਕੇਤਾ ਭਾਰੁ॥
ਧਰਤੀ ਹੋਰੁ ਪਰੈ ਹੋਰੁ ਹੋਰੁ॥
ਤਿਸ ਤੇ ਭਾਰੁ ਤਲੈ ਕਵਣੁ ਜੋਰੁ॥

ਅਕਾਲ ਪੁਰਖ ਦਾ ਧਰਮ-ਰੂਪੀ ਬੱਝਵਾਂ ਨਿਯਮ ਹੀ ਬਲਦ ਹੈ, ਜੋ ਸ੍ਰਿਸ਼ਟੀ ਨੂੰ ਕਾਇਮ ਰੱਖ ਰਿਹਾ ਹੈ। ਇਹ ਧਰਮ ਦਇਆ ਦਾ ਪੁੱਤਰ ਹੈ, ਭਾਵ ਅਕਾਲ ਪੁਰਖ ਨੇ ਆਪਣੀ ਮਿਹਰ ਕਰ ਕੇ ਸ੍ਰਿਸ਼ਟੀ ਨੂੰ ਟਿਕਾ ਰੱਖਣ ਲਈ 'ਧਰਮ'-ਰੂਪ ਨਿਯਮ ਬਣਾ ਦਿੱਤਾ ਹੈ। ਇਸ ਧਰਮ ਨੇ ਆਪਣੀ ਮਰਿਆਦਾ ਅਨੁਸਾਰ 'ਸੰਤੋਖ' ਨੂੰ ਜਨਮ ਦੇ ਦਿੱਤਾ ਹੈ। ਜੇ ਕੋਈ ਮਨੁੱਖ ਇਸ ਵਿਚਾਰ ਨੂੰ ਸਮਝ ਲਏ, ਤਾਂ ਉਹ ਇਸ ਯੋਗ ਹੋ ਜਾਂਦਾ ਹੈ ਕਿ ਉਸ ਅੰਦਰ ਅਕਾਲ ਪੁਰਖ ਦਾ ਪ੍ਰਕਾਸ਼ ਹੋ ਜਾਏ। ਨਹੀਂ ਤਾਂ ਖਿਆਲ ਕਰੋ ਕਿ ਬਲਦ ਉਤੇ ਧਰਤੀ ਦਾ ਕਿੰਨਾ ਕੁ ਬੇਅੰਤ ਭਾਰ ਹੈ, ਉਹ ਵਿਚਾਰਾ ਇੰਨੇ ਭਾਰ ਨੂੰ ਚੁੱਕ ਕਿਵੇਂ ਸਕਦਾ ਹੈ? ਦੂਜੀ ਵਿਚਾਰ ਹੋਰ ਹੈ ਕਿ ਜੇ ਧਰਤੀ ਦੇ ਹੇਠ ਬਲਦ ਹੈ, ਉਸ ਬਲਦ ਨੂੰ ਸਹਾਰਾ ਦੇਣ ਲਈ ਹੇਠ ਹੋਰ ਧਰਤੀ ਹੋਈ, ਉਸ ਧਰਤੀ ਦੇ ਹੇਠ ਹੋਰ ਬਲਦ, ਉਸ ਤੋਂ ਹੇਠਾਂ ਧਰਤੀ ਦੇ ਹੇਠ ਹੋਰ ਬਲਦ, ਫੇਰ ਹੋਰ ਬਲਦ, ਇਸੇ ਤਰ੍ਹਾਂ ਅਖੀਰਲੇ ਬਲਦ ਤੋਂ ਭਾਰ ਸਹਾਰਨ ਲਈ ਉਸ ਦੇ ਹੇਠ ਕਿਹੜਾ ਆਸਰਾ ਹੋਵੇਗਾ?

ਜਦੋਂ ਗੁਰੂ ਸਾਹਿਬ ਨੂੰ ਪੁੱਛਿਆ ਗਿਆ ਕਿ ਜਿਸ ਵੇਲੇ ਸ੍ਰਿਸ਼ਟੀ ਦੀ ਰਚਨਾ ਕੀਤੀ ਗਈ, ਉਦੋਂ ਕਿਹੜੀ ਰੁੱਤ ਸੀ, ਕਿਹੜਾ ਮਹੀਨਾ ਸੀ ਅਤੇ ਕਿਹੜਾ ਵੇਲਾ ਸੀ, ਕਿਹੜੀ ਮਿਤੀ ਸੀ, ਕਿਹੜਾ ਵਾਰ ਸੀ? ਉਨ੍ਹਾਂ ਨੇ ਆਪਣੀ ਵਿਧੀ ਨਾਲ ਪਹਿਲਾਂ ਸੁਆਲ ਕੀਤਾ ਹੈ ਅਤੇ ਅੰਤਿਮ ਤੁਕ ਵਿਚ ਉਸ ਦਾ ਖੁਦ ਹੀ ਜਵਾਬ ਦਿੱਤਾ ਹੈ,

ਕਵਣੁ ਸੁ ਵੇਲਾ ਵਖਤੁ ਕਵਣੁ
ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ
ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ
ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ
ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ
ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ
ਆਪੇ ਜਾਣੈ ਸੋਈ॥

ਗੁਰੂ ਜੀ ਨੇ ਫੁਰਮਾਇਆ ਕਿ ਇਸ ਸਵਾਲ ਦਾ ਜਵਾਬ ਤਾਂ ਉਸ ਵਕਤ ਦੇ ਕਾਜ਼ੀਆਂ ਜਾਂ ਪੰਡਿਤਾਂ ਨੂੰ ਵੀ ਪਤਾ ਨਹੀਂ ਸੀ, ਜੇ ਹੁੰਦਾ ਤਾਂ ਜ਼ਰੂਰ ਕਿਸੇ ਗ੍ਰੰਥ 'ਚ ਲਿਖਿਆ ਮਿਲ ਜਾਂਦਾ। ਇਸ ਲਈ ਥਿਤ ਵਾਰ ਤਾਂ ਜੋਗੀਆਂ ਨੂੰ ਵੀ ਨਹੀਂ ਸੀ ਪਤਾ। ਇਹ ਤਾਂ ਅਕਾਲ ਪੁਰਖ ਹੀ ਜਾਣਦਾ ਹੈ, ਜੋ ਸ੍ਰਿਸ਼ਟੀ ਦਾ ਰਚਨਹਾਰਾ ਹੈ, ਭਾਵੇਂ ਅੱਜ ਵਿਗਿਆਨ ਵੀ ਇਸ ਦਾ ਸਹੀ ਉਤਰ ਜਾਣਨ ਦੇ ਯਤਨਾਂ ਵਿਚ ਹੈ।

ਗੁਰੂ ਨਾਨਕ ਦੇਵ ਜੀ ਨੇ ਸਮੇਂ ਦੇ ਹਾਕਮਾਂ ਨੂੰ ਉਨ੍ਹਾਂ ਦੇ ਕੀਤੇ ਕੰਮਾਂ ਬਾਰੇ ਆਖਿਆ ਕਿ ਤੁਸੀਂ ਗਰੀਬ ਅਤੇ ਵਿਚਾਰੀ ਜਨਤਾ 'ਤੇ ਜ਼ੁਲਮ ਕਰ ਰਹੇ ਹੋ, ਇਹ ਬੰਦ ਕਰੋ, ਤੁਹਾਨੂੰ ਵੀ ਅਕਾਲ ਪੁਰਖ ਨਹੀਂ ਬਖਸ਼ੇਗਾ। ਉਥੇ ਉਨ੍ਹਾਂ ਨੇ ਵਾਹਿਗੁਰੂ ਪਾਸ ਗਿਲਾ ਕੀਤਾ, ਜੋ ਗੁਰੂ ਗ੍ਰੰਥ ਸਾਹਿਬ ਦੇ ਪੰਨਾ 360 'ਤੇ ਸੁਭਾਇਮਾਨ ਹੈ,

ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ
ਤਾ ਮਨਿ ਰੋਸੁ ਨ ਹੋਈ॥੧॥ ਰਹਾਉ॥
ਸਕਤਾ ਸੀਹੁ ਮਾਰੇ ਪੈ ਵਗੈ
ਖਸਮੈ ਸਾ ਪੁਰਸਾਈ॥
ਰਤਨ ਵਿਗਾੜਿ ਵਿਗੋਏ ਕੁਤੀਂ
ਮੁਇਆ ਸਾਰ ਨ ਕਾਈ॥
ਆਪੇ ਜੋੜਿ ਵਿਛੋੜੇ ਆਪੇ
ਵੇਖੁ ਤੇਰੀ ਵਡਿਆਈ॥

ਹੇ ਕਰਤਾਰ! ਤੂੰ ਸਭਨਾਂ ਜੀਵਾਂ ਦੀ ਸਾਰ ਰੱਖਣ ਵਾਲਾ ਹੈਂ। ਜੇ ਕੋਈ ਜ਼ੋਰਾਵਰ ਜ਼ੋਰਾਵਰ ਨੂੰ ਮਾਰੇ-ਕੁੱਟੇ ਤਾਂ ਵੇਖਣ ਵਾਲਿਆਂ ਦੇ ਮਨ ਵਿਚ ਗੁੱਸਾ-ਗਿਲਾ ਨਹੀਂ ਹੁੰਦਾ, ਕਿਉਂਕਿ ਦੋਵੇਂ ਧਿਰਾਂ ਇਕ ਦੂਜੇ ਨੂੰ ਕਰਾਰੇ ਹੱਥ ਵਿਖਾ ਲੈਂਦੀਆਂ ਹਨ। ਪਰ ਜੇ ਕੋਈ ਸ਼ੇਰ ਜਿਹਾ ਜ਼ੋਰਾਵਰ ਗਊਆਂ ਦੇ ਵੱਗ ਵਰਗੇ ਕਮਜ਼ੋਰ ਨਿਹੱਥਿਆਂ 'ਤੇ ਹੱਲਾ ਕਰ ਕੇ ਮਾਰਨ ਨੂੰ ਆ ਪਏ, ਤਾਂ ਇਸ ਦੀ ਪੁੱਛ ਵੱਗ ਦੇ ਖਸਮ ਨੂੰ ਹੀ ਹੁੰਦੀ ਹੈ, ਤਾਹੀਏਂ, ਹੇ ਕਰਤਾਰ! ਮੈਂ ਤੇਰੇ ਅੱਗੇ ਪੁਕਾਰ ਕਰਦਾ ਹਾਂ। ਕੁੱਤੇ ਓਪਰੇ ਕੁੱਤਿਆਂ ਨੂੰ ਵੇਖ ਕੇ ਜਰ ਨਹੀਂ ਸਕਦੇ, ਪਾੜ ਖਾਂਦੇ ਹਨ। ਇਸੇ ਤਰ੍ਹਾਂ ਮਨੁੱਖ ਨੂੰ ਪਾੜ ਖਾਣ ਵਾਲੇ ਇਨ੍ਹਾਂ ਮਨੁੱਖ-ਰੂਪ ਮੁਗਲ ਕੁੱਤਿਆਂ ਨੇ ਤੇਰੇ ਬਣਾਏ ਸੋਹਣੇ ਬੰਦਿਆਂ ਨੂੰ ਮਾਰ ਮਾਰ ਕੇ ਮਿੱਟੀ ਵਿਚ ਰੋਲ ਦਿੱਤਾ ਹੈ, ਮਰੇ ਪਿਆਂ ਦੀ ਕੋਈ ਸਾਰ ਵੀ ਨਹੀਂ ਲੈਂਦਾ। ਹੇ ਕਰਤਾਰ! ਤੇਰੀ ਰਜ਼ਾ ਤੂੰ ਹੀ ਜਾਣੇਂ! ਤੂੰ ਆਪ ਹੀ ਸਬੰਧ ਜੋੜ ਕੇ ਆਪ ਹੀ ਇਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪੇ ਵਿਛੋੜ ਦਿੱਤਾ ਹੈ। ਹੇ ਕਰਤਾਰ! ਇਹ ਤੇਰੀ ਤਾਕਤ ਦਾ ਕ੍ਰਿਸ਼ਮਾ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਗੁਰਮੁਖੀ ਲਿਪੀ ਵਿਚ ਲਿਖਿਆ ਗਿਆ ਤਾਂ ਜੋ ਆਮ ਲੋਕਾਈ ਇਸ ਨੂੰ ਪੜ੍ਹ ਸਕੇ। ਇਸ ਤੋਂ ਪਹਿਲਾਂ ਗ੍ਰੰਥ ਸੰਸਕ੍ਰਿਤ ਭਾਸ਼ਾ ਵਿਚ ਲਿਖੇ ਜਾਂਦੇ ਸਨ, ਜੋ ਆਮ ਲੋਕਾਈ ਦੀ ਸਮਝ ਤੋਂ ਬਾਹਰ ਸੀ ਅਤੇ ਉਸ ਸਮੇਂ ਸਿਰਫ ਥੋੜ੍ਹੇ ਜਿਹੇ ਲੋਕ ਹੀ ਸੰਸਕ੍ਰਿਤ ਪੜ੍ਹ ਤੇ ਸਮਝ ਸਕਦੇ ਸਨ। ਪੰਜਾਬੀ ਭਾਸ਼ਾ ਕਾਫੀ ਸਮੇਂ ਤੋਂ ਪ੍ਰਚਲਿਤ ਸੀ, ਉਸ ਦਾ ਪੈਂਤੀ ਦਾ ਕਰਮ ਅੱਜ ਦੇ ਕਰਮ ਅਨੁਸਾਰ ਨਹੀਂ ਸੀ, ਸਗੋਂ ਉਹ 'ਸ' ਤੋਂ ਸ਼ੁਰੂ ਹੋ ਕੇ 'ਅ' ਉਤੇ ਖਤਮ ਹੁੰਦੀ ਸੀ, ਜੋ ਨਿਮਨ ਅਨੁਸਾਰ ਸੀ,

ਸ ੲ ੳ ਙ ਕ
ਖ ਗ ਘ ਚ ਛ
ਜ ਝ ਞ ਟ ਠ
ਡ ਢ ਣ ਤ ਥ
ਦ ਧ ਨ ਪ ਫ
ਬ ਭ ਮ ਯ ਰ
ਲ ਵ ੜ ਹ ਅ

ਇਸ ਦੀ ਸਪਸ਼ਟ ਮਿਸਾਲ ਗੁਰੂ ਗ੍ਰੰਥ ਸਾਹਿਬ ਵਿਚ ਪੰਨਾ 432 ਅੰਕ 'ਤੇ ਸੁਭਾਇਮਾਨ 'ਰਾਗੁ ਆਸਾ ਮਹਲਾ ੧ ਪਟੀ ਲਿਖੀ' ਤੋਂ ਹੈ, ਜਿਸ ਵਿਚ ਪਹਿਲੇ ਸ਼ਲੋਕ ਦਾ ਪਹਿਲਾ ਸ਼ਬਦ ਅੱਖਰ 'ਸ' ਤੋਂ ਸ਼ੁਰੂ ਹੁੰਦਾ ਹੈ, ਜੋ ਇਸ ਤਰ੍ਹਾਂ ਹੈ,

ੴ ਸਤਿਗੁਰ ਪ੍ਰਸਾਦਿ॥
ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ॥
ਅਗਲੀ ਸਤਰ ਅੱਖਰ 'ੲ' ਤੋਂ ਸ਼ੁਰੂ ਹੁੰਦੀ ਹੈ,
ਈਵੜੀ ਆਦਿ ਪੁਰਖੁ ਹੈ
ਦਾਤਾ ਆਪੇ ਸਚਾ ਸੋਈ॥
ਅਗਲੀ ਸਤਰ ਅੱਖਰ 'ੳ' ਤੋਂ ਸ਼ੁਰੂ ਹੁੰਦੀ ਹੈ,
ਊੜੈ ਉਪਮਾ ਤਾ ਕੀ ਕੀਜੈ
ਜਾ ਕਾ ਅੰਤੁ ਨ ਪਾਇਆ॥
ਅਗਲੀ ਸਤਰ ਅੱਖਰ 'ਙ' ਤੋਂ ਸ਼ੁਰੂ ਹੁੰਦੀ ਹੈ,
ਙੰਙੈ ਙਿਆਨੁ ਬੂਝੈ ਜੇ ਕੋਈ
ਪੜਿਆ ਪੰਡਿਤੁ ਸੋਈ॥

ਆਖਰੀ ਦੋ ਅੱਖਰ 'ਹ' ਅਤੇ 'ਅ' ਵੱਖਰੇ ਹਨ, ਜੋ ਇਸ ਤਰ੍ਹਾਂ ਹਨ,

ਹਾਹੈ ਹੋਰੁ ਨ ਕੋਈ ਦਾਤਾ
ਜੀਅ ਉਪਾਇ ਜਿਨਿ ਰਿਜਕੁ ਦੀਆ॥

ਅਤੇ ਆਖਰੀ ਅੱਖਰ 'ਅ' ਹੈ, ਜੋ ਇਸ ਤਰ੍ਹਾਂ ਹੈ,

ਆਇੜੈ ਆਪਿ ਕਰੇ ਜਿਨਿ ਛੋਡੀ
ਜੋ ਕਿਛੁ ਕਰਣਾ ਸੁ ਕਰਿ ਰਹਿਆ॥

ਪਰ ਜੋ ਪੈਂਤੀ ਅੱਜ ਕਲ ਵਰਤੋਂ ਵਿਚ ਹੈ, ਉਸ ਨੂੰ ਗੁਰਮੁਖੀ ਲਿਪੀ ਦਾ ਨਾਂ ਦਿਤਾ ਗਿਆ ਹੈ, ਕਿਉਂਕਿ ਇਹ ਗੁਰੂ ਸਾਹਿਬਾਨ ਦੇ ਮੁਖ ਤੋਂ ਉਚਾਰੀ ਗਈ ਸੀ ਅਤੇ ਇਹ ਰੂਪ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਨੇ ਦਿਤਾ ਸੀ, ਜੋ ਇੰਜ ਹੈ,

ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ

ਗੁਰੂ ਸਾਹਿਬਾਨ ਨੇ ਜਾਤ-ਪਾਤ ਦਾ ਡਟਵਾਂ ਵਿਰੋਧ ਕੀਤਾ ਤੇ ਸਮਝਾਇਆ ਕਿ ਕੋਈ ਵੀ ਜਾਤ ਉਚੀ ਜਾਂ ਨੀਵੀਂ ਨਹੀਂ ਹੈ, ਸਾਰੇ ਬਰਾਬਰ ਹਨ।

ਗੁਰੂ ਨਾਨਕ ਦੇਵ ਜੀ ਨੇ ਆਖਿਆ ਕਿ ਕਿਸੇ ਨੂੰ ਵੀ ਉਸ ਦੀ ਜਾਤ ਜਾਂ ਜਨਮ ਤੋਂ ਨਾ ਪਛਾਣਿਆ ਜਾਵੇ ਕਿ ਕੋਈ ਕਿਸ ਘਰਾਣੇ ਵਿਚ ਪੈਦਾ ਹੋਇਆ ਹੈ, ਸਗੋਂ ਉਸ ਦੇ ਕੰਮ ਹੀ ਦਸਦੇ ਹਨ ਕਿ ਉਸ ਦੀ ਜਾਤ ਨੀਵੀਂ ਹੈ ਜਾਂ ਉਚੀ। ਉਨ੍ਹਾਂ ਲਿਖਿਆ ਹੈ,

ਜਾਤਿ ਜਨਮੁ ਨਹ ਪੂਛੀਐ
ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ
ਜੇਹੇ ਕਰਮ ਕਮਾਇ॥
ਜਨਮ ਮਰਨ ਦੁਖੁ ਕਾਟੀਐ
ਨਾਨਕ ਛੂਟਸਿ ਨਾਇ॥ (ਅੰਗ 1330)

ਪ੍ਰੋ. ਸਾਹਿਬ ਸਿੰਘ ਇਸ ਦੇ ਅਰਥ ਇਸ ਤਰ੍ਹਾਂ ਕਰਦੇ ਹਨ, ਹੇ ਨਾਨਕ! ਪ੍ਰਭੂ ਹਰੇਕ ਜੀਵ ਦੇ ਅੰਦਰ ਮੌਜੂਦ ਹੈ, ਪ੍ਰਭੂ ਹੀ ਹਰੇਕ ਦੀ ਜਾਤ-ਪਾਤ ਹੈ। ਵਖਰੇਵਿਆਂ ਵਿਚ ਪੈ ਕੇ ਇਹ ਨਹੀਂ ਪੁੱਛਣਾ ਚਾਹੀਦਾ ਕਿ ਫਲਾਣੇ ਦੀ ਜਾਤ ਕੀ ਹੈ? ਕਿਸ ਕੁਲ ਵਿਚ ਉਸ ਦਾ ਜਨਮ ਹੋਇਆ? ਪੁੱਛਣਾ ਹੈ ਤਾਂ ਪੁੱਛੋ ਕਿ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਕਿਸ ਹਿਰਦੇ-ਘਰ ਵਿਚ ਪਰਗਟ ਹੋਇਆ ਹੈ? ਜਾਤ-ਪਾਤ ਤਾਂ ਜੀਵ ਦੀ ਉਹੀ ਹੈ, ਜਿਹੋ ਜਿਹੇ ਜੀਵ ਕਰਮ ਕਮਾਉਂਦਾ ਹੈ। ਜਨਮ ਮਰਨ ਦੇ ਗੇੜ ਦਾ ਦੁਖ ਤਦੇ ਹੀ ਦੂਰ ਹੁੰਦਾ ਹੈ, ਜਦੋਂ ਜੀਵ ਪ੍ਰਭੂ ਦੇ ਨਾਮ ਨਾਲ ਜੁੜਦਾ ਹੈ। ਨਾਮ ਵਿਚ ਜੁੜਿਆਂ ਹੀ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ-ਪੰਜ ਚੋਰਾਂ ਤੋਂ ਖਲਾਸੀ ਹੁੰਦੀ ਹੈ।

ਇਹ ਵੱਖਰੀ ਗੱਲ ਹੈ ਕਿ ਅਸੀਂ ਜਾਤ-ਪਾਤ ਨੂੰ ਬਿਲਕੁਲ ਨਹੀਂ ਤਿਆਗਿਆ, ਸਗੋਂ ਵੱਖੋ ਵੱਖ ਜਾਤਾਂ ਨੇ ਆਪੋ ਆਪਣੇ ਗੁਰਦੁਆਰੇ ਬਣਾ ਲਏ ਹਨ ਅਤੇ ਅਸੀਂ ਗੁਰੂ ਨੂੰ ਜਾਤ-ਪਾਤ ਵਿਚ ਵੰਡਣ ਵਿਚ ਲੱਗੇ ਹੋਏ ਹਾਂ। ਗੁਰੂ ਸਾਹਿਬ ਦਾ ਫੁਰਮਾਨ ਹੈ,

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

ਸਾਰੇ ਹੀ ਜੀਵਾਂ ਵਿਚ ਇਕੋ ਉਹੀ ਪਰਮਾਤਮਾ ਦੀ ਜੋਤੀ ਵਰਤ ਰਹੀ ਹੈ। ਉਸ ਜੋਤਿ ਦੇ ਪ੍ਰਕਾਸ਼ ਨਾਲ ਸਾਰੇ ਜੀਵਾਂ ਵਿਚ ਚਾਨਣ ਭਾਵ ਸੂਝ-ਬੂਝ ਹੈ।

ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਤ ਬ੍ਰਾਹਮਣਹ॥
ਖ੍ਹਤ੍ਰੀ ਸਬਦੰ ਸੂਰ ਸਬਦੰ
ਸੂਦ੍ਰ ਸਬਦੰ ਪਰਾ ਕ੍ਰਿਤਹ॥

ਵਰਣ-ਵੰਡ ਦੇ ਵਿਤਕਰੇ ਪਾਉਣ ਵਾਲੇ ਆਖਦੇ ਹਨ ਕਿ ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ, ਬ੍ਰਹਮ ਦੀ ਵਿਚਾਰ ਕਰਨਾ ਹੈ, ਬ੍ਰਾਹਮਣਾਂ ਦਾ ਧਰਮ ਵੇਦਾਂ ਦੀ ਵਿਚਾਰ ਹੈ; ਖੱਤਰੀਆਂ ਦਾ ਧਰਮ ਸੂਰਮਿਆਂ ਵਾਲੇ ਕੰਮ ਕਰਨਾ ਹੈ ਤੇ ਸੂਦਰਾਂ ਦਾ ਧਰਮ ਦੂਜਿਆਂ ਦੀ ਸੇਵਾ ਹੈ, ਪਰ ਗੁਰੂ ਸਾਹਿਬ ਨੇ ਫੁਰਮਾਇਆ ਹੈ,

ਸਰਬ ਸਬਦੰ ਤ ਏਕ ਸਬਦੰ
ਜੇ ਕੋ ਜਾਨਸਿ ਭੇਉ॥
ਨਾਨਕ ਤਾ ਕੋ ਦਾਸੁ ਹੈ
ਸੋਈ ਨਿਰੰਜਨ ਦੇਉ॥

ਸਭ ਤੋਂ ਸ੍ਰੇਸ਼ਟ ਧਰਮ ਇਹ ਹੈ ਕਿ ਪਰਮਾਤਮਾ ਦਾ ਸਿਮਰਨ ਕੀਤਾ ਜਾਏ। ਜੇ ਕੋਈ ਮਨੁੱਖ ਇਸ ਭੇਤ ਨੂੰ ਸਮਝ ਲਏ, ਨਾਨਕ ਉਸ ਮਨੁੱਖ ਦਾ ਦਾਸ ਹੈ, ਉਹ ਮਨੁੱਖ ਪਰਮਾਤਮਾ ਦਾ ਰੂਪ ਹੋ ਜਾਂਦਾ ਹੈ।

ਗੁਰੂ ਸਾਹਿਬ ਨੇ ਦੱਸਿਆ ਕਿ ਮਨੁੱਖੀ ਸਮਾਜ ਅੰਦਰ ਏਕਤਾ, ਸਾਂਝੀਵਾਲਤਾ ਅਤੇ ਇਕਸੁਰਤਾ ਦੀ ਲੋੜ ਹੈ, ਨਾ ਕਿ ਆਪੋ ਵਿਚ ਪਾਟੋ ਧਾੜ ਹੋ ਕੇ ਆਪੋ ਆਪਣੀ ਡਫਲੀ ਵੱਖ ਵੱਖ ਵਜਾਈ ਜਾਵੇ। ਸਾਂਝੀਵਾਲਤਾ ਵਾਲੇ ਸਮਾਜਕ ਲੋਕ ਪੂਰਨ ਤੌਰ 'ਤੇ ਆਜ਼ਾਦ ਹੁੰਦੇ ਹਨ। ਸਾਂਝੀਵਾਲਤਾ ਦਾ ਸੁਨੇਹਾ ਦਿੰਦਿਆਂ ਗੁਰੂ ਸਾਹਿਬਾਨ ਨੇ ਉਚਾਰਿਆ ਹੈ,

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ॥ (ਪੰਨਾ 72)

---

ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥ (ਪੰਨਾ 97)

---

ਸਭੇ ਸਾਝੀਵਾਲ ਸਦਾਇਨਿ
ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (ਪੰਨਾ 97)

ਦਸਵੀਂ ਜੋਤ ਨੇ ਵੀ ਆਖਿਆ ਹੈ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।

ਗੁਰੂ ਸਾਹਿਬਾਨ ਨੇ ਦੱਸਿਆ ਹੈ ਕਿ ਬ੍ਰਾਹਮਣ ਕੌਣ ਹੈ? ਬ੍ਰਾਹਮਣ ਉਹ ਹੈ, ਜੋ ਸਰਬ-ਵਿਆਪਕ ਪ੍ਰਭੂ ਵਿਚ ਸੁਰਤਿ ਜੋੜਦਾ ਹੈ, ਇਸ ਤਰ੍ਹਾਂ ਆਪ ਭੀ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਦਾ ਹੈ ਤੇ ਆਪਣੀਆਂ ਸੱਭੇ ਕੁਲਾਂ ਨੂੰ ਵੀ ਲੰਘਾ ਲੈਂਦਾ ਹੈ,

ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥
ਆਪਿ ਤਰੈ ਸਗਲੇ ਕੁਲ ਤਾਰੈ॥
ਦਾਨਸਬੰਦੁ ਸੋਈ ਦਿਲਿ ਧੋਵੈ॥
ਮੁਸਲਮਾਣੁ ਸੋਈ ਮਲੁ ਖੋਵੈ॥
(ਪੰਨਾ 662)

ਗਿਆਨ ਤੋਂ ਬਿਨਾ ਸਾਰੀ ਖਲਕਤ ਅੰਨ੍ਹਿਆਂ ਜਿਹੀ ਹੁੰਦੀ ਹੈ। ਜਿੱਥੇ ਵੀ ਅਗਿਆਨ ਪਸਰਿਆ ਹੁੰਦਾ ਹੈ, ਜੀਵਨ ਦੀਆਂ ਸੱਭੇ ਖੁਸ਼ੀਆਂ ਅਲੋਪ ਹੀ ਰਹਿੰਦੀਆਂ ਹਨ। ਚਲਾਕ ਲੋਕ ਆਪਣੀਆਂ ਚਤੁਰਾਈਆਂ ਸਦਕਾ ਲੋਕਾਂ ਨੂੰ ਬੁੱਧੂ ਬਣਾ ਕੇ ਉਨ੍ਹਾਂ ਦੇ ਅਗਿਆਨ ਦਾ ਫਾਇਦਾ ਉਠਾ ਕੇ ਧਨ ਦੌਲਤ ਇਕੱਠੀ ਕਰਨ ਦਾ ਆਹਰ ਕਰਦੇ ਰਹਿੰਦੇ ਹਨ। ਗੁਰੂ ਸਾਹਿਬ ਨੇ ਫਰਮਾਇਆ ਹੈ,

ਅੰਧੀ ਰਯਤਿ ਗਿਆਨ ਵਿਹੂਣੀ
ਭਾਹਿ ਭਰੇ ਮੁਰਦਾਰੁ॥
ਗਿਆਨੀ ਨਚਹਿ ਵਾਜੇ ਵਾਵਹਿ
ਰੂਪ ਕਰਹਿ ਸੀਗਾਰੁ॥
ਊਚੇ ਕੂਕਹਿ ਵਾਦਾ ਗਾਵਹਿ
ਜੋਧਾ ਕਾ ਵੀਚਾਰੁ॥
ਮੂਰਖ ਪੰਡਿਤ ਹਿਕਮਤਿ ਹੁਜਤਿ
ਸੰਜੈ ਕਰਹਿ ਪਿਆਰੁ॥
ਧਰਮੀ ਧਰਮੁ ਕਰਹਿ ਗਾਵਾਵਹਿ
ਮੰਗਹਿ ਮੋਖ ਦੁਆਰੁ॥ (ਪੰਨਾ 469)

ਪਰਜਾ ਗਿਆਨ ਤੋਂ ਸੱਖਣੀ ਹੋਣ ਦੇ ਕਾਰਨ ਮਾਨੋ ਅੰਨ੍ਹੀ ਹੋਈ ਪਈ ਹੈ ਅਤੇ ਤ੍ਰਿਸ਼ਨਾ ਅੱਗ ਦੀ ਚੱਟੀ ਭਰ ਰਹੀ ਹੈ। ਜੋ ਮਨੁੱਖ ਆਪਣੇ ਆਪ ਨੂੰ ਗਿਆਨਵਾਨ ਉਪਦੇਸ਼ਕ ਅਖਵਾਉਂਦੇ ਹਨ, ਉਹ ਨੱਚਦੇ ਹਨ, ਵਾਜੇ ਵਜਾਉਂਦੇ ਹਨ ਅਤੇ ਕਈ ਤਰ੍ਹਾਂ ਦੇ ਭੇਸ ਵਟਾਉਂਦੇ ਹਨ ਤੇ ਸ਼ਿੰਗਾਰ ਕਰਦੇ ਹਨ; ਉਹ ਗਿਆਨੀ ਉਚੀ ਉਚੀ ਕੂਕਦੇ ਹਨ, ਯੁੱਧਾਂ ਦੇ ਪ੍ਰਸੰਗ ਸੁਣਾਉਂਦੇ ਹਨ ਅਤੇ ਜੋਧਿਆਂ ਦੀਆਂ ਵਾਰਾਂ ਦੀ ਵਿਆਖਿਆ ਕਰਦੇ ਹਨ। ਪੜ੍ਹੇ-ਲਿਖੇ ਮੂਰਖ ਨਿਰੀਆਂ ਚਲਾਕੀਆਂ ਕਰਨੀਆਂ ਤੇ ਦਲੀਲਾਂ ਦੇਣੀਆਂ ਹੀ ਜਾਣਦੇ ਹਨ, ਪਰ ਮਾਇਆ ਇਕੱਠੀ ਕਰਨ ਵਿਚ ਜੁਟੇ ਹੋਏ ਹਨ। ਜੋ ਮਨੁੱਖ ਆਪਣੇ ਆਪ ਨੂੰ ਧਰਮੀ ਸਮਝਦੇ ਹਨ, ਉਹ ਆਪਣੇ ਵਲੋਂ ਤਾਂ ਧਰਮ ਦਾ ਕੰਮ ਕਰਦੇ ਹਨ, ਪਰ ਸਾਰੀ ਮਿਹਨਤ ਗਵਾ ਬੈਠਦੇ ਹਨ, ਕਿਉਂਕਿ ਇਸ ਦੇ ਵੱਟੇ ਮੁਕਤੀ ਦਾ ਦਰ ਮੰਗਦੇ ਹਨ ਕਿ ਅਸੀਂ ਮੁਕਤ ਹੋ ਜਾਈਏ, ਭਾਵ ਧਰਮ ਦਾ ਕੰਮ ਤਾਂ ਕਰਦੇ ਹਨ, ਪਰ ਨਿਸ਼ਕਾਮ ਹੋ ਕੇ ਨਹੀਂ, ਅਜੇ ਵੀ ਵਾਸ਼ਨਾ ਦੇ ਬੱਧੇ ਹਨ।

ਮੁੱਕਦੀ ਗੱਲ ਇਹ ਹੈ ਕਿ ਸਾਨੂੰ ਜਾਤ-ਪਾਤ ਛੱਡ ਕੇ ਉਸ ਸੱਚੇ ਅਕਾਲ ਪੁਰਖ ਦੇ ਲੜ ਲੱਗਣਾ ਚਾਹੀਦਾ ਹੈ ਅਤੇ ਗੁਰੂ ਜੀ ਦੇ ਉਪਦੇਸ਼ ਕਿਰਤ ਕਰੋ, ਨਾਮ ਜਪੋ ਅਤੇ ਵੰਡ ਕੇ ਛਕੋ 'ਤੇ ਅਮਲ ਕਰ ਕੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਾ ਚਾਹੀਦਾ ਹੈ। ਆਪਸੀ ਵਿਚਾਰ-ਵਟਾਂਦਰੇ ਲਈ ਗੁਰੂ ਜੀ ਦੇ ਉਪਦੇਸ਼ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥' 'ਤੇ ਚਲਦਿਆਂ ਸਾਨੂੰ ਅਕਾਲ ਪੁਰਖ ਪਾਸ ਸਰਬਤ ਦੇ ਭਲੇ ਅਤੇ ਚੜ੍ਹਦੀ ਕਲਾ ਦੀ ਅਰਦਾਸ ਕਰਨੀ ਚਾਹੀਦੀ ਹੈ।

## ਜਾਨਣਹਾਰੁ ਰਹਿਆ ਪ੍ਰਭੁ ਜਾਨਿ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਰਾਮਕਲੀ ਮਹਲਾ ੫॥
ਆਤਮ ਰਾਮੁ ਸਰਬ ਮਹਿ ਪੇਖੁ॥
ਪੂਰਨ ਪੂਰਿ ਰਹਿਆ ਪ੍ਰਭ ਏਕੁ॥
ਰਤਨੁ ਅਮੋਲੁ ਰਿਦੇ ਮਹਿ ਜਾਨੁ॥
ਅਪਨੀ ਵਸਤੁ ਤੂ ਆਪਿ ਪਛਾਨੁ॥
ਪੀ ਅੰਮ੍ਰਿਤੁ ਸੰਤਨ ਪਰਸਾਦਿ॥
ਵਡੇ ਭਾਗ ਹੋਵਹਿ ਤਉ ਪਾਈਐ
ਬਿਨੁ ਜਿਹਵਾ ਕਿਆ ਜਾਣੈ ਸੁਆਦੁ॥ ਰਹਾਉ॥
ਅਠ ਦਸ ਬੇਦ ਸੁਨੇ ਕਹ ਡੋਰਾ॥
ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥
ਪਸੂ ਪਰੀਤਿ ਘਾਸ ਸੰਗਿ ਰਚੈ॥
ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ॥
ਜਾਨਣਹਾਰੁ ਰਹਿਆ ਪ੍ਰਭੁ ਜਾਨਿ॥
ਓਤਿ ਪੋਤਿ ਭਗਤਨ ਸੰਗਾਨਿ॥
ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ॥
ਨਾਨਕ ਤਿਨ ਜਮ ਨੇੜਿ ਨ ਆਵਹਿ॥

ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ ਉਸ ਸਰਬ ਵਿਆਪਕ ਮਿਹਰਬਾਨ ਪਰਮਾਤਮਾ ਨੂੰ ਸਭ ਜੀਵਾਂ ਵਿਚ ਵੱਸਦਾ ਵੇਖ। ਉਹ ਇਕ ਪਰਮਾਤਮਾ ਹੀ ਪੂਰਨ ਤੌਰ ਤੇ ਸਭ ਵਿਚ ਮੌਜੂਦ ਹੈ। ਹੇ ਭਾਈ! ਉਸ ਹਰੀ ਪਰਮਾਤਮਾ ਦਾ ਨਾਮ ਇਕ ਐਸਾ ਰਤਨ ਹੈ, ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ, ਉਹ ਰਤਨ ਤੇਰੇ ਹਿਰਦੇ ਵਿਚ ਵੱਸ ਰਿਹਾ ਹੈ, ਉਸ ਨਾਲ ਸਾਂਝ ਪਾ ਲੈ। ਦੁਨੀਆਂ ਦੇ ਸਾਰੇ ਪਦਾਰਥ ਬੇਗਾਨੇ ਹੋ ਜਾਂਦੇ ਹਨ। ਇਹ ਹਰਿ ਨਾਮ ਹੀ ਤੇਰੀ ਅਪਣੀ ਚੀਜ਼ ਹੈ, ਇਸ ਨੂੰ ਪਛਾਣ।

ਪੀ ਅੰਮ੍ਰਿਤੁ ਸੰਤਨ ਪਰਸਾਦਿ॥
ਵਡੇ ਭਾਗ ਹੋਵਹਿ ਤਉ ਪਾਈਐ
ਬਿਨੁ ਜਿਹਵਾ ਕਿਆ ਜਾਣੈ ਸੁਆਦੁ॥ ਰਹਾਉ॥

ਰਹਾਉ ਦੀ ਪੰਕਤੀ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਸੰਤ ਜਨਾ ਭਾਵ ਪ੍ਰਭੂ ਦੇ ਪਿਆਰਿਆਂ ਦੀ ਸੰਗਤਿ ਵਿਚ ਟਿਕਿਆ ਰਹੁ ਤੇ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਮਿਹਰ ਨਾਲ ਉਚਾ ਸੁੱਚਾ ਆਤਮਕ ਜੀਵਨ ਦੇਣ ਵਾਲਾ ਅੰਮ੍ਰਿਤ ਰੂਪੀ ਨਾਮ ਜਲ ਪੀਆ ਕਰ; ਪਰ ਹੇ ਭਾਈ! ਇਹ ਅੰਮ੍ਰਿਤ ਵੀ ਉਦੋਂ ਮਿਲਦਾ ਹੈ, ਜਦੋਂ ਜੀਵ ਦੇ ਵੱਡੇ ਭਾਗ ਹੋਣ। ਇਸ ਨਾਮ ਨੂੰ ਜੀਭ ਨਾਲ ਜਪਣ ਤੋਂ ਬਿਨਾ ਕੋਈ ਜੀਵ ਇਸ ਨਾਮ ਰੂਪੀ ਅੰਮ੍ਰਿਤ ਦਾ ਸਆਦ ਭਲਾ ਕਿਵੇਂ ਜਾਣ ਸਕਦਾ ਹੈ!

ਅਠ ਦਸ ਬੇਦ ਸੁਨੇ ਕਹ ਡੋਰਾ॥
ਕੋਟਿ ਪ੍ਰਗਾਸ ਨ ਦਿਸੈ ਅੰਧੇਰਾ॥
ਪਸੂ ਪਰੀਤਿ ਘਾਸ ਸੰਗਿ ਰਚੈ॥
ਜਿਸੁ ਨਹੀ ਬੁਝਾਵੈ ਸੋ ਕਿਤੁ ਬਿਧਿ ਬੁਝੈ॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਬੋਲਾ ਮਨੁੱਖ ਅਠਾਰਾਂ ਪੁਰਾਣ ਅਤੇ ਚਾਰ ਵੇਦ ਕਿਵੇਂ ਸੁਣ ਸਕਦਾ ਹੈ। ਜਿਵੇਂ ਅੰਨੇ ਮਨੁੱਖ ਨੂੰ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਵੀ ਨਹੀਂ ਦਿੱਸਦਾ, ਜਿਵੇਂ ਪਸ਼ੂ ਦਾ ਪਿਆਰ ਘਾਹ ਨਾਲ ਹੈ ਅਤੇ ਪਸ਼ੂ ਘਾਹ ਨਾਲ ਹੀ ਖੁਸ਼ ਰਹਿੰਦਾ ਹੈ; ਇਸੇ ਤਰ੍ਹਾਂ ਜੀਵ ਮਾਇਆ ਦੇ ਮੋਹ ਵਿਚ ਪੈ ਕੇ ਬੋਲਾ, ਅੰਨਾ ਹੋਇਆ ਪਸੂ ਸਮਾਨ ਹੋ ਜਾਂਦਾ ਹੈ। ਇਸ ਲਈ ਜਦ ਤੱਕ ਪ੍ਰਭੂ ਕਿਰਪਾ ਨਾ ਕਰੇ, ਜੀਵ ਨੂੰ ਆਪਣੇ ਆਪ ਹਰੀ ਨਾਮ ਅੰਮ੍ਰਿਤ ਦੀ ਸੂਝ ਨਹੀਂ ਪੈ ਸਕਦੀ।

ਜਾਨਣਹਾਰੁ ਰਹਿਆ ਪ੍ਰਭੁ ਜਾਨਿ॥
ਓਤਿ ਪੋਤਿ ਭਗਤਨ ਸੰਗਾਨਿ॥
ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ॥
ਨਾਨਕ ਤਿਨ ਜਮ ਨੇੜਿ ਨ ਆਵਹਿ॥

ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਸਭ ਦੇ ਦਿਲ ਦੀ ਜਾਣਨ ਵਾਲਾ ਪਰਮਾਤਮਾ ਸਦਾ ਹੀ ਹਰ ਇਕ ਦੇ ਦਿਲ ਦੀ ਜਾਣਦਾ ਹੈ। ਉਹ ਆਪਣੇ ਭਗਤਾਂ ਨਾਲ ਇਉਂ ਮਿਲਿਆ ਰਹਿੰਦਾ ਹੈ, ਜਿਵੇਂ ਤਾਣਾ ਪੇਟਾ। ਬਿਗਸਿ ਬਿਗਸਿ ਅਪੁਨਾ ਪ੍ਰਭੁ ਗਾਵਹਿ॥ ਨਾਨਕ ਆਖਦਾ ਹੈ, ਜੋ ਮਨੁੱਖ ਬਿਗਸਿ ਭਾਵ ਖੁਸ਼ ਹੋ ਹੋ ਕੇ ਆਪਣੇ ਉਸ ਮਿਹਰਬਾਨ ਪ੍ਰਭੂ ਪਰਮਾਤਮਾ ਦੇ ਗੁਣ ਗਾਉਂਦੇ ਰਹਿੰਦੇ ਹਨ, ਨਾਨਕ ਤਿਨ ਜਮ ਨੇੜਿ ਨ ਆਵਹਿ॥ ਫਿਰ ਜਮ ਦੂਤ ਉਨ੍ਹਾਂ ਦੇ ਕਦੀ ਵੀ ਨੇੜੇ ਨਹੀਂ ਆਉਂਦੇ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

# ਤੁਰਦੇ ਪੈਰਾਂ 'ਤੇ ਖੜਾ ਆਦਮੀ

ਤੋਰ ਮਨੁੱਖ ਦੀ ਜੀਵਨ-ਧਾਰਾ ਹੈ। ਤੋਰ ਹੀ ਮਨੁੱਖ ਦੇ ਆਸ਼ੇ ਦੀ ਪੂਰਤੀ ਹੈ। ਕਦਮਾਂ ਦੀ ਆਹਟ ਉਡੀਕ ਦੀ ਅਰਜੋਈ ਹੈ। ਰਾਹ ਦੀ ਮੁਹੱਬਤ ਤੋਰ ਨੂੰ ਹਾਕ ਮਾਰਦੀ ਹੈ। ਰਾਹਾਂ ਨਾਲ ਤੋਰ ਦੀ ਮੁਹੱਬਤ ਨਵੇਂ ਦਿਸਹੱਦਿਆਂ ਦੇ ਜਲੌ ਦੀ ਥਹੁ ਪਾਉਂਦੀ ਹੈ। ਮੰਜ਼ਿਲ ਤੋਰ ਦੀ ਉਡੀਕ ਹੀ ਨਹੀਂ, ਸਗੋਂ ਟੀਚੇ 'ਤੇ ਪਹੁੰਚਣ ਦੀ ਚੇਟਕ ਵੀ ਹੈ। ਰਾਹੀ ਪੰਧ ਦੇ ਸਿਰਜਕ ਬਣਦੇ ਹਨ। ਪੜਾਅ ਤੋਰ ਦੀ ਠਹਿਰ ਹੁੰਦੇ ਹਨ, ਸਫਰ ਦਾ ਮੁਕਾਮ ਨਹੀਂ। ਮਨੁੱਖ ਤੁਰਦਾ ਹੈ ਤਾਂ ਹੀ ਪਗਡੰਡੀਆਂ ਬਣਦੀਆਂ ਹਨ। ਡੰਡੀਆਂ ਦੀਆਂ ਪੈੜਾਂ ਰਾਹ ਦਾ ਸੁਨੇਹਾ ਹੁੰਦੀਆਂ ਹਨ। ਸੌਖੇ ਰਾਹਾਂ ਦੇ ਪਾਂਧੀ ਤੁਰ ਗਿਆਂ ਦੇ ਪੈੜ ਚਿੰਨ ਹੀ ਨਾਪਦੇ ਹਨ। ਉਨ੍ਹਾਂ ਦੀਆਂ ਪੈੜਾਂ ਦੇ ਨਿਸ਼ਾਨ ਰਾਹ-ਦਸੇਰਾ ਨਹੀਂ ਬਣਦੇ, ਸਗੋਂ ਇੱਕ ਤੋਰ ਦਾ ਦੂਜੀ ਤੋਰ ਨਾਲ ਰਲੇਵਾਂ ਹੀ ਹੁੰਦਾ ਹੈ। ਨਿਵੇਕਲੀ ਤੋਰ ਬਰਕਤੀ ਬਖਸ਼ਿਸ਼ ਵੀ ਹੈ ਤੇ ਹੁਨਰ ਵੀ। ਕਰਤੱਵੀ ਮਨੁੱਖ ਆਪਣੀ ਤੋਰ ਦੇ ਆਪ ਹਾਣੀ ਬਣਦੇ ਹਨ। ਜਾਗਦੇ ਮਨੁੱਖਾਂ ਦੇ ਪਾਏ ਰਾਹ ਅਲੌਕਿਕ ਹੁੰਦੇ ਹਨ।



**ਸੰਤੋਖ ਮਿਨਹਾਸ**
ਫੋਨ: 559-283-6376

ਲੋਕ ਵਿਕੋਲਿਤਰੇ ਰਾਹ ਵੇਖ ਅਚੰਭਿਤ ਵੀ ਹੁੰਦੇ ਹਨ ਤੇ ਭੈਭੀਤ ਵੀ। ਇਹ ਰਾਹ ਆਮ ਲੋਕਾਂ ਦੀ ਸਮਝ ਤੋਂ ਪਰ੍ਹੇ ਹੁੰਦੇ ਹਨ, ਲੋਕ ਇਨ੍ਹਾਂ ਰਾਹਾਂ 'ਤੇ ਤੁਰਨ ਤੋਂ ਤ੍ਰਹਿੰਦੇ ਵੀ ਹਨ ਤੇ ਡਰਦੇ ਵੀ। ਇਸ ਲਈ ਨਵੇਂ ਰਾਹਾਂ 'ਤੇ ਸੁੰਨ ਪਸਰੀ ਰਹਿੰਦੀ ਹੈ। ਹਨੇਰੇ ਰਾਹਾਂ 'ਤੇ ਚਾਨਣ ਬੀਜਣ ਵਾਲੇ ਸਾਡੀ ਸੁਪਨਮਈ ਦੁਨੀਆਂ ਦੇ ਨਾਇਕ ਹੁੰਦੇ ਹਨ। ਸਾਨੂੰ ਜੋ ਪਰੋਸਿਆ ਮਿਲਦਾ ਹੈ, ਉਸੇ ਨੂੰ ਹੀ ਅਸੀਂ ਸੱਚ ਸਮਝ ਹੱਸ ਕੇ ਝੋਲੀ ਪਾ ਲੈਂਦੇ ਹਾਂ, ਇਸੇ ਨੂੰ ਹੀ ਆਪਣੀ ਪ੍ਰਾਪਤੀ ਸਮਝ ਡੀਂਗਾਂ ਮਾਰਦੇ ਹਾਂ। ਨਵਾਂ ਖੋਜਣ ਜਾਂ ਨਵਾਂ ਭਾਲਣ ਦੀ ਬਿਰਤੀ ਅਸੀਂ ਗਵਾ ਲਈ ਹੈ।

ਮੈਂ ਸੁਰਜੀਤ ਪਾਤਰ ਦੀ ਨਜ਼ਮ ਪੜ੍ਹ ਰਿਹਾ ਸੀ 'ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾਂ ਤਾਂ ਰਾਹ ਬਣਦੇ।' ਇਹ ਸਤਰਾਂ ਪੜ੍ਹਨ-ਸੁਣਨ ਨੂੰ ਤਾਂ ਚੰਗੀਆਂ ਲੱਗਦੀਆਂ ਹਨ, ਪਰ ਜਦੋਂ ਇਹ ਸਤਰਾਂ ਵਿਚਾਰ ਦੀ ਸਾਣ 'ਤੇ ਚੜ੍ਹਦੀਆਂ ਹਨ, ਉਦੋਂ ਪਤਾ ਲੱਗਦਾ ਹੈ ਕਿ ਇਹ ਗੱਲਾਂ ਸਿਰਫ ਲਿਖਣ ਨੂੰ ਚੰਗੀਆਂ ਹੀ ਹਨ। ਅਸੀਂ ਸਾਰੇ ਉਨ੍ਹਾਂ ਰਾਹਾਂ 'ਤੇ ਹੀ ਤੁਰੇ ਜਾ ਰਹੇ ਹਾਂ, ਜੋ ਸਾਥੋਂ ਪਹਿਲਾਂ ਵਾਲਿਆਂ ਨੇ ਪਾਏ ਸਨ। ਜੇ ਅਸੀਂ ਸੁਰਜੀਤ ਪਾਤਰ ਦੀ ਹੀ ਗੱਲ ਲੈ ਲਈਏ ਕਿ ਕੀ ਉਸ ਨੇ ਕੁਝ ਨਵਾਂ ਸਿਰਜਿਆ ਹੈ, ਜੋ ਉਸ ਤੋਂ ਪਹਿਲੇ ਕਵੀਆਂ ਨੇ ਨਹੀਂ ਸੀ ਲਿਖਿਆ? ਕੀ ਪਾਤਰ ਨੇ ਕੋਈ ਨਵੀਂ ਵਿਧਾ ਜਾਂ ਕੋਈ ਵਿਚਾਰ ਦਿੱਤਾ ਹੋਵੇ, ਜਿਸ ਨਾਲ ਪੰਜਾਬੀ ਕਾਵਿ ਜਗਤ ਵਿਚ ਖਲਬਲੀ ਮੱਚ ਗਈ ਹੋਵੇ ਜਾਂ ਜਿਸ ਵਿਚਾਰ ਨੇ ਪੰਜਾਬੀ ਕਾਵਿ ਜਗਤ ਨੂੰ ਨਵਾਂ ਮੋੜ ਦਿੱਤਾ ਹੋਵੇ ਜਾਂ ਨਵੇਂ ਲੇਖਕਾਂ ਜਾਂ ਸਮਕਾਲੀ ਲੇਖਕਾਂ ਨੇ ਉਸ ਤੋਂ ਪ੍ਰੇਰਿਤ ਹੋ ਕੇ ਕੁਝ ਨਵਾਂ ਸਿਰਜਿਆ ਹੋਵੇ?

ਅਸੀਂ ਉਹੀ ਪੜ੍ਹ-ਲਿਖ ਰਹੇ ਹਾਂ, ਜੋ ਸਾਥੋਂ ਪਹਿਲਾਂ ਲਿਖੇ ਗਏ ਸਨ। ਇਹ ਸਬਦਾਂ ਦਾ ਦੁਹਰਾਉ ਹੀ ਸਾਡਾ ਕਸਬ ਹੈ। ਹਰ ਸਾਲ ਹਜ਼ਾਰਾਂ ਕਿਤਾਬਾਂ ਛਪਦੀਆਂ ਹਨ। ਵਿਸ਼ੇ, ਨਾਂ ਜਾਂ ਵਿਧਾ ਪੱਖੋਂ ਉਹ ਸਾਨੂੰ ਵੱਖਰੀਆਂ ਜਾਪਦੀਆਂ ਹਨ। ਸਿਰਫ ਸਿਰਲੇਖ ਹੀ ਵੱਖਰੇ ਹਨ, ਕਿਤਾਬਾਂ ਵਿਚ ਦੁਹਰਾਉ ਹੀ ਹੈ, ਜੋ ਅਸੀਂ ਪਹਿਲਾਂ ਕਿਸੇ ਨਾ ਕਿਸੇ ਰੂਪ ਵਿਚ ਪੜ੍ਹਿਆ ਹੁੰਦਾ ਹੈ। ਇਕੱਲਾ ਸਾਹਿਤ ਦੇ ਖੇਤਰ ਵਿਚ ਹੀ ਨਹੀਂ, ਸਗੋਂ ਮਨੁੱਖੀ ਜ਼ਿੰਦਗੀ ਦੇ ਹਰ ਖੇਤਰ ਵਿਚ ਇਹੀ ਵਰਤਾਰਾ ਹੈ। ਜ਼ਿੰਦਗੀ ਵਿਚ ਵੰਨ-ਸੁਵੰਨਤਾ ਦੇ ਬਾਵਜੂਦ ਸਾਨੂੰ ਸਭ ਕੁਝ ਉਹੀ ਸੁਣਨ, ਵੇਖਣ ਜਾਂ ਕਹਿਣ ਨੂੰ ਮਿਲ ਰਿਹਾ ਹੈ, ਜੋ ਅਸੀਂ ਆਪਣੇ ਤੋਂ ਪਹਿਲੇ ਆਪਣੇ ਵਡ-ਵਡੇਰਿਆਂ ਤੋਂ ਆਪਣੀ ਝੋਲੀ ਪਾਇਆ ਹੈ।

ਸਾਡੀ ਅੱਖ ਵੇਖਦੀ ਹੈ ਕਿ ਭੀੜਾਂ ਭੱਜ ਰਹੀਆਂ ਹਨ। ਮਨੁੱਖ ਦੇ ਕਦਮਾਂ ਵਿਚ ਕਾਹਲ ਹੈ, ਉਹ ਬੇਚੈਨ ਇੰਨਾ ਕਿ ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ, ਭੱਜ ਭੱਜ ਹੰਭਿਆ ਪਿਆ ਹੈ। ਉਹ ਜਾ ਕਿੱਥੇ ਰਿਹਾ ਹੈ? ਜਿੱਥੇ ਕੱਲ ਗਿਆ ਸੀ ਜਾਂ ਜਿੱਥੇ ਉਹ ਹਰ ਰੋਜ਼ ਜਾਂਦਾ ਹੈ; ਪਰ ਬੋਲ-ਚਾਲ, ਕੰਮ ਕਾਰ ਤੇ ਵਿਹਾਰ ਵਿਚ ਠਹਿਰਾਉ ਨਹੀਂ ਹੈ। ਉਸ ਕੋਲ ਰੋਟੀ ਖਾਣ ਲਈ ਵੀ ਸਮਾਂ ਨਹੀਂ ਹੈ। ਇਹ ਸਭ ਕੁਝ ਸਰੀਰਕ ਹਰਕਤਾਂ ਹਨ, ਜਿਸ ਤੋਂ ਸਾਨੂੰ ਲੱਗਦਾ ਹੈ ਕਿ ਮਨੁੱਖ ਕੁਝ ਨਵਾਂ ਕਰ ਰਿਹਾ ਹੈ। ਤੋਰ ਵਿਚ ਕਾਹਲ ਸਾਨੂੰ ਨਵਾਂ ਕਰਨ ਦੀ ਕਨਸੋਅ ਜਾਪਦੀ ਹੈ। ਇਹ ਸੱਚ ਹੈ, ਉਹ ਤੁਰ ਰਿਹਾ ਹੈ, ਪਰ ਦਿਮਾਗੀ ਤੌਰ 'ਤੇ ਉਹ ਉਥੇ ਹੀ ਖੜਾ ਹੈ, ਜਿਥੇ ਉਹ ਪਹਿਲਾਂ ਖੜਾ ਸੀ ਜਾਂ ਜਿੱਥੋਂ ਸਾਡੇ ਵਡੇਰੇ ਤੁਰੇ ਸਨ-ਉਹ ਭਾਵੇਂ ਧਾਰਮਿਕ ਖੇਤਰ ਹੋਵੇ, ਸਭਿਆਚਾਰਕ ਜਾਂ ਰਾਜਨੀਤਕ ਖੇਤਰ ਹੋਵੇ, ਹਰ ਖੇਤਰ ਵਿਚ ਉਸ ਕੋਲ ਉਹੀ ਸੋਚ ਪ੍ਰਣਾਲੀ ਹੈ, ਜੋ ਪਹਿਲੇ ਸਾਡੀ ਝੋਲੀ ਪਾ ਗਏ ਸਨ।

ਅਸੀਂ ਵਿਗਿਆਨ ਦੀ ਤਰੱਕੀ ਦੇ ਸੁੱਖ ਤਾਂ ਮਾਣ ਰਹੇ ਹਾਂ, ਪਰ ਵਿਗਿਆਨਕ ਸੋਚ ਅਪਨਾਉਣ ਤੋਂ ਇਨਕਾਰੀ ਹਾਂ। ਅਸੀਂ ਅਜੇ ਵੀ ਸਭ ਸੁੱਖ ਸਹੂਲਤਾਂ ਲਈ ਬਾਬੇ ਦੀ ਕ੍ਰਿਪਾ ਹੀ ਸਮਝਦੇ ਹਾਂ। ਤਰਕ ਵਿਵੇਕ ਤੋਂ ਮੂੰਹ ਵੱਟੀ ਬੈਠੇ ਅਸੀਂ ਅੱਜ ਵੀ ਵਹਿਮ ਭਰਮ, ਜਾਦੂ ਟੂਣੇ, ਸਾਧਾਂ ਸੰਤਾਂ ਦੀ ਭਰਮ ਸ਼ਕਤੀ ਦਾ ਸ਼ਿਕਾਰ ਹਾਂ। ਇਸ ਦੀ ਮਿਸਾਲ ਅਖਬਾਰਾਂ ਵਿਚ ਤਾਂਤਰਿਕ ਸਾਧਾਂ, ਜੋਤਿਸ਼ ਤੇ ਹੋਰ ਕਾਲੇ ਇਲਮ ਦੇ ਨਾਂ 'ਤੇ ਛਪ ਰਹੇ ਇਸ਼ਤਿਹਾਰਾਂ ਦੀ ਭਰਮਾਰ ਹੈ। ਆਪਣੀ ਕਿਰਤ ਕਮਾਈ ਕਸ਼ਟ ਨਿਵਾਰਣ ਦੇ ਨਾਂ 'ਤੇ ਇਨ੍ਹਾਂ ਦੀਆਂ ਜੇਬਾਂ ਭਰਨ 'ਤੇ ਲੁਟਾ ਰਹੇ ਹਾਂ। ਅਸੀਂ ਅੱਜ ਵੀ ਉਹੀ ਕਥਾ ਵਿਖਿਆਨ ਸੁਣ ਝੂੰਮਣ ਲੱਗ ਪੈਂਦੇ ਹਾਂ, ਜਿਸ ਨੂੰ ਸੁਣ ਸਾਡੇ ਪਿਉ-ਦਾਦੇ ਸਿਰ ਮਾਰਦੇ ਸਨ।



ਇਹ ਮੰਡੀ ਦਾ ਯੁੱਗ ਹੈ। ਬਾਜ਼ਾਰ ਭਰਿਆ ਪਿਆ ਹੈ ਨਵੀਆਂ ਨਵੀਆਂ ਪ੍ਰਾਪਤੀਆਂ ਨਾਲ। ਸਾਨੂੰ ਹਰ ਚੀਜ਼ ਨਵੀਂ ਵੇਖਣ ਨੂੰ ਮਿਲ ਰਹੀ ਹੈ। ਸਾਨੂੰ ਇੰਜ ਲੱਗਦਾ ਹੈ, ਜਿਵੇਂ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ। ਬਾਜ਼ਾਰ ਮਨੁੱਖ ਦੀ ਜੇਬ ਵੇਖਦਾ ਹੈ, ਉਸ ਦਾ ਪਹਿਲਾ ਕੰਮ ਹੁੰਦਾ ਹੈ ਮਨੁੱਖ ਦੀ ਜੇਬ ਵਿਚੋਂ ਕਿਵੇਂ ਪੈਸਾ ਬਾਹਰ ਕੱਢਿਆ ਜਾਵੇ ਅਤੇ ਉਹ ਬਾਜ਼ਾਰ ਦੀ ਚਕਾਚੌਂਧ ਵਿਚ ਗਵਾਚਿਆ ਰਹੇ। ਉਸ ਨੂੰ ਆਪਣੇ ਬਾਰੇ ਸੋਚਣ ਦਾ ਮੌਕਾ ਹੀ ਨਾ ਮਿਲੇ।

ਬਾਜ਼ਾਰ ਇਸ ਤਰ੍ਹਾਂ ਦੇ ਤੌਰ ਤਰੀਕੇ ਈਜਾਦ ਕਰਦਾ ਹੈ ਕਿ ਮਨੁੱਖ ਨੂੰ ਮੰਡੀ ਵਿਚ ਆਈ ਹਰ ਚੀਜ਼ ਆਪਣੀ ਲੋੜ ਜਾਪੇ। ਇਸ ਮਸਨੂਈ ਲੋੜ ਨੇ ਬੰਦੇ ਦੇ ਘਰ ਸਾਮਾਨ ਨਾਲ ਤੁੰਨ ਦਿੱਤੇ ਹਨ। ਇਹ ਸਾਰੀ ਹਿਲ-ਜੁਲ ਜਾਂ ਇਹ ਮਨੁੱਖ ਦੀ ਸਰੀਰਕ ਹਰਕਤ ਸਾਨੂੰ ਮਨੁੱਖ ਦੀ ਤੋਰ ਮਹਿਸੂਸ ਹੁੰਦੀ ਹੈ, ਪਰ ਇਸ ਤੋਰ ਉਪਰ ਇੱਕ ਸੁੰਨ ਦਿਮਾਗ ਹੈ, ਜਿਸ ਨੂੰ ਜਗਾਉਣ ਲਈ ਉਸ ਕੋਲ ਸਮਾਂ ਨਹੀਂ ਹੈ। ਇਸ ਬਾਹਰੀ ਲਿਸ਼ਕਦੀ ਦਿੱਖ ਨੇ ਮਨੁੱਖ ਦੇ ਹੱਥਾਂ-ਪੈਰਾਂ ਨੂੰ ਤਾਂ ਕੰਮ ਦਿੱਤਾ, ਪਰ ਸੋਚ ਨੂੰ ਖੁੰਢੀ ਕਰ ਦਿੱਤਾ ਹੈ।

ਮਨੁੱਖ ਚੀਜ਼ਾਂ ਇੱਕਠੀਆਂ ਕਰਨ ਨੂੰ ਹੀ ਆਪਣੀ ਪ੍ਰਾਪਤੀ ਸਮਝ ਰਿਹਾ ਹੈ। ਜੋ ਗਵਾ ਰਿਹਾ ਹੈ, ਉਸ ਦਾ ਉਸ ਨੂੰ ਇਲਮ ਨਹੀਂ ਹੈ। ਇਸ ਬਾਜ਼ਾਰੀ ਨੁਮਾਇਸ਼ ਨੂੰ ਵੇਖ ਉਹ ਹਾਬੜ ਗਿਆ ਹੈ। ਹਰ ਚੀਜ਼ ਹਾਸਲ ਕਰਨ ਦੀ ਭੁੱਖ ਨੇ ਮਨੁੱਖੀ ਰਿਸ਼ਤਿਆਂ ਦੇ ਸੁੱਚਮ ਨੂੰ ਤਿਲਾਂਜਲੀ ਦੇ ਦਿੱਤੀ ਹੈ। ਮਨੁੱਖ ਦੀ ਇਹ ਹਰਕਤ ਕੋਈ ਨਵੀਂ ਦਿਸ਼ਾ ਵੱਲ ਨਹੀਂ ਜਾ ਰਹੀ, ਸਗੋਂ ਉਸ ਨੂੰ ਪਸੂ ਪ੍ਰਵਿਰਤੀ ਵੱਲ ਧੱਕ ਰਹੀ ਹੈ, ਜਿਸ ਦਾ ਉਹ ਪਹਿਲਾਂ ਮਾਲਕ ਸੀ। ਉਸ ਦੇ ਕਿਰਦਾਰ ਵਿਚ ਨਿਜੀ ਭੁੱਖ ਦੀ ਪ੍ਰਬਲ ਇੱਛਾ ਉਸੇ ਪ੍ਰਚੰਡ ਰੂਪ ਵਿਚ ਖੜੀ ਹੈ, ਜਿਸ ਤਰ੍ਹਾਂ ਪਹਿਲੇ ਸਮਿਆਂ ਵਿਚ ਹੋਇਆ ਕਰਦੀ ਸੀ। ਸਿਰਫ ਚਿਹਰਿਆਂ 'ਤੇ ਮੁਖੌਟੇ ਹੀ ਨਵੇਂ ਹਨ।

ਇਹ ਆਮ ਹੀ ਸੁਣਨ ਜਾਂ ਪੜ੍ਹਨ ਨੂੰ ਮਿਲਦਾ ਹੈ, ਜਦੋਂ ਲੋਕ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਨ ਕਿ ਪਹਿਲਾਂ ਸਾਂਝੇ ਪਰਿਵਾਰਾਂ ਵਿਚ ਬਹੁਤ ਪਿਆਰ ਤੇ ਇਤਫਾਕ ਹੁੰਦਾ ਸੀ, ਸਾਰੇ ਇੱਕ ਦੂਜੇ ਦੀ ਬਹੁਤ ਇੱਜਤ ਕਰਦੇ ਸਨ। ਲੋਕ ਬੜੇ ਸੁਖੀ ਰਹਿੰਦੇ ਸਨ, ਕੋਈ ਮੋਹ-ਮਾਇਆ ਦਾ ਲਾਲਚ ਨਹੀਂ ਸੀ। ਘਰ ਕੱਚੇ ਸਨ, ਪਰ ਰਿਸ਼ਤੇ ਪੱਕੇ ਸਨ, ਆਦਿ। ਇਹ ਸਭ ਕਹਿਣ ਦੀਆਂ ਗੱਲਾਂ ਹਨ ਜਾਂ ਇਤਿਹਾਸਕ ਅਗਿਆਨ। ਜੇ ਅਸੀਂ ਇਤਿਹਾਸਕ ਪਰਿਪੇਖ ਵਿਚ ਹੀ ਵਾਚੀਏ ਤਾਂ ਉਸ ਵੇਲੇ ਵੀ ਮਨੁੱਖ ਵਿਚ ਮੋਹ ਮਾਇਆ ਦਾ ਲਾਲਚ ਤੇ ਆਪਸੀ ਈਰਖਾ ਉਨੀ ਹੀ ਸੀ, ਜਿੰਨੀ ਅੱਜ ਹੈ; ਪਰ ਅੱਜ ਘਟਨਾਵਾਂ ਤੇ ਪ੍ਰਸਥਿਤੀਆਂ ਬਦਲ ਗਈਆਂ ਹਨ। ਮਿਸਾਲ ਵਜੋਂ ਅਸੀਂ ਆਪਣੇ ਗੁਰੂ ਪਰਿਵਾਰਾਂ ਦੀ ਹੀ ਗੱਲ ਕਰ ਲਈਏ। ਕੀ ਉਸ ਵੇਲੇ ਪੈਸਾ, ਜਾਇਦਾਦ ਜਾਂ ਭਰਾਵਾਂ ਵਿਚ ਦਵੈਖ ਨਹੀਂ ਸੀ? ਕੀ ਉਸ ਵੇਲੇ ਪਰਿਵਾਰਕ ਉਲਝਣਾਂ ਨਹੀਂ ਸਨ, ਜੋ ਅੱਜ ਹਨ?

ਸੋ ਅਸੀਂ ਉਹੀ ਸਭ ਕੁਝ ਦੁਹਰਾ ਰਹੇ ਹਾਂ, ਜੋ ਪਹਿਲਾਂ ਸੀ। ਸਾਡੇ ਕੋਲ ਕੁਝ ਵੀ ਨਵਾਂ ਨਹੀਂ ਹੈ। ਜ਼ਿੰਦਗੀ ਵਿਚ ਵੱਖਰੇ ਹੋਣ ਦਾ ਜ਼ੋਖਮ ਵਡੇਰਾ ਹੈ, ਇਹ ਆਮ ਲੋਕਾਂ ਦੇ ਮੇਚ ਨਹੀਂ। ਸਾਡੇ ਲਈ ਸੌਖ ਦਾ ਅਨੰਦ ਹੀ ਸਭ ਤੋਂ ਵੱਡੀ ਮੁਰਾਦ ਹੈ। ਫਰਹਾਦ ਕੋਲ ਸਿਰਫ ਇੱਕ ਔਜ਼ਾਰ ਸੀ। ਸਾਹਮਣੇ ਉਚਾ ਪਹਾੜ, ਪਰ ਅੰਦਰ ਕੁਝ ਹਾਸਲ ਕਰਨ ਦੀ ਅੱਗ ਸੀ। ਪੈਰ ਤੁਰਦੇ ਹਨ, ਹੱਥਾਂ ਵਿਚ ਹਰਕਤ ਹੈ। ਸੋਚ ਵਿਚ ਕੁਝ ਪਾਉਣ ਦੀ ਚਿਣਗ ਹੈ। ਰਾਹ ਆਪ ਪੈਰਾਂ ਨੂੰ ਉਡੀਕਦੇ ਹਨ। ਮੰਜ਼ਿਲ ਆਪ ਸਿਰਨਾਵਾਂ ਬਣਦੀ ਹੈ। ਹੁਣ ਸਾਹਮਣੇ ਪਹਾੜ ਨਹੀਂ, ਨਿਸ਼ਾਨਾ ਹੈ। ਫਰਹਾਦ ਹੁਣ ਫਰਹਾਦ ਨਹੀਂ ਰਿਹਾ, ਸਗੋਂ ਚੱਟਾਨਾਂ ਨਾਲ ਮੱਥਾ ਲਾਉਣ ਵਾਲਾ ਪਾਂਧੀ ਬਣ ਗਿਆ। ਹੁਣ ਉਹ ਪ੍ਰੇਮੀ ਹੀ ਨਹੀਂ ਰਿਹਾ, ਸਗੋਂ ਬਿਖੜੇ ਰਾਹਾਂ 'ਤੇ ਤੁਰਨ ਦਾ ਪਾਂਧੀ ਬਣ ਪ੍ਰੇਰਨਾ ਸਰੋਤ ਹੋ ਨਿਬੜਿਆ।

ਕਦੇ ਕਦੇ ਕੋਈ ਬਾਬਾ ਨਾਨਕ ਜਾਂ ਬੁੱਧ ਪੈਦਾ ਹੁੰਦੇ ਹਨ, ਜੋ ਸਥਾਪਤ ਕਦਰਾਂ-ਕੀਮਤਾਂ ਨਕਾਰ ਕੇ ਨਵੀਂ ਦਿਸ਼ਾ ਪ੍ਰਦਾਨ ਕਰਦੇ ਹਨ। ਉਹ ਤੁਰਦੇ ਹਨ ਤਾਂ ਪੈੜਾਂ ਰਾਹ-ਦਸੇਰਾ ਬਣਦੀਆਂ ਹਨ। ਉਨ੍ਹਾਂ ਦੇ ਮੱਥੇ ਸੂਰਜਾਂ ਦੇ ਚਾਨਣ ਨਾਲ ਲਬਰੇਜ਼ ਹੁੰਦੇ ਹਨ। ਹਨੇਰੇ ਰਾਹਾਂ 'ਤੇ ਤੁਰਨ ਲਈ ਹੱਥਾਂ 'ਚ ਮੋਮਬੱਤੀਆਂ ਜਗਾਉਣ ਦੀ ਲੋੜ ਨਹੀਂ ਹੁੰਦੀ। ਰਾਹਾਂ ਵਿਚ ਦੀਵੇ ਬਾਲਣਾ ਚਾਹੇ ਸਾਡਾ ਕਰਮ ਹੈ। ਸਦੀਵੀ ਜੋਤ ਲਈ ਚਾਨਣ ਦੇ ਹਾਣੀ ਹੋਣਾ ਪੈਂਦਾ ਹੈ। ਮਾਰੂਥਲ ਸਰ ਕਰਨ ਲਈ ਪੈੜਾਂ ਚਾਹੇ ਪਹਿਰੇਦਾਰ ਨਹੀਂ ਬਣਦੀਆਂ ਪਰ ਸਿਦਕ, ਸਿਰੜ ਦਾ ਇਵਜਾਨਾ ਜਰੂਰ ਬਣਦੀਆਂ ਹਨ।

ਬਾਬਾ ਨਾਨਕ ਫਿਰ ਗੁਰੂ ਨਾਨਕ ਨਹੀਂ ਸੀ ਹੋਣਾ, ਜੇ ਪਹਿਲੀਆਂ ਪਾਈਆਂ ਪੈੜਾਂ 'ਤੇ ਤੁਰਦਾ ਤੇ ਆਪਣੇ ਪਿਤਾ ਪੁਰਖੀ ਰਸਮ ਜਨੇਊ ਪਹਿਨ ਲੈਂਦਾ ਜਾਂ ਪਾਂਧੇ ਦੀ ਰਵਾਇਤੀ ਸਿੱਖਿਆ ਦਾ ਵਿਰੋਧ ਨਾ ਕਰਦਾ; ਮੋਦੀਖਾਨੇ ਦੀ ਚੰਗੀ ਨੌਕਰੀ ਛੱਡ ਮੁੱਲਾਂ-ਮੁਲਾਣਿਆਂ ਤੇ ਪੰਡਿਤਾਂ ਦੇ ਵਹਿਮ ਭਰਮ ਤੇ ਧਰਮ ਦੇ ਨਾਂ 'ਤੇ ਵਿਛਾਏ ਜਾਲ ਨੂੰ ਨਾ ਤੋੜਦਾ; ਰਾਜਨੀਤਕ ਜੁਲਮ ਤੇ ਨਿਆਂ ਪ੍ਰਣਾਲੀ ਵਿਚ ਆਈ ਗਿਰਾਵਟ ਵਿਰੁਧ ਹੋਕਾ ਨਾ ਦਿੰਦਾ ਜਾਂ ਸਾਰੀ ਲੋਕਾਈ ਨੂੰ ਹੱਕ ਸੱਚ ਦਾ ਰਾਹ ਵਿਖਾ ਕੇ ਨਵੇਂ ਵਿਚਾਰਾਂ ਦੇ ਲੜ ਨਾ ਲਾਉਂਦਾ। ਇਹੀ ਤੁਰਦੇ ਪੈਰਾਂ ਦੀ ਜੋਤ ਹੈ, ਜੋ ਨਵੇਂ ਮਨੁੱਖ ਸਿਰਜਦੀ ਹੈ।

ਬੁੱਧ ਫਿਰ ਬੁੱਧ ਨਹੀਂ ਸੀ ਹੋਣਾ ਜੇ ਮਹਿਲਾਂ ਵਿਚ ਬੈਠਾ ਰਾਜ ਭਾਗ ਦਾ ਅਨੰਦ ਮਾਣਦਾ ਰਹਿੰਦਾ। ਸਿਰਫ ਰਾਜਾ ਗੌਤਮ ਹੀ ਹੁੰਦਾ। ਬੁੱਧ ਬਣਨ ਲਈ ਸਭ ਕੁਝ ਤਿਆਗ ਕੇ ਨਵੇਂ ਰਾਹ ਢੂੰਡਣੇ ਪੈਂਦੇ ਹਨ। ਅਸੀਂ ਤਾਂ ਹਾਰਾਂ ਤੋਂ ਡਰਦੇ ਆਪਣਾ ਨਸੀਬ ਦੂਜਿਆਂ ਦੇ ਰਹਿਮ 'ਤੇ ਛੱਡ ਦਿੰਦੇ ਹਾਂ, ਸੌਖ ਦੀ ਭੀਖ ਹੀ ਸਾਡੀ ਝੋਲੀ ਦੀ ਨਿਆਮਤ ਹੈ। ਅਸੀਂ ਉਥੇ ਹੀ ਖੜੇ ਹਾਂ, ਜਿੱਥੋਂ ਬਾਬੇ ਨਾਨਕ ਨੇ ਸਾਨੂੰ ਤੁਰਨ ਲਈ ਕਿਹਾ ਸੀ। ਅੱਜ ਵੀ ਭਾਗੋ ਰਾਜ-ਸੱਤਾ ਦਾ ਭਾਈਵਾਲ ਹੈ ਤੇ ਲਾਲੋ ਦੇ ਹੱਥ ਕੋਧਰੇ ਦੀ ਰੋਟੀ ਨਹੀਂ, ਖੁਦਕੁਸ਼ੀ ਦਾ ਰੱਸਾ ਹੈ। ਇਸ ਖੜੋਤ ਵਿਚ ਅਸੀਂ ਸਭ ਸ਼ਾਮਲ ਹਾਂ।

## ਕਾਵਿ-ਜਗਤ

### ਤੂੰ ਤੇ ਮੈਂ

ਮੈਂ ਤੇਰੀ ਨਾ ਮੰਨੀ ਨਾਨਕ,
ਤੂੰ ਮੇਰੀ ਹੀ ਮੰਨ ਜਾਹ।
ਜਾਂ ਮੋੜ ਲੈ ਜਾਂ ਬਖਸ਼ ਲੈ,
ਮੈਂ ਉਲਟੇ ਪੈ ਗਿਆ ਰਾਹ।
ਚੋਰੀ ਜਾਰੀ, ਧੋਖਾ ਠੱਗੀ,
ਛਲ, ਕਪਟ, ਮੇਰੇ ਹਿਰਦੈ।
ਤੂੰ ਆਖੇਂ ਕਰ ਨੇਕ ਕਮਾਈ,
ਤੇ ਫਿਰ ਵੰਡ ਕੇ ਖਾਹ।

ਨਿੰਦਾ ਚੁਗਲੀ ਤੋਂ ਤੂੰ ਵਰਜੇਂ,
ਮਿੱਠੇ ਬੋਲ ਸਿਖਾਵੇਂ।
ਮੈਂ ਸਭਨਾਂ ਦੇ ਔਗੁਣ ਲੱਭ ਕੇ
ਘਰ ਘਰ ਦੱਸਾਂ ਜਾ।
ਤੂੰ ਆਖੇਂ ਇਹ ਜਗ ਹੈ ਸੁਪਨਾ,
ਮੁਕਤੀ ਦਾ ਰਾਹ ਦੱਸੇਂ।
ਮੈਂ ਆਖਾਂ, ਕਿਉਂ ਛੱਡ ਕੇ ਜਾਂਵਾਂ,
ਆਪਣੇ ਭੈਣ-ਭਰਾ।

ਤੂੰ ਆਖੇਂ ਬਣ ਦਾਸਨ ਦਾਸਾ,
ਖਿਮਾ ਕਰਾਂ ਦੁਸ਼ਮਣ ਨੂੰ।
ਮੈਂ ਤਾਂ ਆਪਣੇ ਸਿੱਖ ਵੀਰਾਂ ਦੀ,
ਪੱਗ ਵੀ ਦੇਵਾਂ ਲਾਹ।

ਸ਼ਰਾਬ, ਕਬਾਬ, ਜੂਏ ਤੋਂ ਰੋਕੇਂ,
ਆਖੇਂ ਮੱਤ ਇਹ ਮਾਰਨ।
ਤੇ ਆਖੇਂ ਛੱਡ ਦੁਸ਼ਟ ਚਉਕੜੀ,
ਸਾਧ ਸੰਗਤ ਵਿਚ ਜਾਹ।

ਹਉਮੈ, ਦੁਬਿਧਾ, ਝੂਠ, ਸੁਆਰਥ,
ਮੇਰੇ ਰੋਜ਼ ਦੇ ਸਾਥੀ।
ਤੂੰ ਆਖੇਂ ਇਹ ਦਇਆ ਧਰਮ ਦਾ,
ਦਿਆਂ ਮੁਖੌਟਾ ਲਾਹ।
ਨੀਵੀਂ ਜਾਤ ਅਛੂਤਾਂ ਨੂੰ ਤੂੰ,
ਰੱਬ ਦੇ ਮਾਨਸ ਆਖੇਂ।
ਮੈਨੂੰ ਤਾਂ ਪਰਛਾਂਵਾਂ ਇਨ੍ਹਾਂ ਦਾ,
ਹਰ ਪਲ ਰਿਹਾ ਡਰਾ।
ਕਾਮ, ਕਰੋਧ, ਲੋਭ, ਮੋਹ ਦੀ,
ਮਾਇਆ ਕਹੇਂ ਤੂੰ ਝੂਠੀ।
ਮੇਰੇ ਲਈ ਇਹ ਮਿਠੜੇ ਮੇਵੇ,
ਨਰਕ ਵੀ ਦੇਣ ਭੁਲਾ।

ਮੇਰੇ ਲਈ ਇਹ ਸੰਤ ਤੇ ਬਾਬੇ,
ਤੇਰੇ ਨਾਲੋਂ ਚੰਗੇ।
ਆਖਣ ਧਾਗੇ ਤਵੀਤ ਨਾਲ ਹੀ,
ਰੋਗ ਦੇਣ ਮਿਟਾ।
ਤੂੰ ਕਰਮਾਂ ਦਾ ਲੇਖਾ ਮੰਗੇਂ,
ਮੈਂ ਮੰਗਾ ਧਨ ਦੌਲਤ।
ਇਸ ਕਰ ਕੇ ਤੇਰਾ ਮੇਰਾ,
ਰਿਸ਼ਤਾ ਨਿਭਦਾ ਨਾਂਹ।

*-ਜੇ. ਬੀ. ਸਿੰਘ*
*ਫੋਨ: 253-508-9805*

---

### ਨਾਨਕ ਦਾ ਸਿੱਖ

ਉਸ ਦੇ ਦੱਸੇ ਰਸਤੇ ਜਾਵਾਂ
ਬਾਣੀ ਦੇ ਸੰਗ ਮਨ ਰੁਸ਼ਨਾਵਾਂ
ਨਾਨਕ ਦੇ ਜੋ ਬੋਲ ਪੁਗਾਵਾਂ
ਤਦ ਨਾਨਕ ਦਾ ਸਿੱਖ ਕਹਾਵਾਂ।
ਵਹਿਮਾਂ ਭਰਮਾਂ ਨੂੰ ਜੇ ਭੁੱਲਾਂ
ਤਰ ਜਾਵਣ ਫਿਰ ਮੇਰੀਆਂ ਕੁੱਲਾਂ
ਹਨੇਰੇ ਜੋ ਇਸ ਜੱਗ ਕਰੇ ਨੇ
ਬਾਣੀ ਦੇ ਸੰਗ ਦੂਰ ਭਜਾਵਾਂ।

ਕੁਦਰਤ ਦੇ ਵਿਚ ਵੇਖਾਂ ਰੱਬ ਨੂੰ
ਮੱਥਾ ਟੇਕਾਂ ਬਾਕੀ ਸਭ ਨੂੰ
ਝੂਠ ਅਡੰਬਰ ਭੁੱਲ ਕੇ ਸਾਰੇ
ਜੀਵਨ ਏਦਾਂ ਸਫਲ ਬਣਾਵਾਂ।
ਵੰਡ ਛਕਾਂ ਮੈਂ ਜੋ ਵੀ ਮਿਲਦਾ
ਹਰ ਦੁੱਖ ਮਿਟ ਜੂ ਮੇਰੇ ਦਿਲ ਦਾ
ਮਿਹਨਤ ਦਾ ਮੁੱਲ ਦੇਵਾਂ ਸਭ ਨੂੰ
ਹੱਕ ਕਿਸੇ ਦਾ ਨਾ ਮੈਂ ਖਾਵਾਂ।

ਦੋਹੀਂ ਹੱਥੀਂ ਕਿਰਤ ਕਰਾਂ ਮੈਂ
ਘਰ ਫਿਰ ਮਿਹਨਤ ਨਾਲ ਭਰਾਂ ਮੈਂ
ਜੋ ਵੀ ਦਾਤਾਂ ਮਿਲੀਆਂ ਜੱਗ 'ਤੇ
ਉਸ ਦਾਤੇ ਦਾ ਸ਼ੁਕਰ ਮਨਾਵਾਂ।
ਜਾਤ ਪਾਤ ਦਾ ਭੇਦ ਕਰਾਂ ਨਾ
ਐਸੇ ਕੋਈ ਖੇਦ ਕਰਾਂ ਨਾ
ਇੱਕੋ ਨੂਰ 'ਚੋ ਉਪਜੇ ਮੰਨ ਕੇ
ਹਰ ਬੰਦੇ ਨੂੰ ਗਲ ਨਾਲ ਲਾਵਾਂ।

ਬਾਬੇ ਨਾਨਕ ਸੀ ਸਮਝਾਇਆ
ਛੋਟਾ ਵੱਡਾ ਔਰਤ ਜਾਇਆ
ਜੱਗ ਜਣਨੀ ਦੀ ਕਦਰ ਕਰਾਂ ਮੈਂ
ਉਸ ਦੇ ਅੱਗੇ ਸੀਸ ਨਿਵਾਵਾਂ।

*-ਹਰਦੀਪ ਬਿਰਦੀ*
*ਫੋਨ: 91-90416-00900*

---

### ਕਰਤਾਰਪੁਰ ਦੇ ਦਰਸ਼ਨ

ਅਠਾਰਾਂ ਸਾਲ ਜਿੱਥੇ ਹੱਲ ਸੀ ਵਾਹਿਆ,
ਬਾਬੇ ਨਾਨਕ ਨੇ ਆ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

ਬਹੱਤਰ ਸਾਲਾਂ ਬਾਅਦ ਸੁਣੀ ਗਈ,
ਤੁਹਾਡੀ ਦੋ ਵੇਲੇ ਦੀ ਅਰਜੋਈ।
ਖੁਲ੍ਹ ਗਿਆ ਲਾਂਘਾ, ਕਰ ਲਓ ਦਰਸ਼ਨ,
ਪਿੱਛੇ ਰਹਿ ਨ ਜਾਇਓ ਕੋਈ।
ਉਸ ਮਿੱਟੀ ਨੂੰ ਚੁੰਮ ਮੱਥੇ ਲਾਇਓ,
ਨਾਲ ਸੰਗਤ ਦੇ ਜਾ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

ਇਸ ਨਗਰੀ ਨੂੰ ਬਾਬੇ ਨਾਨਕ,
ਆਪਣੇ ਹੱਥੀਂ ਆਪ ਵਸਾਇਆ ਸੀ।
ਹੱਕ ਸੱਚ ਦੀ ਕਿਰਤ ਹੈ ਕਰਨੀ,
ਸਭਨਾਂ ਤਾਈਂ ਸਿਖਾਇਆ ਸੀ।
ਗੁਰੂ ਦੀ ਸਿਖਿਆ ਮੰਨ ਲਓ ਸਾਰੇ,
ਗਲ ਵਿਚ ਪੱਲੂ ਪਾ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

ਇੱਕ ਸੀ ਨਵਾਬ ਜਿਸ ਨੇ,
ਹਾਅ ਦਾ ਨਾਅਰਾ ਲਾਇਆ ਏ।
ਦੂਜਾ ਇਮਰਾਨ ਖਾਨ ਜਿਸ ਨੇ,
ਵਾਅਦਾ ਸੱਚ ਕਰ ਵਿਖਾਇਆ ਏ।
ਸਿੱਖ ਕੌਮ ਤੁਹਾਨੂੰ ਕਦੇ ਨਾ ਭੁੱਲੂ,
ਰੱਖੂ ਦਿਲ ਦੇ ਵਿਚ ਵਸਾ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

ਬਾਬਾ ਨਾਨਕ ਜੀਓ ਤੇਰੀ ਲੀਲਾ,
ਬੜੀ ਨਿਆਰੀ ਹੈ।
ਅੱਜ ਹਰ ਇੱਕ ਮੁੱਖ 'ਤੇ ਦਿੱਸਦੀ,
ਤੇਰੇ ਨਾਮ ਦੀ ਖੁਮਾਰੀ ਹੈ।
ਸਿੱਧੂ, ਖਾਨ ਲਈ ਕਰੋ ਦੁਆਵਾਂ,
ਬਾਬੇ ਨਾਨਕ ਦੇ ਦਰ 'ਤੇ ਜਾ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

550 ਸਾਲਾ ਪੁਰਬ ਗੁਰੂ ਦਾ,
ਖੁਸ਼ੀਆਂ ਨਾਲ ਮਨਾ ਲਈਏ।
ਦਿੱਤਾ ਜੋ ਉਪਦੇਸ਼ ਹੈ ਸਾਨੂੰ,
ਜੀਵਨ ਵਿਚ ਵਸਾ ਲਈਏ।
'ਝੱਜ' ਤੂੰ ਵੀ ਆਪਣੀ ਭੁੱਲ ਬਖਸ਼ਾ ਲੈ,
ਬਾਬੇ ਨਾਨਕ ਦੇ ਘਰ ਆ ਕੇ।
ਕਰ ਲਓ ਦਰਸ਼ਨ ਭਾਗਾਂ ਵਾਲਿਓ,
ਵਿਚ ਕਰਤਾਰਪੁਰ ਜਾ ਕੇ।

*-ਸਾਧੂ ਸਿੰਘ ਝੱਜ, ਸਿਆਟਲ*
*ਫੋਨ: 510-586-8842*

# ਖੜੀ ਉਂਗਲੀ, ਪੋਚਵੀਂ ਪੱਗ-ਸੰਤੋਖ ਸਿੰਘ ਧੀਰ

ਖੜੀ ਉਂਗਲੀ, ਪੋਚਵੀਂ ਪੱਗ, ਸਲੀਕੇਦਾਰ ਪਹਿਰਾਵਾ, ਖਾਣ-ਪੀਣ ਦਾ ਸ਼ਊਰ, ਰਫਤਾਰ ਅਤੇ ਗੁਫਤਾਰ ਵਿਚ ਮੜਕ। ਕਲਮ ਵਿਚ ਲੋਕਾਈ ਦਾ ਦਰਦ, ਝੁੱਗੀਆਂ-ਢਾਰਿਆਂ, ਦੱਬੇ-ਕੁਚਲਿਆਂ, ਪੀੜਤਾਂ, ਬੇਵੱਸ, ਲਾਚਾਰਾਂ, ਨਿਆਸਰਿਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨ ਦੀ ਜੁੱਰਅਤ। ਵਹਿਣਾਂ ਦੇ ਉਲਟ ਚੱਲਣ ਦਾ ਸ਼ੌਕੀਨ। ਬਣੇ-ਬਣਾਏ ਰਾਹਾਂ 'ਤੇ ਨਹੀਂ, ਸਗੋਂ ਜਿੱਥੇ ਤੁਰਿਆ ਉਥੇ ਰਾਹ ਬਣਾਏ। ਆਪਣੀ ਸੋਚ, ਵਿਚਾਰਧਾਰਾ 'ਤੇ ਅੜੇ-ਖੜੇ ਰਹਿਣ ਦਾ ਜੇਰਾ। ਆਪਣੇ ਨਿਵਾਰ ਦੇ ਪਲੰਘ ਦੇ ਪਾਵਿਆਂ ਨੂੰ ਬਾਦਸ਼ਾਹਾਂ, ਰਾਜਿਆਂ-ਮਹਾਰਾਜਿਆਂ ਦੇ ਤਖਤੋ-ਤਾਜ ਤੋਂ ਉਚੇ ਤੇ ਬੁਲੰਦ ਹੋਣ ਦਾ ਅਹਿਸਾਸ। ਵੱਡੇ ਤੋਂ ਵੱਡੇ ਦੁੱਖ-ਤਕਲੀਫ ਅਤੇ ਮੁਸੀਬਤ ਨੂੰ ਖਿੜੇ-ਮੱਥੇ ਪ੍ਰਵਾਨ ਕਰਨ ਦੀ ਜੁਰਅਤ। ਗਰੀਬੀ, ਤੰਗ-ਦਸਤੀ, ਭੁੱਖ-ਨੰਗ ਨੂੰ

**ਸੰਜੀਵਨ ਸਿੰਘ ਮੁਹਾਲੀ**
ਫੋਨ: 91-94174-60656

ਮਾਣਨ ਦੀ ਜਾਚ-ਇਹ ਸੀ ਮੇਰੇ ਤਾਏ, ਮੇਰੇ ਭਾਪਾ ਜੀ ਸੰਤੋਖ ਸਿੰਘ ਧੀਰ ਦੀ ਪਛਾਣ। ਉਨ੍ਹਾਂ ਦੀ ਸ਼ਖਸੀਅਤ। ਉਨ੍ਹਾਂ ਦੀ ਹੋਂਦ।

---

ਜੇ ਕੋਈ ਪੁੱਤ ਹੋਵੇ ਤਾਂ ਨਵਰੀਤ ਜਿਹਾ, ਜਿਸ ਨੇ ਆਪਣੇ ਭਾਪਾ ਜੀ ਦਾ ਸਰੀਰ ਪੀ. ਜੀ. ਆਈ ਨੂੰ ਇਹ ਕਹਿ ਕੇ ਦਾਨ ਕਰਨ ਦਾ ਫੈਸਲਾ ਕੀਤਾ, "ਮੇਰੇ ਪਿਓ ਨੇ ਆਪਣੀ ਕਲਮ ਸਮਾਜ ਦੇ ਭਲੇ, ਲੋਕਾਈ ਦੀ ਬਿਹਤਰੀ ਲਈ ਵਾਹੀ, ਉਸ ਦਾ ਸਰੀਰ ਸੜ ਕੇ ਸੁਆਹ ਹੋਣ ਨਾਲੋਂ ਤਾਂ ਲੋਕਾਂ ਦੇ ਹੀ ਕੰਮ ਆਉਣਾ ਚਾਹੀਦਾ ਐ। ਮੇਰੇ ਭਾਪਾ ਜੀ ਦੀਆਂ ਲਿਖਤਾਂ ਨੇ ਸਮਾਜ ਤੇ ਆਲਾ-ਦੁਆਲਾ ਰੌਸ਼ਨ ਕੀਤਾ। ਉਨ੍ਹਾਂ ਦੇ ਸਰੀਰ ਦੀ ਵਰਤੋਂ ਵੀ ਲੋਕ-ਕਲਿਆਣ ਲਈ ਹੀ ਹੋਣੀ ਚਾਹੀਦੀ ਐ।"

ਜੇ ਕੋਈ ਭਾਈ ਹੋਵੇ ਤਾਂ ਰਿਪੁਦਮਨ ਸਿੰਘ ਰੂਪ ਜਿਹਾ, ਜਿਸ ਨੇ ਛੋਟੇ ਭਾਈ ਹੋਣ ਦਾ ਆਪਣਾ ਫਰਜ਼ ਅੰਤ ਤੱਕ ਨਿਭਾਇਆ। ਆਪਣੇ ਪੁੱਤਰਾਂ, ਪੋਤੇ-ਪੋਤੀਆਂ ਨੂੰ ਆਪਣੇ ਰਾਮ ਵਰਗੇ ਭਾਈ ਦੇ ਪਾਏ ਪੂਰਨਿਆਂ 'ਤੇ ਤੋਰਿਆ। ਸਾਹਿਤਕ ਹਲਕੇ ਦੋਹਾਂ ਨੂੰ ਰਾਮ-ਲੱਛਮਣ ਦੀ ਜੋੜੀ ਕਹਿੰਦੇ ਹਨ।

ਜੇ ਕੋਈ ਨੂੰਹ ਹੋਵੇ ਤਾਂ ਰਜਨੀ ਭਾਬੀ ਜਿਹੀ। ਆਮ ਤੌਰ 'ਤੇ ਕਿਹਾ ਜਾਂਦਾ ਹੈ, ਇਹ ਤਾਂ ਧੀਆਂ ਵਰਗੀ ਨੂੰਹ ਐ ਪਰ ਰਜਨੀ ਧੀਆਂ ਤੋਂ ਵੀ ਵਧ ਕੇ ਨੂੰਹ ਸੀ। ਭਾਬੀ ਨੇ ਬੀਬੀ ਅਤੇ ਭਾਪਾ ਜੀ ਦੇ ਆਖਰੀ ਸਮੇਂ ਉਹ ਕੰਮ ਵੀ ਬਿਨਾ ਮੱਥੇ ਵੱਟ ਪਾਏ, ਆਪਣਾ ਫਰਜ਼ ਅਤੇ ਜਿੰਮੇਵਾਰੀ ਸਮਝ ਕੇ ਕੀਤੇ, ਜਿਨ੍ਹਾਂ ਨੂੰ ਕਰਨ ਲੱਗਿਆਂ ਸ਼ਾਇਦ ਧੀਆਂ ਵੀ ਨੱਕ-ਬੁੱਲ ਮਾਰਨ। ਜਦ ਭਾਪਾ ਜੀ ਦੇ ਸਰੀਰ ਨੂੰ ਦਾਨ ਕਰਨ ਬਾਰੇ ਭਾਬੀ ਨਾਲ ਗੱਲ ਕੀਤੀ ਤਾਂ ਉਹ ਕੁਰਲਾ ਉਠੀ। ਵਿਲਕਦੀ ਹੋਈ ਕਹਿਣ ਲੱਗੀ, "ਨਹੀਂ, ਮੈਂ ਆਪਣੇ ਭਾਪਾ ਜੀ ਦਾ ਸਰੀਰ ਨ੍ਹੀਂ ਦਾਨ ਦੂਨ ਕਰਨਾ। ਸਾਰੀ ਉਮਰ ਉਨ੍ਹਾਂ ਕਸ਼ਟ ਸਹੇ, ਮਰ ਕੇ ਵੀ! ਨਹੀਂ, ਨਹੀਂ, ਮੈਂ ਨ੍ਹੀਂ, ਮੈਂ ਤਾਂ ਆਪਣੇ ਭਾਪਾ ਜੀ ਦਾ ਸਸਕਾਰ ਕਰੂੰਗੀ। ਪਤਾ ਨ੍ਹੀਂ ਕੀ ਦੁਰਦਸ਼ਾ ਕਰਨਗੇ ਪੀ. ਜੀ. ਆਈ. ਆਲੇ ਭਾਪਾ ਜੀ ਦੀ...।"

ਮੈਨੂੰ ਆਪਣੀ ਗੱਲ ਪੁੱਗਦੀ ਨਜ਼ਰ ਆਈ, ਕਿਉਂਕਿ ਮੈਂ ਵੀ ਭਾਪਾ ਜੀ ਦਾ ਸਰੀਰ ਦਾਨ ਕਰਨ ਦੇ ਹੱਕ ਵਿਚ ਨਹੀਂ ਸਾਂ। ਮੈਂ ਅੰਦਰਖਾਤੇ ਪੂਰੀ ਟਿੱਲ ਵੀ ਲਾਈ, ਸਭ ਨੂੰ ਆਪਣੇ ਹੱਕ 'ਚ ਕਰਨ ਦੀ। ਭਾਬੀ ਦੀ ਰਾਏ ਨੇ ਮੈਨੂੰ ਤਸੱਲੀ ਦਿੱਤੀ। ਮੈਂ ਸਾਰੀਆਂ ਭੈਣਾਂ ਨੂੰ ਵੀ ਟੋਹ ਲਿਆ ਸੀ। ਸਭ ਦੀ ਰਾਏ ਭਾਬੀ ਤੇ ਮੇਰੀ ਰਾਏ ਤੋਂ ਉਲਟ ਸੀ, ਪਰ ਪਿਛੋਂ ਮੈਨੂੰ ਸਾਡੀ ਗਲਤੀ ਦਾ ਅਹਿਸਾਸ ਹੋਇਆ। ਜੇ ਸਾਡੀ ਗੱਲ ਮੰਨ ਲਈ ਜਾਂਦੀ ਤਾਂ ਅੱਜ ਭਾਪਾ ਜੀ ਦੀ ਆਭਾ ਨੇ ਹੋਰ ਨਹੀਂ ਸੀ ਲਿਸ਼ਕਣਾ। ਹੋਰ ਨਹੀਂ ਸੀ ਬੁਲੰਦੀ 'ਤੇ ਪਹੁੰਚਣਾ। ਧੀਰ ਦੇ ਵਾਰਿਸਾਂ ਨੇ ਧੀਰ ਦੇ ਅਸਲੀ ਵਾਰਿਸ ਨਹੀਂ ਸੀ ਹੋਣਾ।

---

ਭਾਪਾ ਜੀ ਦੀ ਆਖਰੀ ਦਮ ਤੱਕ ਜਵਾਨ ਅਤੇ ਨਿਰੋਗ ਰਹਿਣ ਦੀ ਤੀਬਰ ਇੱਛਾ ਸੀ। ਘਟਨਾ ਬੇਸ਼ਕ ਪੁਰਾਣੀ ਹੈ, ਕੋਈ 20-25 ਸਾਲ ਪੁਰਾਣੀ। ਮੈਂ ਤੇ ਭਾਪਾ ਜੀ ਖਰੜ ਕਿਸੇ ਕੰਮ ਗਏ। ਮੁਹਾਲੀ ਆਉਣ ਲਈ ਬੱਸ ਵਿਚ ਬੈਠੇ ਤਾਂ ਭਾਪਾ ਜੀ ਦੀ ਹਮ ਉਮਰ ਇਕ ਔਰਤ ਤਾਕੀ ਕੋਲ ਆ ਕੇ ਕਹਿਣ ਲੱਗੀ, "ਬਾਬਾ ਯੇਹ ਬੱਸ ਕਿੱਥੇ ਜਾਹਾ।"

ਭਾਪਾ ਜੀ ਦੀ ਸ਼ਕਲ ਵੇਖਣ ਵਾਲੀ ਸੀ।

"ਪਤਾ ਨ੍ਹੀਂ ਗੁੱਡੀ ਕਿੱਥੇ ਜਾਹਾ।" ਭਾਪਾ ਜੀ ਨੇ ਕਿਹਾ। ਉਸ ਦੇ ਜਾਣ ਪਿਛੋਂ ਕਹਿਣ ਲੱਗੇ, "ਦੇਖ ਤਾਂ ਸ਼ਰਮ ਨ੍ਹੀਂ ਆਉਂਦੀ ਮੈਨੂੰ ਬਾਬਾ ਕਹਿੰਦੀ ਨੂੰ।"

"ਭਾਪਾ ਜੀ ਹੁਣ ਤੁਸੀਂ ਬੁੜ੍ਹੇ ਹੋ ਗਏ।" ਮੈਂ ਹੱਸਦਿਆਂ ਕਿਹਾ।

"ਚੁੱਪ ਕਰ ਓਏ, ਭੁਕਾਈ ਨਾ ਮਾਰ।" ਇਹ ਕਹਿ ਕੇ ਭਾਪਾ ਜੀ ਦੂਰ ਖੜੀ ਉਸ ਔਰਤ ਨੂੰ ਘੂਰਨ ਲੱਗੇ।

---

ਭਾਪਾ ਜੀ ਅਤੇ ਬੀਬੀ (ਤਾਈ) ਦੀ ਨੋਕ-ਝੋਕ ਬੜੀ ਅਨੰਦਮਈ, ਸੁਆਦਲੀ ਅਤੇ ਦਿਲਚਸਪ ਹੁੰਦੀ ਸੀ। ਦੁਸਹਿਰੇ ਪਿਛੋਂ ਇਕ ਦਿਨ ਭਾਪਾ ਜੀ ਬੈਠੇ ਰਾਤ ਦੀ ਰੋਟੀ ਖਾ ਰਹੇ ਸਨ। ਮੈਂ ਵੀ ਕੁਦਰਤੀ ਚਲਾ ਗਿਆ।

"ਆ ਬਈ ਬੱਬੂ ਸਿਆਂ, ਆ ਗਿਆ।" ਭਾਪਾ ਜੀ ਨੇ ਰੋਟੀ ਖਾਂਦਿਆਂ ਕਿਹਾ।

"ਹਾਂ ਜੀ ਆ ਗਿਆ।" ਮੈਂ ਬੈਠਦਿਆਂ ਕਿਹਾ।

"ਬੱਬੂ ਦੀਨ, ਬੱਬੂ ਅਲੀ, ਬੱਬੂ ਖਾਨ।" ਭਾਪਾ ਜੀ ਨੇ ਇਕੋ ਸਾਹੇ ਕਿਹਾ। ਜਦ ਵੀ ਮੈਂ ਜਾਣਾ, ਭਾਪਾ ਜੀ ਨੇ ਅਕਸਰ ਕਹਿਣਾ।

"ਹਾਂ ਜੀ।" ਮੈਂ ਕਹਿਣਾ।

"ਰੋਟੀ ਖਾ ਲਾ।"

"ਨਹੀਂ ਭਾਪਾ ਜੀ, ਰੋਟੀ ਨ੍ਹੀਂ ਖਾਣੀ।"

"ਰੋਟੀ ਲਿਆਵਾਂ ਹੋਰ।" ਬੀਬੀ ਨੇ ਕਿਹਾ।

"ਪਹਿਲਾਂ ਇਹ ਤਾਂ ਮੁੱਕ ਲੈਣ ਦੇਹ।"

"ਚੱਲ ਚੰਗਾ।" ਬੀਬੀ ਨੇ ਅਖਬਾਰ ਚੁੱਕ ਕੇ ਫਰੋਲਦੀ ਨੇ ਕਿਹਾ।

"ਦੀਵਾਲੀ ਕਦ ਦੀ ਐ।" ਭਾਪਾ ਜੀ ਨੇ ਬੀਬੀ ਤੋਂ ਪੁੱਛਿਆ।

"ਛੇ, ਸੱਤ, ਅੱਠ, ਨੌਂ, ਦਸ ਤਾਰੀਖ ਦੀ ਐ ਮੇਰੇ ਖਿਆਲ 'ਚ।" ਬੀਬੀ ਨੇ ਬੇਧਿਆਨੀ ਵਿਚ ਕਿਹਾ।

"ਗਿਆਰਾਂ, ਬਾਰਾਂ, ਤੇਰਾਂ, ਚੌਦਾਂ ਪੰਦਰਾਂ, ਸੋਲਾਂ, ਸਤਾਰਾਂ ਸਾਰਾ ਮਹੀਨਾ ਗਿਣ ਦੇਹ, ਤੇਰੇ ਜੰਮਣ ਬਿਨਾ ਕਿਆ ਥੁੜਿਆ ਤੀ।" ਭਾਪਾ ਜੀ ਨੇ ਰੋਟੀ ਖਾਣੀ ਛੱਡਦਿਆਂ ਕਿਹਾ।

"ਤੇਰੇ ਨਾਲ ਤਾਂ ਗੱਲ ਕਰਨਾ ਵੀ ਬਾਬਾ ਚੁਰਾਸੀਆਂ ਦਾ ਘਾਟਾ ਐ।" ਬੀਬੀ ਨੇ ਅਖਬਾਰ ਰੱਖ ਕੇ ਅੰਦਰ ਜਾਂਦੀ ਨੇ ਕਿਹਾ।

ਇਕ ਦਿਨ ਦੁਪਹਿਰੇ ਰੋਟੀ ਖਾਣ ਵੇਲੇ ਭਾਪਾ ਜੀ ਦੇ ਕਫ ਦਾ ਬਟਨ ਟੁੱਟਣ ਕਾਰਨ ਕਫ ਸਬਜ਼ੀ ਨਾਲ ਲਿਬੜ ਰਿਹਾ ਸੀ, ਤੇ ਕਫ ਕਮੀਜ਼ ਲਿਬੇੜ ਰਿਹਾ ਸੀ।

"ਥੋਡੀ ਬੁਰਸ਼ਟ ਅੱਧੀ ਬਾਹਾਂ ਦੀ ਕਰ ਦੇਣੀ ਐ।" ਕੋਲ ਬੈਠੀ ਬੀਬੀ ਨੇ ਕਿਹਾ।

"ਕਿਉਂ? ਕੀ ਗੱਲ ਹੋ'ਗੀ?" ਭਾਪਾ ਜੀ ਨੇ ਰੋਟੀ ਖਾਂਦਿਆਂ ਕਿਹਾ।

"ਕਫ ਨਾਲ ਕਮੀਜ਼ ਲਿਬੜ ਰਹੀ ਐ।" ਬੀਬੀ ਨੇ ਭੋਲੇ-ਭਾਅ ਕਿਹਾ।

"ਦੁਰ-ਫਿੱਟੇ ਮੂੰਹ ਤੇਰੇ, ਆਏਂ ਨ੍ਹੀਂ ਕਹਿੰਦੀ ਕਫ ਦਾ ਬਟਨ ਲਾ ਦਿੰਨੀ ਆਂ, ਕਹਿੰਦੀ ਕਮੀਜ਼ ਅੱਧੀਆਂ ਬਾਹਾਂ ਦੀ ਕਰ ਦਿੰਨੀ ਆਂ, ਕੱਲ ਨੂੰ ਕਮੀਜ਼ ਦੇ ਕਾਲਰ ਲਾਹ ਦਈਂ, ਪਰਸੋਂ ਨੂੰ ਪੱਲੇ ਵੱਢ ਦੀਂ।"

---

ਬਲਵੰਤ ਗਾਰਗੀ ਨਾਲ ਨੇੜਤਾ ਤੇ ਮਿੱਤਰਤਾ ਜੱਗ ਜਾਹਰ ਸੀ, ਭਾਪਾ ਜੀ ਦੀ। ਜਿੱਥੇ ਯਾਰੀ ਹੋਵੇ, ਉਥੇ ਸ਼ਿਕਵੇ-ਸ਼ਿਕਾਇਤਾਂ, ਰੋਸੇ-ਗਿਲੇ ਅਕਸਰ ਹੁੰਦੇ ਹੀ ਹਨ। ਪਹਿਲੀ ਗੱਲ ਤਾਂ ਯਾਰ ਲੜਦੇ ਘੱਟ ਹੀ ਹਨ। ਜੇ ਲੜ ਪੈਣ ਤਾਂ ਲੜਦੇ ਵੀ ਸ਼ੌਕਣਾਂ ਵਾਂਗੂੰ ਹਨ। ਗੱਲ ਉਨ੍ਹਾਂ ਦਿਨਾਂ ਦੀ ਹੈ, ਜਦ ਗਾਰਗੀ ਸਾਹਿਬ ਕੁਝ ਸਮੇਂ ਲਈ ਚੰਡੀਗੜ੍ਹ ਰਹਿਣ ਲਈ ਆਏ। ਪੰਜਾਬੀ ਰੰਗਮੰਚ ਨਾਲ ਸਬੰਧਤ ਕਿਸੇ ਸੰਸਥਾ ਦਾ ਸਰਪ੍ਰਸਤ ਬਣਨ ਲਈ ਮੈਨੂੰ ਗਾਰਗੀ ਸਾਹਿਬ ਨੂੰ ਮਿਲਣਾ ਪੈ ਗਿਆ।

"ਭਾਪਾ ਜੀ ਮੈਂ ਗਾਰਗੀ ਨੂੰ ਮਿਲਣ ਜਾਣੈ।" ਮੈਂ ਕਮਰੇ ਵਿਚ ਵੜਦੇ ਸਾਰ ਕਿਹਾ।

"ਜਾਹ ਫੇਰ।" ਉਨ੍ਹਾਂ ਅਖਬਾਰ ਪੜ੍ਹਦਿਆਂ ਬਿਨਾ ਮੇਰੇ ਵੱਲ ਦੇਖਿਆਂ ਕਿਹਾ।

"ਤੁਹਾਡਾ ਨਾਂ ਲੈ ਕੇ ਮਿਲ ਲਵਾਂ, ਮੈਨੂੰ ਤਾਂ ਜਾਣਦੇ ਨਹੀਂ ਨਾ ਗਾਰਗੀ ਸਾਹਿਬ।"

"ਨਾ, ਨਾ ਨਾਂਓ ਨ੍ਹੀਂ ਲੈਣਾ, ਬਿਲਕੁਲ ਨ੍ਹੀਂ। ਸਾਲਾ ਚੰਡੀਗੜ੍ਹ ਬੈਠਾ ਹੋਵੇ, ਮਿਲਣ ਤਾਂ ਕੀ ਆਉਣੈ, ਫੋਨ ਵੀ ਨ੍ਹੀਂ।" ਭਾਪਾ ਜੀ ਨੇ ਅਖਬਾਰ ਰੱਖ ਕੇ ਉਂਗਲੀ ਖੜੀ ਕਰਕੇ ਕਿਹਾ।

ਉਨ੍ਹੀਂ ਦਿਨੀਂ ਗਾਰਗੀ ਸਾਹਿਬ ਅਤੇ ਭਾਪਾ ਜੀ ਦੀ ਤੂੰ ਤੜੱਕ ਚੱਲ ਰਹੀ ਸੀ। ਮੈਂ ਗਾਰਗੀ ਸਾਹਿਬ ਦੇ ਘਰ ਗਿਆ। ਪੰਜਾਬੀ ਨਾਟਕ ਨਾਲ ਜੁੜੇ ਹੋਣ ਦਾ ਜ਼ਿਕਰ ਕਰਨ ਪਿਛੋਂ ਆਪਣੀ ਗੱਲ ਕਰਕੇ ਮੈਂ ਗਾਰਗੀ ਸਾਹਿਬ ਤੋਂ ਇਜਾਜ਼ਤ ਲੈਂਦਿਆਂ ਕਿਹਾ, "ਗਾਰਗੀ ਸਾਹਿਬ, ਧੀਰ ਸਾਹਿਬ ਨੂੰ ਜਾਣਦੇ ਓਂ?" ਮੈਂ ਝਿਜਕਦਿਆਂ ਕਿਹਾ।


"ਹਾਂ, ਜਾਣਦਾਂ, ਕੀ ਗੱਲ?"

"ਮੈਂ ਭਤੀਜਾ ਆਂ ਜੀ ਧੀਰ ਸਾਹਿਬ ਦਾ।"

"ਸਕਾ?"

"ਜੀ।"

"ਬੈਠ ਫੇਰ ਯਾਰ, ਫੇਰ ਤਾਂ ਤੂੰ ਮੇਰਾ ਵੀ ਭਤੀਜਾ ਹੋਇਆ। ਕੀ ਹਾਲ ਐ ਓਸ ਕੰਜਰ ਦਾ,




ਉਹਨੂੰ ਪਤਾ ਨ੍ਹੀਂ ਗਾਰਗੀ ਚੰਡੀਗੜ੍ਹ ਐ, ਮਿਲਣ ਕਿਉਂ ਨ੍ਹੀਂ ਆਇਆ ਹੁਣ ਤੱਕ। ਉਹਨੂੰ ਕਹੀਂ ਮੈਨੂੰ ਫੋਨ ਕਰੇ।" ਗਾਰਗੀ ਸਾਹਿਬ ਨੇ ਨੌਕਰ ਨੂੰ ਚਾਹ ਬਣਾਉਣ ਲਈ ਕਿਹਾ।

"ਹਾਂ ਬਈ ਜਾ ਆਇਆਂ ਆਪਣੇ ਗਾਰਗੀ ਕੋਲ?"

"ਹਾਂ ਜੀ।" ਮੈਂ ਡਰਦਿਆਂ ਕਿਹਾ।

"ਕੀ ਕਹਿੰਦਾ। ਨਾਂਓ ਲਿਆ ਮੇਰਾ ਕਿ ਨਹੀਂ?" ਭਾਪਾ ਜੀ ਨੇ ਮੰਜੇ 'ਤੇ ਬੈਠੇ ਚਾਹ ਦੀ ਚੁਸਕੀ ਲੈਂਦਿਆਂ ਕਿਹਾ।

"ਕਹਿੰਦਾ ਧੀਰ ਨੂੰ ਪਤਾ ਨ੍ਹੀਂ ਗਾਰਗੀ ਚੰਡੀਗੜ੍ਹ ਰਹਿੰਦਾ ਐ। ਉਹਨੂੰ ਕਹੀਂ ਮੈਨੂੰ ਫੋਨ ਕਰੇ।" ਮੈਂ ਡਰਦੇ ਨੇ ਇਕ ਸਤਰੀ ਜਵਾਬ ਦਿੱਤਾ।

"ਮੈਂ ਕਿਉਂ ਕਰਾਂ ਫੋਨ, ਉਹ ਨ੍ਹੀਂ ਕਰ ਸਕਦਾ, ਉਹ ਨਵਾਬ ਐ ਬਾਲ੍ਹਾ। ਅੱਛਾ ਐਂ ਦੱਸ ਤੇਰੇ ਕੋਲ ਹੈ ਗਾਰਗੀ ਦਾ ਫੋਨ।" ਮੈਂ ਗਾਰਗੀ ਦਾ ਫੋਨ ਮਿਲਾ ਕੇ ਭਾਪਾ ਜੀ ਨੂੰ ਰਸੀਵਰ ਫੜਾ ਦਿੱਤਾ।

"ਹੈਲੋ ਕੌਣ ਬੋਲਦੈ? ਗਾਰਗੀ ਬੋਲਦੈ! ਓਏ ਕੰਜਰਾਂ, ਗਾਰਗੀਆ, ਤੈਨੂੰ ਸ਼ਰਮ ਤਾਂ ਨ੍ਹੀਂ ਆਉਂਦੀ, ਧੀਰ ਤੇ ਗਾਰਗੀ ਇੱਕੋ ਸ਼ਹਿਰ 'ਚ ਹੋਣ ਪਰ ਮਿਲਣ ਨਾ, ਊਂ ਗੱਲ ਤਾਂ ਤੇਰੀ ਵੀ ਠੀਕ ਐ। ਤੂੰ ਮੇਰੇ ਸ਼ਹਿਰ ਆਇਐਂ, ਮੈਨੂੰ ਕਰਨਾ ਚਾਹੀਦਾ ਸੀ ਫੋਨ। ਅੱਛਾ ਆਏਂ ਕਰ ਕੱਲ੍ਹ ਨੂੰ ਆ ਜਾਹ, ਸਾਗ ਮੱਕੀ ਦੀ ਰੋਟੀ ਖਾਵਾਂਗੇ, ਧੁੱਪੇ ਬਹਿ ਕੇ, ਨਾਲ ਪੀਵਾਂਗੇ ਲੱਸੀ, ਠੀਕ ਐ ਫੇਰ। ਕੱਲ ਨੂੰ ਮਿਲਦੇ ਆਂ।"

ਦੂਜੇ ਦਿਨ ਜਦ ਮੈਂ ਗਿਆ, ਗਾਰਗੀ ਸਾਹਿਬ ਅਤੇ ਭਾਪਾ ਜੀ ਬਾਹਰ ਵਿਹੜੇ 'ਚ ਬੈਠੇ ਮੱਕੀ ਦੀ ਰੋਟੀ ਸਾਗ ਨਾਲ ਖਾਂਦੇ ਉਚੀ ਉਚੀ ਠਹਾਕੇ ਮਾਰ ਰਹੇ ਸਨ। ਕੋਲ ਬੀਬੀ (ਤਾਈ ਜੀ) ਬੈਠੀ ਸੀ।

"ਗਾਰਗੀ ਇਹ ਸੰਜੀਵਨ ਐ, ਭਤੀਜਾ ਐ ਮੇਰਾ, ਨਾਟਕ ਲਿਖਦੈ ਇਹ ਵੀ।" ਭਾਪਾ ਜੀ ਨੇ ਮੇਰੀ ਵਾਕਫੀਅਤ ਕਰਾਉਂਦਿਆਂ ਕਿਹਾ।

"ਮੈਂ ਜਾਣਦਾਂ, ਇਹਦੇ ਕਰਕੇ ਈ ਮਿਲੇ ਆਂ ਆਪਾਂ।" ਗਾਰਗੀ ਸਾਹਿਬ ਨੇ ਲੱਸੀ ਦਾ ਗਲਾਸ ਮੂੰਹ ਨੂੰ ਲਾਉਂਦਿਆਂ ਕਿਹਾ।

"ਹੁਣ ਜਦ ਕਿਤੇ ਇਹ ਲਿਖਣ ਦੀ ਲੋੜ ਪਵੇ, ਸਾਡੀ ਮਨ-ਮਨਾਈ ਕਿਵੇਂ ਹੋਈ ਤਾਂ ਆਪਣੇ ਭਤੀਜੇ ਦਾ ਜ਼ਿਕਰ ਕਰਨਾ ਨਾ ਭੁੱਲ ਜਿਓ ਕਿਤੇ।" ਮੈਂ ਕਿਹਾ।

"ਹਾਂ, ਹਾਂ ਕਿਉਂ ਨ੍ਹੀਂ।" ਭਾਪਾ ਜੀ ਅਤੇ ਗਾਰਗੀ ਸਾਹਿਬ ਨੇ ਠਹਾਕਾ ਲਾਇਆ। ਉਸ ਦਿਨ ਇਹ ਠਹਾਕੇ ਦੇਰ ਰਾਤ ਤੱਕ ਗੂੰਜਦੇ ਰਹੇ।

---

ਇਕ ਦਿਨ ਭਾਪਾ ਜੀ ਕੋਲ ਘਰੇ ਦਿੱਲੀ ਤੋਂ ਉਨ੍ਹਾਂ ਦੇ ਅਜ਼ੀਜ਼ ਮਿੱਤਰ ਗੁਰਬਚਨ ਸਿੰਘ ਭੁੱਲਰ ਤੇ ਮੋਹਨ ਭੰਡਾਰੀ ਅਤੇ ਕੁਝ ਹੋਰ ਸਾਹਿਤਕ ਮਿੱਤਰ ਆਏ ਹੋਏ ਸਨ। ਅਜਿਹੇ ਮੌਕੇ ਭਾਪਾ ਜੀ ਅਕਸਰ ਮੈਨੂੰ ਵੀ ਬੁਲਾ ਲੈਂਦੇ। ਸਾਹਿਤਕ, ਸਮਾਜਕ, ਸਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਵਿਚਾਰਾਂ, ਦਲੀਲਾਂ ਅਤੇ ਬਹਿਸ-ਮੁਬਾਹਿਸਿਆਂ ਦਾ ਦੌਰ ਚੱਲ ਰਿਹਾ ਸੀ।

ਭੰਡਾਰੀ ਸਾਹਿਬ ਕਹਿਣ ਲੱਗੇ, "ਹੈਂ ਧੀਰ ਸਾਹਿਬ ਹੁਣ ਗੁਰਦੁਆਰਿਆਂ 'ਚ ਉਹ ਗੱਲ ਨ੍ਹੀਂ ਰਹੀ।"

"ਕਿਉਂ ਕੀ ਹੋ ਗਿਆ?" ਭਾਪਾ ਜੀ ਨੇ ਕਿਹਾ।

"ਛੋਟੇ ਹੁੰਦੇ ਅਸੀਂ ਪਿੰਡ ਗੁਰਦੁਆਰੇ ਜਾਣਾ, ਜਦ ਭਾਈ ਜੀ ਨੇ ਪ੍ਰਸ਼ਾਦ ਦੇਣਾ ਬੁੱਕ ਭਰ ਜਾਂਦੀ ਸੀ।" ਭੰਡਾਰੀ ਸਾਹਿਬ ਨੇ ਮਾਖਤਾ ਕੀਤਾ, "ਹੁਣ ਊਂਈ ਭੋਰਾ ਜਿਹਾ ਦੇ ਦਿੰਦੇ ਨੇ ਕੜਾਹ।"

ਭਾਪਾ ਜੀ ਨੇ ਕਿਹਾ, "ਕੜਾਹ ਅੱਜ ਵੀ ਉਨਾ ਈ ਦਿੰਦੈ ਗੁਰਦੁਆਰੇ ਆਲਾ ਭਾਈ, ਜਿੰਨਾ ਪਹਿਲਾਂ ਦਿੰਦਾ ਤੀ। ਭੰਡਾਰੀ ਬੀਰ ਪਹਿਲਾਂ ਤੂੰ ਤੀ ਜੁਆਕ, ਤੇਰੀ ਬੁੱਕ ਹੁੰਦੀ ਤੀ ਛੋਟੀ, ਭਰ ਜਾਂਦੀ ਤੀ ਪ੍ਰਸ਼ਾਦ ਨਾਲ, ਹੁਣ ਤੇਰੀ ਬੁੱਕ ਬੜੀ ਹੋ ਗਈ ਭਾਈ ਭੰਡਾਰੀ।" ਕਾਫੀ ਦੇਰ ਇਸ ਮੁੱਦੇ 'ਤੇ ਠਹਾਕਿਆਂ ਅਤੇ ਚਟਕਾਰਿਆਂ ਨਾਲ ਚਰਚਾ ਹੁੰਦੀ ਰਹੀ।

---

"ਬਾਵਾ ਜੀ ਬੀਸ ਸਾਲ ਸੇ ਸ਼ਰਾਬ ਪੀ ਰਹੇ ਹੈਂ?" ਪੀ. ਜੀ. ਆਈ. ਦੇ ਗੈਸਟਰੋਲੋਜੀ ਵਿਭਾਗ ਵਿਚ ਦਾਖਲ ਭਾਪਾ ਜੀ ਦਾ ਇਲਾਜ ਕਰ ਰਹੇ ਦੱਖਣੀ ਸੂਬੇ ਦੇ ਡਾਕਟਰ ਨੇ ਮੈਨੂੰ ਅਤੇ ਰੰਜੀਵਨ ਨੂੰ ਸਵਾਲ ਕੀਤਾ। ਰੋਮੀ ਅਤੇ ਰਵੀ (ਧੀਰ ਸਾਹਿਬ ਦੇ ਦੋਹਤੇ) ਕੁਝ ਸਮੇਂ ਲਈ ਘਰ ਅਰਾਮ ਕਰਨ ਚਲੇ ਗਏ ਸਨ। ਉਨ੍ਹਾਂ ਰਾਤ ਰਹਿਣਾ ਸੀ। ਅਸੀਂ ਦੋਵੇਂ ਚੁੱਪ ਰਹੇ। ਡਾਕਟਰ ਭਾਪਾ ਜੀ ਦਾ ਚੈਕਅਪ ਕਰਨ ਲੱਗਾ। ਜਦ ਡਾਕਟਰ ਜਾਣ ਲੱਗਾ, ਉਹਨੇ ਫੇਰ ਉਹੀ ਸਵਾਲ ਕੀਤਾ, "ਬਾਵਾ ਜੀ ਬੀਸ ਸਾਲ ਸੇ ਸ਼ਰਾਬ ਪੀ ਰਹੇ ਹੈਂ?"

ਹੁਣ ਮੈਥੋਂ ਰਹਿ ਨਾ ਹੋਇਆ, ਮੈਂ ਕਿਹਾ, "ਡਾਕਟਰ ਸਾਹਿਬ ਬਾਵਾ ਜੀ ਬੀਸ ਸਾਲ ਸੇ ਨਹੀਂ, ਸਾਠ ਸਾਲ ਸੇ ਸ਼ਰਾਬ ਪੀ ਰਹੇ ਹੈਂ। ਆਪ ਕੋ ਮਾਲੂਮ ਹੈ ਯੇਹ ਬਾਵਾ ਜੀ ਸ਼ਰਾਬ ਕੈਸੇ ਪੀਤੇ ਹੈ? ਏਕ ਪੈਗ ਪੀਤੇ ਹੈਂ, ਹਰ ਰੋਜ਼, ਵੋਹ ਭੀ ਏਕ ਘੰਟੇ ਮੇਂ। ਆਪ ਕੋ ਮਾਲੂਮ ਹੈ ਡਾਕਟਰ ਸਾਹਿਬ, ਯੇਹ ਬਾਵਾ ਜੀ ਕੌਨ ਹੈਂ? ਯੇਹ ਬਾਵਾ ਜੀ ਪੰਜਾਬੀ ਕੇ ਇੰਟਰਨੈਸ਼ਨਲ ਫੇਮ ਕੇ ਰਾਈਟਰ ਹੈਂ, ਇਨਕਾ ਨਾਮ ਹੈ ਸੰਤੋਖ ਸਿੰਘ ਧੀਰ। ਹੋ ਸਕਤਾ ਹੈ ਪੰਜਾਬ ਸਰਕਾਰ ਇਨਕੀ ਬਿਮਾਰੀ ਕਾ ਨੋਟਿਸ ਭੀ ਲੈ।"

---

ਭਾਪਾ ਜੀ ਨੂੰ ਪੀ. ਜੀ. ਆਈ. ਦਾਖਲ ਕਰਵਾਉਣ ਲਈ ਨਵਰੀਤ ਫਾਈਲ ਬਣਵਾਉਣ ਲਈ ਲਾਈਨ ਵਿਚ ਖੜਾ ਸੀ। ਭਾਪਾ ਜੀ ਸਟਰੈਚਰ 'ਤੇ ਪਏ ਸਨ, ਮੈਂ ਕੋਲ ਖੜਾ ਸੀ।

"ਭਾਪਾ ਜੀ ਕੀ ਹਾਲ ਐ?" ਮੈਂ ਕਿਹਾ।

"ਠੀਕ ਐ, ਬਸ ਭੁੱਖ ਨ੍ਹੀਂ ਲੱਗਦੀ। ਕੰਬਲ ਦੇ ਦੇਹ, ਠੰਡ ਲੱਗਦੀ ਐ।" ਭਾਪਾ ਜੀ ਨੇ ਕਿਹਾ।

"ਭਾਪਾ ਜੀ ਖਬਰ ਦੇ 'ਤੀ ਸਾਰੇ ਅਖਬਾਰਾਂ ਨੂੰ।" ਮੈਂ ਕਿਹਾ।

"ਚੱਲੋ ਠੀਕ ਐ, ਜਿਮੇ ਤੇਰੀ ਮਰਜ਼ੀ।" ਭਾਪਾ ਜੀ ਨੇ ਕਿਹਾ।

"ਭਾਪਾ ਜੀ ਸਰਕਾਰੀ ਤੌਰ 'ਤੇ ਇਲਾਜ ਕਰਵਾਉਣ ਦੀ ਕਰਾਂ ਕੋਸ਼ਿਸ਼, ਕਰਾਂ ਕਿਸੇ ਨਾਲ ਗੱਲ।" ਮੈਂ ਫੇਰ ਕਿਹਾ।

"ਕੀ ਲੋੜ ਐ ਕਿਸੇ ਸਰਕਾਰ ਸਰਕੂਰ ਦੇ ਇਲਾਜ ਦੀ, ਆਪਾਂ ਸਾਰੀ ਉਮਰ ਨ੍ਹੀਂ ਪਰਵਾਹ ਕੀਤੀ ਕਿਸੇ ਸਰਕਾਰ ਦੀ, ਹੁਣ ਕੀ ਲੋੜ ਐ?" ਭਾਪਾ ਜੀ ਨੇ ਪੂਰੇ ਜਲਾਲ ਵਿਚ ਉਂਗਲੀ ਖੜੀ ਕਰਕੇ ਕਿਹਾ।

"ਆਪਾਂ ਕਿਸੇ ਤੋਂ ਖੈਰਾਤ ਨ੍ਹੀਂ ਮੰਗ ਰਹੇ, ਤੁਸੀਂ ਹੱਕਦਾਰ ਓ ਭਾਪਾ ਜੀ, ਜੇ ਸਰਕਾਰ ਧੀਰ ਦੇ ਇਲਾਜ ਦਾ ਇੰਤਜ਼ਾਮ ਨ੍ਹੀਂ ਕਰੂਗੀ ਤਾਂ ਹੋਰ ਕੀਹਦਾ ਕਰੂਗੀ।" ਮੈਂ ਭਾਪਾ ਜੀ ਨੂੰ ਮਨਾਉਣ ਦੇ ਲਹਿਜ਼ੇ ਵਿਚ ਕਿਹਾ, ਪਰ ਭਾਪਾ ਜੀ ਨੇ ਕੋਈ ਹੁੰਗਾਰਾ ਨਾ ਭਰਿਆ।

---

ਧੀਰ ਦਾ ਭਤੀਜਾ ਹੋਣ 'ਤੇ ਮੈਂ ਅਭਿਮਾਨ ਵਰਗਾ ਮਾਨ ਮਹਿਸੂਸ ਕਰਦਾਂ। ਭਾਪਾ ਜੀ ਦੇ ਕੁਝ ਸਾਹਿਤਕ ਮਿੱਤਰਾਂ ਦਾ ਮੈਨੂੰ ਸਾਹਿਤਕ ਕਾਕਾ ਕਹਿਣ 'ਤੇ ਮੇਰਾ ਜਵਾਬ ਹੁੰਦਾ, "ਜਗੀਰਦਾਰਾਂ ਦੇ ਕਾਕਿਆਂ ਨੂੰ ਵਿਰਸੇ 'ਚੋਂ ਜ਼ਮੀਨ-ਜਾਇਦਾਦ, ਧਨ-ਦੌਲਤ ਮਿਲਦਾ ਐ, ਉਹ ਚਾਹੇ ਲੁਟਾਉਣ, ਚਾਹੇ ਉਜਾੜਨ-ਕੋਈ ਬਹੁਤਾ ਫਰਕ ਨਹੀਂ ਪੈਂਦਾ, ਪਰ ਮੇਰੀ ਸਾਹਿਤਕ ਕਾਕੇ ਵਜੋਂ ਜਿੰਮੇਵਾਰੀ ਬਹੁਤ ਅਹਿਮ ਹੈ। ਬਿਲਕੁਲ ਤਲਵਾਰ ਦੀ ਧਾਰ 'ਤੇ ਤੁਰਨ ਵਾਂਗ। ਮੈਂ ਧੀਰ ਦੇ ਸਾਹਿਤਕ ਖਜਾਨੇ ਵਿਚ ਕੋਈ ਵਾਧਾ ਕਰ ਸਕਾਂ ਚਾਹੇ ਨਾ, ਪਰ ਇਸ ਵਿਰਾਸਤੀ ਦੌਲਤ ਨੂੰ ਖੋਰਾ ਲਾਉਣ ਦਾ ਮੈਨੂੰ ਹਰਗਿਜ਼ ਕੋਈ ਅਧਿਕਾਰ ਨਹੀਂ।"

---

ਪੀ. ਜੀ. ਆਈ. ਵੱਲੋਂ ਭਾਪਾ ਜੀ ਦਾ ਸਰੀਰ ਪ੍ਰਾਪਤ ਕਰਨ ਪਿਛੋਂ ਤੋਹਫੇ ਵਜੋਂ ਦਿੱਤੇ ਬੂਟੇ ਨੂੰ ਉਨ੍ਹਾਂ ਦੀ ਤੀਜੀ ਤੇ ਚੌਥੀ ਪੀੜ੍ਹੀ ਅਤੇ ਪਰਿਵਾਰ ਦੇ ਹੋਰ ਮੈਂਬਰਾਂ ਵੱਲੋਂ ਲਾਉਣ ਮੌਕੇ ਮੇਰੇ ਮਨ ਵਿਚ ਖਿਆਲ ਆ ਰਿਹਾ ਸੀ ਕਿ ਲੋਕ ਆਪਣੀਆਂ ਦੋ-ਦੋ, ਤਿੰਨ-ਤਿੰਨ ਪੁਸ਼ਤਾਂ ਲਈ ਧਨ ਦੌਲਤ, ਜ਼ਮੀਨ ਜਇਦਾਦ ਛੱਡ ਕੇ ਜਾਂਦੇ ਹਨ, ਪਰ ਸੰਤੋਖ ਸਿੰਘ ਧੀਰ ਆਪਣੇ ਪਿੱਛੇ ਐਨਾ ਨਾਮਣਾ, ਸ਼ੋਹਰਤ ਅਤੇ ਜੱਸ ਖੱਟ-ਕਮਾ ਕੇ ਛੱਡ ਗਿਆ। ਆਉਣ ਵਾਲੀਆਂ ਸੱਤ ਪੁਸ਼ਤਾਂ ਬਿਨਾ ਕੋਈ ਤਰੱਦਦ ਕੀਤੇ, ਇਸ ਦਾ ਨਿੱਘ ਮਾਣ ਸਕਦੀਆਂ ਹਨ, ਖੱਟੀ ਖਾ ਸਕਦੀਆ ਹਨ। ਬਸ਼ਰਤੇ ਕੋਈ ਬਦਨਾਮੀ ਨਾ ਖੱਟਣ।

# ਤਾਈ ਨਿਹਾਲੀ


ਕਹਾਣੀ

ਬਨੇਰੇ ਉਤੇ ਕਾਂ ਬੋਲਿਆ।

"ਤੀਰ ਕਾਣਿਆਂ...!" ਤਾਈ ਨਿਹਾਲੀ ਨੇ ਫਿਟਕਾਰਦੇ ਹੱਥ ਨਾਲ ਕਾਂ ਨੂੰ ਉਡਾ ਦਿਤਾ।

ਕਾਂ ਉਡ ਗਿਆ, ਪਰ ਤਾਈ ਦੇ ਕਾਲਜੇ ਨੂੰ ਜਾਣੋਂ ਹੌਲ ਪੈ ਗਿਆ। ਢਿੰਡ ਦੇ ਪਾਲੇ ਨੇ ਉਹਦੇ ਬੋਦੇ ਸਰੀਰ ਨੂੰ ਕਾਂਬਾ ਛੇੜ ਦਿਤਾ। ਤੇ ਤਾਈ ਦੀਆਂ ਅੱਖਾਂ ਸਾਹਮਣੇ ਪੰਜ ਵਰ੍ਹੇ ਪਹਿਲਾਂ ਦਾ ਸਮਾਂ ਕਿਸੇ ਭਿਆਨਕ ਗਿਰਝ ਵਾਂਗ ਆਪਣੇ ਖੰਭ ਫੜਫੜਾਉਣ ਲੱਗਾ। ਖੰਭ, ਜਿਨ੍ਹਾਂ ਨੇ ਤਾਈ ਦੇ ਕੋਠੇ ਉਤੇ ਹਨੇਰਾ ਕਰ ਦਿਤਾ ਸੀ।

ਪੰਜ ਵਰ੍ਹੇ ਪਹਿਲਾਂ, ਇਕ ਸ਼ਾਮ ਤਾਈ ਨੂੰ ਡਾਕੀਆ ਇਕ ਬੰਦ ਚਿਠੀ ਦੇ ਗਿਆ ਸੀ। ਕਿਵੇਂ ਔਸੀਆਂ ਪੌਣ ਪਿਛੋਂ ਤਾਈ ਨੂੰ ਉਹ ਚਿਠੀ ਆਈ ਸੀ; ਜਿਹੜੀ ਉਹਦੇ ਜੀ ਵਿਚ, ਉਹਦੇ ਜਿਉਣ ਜੋਗੇ ਪੁੱਤ ਵਲੋਂ ਸੁਖ ਸਾਂਦ ਦੀ ਹੋਵੇਗੀ, ਪਰ ਉਹ



ਸੰਤੋਖ ਸਿੰਘ ਧੀਰ

ਚਿਠੀ ਕਮਾਨ ਅਫਸਰ ਵਲੋਂ ਨਿਕਲੀ ਸੀ, ਜੋ ਲੜਾਈ ਵਿਚ ਉਹਦੇ ਪੁੱਤ ਦੇ ਮਰਨ ਦੀ ਚੰਦਰੀ ਖਬਰ ਲੈ ਕੇ ਆਈ ਸੀ। ਉਸ ਦਿਨ ਵੀ ਤਾਈ ਦੇ ਕੋਠੇ ਉਤੇ ਕਾਂ ਬੋਲਿਆ ਸੀ।

ਤਾਈ ਨਿਹਾਲੀ ਨਿੱਕੀਆਂ ਨਿੱਕੀਆਂ ਗੱਲਾਂ ਦੇ ਵਹਿਮ ਵਿਚਾਰਦੀ। ਘਰੋਂ ਤੁਰਦੀ ਨੂੰ ਜੇ ਅੱਗੋਂ ਪਾਣੀ ਦਾ ਘੜਾ ਜਾਂ ਚੂਹਤਾ ਮਿਲ ਪੈਂਦਾ ਤਾਂ ਸਿਧ ਮਨਾਉਂਦੀ; ਪਰ ਜੇ ਪਾਥੀਆਂ, ਲੱਕੜਾਂ, ਬ੍ਰਾਹਮਣ, ਨੰਬਰਦਾਰ ਜਾਂ ਕੋਈ ਸਿਰ ਉਤੇ ਖਾਲੀ ਟੋਕਰਾ ਚੁਕੀ ਟੱਕਰ ਜਾਂਦਾ ਤਾਂ ਉਹ ਝੱਟ ਪਿਛੇ ਮੁੜ ਪੈਂਦੀ।

ਪਹਿਲਿਆਂ ਵਿਚ ਉਹ ਕਾਂ ਦੇ ਕੁਰਲਾਉਣ ਨੂੰ ਏਨਾ ਮੰਦਾ ਨਹੀਂ ਸੀ ਜਾਣਦੀ, ਉਹ ਸਮਝਦੀ ਕਿ ਬੜੀ ਹਦ ਕੋਈ ਪ੍ਰਾਹੁਣਾ ਆ ਜਾਊ, ਜਿਸ ਦੀ ਖੇਚਲ ਉਹ ਔਖੀ ਸੌਖੀ ਝੱਲ ਲਊ; ਪਰ ਹੁਣ ਉਹ ਕਾਂ ਨੂੰ ਇਕ ਜਮਦੂਤ ਮੰਨਦੀ, ਜਿਸ ਦੇ ਸੰਘ ਵਿਚ ਉਹਦੇ ਪੁੱਤ ਦੀ ਮੌਤ ਕੁਰਲਾਈ ਸੀ।

ਕਰਤਾਰ ਦੀ ਮੌਤ ਨੇ ਤਾਈ ਨੂੰ ਹਰਾ ਦਿੱਤਾ-ਪਲੋਠੀ ਦਾ ਤੜ੍ਹੇ ਵਰਗਾ ਕਮਾਊ ਪੁੱਤ ਟੱਬਰ ਨੂੰ ਰੁਲਦਾ ਛਡ ਕੇ ਮਰ ਗਿਆ ਸੀ-ਤਾਏ ਦੀ ਛਾਤੀ ਵਿਚ ਟੋਇਆ ਪੈ ਗਿਆ, ਜਿਸ ਟੋਏ ਵਿਚ ਉਹਦਾ ਨਿਕਾ ਪੁੱਤ ਬਲਵੰਤ ਸਾਰਾ ਹੀ ਨਿਗਰਿਆ ਪਿਆ ਸੀ। ਤੇ ਇਹ ਟੋਇਆ ਪੂਰਿਆ ਵੀ ਕਿਵੇਂ ਜਾ ਸਕਦਾ ਸੀ?

ਹਾਂ, ਤਾਈ ਨੂੰ ਏਨਾ ਹੌਂਕਾ ਜ਼ਰੂਰ ਹੈ ਕਿ ਉਹਦਾ ਲੱਠ ਵਰਗਾ ਪੁੱਤ ਜੁਆਨਾਂ ਦੀ ਮੌਤ ਕਦੇ ਨਾ ਮਰਦਾ, ਜੇ ਉਹ ਫੌਜ ਵਿਚ ਭਰਤੀ ਹੋ ਕੇ ਜੰਗ ਨੂੰ ਨਾ ਜਾਂਦਾ। 'ਸੱਜਰੇ ਲਹੂ ਵਲ ਝਾਕਣ ਦਾ ਹੀਆ ਮੌਤ ਵਿਚ ਕਿਥੇ!' ਇਹ ਖਿਆਲ ਉਹਦੇ ਅਚੇਤ ਮਨ ਵਿਚੋਂ ਲੰਘ ਕੇ ਨਿਸ਼ਚਾ ਕਰਾਉਂਦਾ, ਜਦ ਕਦੇ ਉਹ ਆਪਣੀਆਂ ਪੂਣੀ-ਚਿਟੀਆਂ ਉਲਝੀਆਂ ਲਿਟਾਂ ਵਿਚ ਕੰਬਦੀਆਂ ਉਂਗਲਾਂ ਫੇਰਦੀ।

ਉਸ ਨੂੰ ਪੱਕ ਸੀ ਕਿ ਉਹਦਾ ਪੁੱਤ ਕਦੇ ਭਰਤੀ ਨਾ ਹੁੰਦਾ, ਜੇ ਸਰਕਾਰ ਉਹਨੂੰ ਜੋਰੋ ਜੋਰੀ ਨਾ ਲਿਜਾਂਦੀ। "ਨੌਕਰੀ ਕੀ ਸਾਨੂੰ ਤਾਰ ਦੂ!" ਉਹ ਕਈ ਵਾਰ ਆਖਦੀ ਹੁੰਦੀ। ਉਹ ਸਮਝਦੀ ਸੀ ਕਿ ਜਿਹੜੇ ਉਨ੍ਹਾਂ ਕੋਲ ਚਾਰ ਸਿਆੜ ਹਨ, ਉਨ੍ਹਾਂ ਵਿਚੋਂ ਉਹਦਾ ਕਾਮਾ ਪੁੱਤ, ਹਾੜੀਆਂ ਤੇ ਸੌਣੀਆਂ ਨੂੰ ਸੂਤ ਕੇ ਦਾਣਿਆਂ ਨਾਲ ਕੋਠਾ ਭਰ ਲਿਆ ਕਰੇਗਾ। ਉਹਦੀ ਮੁਟਿਆਰ ਨੂੰਹ ਸੂਫ ਦਾ ਘੱਗਰਾ ਤੇ ਨਰੀ ਦੀ ਨੋਕਾਂ ਵਾਲੀ ਜੁੱਤੀ ਪਾ ਕੇ ਠੁਮ ਠੁਮ ਕਰਦੀ ਉਹਨੂੰ ਖੇਤਾਂ ਵਿਚ ਰੋਟੀ ਦੇਣ ਜਾਇਆ ਕਰੂ; ਪਰ ਇਉਂ ਹੋ ਨਹੀਂ ਸੀ ਸਕਿਆ-ਸਰਕਾਰ ਨੇ ਉਹਨੂੰ ਤੇ ਉਹਦੇ ਪੁੱਤ ਨੂੰ ਨੰਬਰਦਾਰ ਦੀਆਂ ਔਖਾਂ 'ਚੋਂ ਨਿਕਲੀਆਂ ਤਾੜੀਆਂ ਤੇ ਥਾਣੇਦਾਰ ਦੇ ਮੂੰਹ ਵਿਚੋਂ ਗਾਲ੍ਹਾਂ ਕਢੀਆਂ ਸਨ, "ਹਰਾਮਜ਼ਾਦੀ ਬਕਤੀ ਹੈ...ਸੂਰ ਕਾ ਬੱਚਾ...!" ਤੇ ਸਰਕਾਰ ਨੇ ਪਿੰਡ ਦੇ ਦਰਵਾਜੇ, ਪਰ੍ਹੇ ਦੇ ਸਾਹਮਣੇ, ਪੁਲਿਸ ਦੇ ਦੈਂਤਾਂ ਵਰਗੇ ਹੱਥਾਂ ਨਾਲ ਉਹਦੇ ਅਲੂਣੇ ਪੁੱਤ ਨੂੰ ਗਲ ਹੱਥ ਮਾਰ ਕੇ ਅੱਗੇ ਲਾ ਲਿਆ ਸੀ ਤੇ ਉਹ ਕਿੰਨਾ ਚਿਰ, ਭਰੇ ਹੋਏ ਗਚ ਨਾਲ ਦੂਰ ਹੋਈ ਜਾਂਦੇ ਪੁੱਤ ਨੂੰ ਹਵਾ ਵਿਚ ਤੱਕਦੀ ਰਹੀ ਸੀ।

ਇਕ ਆਥਣੇ ਚਰ੍ਹੀ ਦੀਆਂ ਪੂਲੀਆਂ ਸੁਟਣ ਲਈ ਤਾਈ ਜਦ ਕੋਠੇ ਚੜ੍ਹਨ ਲੱਗੀ ਤਾਂ ਉਹਨੇ ਦੇਖਿਆ ਕਿ ਕੋਠੇ ਉਤੇ, ਬੂਥੀਆਂ ਚੁੱਕੀ ਕੁੱਤੇ ਰੋ ਰੋ ਕੇ ਲਿਟਾਂ ਤੋੜ ਰਹੇ ਹਨ। ਤਾਈ ਨੂੰ ਜਾਪਿਆ, ਜਿਵੇਂ ਦੁਨੀਆਂ ਉਤੇ ਕਾਲ ਮੂੰਹ ਅੱਡੀ ਖਲੋਤਾ ਹੈ! ਉਹਦਾ ਵਿਸ਼ਵਾਸ ਸੀ ਕਿ ਕਾਲ ਕੁੱਤਿਆਂ ਨੂੰ ਪਹਿਲਾਂ ਦਿਸ ਪੈਂਦਾ ਹੈ-ਜੇ ਕੁੱਤੇ ਰੋਂਦੇ ਹੋਣ ਤਾਂ ਦੁਨੀਆਂ 'ਤੇ ਜ਼ਰੂਰ ਕੋਈ ਕਹਿਰ ਟੁੱਟਣਾ ਹੁੰਦਾ ਹੈ। ਤੇ ਤਾਈ ਨਹੀਂ ਸੀ ਚਾਹੁੰਦੀ ਕਿ ਉਸ ਨੂੰ ਹੁਣ ਜਹਾਨ ਉਤੇ ਕਿਸੇ ਵੀ ਕਹਿਰ ਦੀ ਸੋਅ ਪਵੇ। ਉਹਨੇ ਕਾਠ ਦੀ ਪੌੜੀ ਦੇ ਸਿਖਰਲੇ ਡੰਡੇ ਤੋਂ ਲਲਕਾਰਿਆ, "ਖੜਾ ਥੋਡੇ ਦਾਦੇ ਮਗ੍ਹਾਂ...!"

ਤਾਈ ਤਾਂ ਚਾਹੁੰਦੀ ਸੀ, ਉਹਦੇ-ਕੁੱਬੀਆਂ, ਧੁਆਂਖੀਆਂ ਕੜੀਆਂ ਦੀਆਂ ਥੰਮੀਆਂ ਤੇ ਖਲੋਤੀ ਛੱਤ ਵਾਲੇ-ਗਰੀਬੜੇ ਜਿਹੇ ਘਰ ਵਿਚ ਅਮਨ ਰਹੇ। ਕੋਈ ਬਦਸ਼ਗਨੀ ਉਹ ਘਰ ਵਿਚ ਨਾ ਹੋਣ ਦੇਂਦੀ। ਥਾਂ ਸੁੰਭਰਨ ਵੇਲੇ ਆਪਣੀ ਵਿਚਾਰੀ ਜਿਹੀ ਨੂੰਹ ਨੂੰ ਉਹ ਨਿਤ ਚਿਤਾਰਦੀ, "ਨੀ ਕਰਨੈਲ ਕੁਰੇ, ਦੇਖੀਂ ਪੁਤ, ਸੂਹਣ 'ਖੜੀ ਨਾ ਰਖੀਂ...!'

ਮਛੇਹਰ ਇੱਲਤੀ, ਜੋ ਖੇਤੋਂ ਘਰ ਆਉਂਦਿਆਂ ਕਦੇ ਸੱਪ ਦੀ ਕੁੰਜ, ਕਾਂਵਾਂ ਦੇ ਆਂਡੇ, ਮੋਰਾਂ ਦੇ ਖੰਭ ਜਾਂ ਕੁਝ ਹੋਰ ਅਲਸੂੰ ਪਲਸੂੰ ਚੁਕ ਲਿਆਉਂਦਾ ਸੀ, ਨੂੰ ਇਕ ਦਿਨ ਸੇਹ ਦਾ ਤੱਕਲਾ ਚੁਕ ਲਿਆਉਣ 'ਤੇ ਤਾਈ ਨੇ ਝਿੜਕਿਆ, "ਦੂਰ ਬੇ ਚੰਦਰਿਆ! ਜਾ ਸਿਟ ਆ ਉਥੇ ਈ, ਜਿਥੋਂ ਲਿਆਇਐਂ, ਦੇਸਿਆ ਹੋਇਆ!"

ਤਾਈ ਦੇ ਪਿੰਡ ਤੋਂ ਸਵਾ ਕੁ ਮੀਲ ਦੀ ਵਾਟ 'ਤੇ ਇਕ ਮੰਡੀ ਹੈ, ਜਿਥੇ ਕੋਈ ਨਿੱਕਾ ਮੋਟਾ ਸੌਦਾ ਲੈਣ ਉਹ ਜਾਂਦੀ ਹੁੰਦੀ ਸੀ। ਮੰਡੀ ਦੇ ਰਾਹ ਵਿਚ ਜਰਨੈਲੀ ਸੜਕ ਪੈਂਦੀ ਹੈ। ਇਕ ਦਿਨ, ਜਦ ਉਹ ਮੰਡੀ ਗਈ, ਤੁਰਦੀ ਤੇ ਸੜਕ ਪਾਰ ਕਰਨ ਲਈ ਉਹਨੂੰ ਉਰਲੇ ਪਾਸੇ ਕਿੰਨਾ ਚਿਰ ਖੜ੍ਹਨਾ ਪਿਆ। ਲੰਮੀ ਕਤਾਰ ਵਿਚ ਮਿੱਟੀ ਰੰਗੀਆਂ ਮਿੱਡੀਆਂ ਲਾਰੀਆਂ ਰਿੰਗ ਰਿੰਗ ਕੇ ਲੰਘ ਰਹੀਆਂ ਸਨ, ਜਿਨ੍ਹਾਂ 'ਚ ਖਾਕੀ ਵਰਦੀਆਂ ਵਾਲੇ ਜੁਆਨ ਫੌਜੀ ਬੈਠੇ ਸਨ-ਕਿੰਨੀਆਂ ਅੱਖਾਂ ਦੇ ਤਾਰੇ, ਕਿੰਨੀਆ ਮਾਂਗਾਂ ਦੇ ਸੰਧੂਰ, ਕਿੰਨੇ ਬਲੌਰਾਂ ਦੇ ਲਾਡ। ਤਾਈ ਦੀ ਜਾਨ ਲੁਛ ਗਈ ਤੇ ਉਹਦੀਆਂ ਆਂਦਰਾਂ ਫੁੜਕ ਪਈਆਂ, "ਹੇ ਬਾਹਗੁਰੂ! ਹੁਣ ਤਾਂ ਜਗ ਵਿਚ ਠੰਡ ਠੇਹਰ ਰਖੀਂ...!"

ਸੂਰਜ ਦੀ ਟਿੱਕੀ ਨਾਲ ਘੜਿਆਲ ਖੜਕਿਆ, ਘੜਿਆਲ 'ਚੋਂ ਟੁਣਕਾਰਾਂ ਫੁਟ ਕੇ ਕਿਰਨਾਂ ਵਾਂਗ ਪਿੰਡ ਦੀਆਂ ਗਲੀਆਂ ਵਿਚ ਲਹਿਰ ਗਈਆਂ।

"ਤੀਜੀ ਜੰਗ...!"

ਪਿੰਡ ਦੇ ਵੱਡੇ ਦਰਵਾਜੇ ਵਲੋਂ ਤਾਈ ਦੇ ਕੰਨ ਵਲੇਲ ਪਈ। ਪਲ ਦੀ ਪਲ ਤਾਈ ਘਾਬਰ ਗਈ। ਲੜਾਈ ਜਾਣੋਂ ਸੱਚ ਮੁਚ ਉਹਦੇ ਪਿੰਡ ਵਿਚ ਗਰਜ ਰਹੀ ਸੀ, ਤੇ ਉਹਨੂੰ ਹੱਥਾਂ-ਪੈਰਾਂ ਦੀ ਪੈ ਗਈ।

"ਬੇ ਪੁਤ-ਬੰਤ, ਬੇ ਅੰਦਰ ਬੜ ਜਾ ਬੇ ਸੋਹਣਿਆ...!" ਉਹਦੀਆਂ ਫਿੜੀਫਿੜੀ ਕਰਦੀਆਂ ਆਂਦਰਾਂ ਜਿਵੇਂ ਚੀਕ ਉਠੀਆਂ; ਪਰ ਤੁਰਤ ਹੀ ਤਾਈ ਦੇ ਅੰਦਰ ਕੋਈ ਕਲਾਵਲ ਹੋਈ, ਦੂਜੇ ਹੀ ਪਲ ਤਾਈ ਦੇ ਬੁਲ੍ਹਾਂ 'ਚੋਂ ਚੰਗਿਆੜੇ ਝੜਨ ਲੱਗੇ, "ਦੇਖਾਂ ਤਾਂ ਕੇਹੜਾ ਨਪੁਤਾ ਸਾਡੇ ਪਿੰਡ ਜੰਗ ਲੌਣ ਆਇਐ...!" ਉਹਦੇ ਅੰਦਰ ਉਹਦੀ ਹਸਤੀ ਜਾਗ ਪਈ, ਧਰਤੀ ਜਿੰਨੀ ਮਹਾਨ ਉਹਦੀ ਹਸਤੀ, ਉਹਦੀ ਨਤਾਕਤੀ ਬਲ ਵਿਚ ਬਦਲ ਗਈ। ਉਹ ਕੰਧ ਵਰਗੇ ਹੀਏ ਨਾਲ ਗਲੀਓ ਗਲੀ ਦਰਵਾਜੇ ਵਲ ਨੂੰ ਤੁਰ ਗਈ।

"ਜੰਗ-ਬਾਜ਼...!" ਪਿੱਪਲ, ਨਿੰਮ ਤੇ ਬਰੋਟੇ ਦੀ ਤ੍ਰਿਬੇਣੀ ਹੇਠਲੇ ਚੌਂਤਰੇ ਉਤੇ ਇਕ ਚੜ੍ਹਦੀ ਉਮਰ ਦੇ ਗੱਭਰੂ ਨੇ ਅੰਬਰੀ ਰੰਗ ਦੇ ਝੰਡੇ ਨੂੰ ਉਚਾ ਕਰਦਿਆਂ ਲਲਕਾਰਿਆ, "ਮੁਰਦਾਬਾਦ!"

ਪਿੰਡ ਦੇ ਸਾਰੇ ਲੋਕਾਂ ਨੇ ਗਰਜਿਆ-ਬੁਢੇ, ਤੀਵੀਆਂ ਤੇ ਜੁਆਨ-ਸਾਰਿਆਂ ਨੇ।

ਅਚੰਭੇ ਨਾਲ ਤਾਈ ਦੇ ਕੰਨ ਖੜ੍ਹੇ ਹੋ ਗਏ।

"ਅਮਨ-ਅਮਨ।" ਇਕ ਮੁਟਿਆਰ ਨੇ ਦੰਦਲ-ਦਾਤੀ ਨੂੰ ਉਚਾ ਕਰਦਿਆਂ ਬਰੀਕ ਬੁਲ੍ਹਾਂ 'ਚੋਂ ਆਖਿਆ, ਜੋ ਬਲਦਾਂ ਲਈ ਸਾਵੀ ਚਰ੍ਹੀ ਦੀਆਂ ਪੂਲੀਆਂ ਖੋਤ ਕੇ ਲਿਆ ਰਹੀ ਸੀ, ਜਿਸ ਨੇ ਭਾਰ ਨੂੰ ਇਥੇ ਹੀ ਸੁਟ ਦਿਤਾ, ਤੇ ਅਣ-ਵਾਹੇ ਵਾਲਾਂ ਵਿਚ ਘਾਹ ਦੀਆਂ ਸਾਵੀਆਂ ਤਿੜ੍ਹਾਂ ਅਜੇ ਉਲਝੀਆਂ ਹੋਈਆਂ ਸਨ।

"ਅਸੀਂ ਤੀਜੀ ਜੰਗ ਨਹੀਂ ਹੋਣ ਦਿਆਂਗੇ!" ਇਕ ਮੁੰਡੇ ਨੇ ਆਖਿਆ, ਜਿਸ ਦੇ ਘੁੰਗਰਾਲੇ ਪਟਿਆਂ ਉਤੇ ਰਾਹਾਂ ਦੀ ਧੂੜ ਹੱਸ ਰਹੀ ਸੀ।

ਇਕ ਹੋਰ ਮਸ-ਫੁਟਾ, ਕਣਕ ਦੇ ਦਾਣਿਆਂ ਵਰਗਾ ਮੁੜ੍ਹਕਾ ਜਿਸ ਦੇ ਮੱਥੇ ਉਤੇ ਸੀ, ਗਰਜਿਆ, "ਏਸ਼ੀਆ 'ਚੋਂ ਨਿਕਲ ਜਾਓ...!"

ਇਕ ਕਵੀ ਨੇ ਗੀਤ ਗਾਵਿਆ,

"ਸਾਡੇ ਛੈਲ ਛਬੀਲੇ ਗੱਭਰੂ,
ਹੁਣ ਖਾ ਨਹੀਂ ਸਕਦੀ ਲਾਮ।
ਅਸੀਂ ਜੰਗ ਨੂੰ ਜਾਣ ਵਾਲੀਆਂ,
ਕਰ ਦਿਆਂਗੇ ਰੇਲਾਂ ਜਾਮ।"

ਤ੍ਰਿਬੇਣੀ ਦੇ ਪੱਤੇ ਫਰ ਫਰਾਏ, ਤਾਈ ਦੇ ਦਿਲ ਨੂੰ ਇਕ ਠੰਡਾ ਝੋਲਾ ਆਇਆ। ਉਹਨੇ ਮਨ ਹੀ ਮਨ ਵਿਚ ਦੇਖਿਆ, ਉਹਦੇ ਅਲ੍ਹੜ ਬੰਤੇ ਨੂੰ ਕੇਡੀ ਜੁਆਨੀ ਚੜ੍ਹ ਰਹੀ ਹੈ।

"ਅਸੀਂ ਅਮਨ ਦੇ ਰਾਖੇ ਹਾਂ...!" ਤੋਤਲੀ



ਬੋਲੀ ਵਿਚ ਦੁਧ ਦੇ ਦੰਦਾਂ ਨੇ ਆਖਿਆ, ਤੇ ਨਿਕੇ ਜਿਹੇ ਹੱਥ ਨੇ ਪਹਿਲੀ ਜਮਾਤ ਦਾ ਕੈਦਾ ਤ੍ਰਿਬੇਣੀ ਦੀਆਂ ਕੱਚੀਆਂ ਲਗਰਾਂ ਵਲ ਉਚਾ ਕੀਤਾ।

ਲੋਕ ਕੀਲੇ ਬੈਠੇ ਸਨ। ਤ੍ਰਿਬੇਣੀ ਦੇ ਹਰੇ ਕਚੂਰ ਪੱਤੇ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਲਿਚ ਲਿਚ ਕਰਦੇ ਸਨ।

ਤਾਈ ਸਭ ਕੁਝ ਨਿਸਚੇ ਨਾਲ ਸੁਣ ਰਹੀ ਸੀ। ਉਸ ਨਿਸਚੇ ਨਾਲ, ਜੋ ਨੂੰਹ ਦੇ ਸੁਹਾਗਣ ਹੋਣ ਵਿਚ ਹੋ ਸਕਦਾ ਹੈ, ਜੋ ਪੁਤਲੀ ਵਿਚ ਅੱਖ ਦਾ ਤਾਰਾ ਲਿਸ਼ਕਣ ਨਾਲ ਹੋ ਸਕਦਾ ਹੈ, ਜੋ ਹਿੱਕ ਦਾ ਟੋਇਆ ਪੂਰੇ ਜਾਣ ਵਿਚ ਹੋ ਸਕਦਾ ਹੈ। ਤਾਈ ਭਰਪੂਰ ਹੋਈ ਬੈਠੀ ਸੀ-ਉਹਦੇ ਵਿਚ ਕਿੰਨੀ ਸ਼ਕਤੀ ਹੈ। ਉਹਨੂੰ ਜਾਪਿਆ, ਸਾਰੇ ਉਹਦੇ ਪਿੰਡ ਦੇ ਹੀ ਤਾਂ ਮੁੰਡੇ ਨੇ, ਜੋ ਥੜ੍ਹੇ ਉਤੇ ਆਪ ਆ ਕੇ ਬੋਲਦੇ ਨੇ-ਵਿਹੜੇ ਵਾਲਿਆਂ ਦਾ ਜੀਤ, ਗਰੇਵਾਲਾਂ ਦਾ ਜਗੀਰ, ਤੇ ਔਹ ਬਾਹਰਲੇ ਵਾਸ ਦਾ ਕਵੀ ਮੁੰਡਾ। ਸਾਰੇ ਉਹਦੇ ਹੱਥਾਂ ਵਿਚ ਪਲੇ ਹੋਏ, ਤਾਈ ਫੁਲ ਫੁਲ ਜਾਂਦੀ ਸੀ।

ਇਕ ਚੋਬਰ ਥੜ੍ਹੇ ਉਤੇ ਤਣ ਕੇ ਖੜੋ ਗਿਆ। ਸੰਸਾਰ ਦੀ ਅਮਨ-ਕਮੇਟੀ ਵਲੋਂ ਉਹਨੇ ਐਟਮ-ਬੰਬ ਨੂੰ ਰੋਕਣ ਦੀ ਅਪੀਲ ਪੜ੍ਹ ਕੇ ਸੁਣਾਈ। ਸੌਖੀ ਪੇਂਡੂ ਬੋਲੀ ਵਿਚ ਅਪੀਲ ਦਾ ਭਾਵ ਖੋਲ੍ਹ ਕੇ ਸਮਝਾਇਆ, ਤੇ ਲਹਿਲਹਾਉਂਦੀਆਂ ਮੁਟਿਆਰ ਫਸਲਾਂ, ਹਸਦੇ ਵਸਦੇ ਘਰਾਂ, ਬੱਚਿਆਂ ਦੀ ਮਹਿਕਦੀ ਮੁਸਕਾਨ ਤੇ ਝਮ ਝਮ ਕਰਦੀ ਸਾਰੀ ਦੁਨੀਆਂ ਦਾ ਵਾਸਤਾ ਪਾ ਕੇ; ਦਿਲਾਂ ਦੇ ਨੇਕ ਲੋਕਾਂ ਨੂੰ ਅਪੀਲ ਉਤੇ ਦਸਖਤ ਕਰਨ ਤੇ ਅੰਗੂਠੇ ਲਾਉਣ ਲਈ ਆਖਿਆ।

ਜੰਗ ਦੀਆਂ ਗੱਲਾਂ ਸੁਣ ਕੇ ਪਲ ਦੀ ਪਲ ਤਾਈ ਦੇ ਖਿਆਲਾਂ ਵਿਚ ਕਰਤਾਰ ਦੀ ਮੌਤ-ਝਾਕੀ ਉਭਰਨ ਲੱਗੀ। ਦੂਰ ਦੁਰਾਡੇ ਦੇਸ਼ਾਂ ਵਿਚ, ਸੱਤ ਸਮੁੰਦਰੋਂ ਪਾਰ, ਜੰਗ ਦਾ ਖੂਨੀ ਮੋਰਚਾ... "ਟੀਂ"...ਕਰਦੀ ਚੰਦਰੀ ਗੋਲੀ...ਤੇ ਉਹਦੇ ਜਿਗਰ ਦਾ ਟੁਕੜਾ ਚੰਘਿਆੜ ਕੇ ਧਰਤੀ ਉਤੇ ਲੋਟਣੀਆਂ ਲੈਣ ਲੱਗਾ, ਤੇ ਤਾਈ ਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ, ਉਸ ਦੇ ਘਰ ਉਤੇ ਸੂਰਜ ਡੁਬ ਗਿਆ ਸੀ।

'ਦੂਜੀ ਜੰਗ ਕਰਤਾਰ ਨੂੰ ਲੈ ਗਈ, ਤੀਜੀ ਜੰਗ ਹੁਣ ਫੇਰ ਮੂੰਹ ਅੱਡੀ ਖਲੋਤੀ ਹੈ...!' ਇਸ ਖਿਆਲ ਨਾਲ ਤਾਈ ਦੇ ਪੁਰਾਣੇ ਸਰੀਰ ਉਤੇ ਹੌਲ ਦੀਆਂ ਕੰਬਣੀਆਂ ਤੁਰਨ ਲੱਗੀਆਂ। ਬਲਵੰਤ ਉਹਦੇ ਘਰ ਦਾ ਦੀਵਾ, ਤੇ ਤਾਈ ਚਾਹੁੰਦੀ ਸੀ ਕਿ ਰਹਿੰਦੀ ਦੁਨੀਆਂ ਤਕ ਉਹਦੇ ਘਰ ਵਿਚ ਦੀਵਾ ਬਲਦਾ ਰਹੇ।

ਤਾਈ ਨੇ ਆਪਣੇ ਅੰਗੂਠੇ ਵਲ ਗੰਭੀਰ ਤੇ ਨਿਰਣੇ ਭਰੀਆਂ ਨਜ਼ਰਾਂ ਨਾਲ ਦੇਖਿਆ, ਤਾਈ ਦੀਆਂ ਅੱਖਾਂ ਮੁਸਕਰਾਈਆਂ, ਜਿਵੇਂ ਖਿਜ਼ਾਂ ਦੇ ਅਖੀਰ ਉਤੇ ਬਹਾਰ ਦਾ ਪਹਿਲਾ ਬੁੱਲਾ ਰੁਮਕਦਾ ਹੈ। ਤਾਈ ਨੂੰ ਆਪਣੇ ਅੰਗੂਠੇ ਦੇ ਬਲ ਦਾ ਪਤਾ ਲੱਗਾ।

ਦੂਰ ਜਿਹੇ ਖੁੰਡਾਂ ਉਤੇ ਬੈਠ ਮੁਸ਼ਟੰਡਿਆਂ ਨੇ ਪੁਲਿਸ ਦੀ ਸ਼ਹਿ ਪਾ ਕੇ 'ਹਿੜ ਹਿੜ' ਲਾਈ।

''ਛੀ...ਹ, ਹਟਾ ਲੈਣਗੇ ਬਈ ਇਹ ਜੰਗ? ਇਨ੍ਹਾਂ ਦਸਖਤਾਂ ਨਾਲ ਜੰਗ ਭਲਾ ਹਟ ਜੂ? ਚੁਕੀ ਫਿਰਦੇ ਨੇ ਕਾਗਤੀਆਂ, ਐਟਮ-ਬੰਬ ਨ੍ਹੀਂ ਬਈ ਇਨ੍ਹਾਂ ਚੱਲਣ ਦੇਣਾ ਮਾਂ ਦਿਆਂ ਸੂਰਮਿਆਂ ਨੇ।'' ਨੰਬਰਦਾਰ ਗੁਜਣ ਸਿੰਘ ਬੁੜਬੁੜਾਇਆ, ਜਿਸ ਨੇ ਦੂਜੀ ਜੰਗ ਵਿਚ ਪਿੰਡ ਦੇ ਮੁੰਡੇ ਭਰਤੀ ਕਰਾ ਕੇ ਸਰਕਾਰ ਤੋਂ ਬਾਰ ਵਿਚ ਮੁਰੱਬਾ ਬਖਸ਼ੀਸ਼ ਵਿਚ ਲਿਆ ਸੀ।

''ਚੰਗਾ ਸਗੋਂ ਅਸੀਂ ਤਾਂ ਕਹਿਨੇ ਆਂ ਜੰਗ ਛੇਤੀ ਲੱਗੇ, ਦੁਨੀਆਂ ਭੁੱਖੀ ਤਾਂ ਨਾ ਮਰੇ!'' ਸਫੇਦ-ਪੋਸ਼ ਕੁੰਦਾ ਸਿੰਘ ਤੇ ਨਿੱਕੂ ਮੱਲ ਸ਼ਾਹੂਕਾਰ ਠਿਲਾਂ ਕਰਦੇ ਸਨ, ਜਿਨ੍ਹਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਵਿਚ ਝੂਠੀਆਂ ਗਵਾਹੀਆਂ, ਵਢੀਆਂ ਤੇ ਮੁਖਬਰੀਆਂ ਦੀ ਬੋ ਉਭਾਰੀ ਹੋਈ ਸੀ।

''ਕੋਈ ਨਾ ਲਾਇਓ ਲੋਕੋ ਗੂਠੇ ਗਾਠੇ-ਐਵੇਂ ਵਰਗਲਾਉਂਦੇ ਨੇ ਥੋਨੂੰ ਇਹ ਰੂਸ ਦੇ ਜੰਟ...!'' ਹਰਾ ਕੁਹਣੀਮਾਰ ਪਰੇ ਕੁ ਨੂੰ ਪਏ ਟੁਟੇ ਜਿਹੇ ਗੱਡੇ ਦੀ ਪਿੰਜਣੀ ਉਤੋਂ ਬਿਰਕਿਆ।

ਹੋਛੀ ਹਿੜ ਹਿੜ ਵਲ ਕਿਸੇ ਧਿਆਨ ਨਾ ਦਿਤਾ। ਤ੍ਰਿਬੇਣੀ ਦੇ ਕੂਲੇ ਪੱਤਿਆਂ 'ਚ ਇਕ ਤਿੱਖਾ ਬੁਲ੍ਹਾ ਫੜਫੜਾਇਆ। ਥੜ੍ਹੇ 'ਤੇ ਖਲੋਤੇ ਕਵੀ ਦੇ ਬੁੱਲਾਂ 'ਚੋਂ ਲੋਕਾਂ ਦੀ ਤਾਕਤ ਵੰਗਾਰਦੀ ਸੀ,

ਸਾਡੇ ਫੁਲਾਂ ਦਾ ਸੂਹਾ ਸੂਹਾ ਰੰਗ ਵੇ,
ਜੰਗ-ਬਾਜ਼ਾ-ਓ ਵੈਰੀਆ!
ਸਾਥੋਂ ਦੂਰੋਂ ਦੂਰੋਂ ਦੀ ਲੰਘ ਵੇ!

ਸਾਡੇ ਖੇਤਾਂ 'ਚ ਨਿਕੇ ਨਿਕੇ ਟਿਬੜੇ,
ਛਹ ਕੇ ਭਿਟ ਨਾ ਦਈਂ,
ਤੇਰੇ ਪੈਰ ਲਹੂ ਨਾਲ ਲਿਬੜੇ!

ਇਕ ਚਿਟ-ਕਪੜੀਏ, ਜੋ ਪੁਲਿਸ ਦੇ ਸਿਪਾਹੀਆਂ ਦੇ ਵਿਚਾਲੇ, ਭਰੀਆਂ ਬੰਦੂਕਾਂ ਦੀ ਓਟ ਵਿਚ ਮੰਜੇ ਉਤੇ ਝੂਠ ਮੂਠ ਦਾ ਆਕੜਿਆ ਬੈਠਾ ਸੀ, ਨੇ ਛੋਟੀ ਛੋਟੀ ਪਿਨਸਲ ਨਾਲ ਕੁਝ ਕਾਗਜ਼ ਉਤੇ ਲਿਖਿਆ। ਤਾਈ ਨਿਹਾਲੀ ਉਸ ਵਲ ਪਾੜ ਖਾਣੀਆਂ ਅੱਖਾਂ ਨਾਲ ਦੇਖਣ ਲੱਗੀ। ਤਾਈ ਨੂੰ ਪਤਾ ਸੀ ਕਿ ਅੰਗਰੇਜ਼ ਦੇ ਰਾਜ ਵੇਲੇ ਜਦੋਂ ਕਾਂਗਰਸ ਆਜ਼ਾਦੀ ਮੰਗਦੀ ਹੁੰਦੀ ਸੀ ਤੇ ਉਹਦੇ ਪਿੰਡ ਇਸੇ ਥਾਂ ਜਲਸਾ ਹੋਇਆ ਸੀ, ਤਾਂ ਉਦੋਂ ਵੀ ਇਸ ਖੁਫੀਏ ਨੇ ਚੁਗਲੀ ਲਿਖ ਕੇ ਸਰਕਾਰ ਨੂੰ ਭੇਜੀ ਸੀ, ਤੇ ਉਹਦੇ ਪਿੰਡ ਦੇ ਤਿੰਨ ਮੁੰਡੇ ਕੈਦ ਹੋ ਗਏ ਸਨ। ਹੁਣ ਅਜ਼ਾਦੀ ਮਿਲਣ ਪਿਛੋਂ, ਜਦ ਰਾਜ ਕਾਂਗਰਸ ਦਾ ਹੋ ਗਿਆ, ਤਾਂ ਉਹੀ ਖੁਫੀਆ ਅਜ ਫੇਰ ਉਨ੍ਹਾਂ ਦੇ ਅਮਨ ਦੇ ਜਲਸੇ ਵਿਚ ਬੈਠਾ ਡਾਇਰੀ ਲਿਖ ਰਿਹਾ ਹੈ!

ਤਾਈ ਹਰਖ ਨਾਲ ਸਿਰਾਂ ਦੀ ਪੱਧਰ ਵਿਚੋਂ ਧੌਣ ਚੁਕ ਤੇ ਖੁਫੀਏ ਵਲ ਕੈਰੀਆਂ ਅੱਖਾਂ ਨਾਲ ਕਚੀਚੀ ਵਟ ਕੇ ਬੋਲੀ, ''ਤੈਨੂੰ ਕੀਹਨੇ ਸਦਿਐ ਬੇ, ਨੂਣ ਹਰਾਮੀਆਂ?''

ਸਾਰੇ ਲੋਕਾਂ ਨੇ ਪੁਲਿਸ ਵਲ ਨਫਰਤ ਨਾਲ ਦੇਖਿਆ। ਥਾਣੇਦਾਰ ਨੂੰ ਅੱਗ ਲੱਗ ਗਈ। ਪਿਸਤੌਲ ਨੂੰ ਹੱਥ ਪਾ ਕੇ ਉਹ ਕਿਲਿਆ, "ਬੰਦ ਕਰੋ, ਇਸ ਪਖੰਡ ਨੂੰ, ਦਸਖਤ, ਦਸਖਤ ਲੋਕਾਂ ਵਿਚ ਬਦ-ਅਮਨੀ ਫੈਲ ਰਹੀ ਹੈ!"

"ਕੌਣ ਜੰਮਿਐ ਸਾਡੇ ਜਲਸੇ ਨੂੰ ਰੋਕਣ ਵਾਲਾ?" ਤਾਈ ਗਰਜ ਉਠੀ। ਜਲਸੇ ਵਿਚ ਬੈਠੇ ਗਭਰੂਆਂ ਦੇ ਡੌਲੇ ਫਰਕਣ ਲਗੇ, ਤੇ ਸ਼ਮਲਿਆਂ ਵਾਲੇ ਕਈ ਲਟਬੌਰੇ ਤੰਬਿਆਂ ਦੇ ਲਾਂਗੜੇ ਮਾਰ ਕੇ ਤਣ ਗਏ।

"ਹੁਸ਼ਿਆਰ...!" ਇਕ ਹੁਕਮ ਹੋਰ ਕੜਕਿਆ।

ਬੰਦੂਕਾਂ ਹਵਾ ਵਿਚ ਤਣ ਗਈਆਂ।

"ਖੜ੍ਹੋ ਥੋਡੇ ਮਾਂ-ਮਸ਼ਕਰਿਆਂ ਦੇ ਟੁਟ ਜਾਣੇ...ਜਿਸ ਧਰਤੀ ਦਾ ਖਾਂਦੇ ਓ, ਉਸੇ ਨਾਲ ਧਰੋਹ!" ਬਿਜਲੀ ਵਾਂਗ ਕੜਕਦੀ ਤਾਈ ਨੇ ਬਾਹਾਂ ਪਸਾਰ ਕੇ ਪੁਲਸੀਆਂ ਨੂੰ ਲਲਕਾਰਾ ਮਾਰਿਆ।

ਥੜ੍ਹੇ ਉਤੋਂ ਨਾਅਰੇ ਲੱਗੇ,

''ਸਿਪਾਹੀ ਸਾਡੇ ਸਾਥੀ ਨੇ!''

''ਅਫਸਰ ਸਾਡੇ ਵੈਰੀ ਨੇ!''

ਥਾਣੇਦਾਰ ਛਿੱਥਾ ਪੈ ਗਿਆ। ਸਿਪਾਹੀ ਦਹਿਲ ਗਏ, ਬੰਦੂਕਾਂ ਦੇ ਮੂੰਹ ਮੁੜ ਗਏ।

ਤਾਈ ਨੇ ਭਰੇ ਇਕੱਠ ਵੱਲ ਬਾਂਹ ਉਲਾਰ ਕੇ ਆਖਿਆ, ''ਆਓ ਨੀ ਕੁੜੀਓ, ਆਓ ਵੇ ਮੁੰਡਿਓ, ਨੀਂ ਕਰਨੈਲ ਕੁਰੇ, ਆ ਬੇ ਬੰਤ-ਸਾਰੇ ਕਾਗਤ 'ਤੇ 'ਗੂਠੇ ਲਾਓ!'' ਤਾਈ ਦੇ ਪਸ਼ਮ ਵਰਗੇ ਚਿੱਟੇ ਵਾਲ ਸਾਊ ਪੰਛੀ ਦੇ ਪਰਾਂ ਵਾਂਗ ਫਰ ਫਰਾਏ ਤੇ ਉਹਨੇ ਅੱਗੇ ਵਧ ਕੇ, ਸਭ ਤੋਂ ਪਹਿਲਾਂ ਕਾਗਜ਼ 'ਤੇ ਆਪਣਾ ਅੰਗੂਠਾ ਲਾ ਦਿਤਾ।

ਤ੍ਰਿਬੇਣੀ ਦੀਆਂ ਸਿਖਰਲੀਆਂ ਟਹਿਣੀਆਂ ਵਿਚ ਬੱਦਲੀ ਖੰਭ ਫੜ-ਫੜਾਏ, ਹਰੇ ਪੱਤਿਆਂ 'ਚੋਂ 'ਵਾਜ ਆਈ, "ਘੁਗੂੰ-ਘੂੰ, ਘੁਗੂੰ-ਘੂੰ।"

## ਮਿਨੀ ਕਹਾਣੀ

### ਗਿਰਾਵਟ

"ਇਨ੍ਹਾਂ ਨੂੰ ਪੁਲਿਸ ਨੂੰ ਦੇਵੋ...ਕਿਵੇਂ ਸ਼ਰਮ ਲਾਹੀ ਏ, ਦਿਨ-ਦੀਵੀਂ ਲੋਕਾਂ ਨੂੰ ਲੁਟਦੀਆਂ ਫਿਰਦੀਆਂ!" ਤਰ੍ਹਾਂ ਤਰ੍ਹਾਂ ਦੇ ਦੋਸ਼ ਲਾਉਂਦੇ ਚੰਗਾ-ਮੰਦਾ ਬੋਲਦੇ ਲੋਕ ਉਨ੍ਹਾਂ ਨੂੰ ਘੇਰੀ ਆ ਰਹੇ ਸਨ। ਉਹ ਆਪਣੀਆਂ ਝੋਲੀਆਂ ਨੂੰ ਘੁੱਟ ਕੇ ਫਟੀ ਲੋਕਾਂ ਦੇ ਅੱਗੇ-ਅੱਗੇ ਜਾ ਰਹੀਆਂ ਸਨ। ਆਖਰ ਬਜੁਰਗ ਨੇਤਾ ਅਤੇ ਸ਼ਹਿਰ ਦੀ ਹਸਤੀ ਸੰਤਾ ਸਿੰਘ ਦੇ ਘਰ ਅੱਗੇ ਲਿਆ ਖੜਾਇਆ।

ਰੌਲਾ ਸੁਣ ਸੰਤਾ ਸਿੰਘ ਬਾਹਰ ਆ ਗਿਆ ਤੇ ਇਸ ਸਭ ਦਾ ਕਾਰਨ ਪੁੱਛਣ ਲੱਗਾ। ਹਰ ਕੋਈ ਅੱਗੇ ਵਧ ਕੇ ਦੱਸ ਰਿਹਾ ਸੀ। ਲੋਕਾਂ ਅਨੁਸਾਰ ਉਹ ਉਨ੍ਹਾਂ ਔਰਤਾਂ ਨੂੰ ਨਵੀਂ ਬਣ ਰਹੀ ਕਾਲੋਨੀ ਵਿਚਲੇ ਘਾਹ-ਬੂਟਿਆਂ ਵਿਚੋਂ ਫੜ ਕੇ ਲਿਆਏ ਸਨ, ਜਿੱਥੇ ਉਹ ਗਲਤ ਕੰਮ ਕਰਦੀਆਂ ਹਨ। ਸੰਤਾ ਸਿੰਘ ਨੇ ਸਭ ਨੂੰ ਚੁੱਪ ਕਰਾ ਕੇ ਔਰਤਾਂ ਵੱਲ ਰੁੱਖ ਕੀਤਾ, "ਹਾਂ, ਬੀਬਾ ਇਹ ਕੀ ਹੋ ਰਿਹਾ ਹੈ?"

"ਕੀ ਕਰੀਏ ਸਰਦਾਰ ਜੀ! ਬੱਚੇ ਪਾਲਣ ਲਈ ਉਧਰ ਜਾਣਾ ਪੈਂਦਾ।" ਉਨ੍ਹਾਂ ਨੀਵੀਂ ਪਾਈ ਜਵਾਬ ਦਿੱਤਾ।

"ਵੇਖ ਲਾ ਸੰਤਾ ਸਿਹਾਂ, ਹੈ ਕੋਈ ਸ਼ਰਮ ਹਯਾ ਇਨ੍ਹਾਂ ਲੋਕਾਂ ਨੂੰ।" ਬਿੱਕਰ ਸਿੰਘ ਨੇ ਗੁੱਸਾ ਕੱਢਦਿਆਂ ਬੜੀ ਭੈੜੀ ਸ਼ਬਦਾਵਲੀ ਵਰਤੀ।

"ਬੀਬਾ ਰੋਟੀ ਲਈ ਮਿਹਨਤ ਮਜਦੂਰੀ ਕਰੋ। ਸਰੀਰ ਵੇਚ ਕੇ...!" ਸੰਤਾ ਸਿੰਘ ਦੇ ਗੱਲ ਮੂੰਹ ਵਿਚ ਹੀ ਸੀ ਕਿ ਉਹ ਇਕਦਮ ਬੋਲ ਉਠੀਆਂ, "ਨਹੀਂ ਨਹੀਂ, ਅਸੀਂ ਅਜਿਹਾ ਕੰਮ ਨ੍ਹੀਂ ਕਰਦੀਆਂ। ਕੀ ਹੋਇਆ ਗਰੀਬ ਹਾਂ, ਇੱਜਤ ਤਾਂ ਸਾਡੀ ਵੀ ਹੈ। ਸਾਹਿਬ, ਉਥੇ ਤੁਹਾਡੇ ਲੋਕ ਓਹਲੇ ਵਿਚ ਬੈਠ ਕੇ ਨਸ਼ੇ ਕਰਦੇ ਹਨ, ਉਨ੍ਹਾਂ ਦੀਆਂ ਸੁੱਟੀਆਂ ਬੋਤਲਾਂ, ਸ਼ੀਸ਼ੀਆਂ ਅਸੀਂ ਇਕੱਠੀਆਂ ਕਰ ਲੈਂਦੀਆਂ ਹਾਂ। ਆਹ ਵੇਖੋ।" ਉਨ੍ਹਾਂ ਨੇ ਆਪਣੀਆਂ ਝੋਲੀਆਂ ਖਿਲਾਰ ਦਿੱਤੀਆਂ, ਜਿਨ੍ਹਾਂ ਵਿਚੋਂ ਖਾਲੀ ਬੋਤਲਾਂ, ਸ਼ੀਸ਼ੀਆਂ ਅਤੇ ਸਰਿੰਜਾਂ ਆਸੇ-ਪਾਸੇ ਖਿੰਡ ਗਈਆਂ।

ਹੁਣ ਸਭ ਦੀਆਂ ਨਜ਼ਰਾਂ ਝੁਕ ਗਈਆਂ ਸਨ। ਦੋਸ਼ ਲਾਉਣ ਵਾਲੇ ਖਿਸਕਣ ਲੱਗੇ। ਸੰਤਾ ਸਿੰਘ ਸਮਾਜ ਦੀ ਸੋਚ ਅਤੇ ਕਰਨੀ ਵਿਚ ਆਈ ਗਰਕੀ ਬਾਰੇ ਸੋਚਦਾ ਕਿਤੇ ਦੂਰ ਚਲਾ ਗਿਆ ਸੀ।

-ਗੁਰਮੀਤ ਸਿੰਘ ਮਰਾੜ੍ਹ
ਫੋਨ: 91-95014-00397

# ਨਵਜੋਤ ਸਿੰਘ ਸਿੱਧੂ ਭੁੱਲ ਗਿਆ ਆਪਣਾ ਪਿਛੋਕੜ!

ਕੁਝ ਅਰਸਾ ਪਹਿਲਾਂ ਨਵਜੋਤ ਸਿੰਘ ਸਿੱਧੂ ਜਦੋਂ ਇਮਰਾਨ ਖਾਨ ਦੇ ਪ੍ਰਧਾਨ ਮੰਤਰੀ ਬਣਨ ਮੌਕੇ ਸਹੁੰ ਚੁਕ ਰਸਮ 'ਤੇ ਪਾਕਿਸਤਾਨ ਗਏ ਤਾਂ ਉਥੇ ਉਨ੍ਹਾਂ ਦੀ ਮੁਲਾਕਾਤ ਪਾਕਿਸਤਾਨੀ ਫੌਜ ਦੇ ਜਨਰਲ ਕਮਰ ਜਾਵੇਦ ਬਾਜਵਾ ਨਾਲ ਹੋਈ। ਦੋਹਾਂ ਨੇ ਜੱਫੀ ਪਾਈ, ਜੋ ਭਾਰਤ ਵਿਚ ਬੜੀ ਮਸ਼ਹੂਰ ਹੋਈ। ਲੋਕਾਂ ਬੜਾ ਵਿਰੋਧ ਵੀ ਕੀਤਾ। ਜੱਫੀ ਪਾਉਣ ਤੋਂ ਇਲਾਵਾ ਸ. ਸਿੱਧੂ ਨੇ ਕਿਹਾ, "ਮੇਰਾ ਤੁਹਾਡੇ ਨਾਲ ਜੱਟ ਹੋਣ ਦੇ ਨਾਤੇ ਵੀ ਇਕ ਰਿਸ਼ਤਾ ਹੈ।"

ਮੈਂ ਹੈਰਾਨ-ਪ੍ਰੇਸ਼ਾਨ ਹੋਇਆ ਕਿ ਨਵਜੋਤ ਪੜ੍ਹਿਆ-ਲਿਖਿਆ ਬੰਦਾ ਹੈ, ਤੇ ਸਾਰੀ ਦੁਨੀਆਂ ਘੁੰਮੀ ਹੈ ਉਸ ਨੇ, ਪਰ ਉਹ ਆਪਣਾ ਪਿਛੋਕੜ ਕਿਵੇਂ ਭੁਲ ਗਿਆ! ਕੀ ਨਵਜੋਤ ਸਿੱਧੂ ਨੂੰ ਇਹ ਨਹੀਂ ਪਤਾ ਕਿ ਉਹ ਜੱਟ ਹੈ ਜਾਂ ਰਾਜਪੂਤ? ਬਾਬਾ ਬੁੱਲ੍ਹੇ ਸ਼ਾਹ ਨੇ ਠੀਕ ਹੀ ਫੁਰਮਾਇਆ ਹੈ,



**ਡਾ. ਗੁਲਾਮ ਮੁਸਤਫਾ ਡੋਗਰ**
Kotroy@hotmail.co.uk
ਫੋਨ: 0044-7878132208
---
**ਲਿਪੀਅੰਤਰ: ਜੇ. ਐਸ. ਭੱਟੀ**
jsdhaiwal21@gmail.com
ਫੋਨ: +91-7986037268

ਬੁੱਲ੍ਹੇ ਸ਼ਾਹ ਅਸਮਾਨੀਂ ਉਡਦੀਆਂ ਫੜਦਾਂ,
ਜਿਹੜਾ ਘਰ ਬੈਠਾ ਉਹਨੂੰ ਫੜਿਆ ਹੀ ਨਹੀਂ।

ਮੈਨੂੰ ਲਗਦਾ ਹੈ ਕਿ ਸਿਆਸੀ ਰੁਝੇਵਿਆਂ ਵਿਚ ਫਸੇ ਸਿੱਧੂ ਨੇ ਆਪਣਾ ਧਿਆਨ ਇਸ ਪਾਸੇ ਨਹੀਂ ਕੀਤਾ ਕਿ ਉਨ੍ਹਾਂ ਦਾ ਪਿਛੋਕੜ ਅਸਲ ਵਿਚ ਕੀ ਹੈ? ਜੋ ਸਿਆਸੀ ਆਗੂ ਆਪਣੇ ਹਲਕੇ ਦੇ ਲੋਕਾਂ ਦਾ ਪਿਛੋਕੜ ਨਹੀਂ ਜਾਣਦਾ, ਉਸ ਦਾ ਕਾਮਯਾਬ ਹੋਣਾ ਬੜਾ ਮੁਸ਼ਕਿਲ ਹੁੰਦਾ ਹੈ; ਪਰ ਜੇ ਕੋਈ ਨੇਤਾ ਆਪਣੇ ਲੋਕਾਂ ਦੇ ਪਿਛੋਕੜ ਭੁੱਲਣ ਤੋਂ ਇਲਾਵਾ ਆਪਣਾ ਹੀ ਪਿਛੋਕੜ ਭੁੱਲ ਜਾਵੇ, ਫਿਰ ਤਾਂ ਸਰਿਆ ਹੀ ਸਮਝੋ। ਇਨ੍ਹਾਂ ਰਾਜ ਨੇਤਾਵਾਂ ਨੇ ਲੋਕਾਂ ਦਾ ਆਗੂ ਰਹਿਬਰ ਬਣਦਾ ਹੁੰਦਾ ਹੈ, ਤੇ ਜੇ ਉਨ੍ਹਾਂ ਕੋਲ ਜਾਣਕਾਰੀ ਪੂਰੀ ਨਾ ਹੋਵੇ-ਲੋਕਾਂ ਜਾਂ ਆਪਣੇ ਬਾਰੇ, ਤਾਂ ਇਹ ਲਾਜ਼ਮੀ ਗੱਲ ਹੈ ਕਿ ਉਹ ਲੋਕਾਂ ਨੂੰ ਕਿਸੇ ਗਲਤ ਪਾਸੇ ਲੈ ਜਾਣਗੇ।

ਮੈਂ ਕਾਫੀ ਅਰਸੇ ਤੋਂ ਸੋਚ ਰਿਹਾ ਸਾਂ ਕਿ ਸਿੱਧੂ ਸਾਹਿਬ ਦੀ ਖਿਦਮਤ ਵਿਚ ਬੇਨਤੀ ਕਰ ਕੇ ਉਨ੍ਹਾਂ ਦਾ ਪਿਛੋਕੜ ਦੱਸਿਆ ਜਾਵੇ ਕਿ ਉਹ ਜੱਟ ਨਹੀਂ, ਪਰ ਪੱਕੇ ਪੀਠੇ ਭੱਟੀ ਰਾਜਪੂਤ ਹਨ।

ਸਿੱਧੂ ਸਾਹਿਬ ਦਾ ਪਿਛੋਕੜ ਇਸ ਤਰ੍ਹਾਂ ਸ਼ੁਰੂ ਕਰਦੇ ਹਾਂ ਕਿ ਇਨ੍ਹਾਂ ਦਾ ਬਜੁਰਗ, ਵੱਡਾ ਵਡੇਰਾ, ਜਿਸ ਦਾ ਨਾਂ ਰਾਵਲ ਜੈਸਲ ਸੀ, ਜਿਸ ਦੇ ਦੋ ਪੁੱਤਰ ਸਨ-ਵੱਡਾ ਸਭਲ ਭਾਨ ਤੇ ਛੋਟਾ ਰਾਹੋ ਹੇਮ। ਰਾਹੋ ਹੇਮ ਨੂੰ ਹੇਮ ਵੀ ਕਿਹਾ ਜਾਂਦਾ ਸੀ, ਤੇ ਇਹ ਬੰਦਾ ਪਹਿਲੀ ਵਾਰ ਜੈਸਲਮੇਰ ਤੋਂ ਸੰਨ 1185 ਵਿਚ ਭਟੀਆਨਾ ਆਇਆ। ਉਦੋਂ ਇਸ ਇਲਾਕੇ ਵਿਚ ਹਕੂਮਤ ਰਾਏ ਕਥੂਰਾ ਪ੍ਰਿਥਵੀ ਰਾਜ ਦੀ ਸੀ, ਜੋ ਚੌਹਾਨ ਰਾਜਪੂਤ ਸੀ।

ਉਸ ਵਕਤ ਕਾਨੂੰਨ ਇਸ ਤਰ੍ਹਾਂ ਦਾ ਸੀ ਕਿ ਜਿਸ ਦੀ ਲਾਠੀ ਉਸ ਦੀ ਭੈਂਸ। ਜੋ ਤਾਕਤਵਰ ਹੁੰਦਾ, ਕਬਜਾ ਕਰ ਲੈਂਦਾ। ਦੂਜੇ ਇਲਾਕੇ ਦੇ ਲੋਕ ਵੀ ਇਹੀ ਕਰਦੇ ਸਨ। ਲੋਕ ਦੋ ਹਿੱਸਿਆਂ ਵਿਚ ਵੰਡੇ ਹੋਏ ਸਨ। ਇਕ ਹਿੱਸਾ ਉਹ ਜੋ ਲੋਕਾਂ ਨੂੰ ਲੁਟਦੇ ਸਨ ਤੇ ਦੂਜਾ ਉਹ ਜੋ ਲੁੱਟੇ ਜਾਣ ਲਈ ਤਿਆਰ ਹੁੰਦੇ ਸਨ। ਰਾਹੋ ਹੇਮ ਨੇ ਵੀ ਲੁੱਟਣ ਦਾ ਕੰਮ ਸ਼ੁਰੂ ਕੀਤਾ ਤੇ ਆਪਣੇ ਇਲਾਕੇ ਵਿਚ ਆਉਂਦੇ ਜਾਂਦੇ ਕਾਫਲੇ ਲੁਟ ਕੇ ਆਪਣਾ ਗੁਜ਼ਾਰਾ ਕੀਤਾ।

1192-93 ਵਿਚ ਸ਼ੁਹਾਬੁਦੀਨ ਗੋਰੀ ਨੇ ਹਮਲਾ ਕੀਤਾ ਤੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾਇਆ। ਉਸ ਪਿਛੋਂ ਉਨ੍ਹੇ ਦਿੱਲੀ 'ਤੇ ਕਬਜਾ ਕਰ ਲਿਆ। ਸੰਨ 1199 ਵਿਚ ਉਸ ਨੂੰ ਪਤਾ ਲੱਗਾ ਕਿ ਰਾਹੋ ਹੇਮ ਨੇ ਭਟੀਆਨੇ ਵਿਚ ਬੜੀ ਲੁਟਮਾਰ ਸ਼ੁਰੂ ਕੀਤੀ ਹੋਈ ਹੈ। ਉਸ ਨੇ ਰਾਹੋ ਹੇਮ ਨੂੰ ਆਪਣੇ ਕੋਲ ਬੁਲਾ ਲਿਆ ਤੇ ਕਿਹਾ ਕਿ ਉਸ ਨੂੰ ਲੁਟਮਾਰ ਕਰਨ ਕਰਕੇ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਰਾਹੋ ਹੇਮ ਨੇ ਕਿਹਾ ਕਿ ਉਸ ਨੇ ਲੁਟਮਾਰ ਛੱਡੀ ਹੋਈ ਹੈ, ਤੇ ਜੇ ਉਸ ਨੂੰ ਭਟੀਆਨੇ ਦਾ ਹੁਕਮਰਾਨ ਬਣਾ ਦਿੱਤਾ ਜਾਵੇ, ਤਾਂ ਉਹ ਗੋਰੀ ਨੂੰ ਲਗਾਨ ਇਕੱਠਾ ਕਰਕੇ ਦੇਵੇਗਾ, ਤੇ ਜੇ ਨਾ ਬਣਾਇਆ ਤਾਂ ਉਹ ਲੁਟਮਾਰ ਜਾਰੀ ਰਖੇਗਾ। ਇਸ 'ਤੇ ਗੋਰੀ ਨੇ ਫੁਰਮਾਨ ਜਾਰੀ ਕਰਕੇ ਰਾਹੋ ਹੇਮ ਨੂੰ ਭਟੀਆਨੇ ਦਾ ਹੁਕਮਰਾਨ ਲਾ ਦਿੱਤਾ।

ਰਾਓ ਜੋਧਾ, ਰਾਹੋ ਹੇਮ ਦਾ ਪੁੱਤਰ ਸੀ ਤੇ ਇਸ ਦੀ ਸ਼ਾਦੀ ਰਾਜਾ ਫਤਿਹਪਾਲ ਦੀ ਪੁੱਤਰੀ ਨਾਲ ਹੋਈ। ਇਸ ਦੀਆਂ 14 ਬੀਵੀਆਂ ਸਨ, ਜਿਨ੍ਹਾਂ ਤੋਂ ਉਸ ਦੇ 14 ਪੁੱਤਰ ਸਨ। ਹੋ ਸਕਦਾ ਹੈ ਕਿ ਕਿਸੇ ਇਕ ਬੀਬੀ ਵਿਚੋਂ 2 ਹੋਣ, ਤੇ ਕਿਸੇ ਵਿਚੋਂ ਕੋਈ ਇਕ ਵੀ ਨਾ ਹੋਵੇ। ਬਾਟੇ ਰਾਓ ਇਨ੍ਹਾਂ 14 ਵਿਚੋਂ ਇਕ ਸੀ, ਤੇ ਇਹ ਆਪਣੇ ਭਰਾਵਾਂ ਵਿਚ ਬਹੁਤ ਮਸ਼ਹੂਰ ਸੀ। ਬਾਟੇ ਰਾਓ ਵਿਚੋਂ ਇਸ ਖਾਨਦਾਨ ਦੀਆਂ ਮੌਜੂਦਾ ਤਿੰਨ ਸ਼ਾਖਾਵਾਂ ਚੱਲੀਆਂ-ਸਿੱਧੂ, ਬਰਾੜ ਤੇ ਮਹਿਰਾਜ। ਬਾਟੇ ਰਾਓ ਦੇ ਪੁੱਤਰ ਦਾ ਨਾਂ ਅਨੰਦ ਰਾਓ ਸੀ। ਇਸ ਅਨੰਦ ਰਾਓ ਤੱਕ ਇਨ੍ਹਾਂ ਦਾ ਪਿਛੋਕੜ ਜੈਸਲਮੇਰ ਦੇ ਰਾਜਪੂਤਾਂ ਨਾਲ ਰਿਹਾ, ਪਰ ਇਕ ਐਸਾ ਕੰਮ ਹੋਇਆ ਕਿ ਜਿਸ ਪਿਛੋਂ ਇਨ੍ਹਾਂ ਦਾ ਸਬੰਧ ਜੈਸਲਮੇਰ ਦੇ ਰਾਜਪੂਤਾਂ ਨਾਲੋਂ ਟੁੱਟ ਗਿਆ।

ਨਵਜੋਤ ਸਿੱਧੂ ਨੂੰ ਅਸੀਂ ਇਥੇ ਦੱਸਣਾ ਚਾਹੁੰਦੇ ਹਾਂ ਕਿ ਜੈਸਲਮੇਰ ਦੇ ਭੱਟੀ ਰਾਜਪੂਤਾਂ ਦਾ ਇਨ੍ਹਾਂ ਦੇ ਖਾਨਦਾਨ ਨਾਲ ਰਿਸ਼ਤਾ ਕਿਵੇਂ ਟੁੱਟਾ, ਤੇ ਇਹ ਏ-ਕਲਾਸ ਰਾਜਪੂਤਾਂ ਤੋਂ ਜੱਟ ਕਿਵੇਂ ਬਣੇ? ਹੋ ਸਕਦਾ ਹੈ ਇਹ ਜਾਣਕਾਰੀ ਨਵਜੋਤ ਸਿੱਧੂ ਤੋਂ ਇਲਾਵਾ ਚੜ੍ਹਦੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਗਿਆਨ ਵਿਚ ਵੀ ਵਾਧਾ ਕਰੇ। ਜਿਹੜੇ ਉਚ ਸ਼੍ਰੇਣੀ ਦੇ ਰਾਜਪੂਤ ਸਨ, ਉਹ ਜੱਟਾਂ ਵਿਚ ਕਿਵੇਂ ਤਬਦੀਲ ਹੋਏ? ਬਾਟੇ ਰਾਓ ਨੂੰ ਰੱਬ ਨੇ ਇਕ ਪੋਤਰਾ ਅਨੰਦ ਰਾਓ ਵਿਚੋਂ ਦਿੱਤਾ ਯਾਨਿ ਅਨੰਦ ਰਾਓ ਦਾ ਬੇਟਾ, ਇਸ ਦਾ ਨਾਂ ਮਾਂ-ਬਾਪ ਨੇ ਖੇਵਟ ਰਾਓ ਰੱਖਿਆ। ਉਨ੍ਹਾਂ ਵੇਲਿਆਂ ਵਿਚ ਰਾਜਪੂਤ ਜੱਟਾਂ ਨੂੰ ਆਪਣੇ ਬਰਾਬਰ ਨਹੀਂ ਸਨ ਮੰਨਦੇ ਅਤੇ ਉਹ ਹੁਕਮਰਾਨ ਵੀ ਸਨ ਤੇ ਇਸ ਵਾਸਤੇ ਉਹ ਆਪਣੇ ਆਪ ਨੂੰ ਏ-ਗਰੇਡ ਯਾਨਿ ਉਚ ਸ਼੍ਰੇਣੀ ਦੇ ਲੋਕ ਸਮਝਦੇ ਸਨ, ਤੇ ਜੱਟਾਂ ਨੂੰ ਬੀ-ਗਰੇਡ ਦੇ ਲੋਕ ਸਮਝਦੇ ਸਨ। ਉਸ ਵਕਤ ਇਹ ਵੀ ਰਿਵਾਜ ਸੀ ਕਿ ਰਾਜਪੂਤ ਤਿੰਨ ਕੰਮ ਨਹੀਂ ਸੀ ਕਰਦੇ, ਤੇ ਜੋ ਰਾਜਪੂਤ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਕੰਮ ਕਰਦਾ ਸੀ, ਉਸ ਨੂੰ ਉਹ ਰਾਜਪੂਤਾਂ ਵਿਚੋਂ ਕੱਢ ਦਿੰਦੇ ਸਨ। ਉਨ੍ਹਾਂ ਨੂੰ ਉਹ ਬੀ-ਗਰੇਡ ਦੇ ਰਾਜਪੂਤ ਸਮਝਦੇ ਸਨ। ਵਿਧਵਾ ਧੀ ਦੀ ਸ਼ਾਦੀ, ਹਲ ਦੀ ਜੰਗੀ ਨੂੰ ਹੱਥ ਲਾਉਣਾ ਤੇ ਗੈਰ ਬਰਾਦਰੀ ਵਿਚ ਸ਼ਾਦੀ ਕਰਨੀ। ਅਨੰਦ ਰਾਓ ਦੇ ਬੇਟੇ ਖੇਵਟ ਰਾਓ ਨੇ ਵੀ ਇਹੋ ਕੰਮ ਕੀਤਾ।

ਪਟਿਆਲੇ ਦੇ ਆਸੇ-ਪਾਸੇ ਗਿੱਲ ਜੱਟਾਂ ਦੀ ਕਾਫੀ ਅਬਾਦੀ ਸੀ, ਤੇ ਖੇਵਟ ਰਾਓ ਨੂੰ ਗਿੱਲ ਗੋਤ ਦੇ ਜੱਟਾਂ ਦੀ ਇਕ ਕੁੜੀ ਪਸੰਦ ਆ ਗਈ, ਤੇ ਉਸ ਨੇ ਉਸ ਕੁੜੀ ਨਾਲ ਸ਼ਾਦੀ ਕਰ ਲਈ। ਇਸ ਪਿਛੋਂ ਜੈਸਲਮੇਰ ਦੇ ਰਾਜਪੂਤ, ਜੋ ਭੱਟੀ ਰਾਜਪੂਤ ਸਨ, ਉਨ੍ਹਾਂ ਨੇ ਅਨੰਦ ਰਾਓ ਤੇ ਉਸ ਦੇ ਪੁੱਤਰ ਖੇਵਟ ਰਾਓ ਦਾ ਸਮਾਜਕ ਬਾਈਕਾਟ ਕਰ ਦਿੱਤਾ। ਉਸ ਪਿਛੋਂ ਉਨ੍ਹਾਂ ਨਾਲ ਰਿਸ਼ਤੇਦਾਰੀ ਕਦੀ ਨਹੀਂ ਕੀਤੀ। ਉਨ੍ਹਾਂ ਦਾ ਰਿਸ਼ਤਾ ਜੈਸਲਮੇਰ ਨਾਲ ਵੀ ਟੁੱਟ ਗਿਆ ਤੇ ਬਾਕੀ ਭੱਟੀ ਰਾਜਪੂਤਾਂ ਨਾਲ ਵੀ। ਇਹ ਪਰਿਵਾਰ ਏ-ਗਰੇਡ ਰਾਜਪੂਤਾਂ ਤੋਂ ਬੀ-ਗਰੇਡ ਰਾਜਪੂਤ ਹੋ ਗਏ। ਜੋ ਰਾਜਪੂਤ ਸਨ, ਉਹ ਬੜੇ ਗੁੱਸੇ ਤੇ ਤਨਜ ਨਾਲ ਖੇਵਟ ਰਾਓ ਨੂੰ ਖੋਟ ਰਾਓ ਕਹਿੰਦੇ, ਜਿਸ ਦਾ ਮਤਲਬ ਸੀ ਕਿ ਅਨੰਦ ਰਾਓ ਦੇ ਬੇਟੇ ਖੇਵਟ ਰਾਓ ਨੇ ਜੱਟਾਂ ਵਿਚ ਸ਼ਾਦੀ ਕਰਕੇ ਰਾਜਪੂਤਾਂ ਦੇ ਖੂਨ 'ਚ ਖੋਟ ਪਾ ਦਿੱਤਾ ਹੈ।

ਖੇਵਟ ਰਾਓ ਨੂੰ ਰੱਬ ਨੇ ਇੱਕ ਪੁੱਤਰ ਦਿੱਤਾ, ਜਿਸ ਦਾ ਨਾਂ ਉਨ੍ਹਾਂ ਸਿੱਧੂ ਰੱਖਿਆ। ਉਦੋਂ ਤੇ ਹੁਣ ਵੀ ਲੋਕ ਸਾਧੂ ਨਾਂ ਵੀ ਰੱਖਦੇ ਹਨ। ਖਿਆਲ ਇਹੋ ਹੈ ਕਿ ਉਸ ਦਾ ਨਾਂ ਸਾਧੂ ਹੋਵੇ, ਜੋ ਪਿਛੋਂ ਵਿਗੜ ਕੇ ਸਿੱਧੂ ਹੋ ਗਿਆ ਹੋਵੇ; ਪਰ ਸਾਧੂ ਦਾ ਮਤਲਬ ਰੱਬ ਦਾ ਬੰਦਾ, ਅੱਲ੍ਹਾ ਦਾ ਬੰਦਾ ਹੁੰਦਾ ਹੈ।

ਸਿੱਧੂ ਨੂੰ ਰੱਬ ਨੇ ਬੜੀ ਔਲਾਦ ਦਿਤੀ ਤੇ ਉਸ ਦੇ ਵੱਡੇ ਪੁੱਤਰ ਦਾ ਨਾਂ ਸੀ ਬੂਰਾ। ਬੂਰੇ ਨੂੰ ਰੱਬ ਨੇ ਇਕ ਪੁੱਤਰ ਦਿਤਾ, ਜਿਸ ਦਾ ਨਾਂ ਬਰਾੜ ਰੱਖਿਆ ਗਿਆ, ਜਿਸ ਤੋਂ ਭੱਟੀ ਰਾਜਪੂਤਾਂ ਦਾ ਇਕ ਹੋਰ ਖਾਨਦਾਨ 'ਬਰਾੜ' ਤੁਰ ਪਿਆ। ਕਿਉਂਕਿ ਇਕ ਤੋਂ ਵੱਧ ਵਿਆਹ ਕਰਨ ਕਰਕੇ ਔਲਾਦ ਵੱਧ ਸੀ। ਬਰਾੜ ਦੀ 26ਵੀ ਪੁਸ਼ਤ ਵਿਚੋਂ ਇਕ ਬੱਚਾ ਪੈਦਾ ਹੋਇਆ, ਜਿਸ ਦਾ ਨਾਂ ਮਹਿਰਾਜ ਰੱਖਿਆ ਗਿਆ।

ਮਹਿਰਾਜ ਦੇ ਦੋ ਪੁੱਤਰ ਸਨ-ਕਪੂਰ ਤੇ ਜੋਧਾ। ਕਪੂਰ ਨੇ ਦੋ ਪਿੰਡ, ਇਕ ਕੋਟਕਪੂਰਾ ਤੇ ਦੂਜਾ ਡੱਲਾ ਤਲਵੰਡੀ ਆਬਾਦ ਕੀਤੇ ਅਤੇ ਜੋਧੇ ਨੇ ਕੋਟ ਸਮਰਵਾਲਾ ਆਬਾਦ ਕੀਤਾ। ਮਹਿਰਾਜ ਦੇ ਜਮਾਨੇ ਤੱਕ ਇਹ ਖਾਨਦਾਨ ਬਠਿੰਡਾ, ਫਿਰੋਜ਼ਪੁਰ ਤੇ ਫਰੀਦਕੋਟ ਦੇ ਆਸੇ-ਪਾਸੇ ਵਸਦਾ ਸੀ। ਇਨ੍ਹਾਂ ਦੀ ਮਾਲੀ ਹਾਲਤ ਬੜੀ ਕਮਜ਼ੋਰ ਹੋ ਚੁਕੀ ਸੀ, ਤੇ ਇਨ੍ਹਾਂ ਨੇ ਫਿਰ ਆਪਣੇ ਪਿਉ-ਦਾਦੇ ਵਾਲਾ ਕੰਮ ਲੁਟ-ਖਸੁਟ ਸ਼ੁਰੂ ਕਰ ਦਿੱਤਾ। ਇਹ ਖਾਨਾਬਦੋਸ਼ ਵਾਲੀ ਜ਼ਿੰਦਗੀ ਬਤੀਤ ਕਰਦੇ ਸਨ। ਮਹਿਰਾਜ ਨੇ ਆਪਣੇ ਸਮੇਂ ਵੇਲੇ ਖਾਨਾਬਦੋਸ਼ ਦੀ ਜ਼ਿੰਦਗੀ ਛੱਡ ਕੇ ਮੁੜ ਪਿੰਡ ਆਬਾਦ ਕਰਕੇ ਰਹਿਣਾ ਸ਼ੁਰੂ ਕਰ ਦਿਤਾ। ਮਹਿਰਾਜ ਨੇ ਪਿੰਡ ਬੇਦੋਵਾਲੀ ਆਬਾਦ ਕੀਤਾ, ਇਸ ਦੇ ਪੋਤਰੇ ਸੱਤੋ ਤੇ ਪੱਖੋ ਪਿੰਡ ਬੇਦੋਵਾਲੀ ਵਿਚ ਰਹੇ। ਪੱਖੋ ਦੇ ਪੁੱਤਰ ਮੋਹਨ ਨੇ ਉਸ ਇਲਾਕੇ ਦੇ ਭੁੱਲਰ ਜੱਟਾਂ ਨੂੰ ਕੁਟਮਾਰ ਕੇ, ਉਥੋਂ ਉਨ੍ਹਾਂ ਨੂੰ ਦੌੜਾ ਦਿੱਤਾ ਤੇ ਉਨ੍ਹਾਂ ਦੀ ਜਮੀਨਾਂ 'ਤੇ ਕਬਜ਼ਾ ਕਰ ਲਿਆ। ਉਸ ਨੇ ਆਪਣੇ ਦਾਦੇ ਦੇ ਨਾਂ 'ਤੇ ਪਿੰਡ ਮਹਿਰਾਜ ਵਸਾਇਆ।





ਇਹ ਮੁਗਲ ਬਾਦਸ਼ਾਹ ਸ਼ਾਹਜਹਾਨ ਵੇਲੇ ਦੀ ਗੱਲ ਹੈ ਕਿ ਉਸ ਇਲਾਕੇ ਦੇ ਮੁਸਲਮਾਨ ਭੱਟੀ ਰਾਜਪੂਤਾਂ ਦਾ ਕੋਟਕਪੂਰੇ ਦੇ ਸਿੱਧੂਆਂ ਨਾਲ ਝਗੜਾ ਸ਼ੁਰੂ ਹੋ ਗਿਆ। ਸਿੱਧੂਆਂ ਨਾਲ ਮੋਹਨ ਚੰਦ ਨੇ ਆਪਣੀ ਬਰਾਦਰੀ ਸਮਝ ਕੇ ਮੁਸਲਮਾਨ ਭੱਟੀਆਂ 'ਤੇ ਹਮਲਾ ਕਰ ਦਿਤਾ, ਪਰ ਬਦਕਿਸਮਤੀ ਨਾਲ ਮੋਹਨ ਚੰਦ ਆਪਣੇ ਪੁੱਤਰ ਰੂਪ ਚੰਦ ਤੇ ਕੂਲ ਚੰਦ ਨਾਲ ਮਾਰਿਆ ਗਿਆ।

ਫੂਲ ਚੰਦ 1619 ਵਿਚ ਪੈਦਾ ਹੋਇਆ ਸੀ। ਉਸ ਬਾਰੇ ਇਹ ਪੱਕਾ ਨਹੀਂ ਕਿ ਉਹ ਬੇਦੋਵਾਲੀ ਪੈਦਾ ਹੋਇਆ ਜਾਂ ਮਹਿਰਾਜ ਵਿਚ। ਇਸ ਫੂਲ ਚੰਦ ਦੇ ਨਾਂ 'ਤੇ ਹੀ ਇਨ੍ਹਾਂ ਤਿੰਨ ਰਿਆਸਤਾਂ ਨੂੰ ਫੂਲਕੀਆਂ ਰਿਆਸਤ ਕਿਹਾ ਜਾਂਦਾ ਹੈ। ਉਨ੍ਹੀਂ ਦਿਨੀਂ ਸ਼ਾਹਜਹਾਨ ਨੇ ਇਨ੍ਹਾਂ ਨੂੰ ਲਗਾਨ ਇਕੱਠਾ ਕਰਨ ਦਾ ਫੁਰਮਾਨ ਦਿੱਤਾ ਹੋਇਆ ਸੀ। ਸਈਅਦ ਅਬਦਲ ਲਤੀਫ ਆਪਣੀ ਕਿਤਾਬ 'ਤਾਰੀਖੇ ਪੰਜਾਬ' ਵਿਚ ਲਿਖਦੇ ਹਨ ਕਿ ਫੂਲ ਚੰਦ, ਰਾਓ ਜੈਸਲ ਦੀ ਤੀਜੀ ਪੁਸ਼ਤ ਵਿਚੋਂ ਸੀ। ਉਹ ਰੂਪ ਚੰਦ ਦੀ ਦੂਜੀ ਪਤਨੀ ਅੰਬੀ ਦਾ ਪੁੱਤਰ ਸੀ। ਫੂਲ ਚੰਦ ਆਪਣੇ ਪਿਉ ਦਾ ਬਦਲਾ ਮੁਸਲਮਾਨ ਭੱਟੀ ਰਾਜਪੂਤਾਂ ਤੋਂ ਲੈਣਾ ਚਾਹੁੰਦਾ ਸੀ। ਉਹ ਸਮਾਂ ਜਲਦੀ ਆ ਗਿਆ, ਜਦੋਂ ਕੋਟਕਪੂਰੇ ਦੇ ਸਿੱਧੂਆਂ ਨੇ ਮੁਸਲਮਾਨ ਭੱਟੀਆਂ 'ਤੇ ਇਕ ਵਾਰ ਫਿਰ ਹਮਲਾ ਕਰ ਦਿੱਤਾ। ਰੂਪ ਚੰਦ ਆਪਣੇ ਚਾਚੇ ਚੰਦੂ ਉਰਫ ਕਾਲੇ ਨਾਲ ਉਸ ਜੰਗ ਵਿਚ ਲੜਿਆ ਤੇ ਆਪਣੇ ਮੁਖਾਲਫ ਹਜਾਤਖਾਨ ਭੱਟੀ ਦੇ ਕਈ ਰਿਸ਼ਤੇਦਾਰ ਕਤਲ ਕੀਤੇ। ਇਸੇ ਦੌਰਾਨ ਕਸੂਰ ਦੇ ਨਵਾਬ ਈਸਾ ਖਾਨ ਨੇ ਨਵੇਂ ਵਸਾਏ ਪਿੰਡ ਫੂਲ ਨੂੰ ਲੁਟ ਲਿਆ, ਪਰ ਫੂਲ ਚੰਦ ਨੇ ਵਾਪਿਸ ਹਮਲਾ ਕਰਕੇ ਈਸਾ ਖਾਨ ਤੇ ਦੱਲਾ ਖਾਨ ਨੂੰ ਸ਼ਿਕਸਤ ਦਿੱਤੀ। ਉਸ ਵਕਤ ਦੱਲਾ ਬਰਾੜ ਨਾਂ ਦਾ ਆਦਮੀ ਤਲਵੰਡੀ ਦਾ ਰਹਿਣ ਵਾਲਾ ਸੀ, ਤੇ ਉਹ ਮੁਸਲਮਾਨ ਭੱਟੀਆਂ ਦੇ ਇਲਾਕਿਆਂ ਵਿਚ ਲੁਟਮਾਰ ਕਰਦਾ ਰਹਿੰਦਾ ਸੀ। ਭੱਟੀਆਂ ਨੇ ਇਕ ਵਾਰੀ ਦੱਲਾ ਬਰਾੜ 'ਤੇ ਹਮਲਾ ਕਰਨ ਦੀ ਤਿਆਰੀ ਕੀਤੀ, ਪਰ ਦੱਲਾ ਬਰਾੜ ਨੇ ਫੂਲ ਚੰਦ ਨਾਲ ਮਿਲ ਕੇ ਭੱਟੀਆਂ 'ਤੇ ਹਮਲਾ ਕਰ ਦਿੱਤਾ ਤੇ ਹਜਾਤ ਖਾਨ ਭੱਟੀ ਦੇ ਭਤੀਜੇ ਮੁਹੱਬਤ ਖਾਨ ਭੱਟੀ ਤੇ ਮਹਿਬੂਬ ਖਾਨ ਭੱਟੀ ਨੂੰ ਕਤਲ ਕਰ ਦਿੱਤਾ। ਫੂਲ ਚੰਦ ਦੀਆਂ ਦੋ ਬੀਵੀਆਂ ਸਨ ਤੇ ਉਸ ਦੇ ਛੇ ਪੁੱਤਰ ਸਨ, ਜਿਨ੍ਹਾਂ ਦੇ ਨਾਂ ਸਨ-ਤਿਲੋਕਾ, ਰਾਮਾ, ਚੰਦੂ, ਕਥੂ, ਜਧਤੂ ਤੇ ਤਖਤਮਲ। ਇਨ੍ਹਾਂ ਵਿਚੋਂ ਰਾਮਾ ਚੰਦ ਤੇ ਤਿਲੋਕਾ ਚੰਦ ਬੜੇ ਵਧੇ ਹੋਏ ਆਗੂ ਬੰਦੇ ਸਨ।

ਭੱਟੀ ਰਾਜਪੂਤਾਂ ਤੋਂ ਸਿੱਧੂ ਜੱਟ ਬਣਨ ਵਾਲੇ ਇਸ ਟੱਬਰ ਦੀ ਲੜਾਈ ਆਪਣੇ ਖੂਨੀ ਰਿਸ਼ਤੇ ਮੁਸਲਮਾਨ ਭੱਟੀ ਰਾਜਪੂਤਾਂ ਨਾਲ ਹਮੇਸ਼ਾ ਰਹੀ। ਇਹ ਉਨ੍ਹਾਂ ਦੇ ਇਲਾਕੇ ਖੋਹੰਦੇ ਰਹੇ, ਕਤਲੋਗਾਰਤ ਕਰਦੇ ਰਹੇ ਤੇ ਅੱਗੇ ਜਾ ਕੇ ਉਹ ਭੱਟੀ ਖਾਨਦਾਨ ਬਿਲਕੁਲ ਖਤਮ ਹੋ ਗਿਆ। ਕਿਉਂਕਿ ਮੁਸਲਮਾਨ ਭੱਟੀਆਂ ਦੇ ਬੜੇ ਬੰਦੇ ਮਾਰੇ ਗਏ। ਜਦੋਂ ਪਟਿਆਲਾ ਰਿਆਸਤ ਬਣੀ ਤਾਂ ਉਨ੍ਹਾਂ ਦੇ ਇਲਾਕੇ ਇਸ ਰਿਆਸਤ ਵਿਚ ਆ ਗਏ। ਇਕ ਦਫਾ ਇਨ੍ਹਾਂ ਨੇ ਇਕ ਹਸਨ ਖਾਨ ਭੱਟੀ 'ਤੇ ਹਮਲਾ ਕਰ ਦਿੱਤਾ ਤੇ ਉਥੇ ਵੀ ਉਨ੍ਹਾਂ ਦੀ ਬੜੀ ਕਤਲੋਗਾਰਤ ਕੀਤੀ। ਰਾਜਾ ਚੰਦ ਨੇ ਇਕ ਵਾਰ ਕੋਈ ਸਮਾਨ ਲੁਟ ਕੇ ਆਉਂਦੇ ਡਾਕੂਆਂ 'ਤੇ ਹਮਲਾ ਕਰਕੇ ਮਾਲ ਅਸਬਾਵ ਸਭ ਖੋਹ ਲਿਆ। ਇਸ ਕੋਲ ਇੰਨਾ ਮਾਲ ਆ ਗਿਆ ਕਿ ਇਹ ਆਪਣੇ ਭਰਾ ਤਿਲੋਕੇ ਤੋਂ ਬੜਾ ਅਮੀਰ ਹੋ ਗਿਆ।

ਰਾਮਾ ਚੰਦ ਦੇ ਪੰਜ ਪੁੱਤਰ ਸਨ-ਆਲਾ, ਦੁਤੋ, ਬਖਤਾਮਲ, ਸੋਭਾ ਤੇ ਲੱਦਾ। ਆਲਾ ਉਹੀ ਸੀ, ਜੋ ਪਿਛੋਂ ਫੁਲਕੀਆਂ ਮਿਸਲ ਦਾ ਸਰਬਰਾਹ ਬਣਿਆ ਤੇ ਪਟਿਆਲਾ ਰਿਆਸਤ ਦੀ ਨੀਂਹ ਰੱਖੀ।

ਬਾਬਾ ਆਲਾ ਸਿੰਘ ਨੇ ਪਟਿਆਲਾ ਰਿਆਸਤ ਇਕੱਲਿਆਂ ਨਹੀਂ ਸੀ ਬਣਾਈ। ਰਿਆਸਤ ਬਣਾਉਣ ਵਿਚ ਇਸ ਨਾਲ ਇਕ ਮੁਸਲਮਾਨ ਸਰਦਾਰ ਲੱਖਣਾ ਡੋਗਰ ਵੀ ਸ਼ਾਮਿਲ ਸੀ। ਲੱਖਣਾ ਡੋਗਰ ਪਿੰਡ ਡਸਕਾ, ਪਟਿਆਲਾ ਰਿਆਸਤ ਦਾ ਰਹਿਣ ਵਾਲਾ ਸੀ। ਇਸ ਬਜੁਰਗ ਲੱਖਣਾ ਡੋਗਰ ਦਾ ਸਬੰਧ ਮੇਰੇ ਖਾਨਦਾਨ ਨਾਲ ਸੀ। ਪਟਿਆਲਾ ਰਿਆਸਤ ਦੀ ਬੁਨਿਆਦ ਉਦੋਂ ਬੱਝੀ, ਜਦੋਂ 1722 ਦੇ ਲਗਭਗ ਇਨ੍ਹਾਂ ਦੋਹਾਂ ਨੇ 85 ਪਿੰਡਾਂ 'ਤੇ ਕਬਜ਼ਾ ਕਰ ਲਿਆ। ਉਸ ਵਕਤ ਪੰਜਾਬ ਵਿਚ ਸਿੱਖਾਂ ਦਾ ਜ਼ੋਰ ਸੀ। ਨਵੀਂ ਕਾਇਮ ਕੀਤੀ ਇਸ ਰਿਆਸਤ ਨੂੰ ਚਲਾਉਣ ਵਾਸਤੇ ਕੋਈ ਤਰੀਕਾਕਾਰ ਚਾਹੀਦਾ ਸੀ। ਲੱਖਣਾ ਡੋਗਰ ਨੇ ਹਕੂਮਤ ਚਲਾਉਣ ਵਾਸਤੇ ਇਕ ਫਾਰਮੂਲਾ ਦਿੱਤਾ, ਜੋ ਪਟਿਆਲੇ ਦੇ ਲੋਕਾਂ ਨੂੰ ਅਜੇ ਤੱਕ ਯਾਦ ਏ, 'ਬੈਠਾ ਰਾਜ ਤੇਰਾ ਤੇ ਖਲੋਤਾ ਰਾਜ ਮੇਰਾ।' ਮਤਲਬ ਸੀ, ਆਲਾ ਸਿੰਘ ਬੈਠ ਕੇ ਗੱਦੀ 'ਤੇ ਰਾਜ ਕਰੇ ਅਤੇ ਫੌਜ ਦੀ ਕਮਾਂਡ ਲੱਖਣਾ ਡੋਗਰ ਕੋਲ ਰਹੇ, ਤੇ ਇਸ ਤਰ੍ਹਾਂ ਹੀ ਹੋਇਆ। 1722 ਤੋਂ 1850 ਤਕ ਇਸ ਰਿਆਸਤ ਦੀ ਫੌਜ ਦੇ ਸੈਨਾਪਤੀ ਲੱਖਣਾ ਡੋਗਰ ਦੀ ਔਲਾਦ ਵਿਚੋਂ ਹੀ ਆਉਂਦੇ ਰਹੇ।

1947 ਤਕ ਇਹ ਖਾਨਦਾਨ ਮਿਲ ਕੇ ਹਕੂਮਤ ਕਰਦੇ ਰਹੇ, ਪਰ ਡੋਗਰਾਂ ਦਾ ਅਮਲ ਦਸਤ 1850 ਪਿਛੋਂ ਘਟ ਗਿਆ ਤੇ ਉਹ ਪਟਿਆਲਾ ਫੌਜ ਦੇ ਕਮਾਂਡਰ ਨਾ ਰਹੇ। ਦੂਜੇ ਆਲਾ ਸਿੰਘ ਦੀ ਨਸਲ ਦੇ ਅੱਗੋਂ ਰਾਜੇ ਆਏ। ਆਲਾ ਸਿੰਘ ਪਿਛੋਂ ਅਮਰ ਸਿੰਘ, ਸਾਹਿਬ ਸਿੰਘ, ਕਰਮ ਸਿੰਘ, ਨਰਿੰਦਰ ਸਿੰਘ, ਮਹਿੰਦਰ ਸਿੰਘ, ਰਾਜਿੰਦਰ ਸਿੰਘ, ਭੁਪਿੰਦਰ ਸਿੰਘ ਆਇਆ ਅਤੇ ਉਸ ਪਿਛੋਂ ਯਾਦਵਿੰਦਰ ਸਿੰਘ ਆਇਆ ਤੇ ਅੱਜ ਵੀ ਪੰਜਾਬ ਦੀ ਗੱਦੀ ਉਸੇ ਖਾਨਦਾਨ ਕੋਲ ਹੀ ਹੈ। ਹੁਣ ਅਮਰਿੰਦਰ ਸਿੰਘ ਪੰਜਾਬ ਦਾ ਮੁੱਖ ਮੰਤਰੀ ਹੈ।

ਦੂਜੇ ਪਾਸੇ ਲੱਖਣਾ ਡੋਗਰ ਪਟਿਆਲਾ ਰਿਆਸਤ ਦਾ ਪਹਿਲਾ ਕਮਾਂਡਰ-ਇਨ-ਚੀਫ ਸੀ। ਉਨ੍ਹਾਂ ਦੇ ਮਰਨ ਪਿਛੋਂ ਉਸ ਦੀ ਔਲਾਦ ਵਿਚੋਂ ਹੀ ਅਗਲੇ ਨੂੰ ਕਮਾਂਡਰ ਬਣਾਇਆ ਜਾਂਦਾ ਸੀ। ਲੱਖਣਾ ਡੋਗਰ ਜੰਗੇ ਸਿਆਹਲਬਾਹ ਦੀ ਜੰਗ ਵਿਚ ਮਾਰਿਆ ਗਿਆ, ਜੋ ਰਿਆਸਤ ਮਨੀ ਮਾਜਰਾ ਦੇ ਰਾਜਾ ਗਰੀਬ ਦਾਸ ਦੇ ਖਿਲਾਫ ਲੜੀ ਗਈ ਸੀ। ਲੱਖਣਾ ਡੋਗਰ ਜਦੋਂ ਇਕ ਜੰਗ ਵਿਚ ਮਾਰਿਆ ਗਿਆ ਤਾਂ ਉਸੇ ਪਿਛੋਂ ਹੀ ਸਦਰਦੀਨ ਡੋਗਰ ਨੂੰ ਕਮਾਂਡਰ ਬਣਾਇਆ ਗਿਆ, ਜੋ ਕਿਲਾ ਭਰੀਆਂ ਦੀ ਜੰਗ ਵਿਚ ਸਾਹਿਬ ਸਿੰਘ ਤੇ ਸਾਹਿਬ ਕੌਰ ਦੋਹਾਂ ਭੈਣ-ਭਰਾਵਾਂ ਦੇ ਦਰਮਿਆਨ ਹੁੰਦੀ ਜੰਗ ਵਿਚ ਸੁਲਾਹ ਕਰਾਉਂਦਿਆਂ ਮਾਰਿਆ ਗਿਆ। ਉਸ ਦੀ ਮੌਤ ਪਿਛੋਂ ਕਾਇਮ ਦੀਨ ਡੋਗਰ, ਜੋ ਇਕ ਜੰਗ ਵਿਚ ਮਾਰਿਆ ਗਿਆ ਅਤੇ ਉਸ ਪਿਛੋਂ ਸੈਦਾ ਡੋਗਰ ਕਮਾਂਡਰ ਬਣਿਆ। ਸੈਦਾ ਡੋਗਰ ਬਾਰੇ ਪਟਿਆਲਾ ਰਿਆਸਤ ਵਿਚ ਇਕ ਸ਼ੇਅਰ ਬੜਾ ਮਸ਼ਹੂਰ ਸੀ,

ਇਕ ਮੂਰਖ ਜੱਟ ਧਨੌਲੇ ਦਾ,
ਜਿਨ੍ਹੇ ਘੋੜਾ ਰੋਕਿਆ ਸੈਦੇ ਦਾ।
ਕੀ ਭਰੇਟਾ ਕੱਖਾਂ ਦਾ,
ਹੁਣ ਸ਼ਹਿਰ ਲੁਟਾ ਲਿਆ ਲੱਖਾਂ ਦਾ।

ਉਸ ਪਿਛੋਂ ਕਾਲਾ ਡੋਗਰ ਬਣਿਆ। 1845 ਵਿਚ ਮੁਦਕੀ ਦੀ ਲੜਾਈ ਸਿੱਖਾਂ ਤੇ ਅੰਗਰੇਜ਼ਾਂ ਵਿਚਾਲੇ ਹੋਈ। ਉਸ ਵਿਚ ਪਟਿਆਲਾ ਫੌਜ ਦਾ ਕਮਾਂਡਰ-ਇਨ-ਚੀਫ ਕਾਲਾ ਡੋਗਰ ਸੀ। ਪਟਿਆਲਾ ਰਿਆਸਤ ਦੀ ਫੌਜ ਨੇ ਅੰਗਰੇਜ਼ਾਂ ਦਾ ਸਾਥ ਦਿੱਤਾ। ਕਾਲੇ ਪਿਛੋਂ ਫਿਰ ਕਰੀਮ ਬਖਸ਼ ਡੋਗਰ ਹੋਇਆ, ਇਸ ਤਰ੍ਹਾਂ ਪਟਿਆਲਾ ਰਿਆਸਤ ਦੇ ਸੱਤ ਕਮਾਂਡਰ-ਇਨ-ਚੀਫ ਲੱਖਣਾ ਡੋਗਰ ਦੀ ਔਲਾਦ ਵਿਚੋਂ ਰਹੇ।

1947 ਵਿਚ ਪੰਜਾਬ ਦੀ ਵੰਡ ਵੇਲੇ ਪਿੰਡ ਡਸਕੇ ਦੇ ਡੋਗਰਾਂ ਨੂੰ ਘੇਰ ਕੇ, ਇਨ੍ਹਾਂ 'ਤੇ ਬਾਕਾਇਦਾ ਹਮਲੇ ਕੀਤੇ ਗਏ। ਡੋਗਰਾਂ ਦੀ ਪਟਿਆਲਾ ਰਿਆਸਤ ਵਿਚ ਸੱਤ ਸੌ ਮੁਰੱਬਾ ਜਮੀਨ ਸੀ। ਉਨ੍ਹਾਂ ਨੂੰ ਜਾਇਦਾਦ ਖੋਹ ਕੇ ਕੱਢਿਆ ਗਿਆ। ਉਸ ਵੇਲੇ ਦੀ ਪਟਿਆਲਾ ਰਿਆਸਤ ਦਾ ਰਾਜਾ ਯਾਦਵਿੰਦਰ ਸਿੰਘ ਖੁਦ ਡਸਕੇ ਆਇਆ ਤੇ ਉਨ੍ਹਾਂ ਡੋਗਰਾਂ ਨੂੰ ਮਿਲਿਆ। ਉਸ ਨੇ ਆਪਣੀ ਫੌਜ ਦਿੱਤੀ, ਤੇ ਫੌਜ ਦੀ ਨਿਗਰਾਨੀ ਵਿਚ ਰੇਲ ਗੱਡੀ ਵਿਚ ਬੈਠ ਕੇ ਪਾਕਿਸਤਾਨ ਆ ਗਏ। ਅੱਜ ਕੱਲ ਲੱਖਣਾ ਡੋਗਰ ਦਾ ਖਾਨਦਾਨ ਸ਼ੇਖੂਪੁਰਾ ਦੇ ਪਿੰਡ ਕੱਕੜ ਗਿੱਲ ਤੇ ਨਾਲ ਲਗਦੇ ਕੁਝ ਹੋਰ ਪਿੰਡਾਂ ਵਿਚ ਵਸਦੇ ਹਨ। ਕੁਝ ਖਾਨਦਾਨ ਮੁਜੱਫਰਗੜ੍ਹ ਵਿਚ ਵਸਦੇ ਹਨ। ਹੁਣ ਵੀ ਉਨ੍ਹਾਂ ਦਾ ਰਾਜਨੀਤੀ ਵਿਚ ਰੋਹਬ ਦਾਬ ਹੈ, ਉਨ੍ਹਾਂ ਵਿਚੋਂ ਮਖਦੂਮ ਡੋਗਰ ਪੰਜਾਬ ਅਸੈਂਬਲੀ ਦਾ ਮੈਂਬਰ ਰਿਹਾ ਤੇ ਇਸ ਵਕਤ ਇਰਫਾਨ ਡੋਗਰ ਨੈਸ਼ਨਲ ਅਸੈਂਬਲੀ ਦਾ ਐਮ. ਪੀ. ਹੈ।

ਨਵਜੋਤ ਸਿੱਧੂ ਦੀ ਖਿਦਮਤ ਵਿਚ ਇਹ ਗੱਲ ਵੀ ਰੱਖਣੀ ਚਾਹੁੰਦਾ ਹਾਂ ਕਿ ਭੱਟੀ ਰਾਜਪੂਤ ਆਬਾਦੀ ਦੇ ਹਿਸਾਬ ਨਾਲ ਪੰਜਾਬ ਦਾ ਸਭ ਤੋਂ ਵੱਡਾ ਟੱਬਰ ਹੈ ਤੇ ਭੱਟੀਆਂ ਦੀ 90% ਆਬਾਦੀ ਮੁਸਲਿਮ ਹੈ। ਭੱਟੀਆਂ ਦਾ ਸਭ ਤੋਂ ਵੱਡਾ ਗੜ੍ਹ ਜਿਲਾ ਲਾਹੌਰ ਤੇ ਇਸ ਦੇ ਨਾਲ ਲਗਦੇ ਇਲਾਕੇ ਹਨ। ਲਾਹੌਰ ਦਾ ਭਾਟੀ ਗੇਟ ਅਸਲ ਵਿਚ ਭੱਟੀ ਗੇਟ ਹੀ ਹੈ। ਪੰਜਾਬ ਦਾ ਸੂਰਮਾ ਪਿੰਡੀ ਭੱਟੀਆਂ ਦਾ ਦੁੱਲਾ ਭੱਟੀ ਵੀ ਨਵਜੋਤ ਸਿੱਧੂ ਦੇ ਵਡਕਿਆਂ ਵਿਚ ਸ਼ਾਮਿਲ ਹੈ। ਪਾਕਿਸਤਾਨ ਦੇ ਜਿਲਾ ਸਰਗੋਧਾ ਤੇ ਖੁਸ਼ਾਬ ਤੋਂ ਲੈ ਕੇ ਲਾਹੌਰ ਦੇ ਤੋਂ ਲੰਘਦਿਆਂ ਬਠਿੰਡੇ ਤੱਕ ਭੱਟੀਆਂ ਦਾ ਵਤਨ ਹੈ। ਭੱਟੀ ਸਿਰਫ ਇਸ ਇਲਾਕੇ ਵਿਚ ਹੀ ਨਹੀਂ, ਸਗੋਂ ਇਹ ਸੂਬਾ ਸਿੰਧ ਦੇ ਸ਼ਹਿਰ ਕਰਾਚੀ ਤੱਕ ਫੈਲੇ ਹੋਏ ਹਨ। ਭੱਟੀਆਂ ਤੇ ਸਿੱਖ ਮਤ ਦੀ ਬੜੀ ਪੁਰਾਣੀ ਸਾਂਝ ਹੈ, ਜੋ ਰਾਏ ਭੋਇੰ ਦੀ ਤਲਵੰਡੀ ਦੇ ਵਸਨੀਕ ਰਾਏ ਬੁਲਾਰ ਭੱਟੀ ਤੋਂ ਸ਼ੁਰੂ ਹੋਈ ਸੀ।

***ਬਾਬਾ ਆਲਾ ਸਿੰਘ ਨੇ ਪਟਿਆਲਾ ਰਿਆਸਤ ਇਕੱਲਿਆਂ ਨਹੀਂ ਸੀ ਬਣਾਈ। ਰਿਆਸਤ ਬਣਾਉਣ ਵਿਚ ਇਸ ਨਾਲ ਇਕ ਮੁਸਲਮਾਨ ਸਰਦਾਰ ਲੱਖਣਾ ਡੋਗਰ ਵੀ ਸ਼ਾਮਿਲ ਸੀ। ਲੱਖਣਾ ਡੋਗਰ ਪਿੰਡ ਡਸਕਾ, ਪਟਿਆਲਾ ਰਿਆਸਤ ਦਾ ਰਹਿਣ ਵਾਲਾ ਸੀ। ਇਸ ਬਜੁਰਗ ਲੱਖਣਾ ਡੋਗਰ ਦਾ ਸਬੰਧ ਮੇਰੇ ਖਾਨਦਾਨ ਨਾਲ ਸੀ। ਪਟਿਆਲਾ ਰਿਆਸਤ ਦੀ ਬੁਨਿਆਦ ਉਦੋਂ ਬੱਝੀ, ਜਦੋਂ 1722 ਦੇ ਲਗਭਗ ਇਨ੍ਹਾਂ ਦੋਹਾਂ ਨੇ 85 ਪਿੰਡਾਂ 'ਤੇ ਕਬਜਾ ਕਰ ਲਿਆ। ਉਸ ਵਕਤ ਪੰਜਾਬ ਵਿਚ ਸਿੱਖਾਂ ਦਾ ਜ਼ੋਰ ਸੀ।***

# ਹਾਲੋਵੀਨ ਬਨਾਮ ਸਰਾਧ!

ਹਾਲੋਵੀਨ ਦਾ ਨਾਂ ਤਾਂ ਬਥੇਰਾ ਸੁਣਿਆ ਸੀ, ਪਰ ਇਸ ਤਿਓਹਾਰ ਨੂੰ ਨੇੜਿਓਂ ਦੇਖਣ ਦਾ ਮੌਕਾ ਪਹਿਲੀ ਵਾਰ ਮਿਲਿਆ। ਈਸਾਈ ਬਹੁਗਿਣਤੀ ਵਾਲੇ ਦੇਸ਼ਾਂ 'ਚ ਇਸ ਤਿਓਹਾਰ ਵਾਲੇ ਦਿਨ ਲੋਕ, ਖਾਸਕਰ ਬੱਚੇ ਭੂਤਾਂ ਵਾਲਾ ਪਹਿਰਾਵਾ ਪਾ ਕੇ ਆਂਢ-ਗੁਆਂਢ ਦੇ ਘਰਾਂ 'ਚ ਜਾਂਦੇ ਹਨ ਤੇ ਅੱਗੋਂ ਘਰ ਵਾਲੇ ਬੱਚਿਆਂ ਨੂੰ ਟਾਫੀਆਂ, ਚਾਕਲੇਟ ਜਾਂ ਘਰ ਤਿਆਰ ਕੀਤੀ ਮਿਠਾਈ ਵਗੈਰਾ ਦਿੰਦੇ ਹਨ। ਜਿਸ ਤਰ੍ਹਾਂ ਆਪਣੇ ਲੋਹੜੀ ਵਾਲੇ ਦਿਨ ਧੂਣੀ ਲਾਉਂਦੇ ਹਨ, ਉਸੇ ਤਰ੍ਹਾਂ ਹਾਲੋਵੀਨ ਵਾਲੇ ਦਿਨ ਵੀ ਧੂਣੀ ਬਾਲੀ ਜਾਂਦੀ ਹੈ। ਇਸ ਤਿਓਹਾਰ ਨੂੰ ਜਾਣਨ ਲਈ ਜਦ ਏਧਰ-ਓਧਰ ਹੱਥ ਪੈਰ ਮਾਰੇ ਤਾਂ ਪਤਾ ਲੱਗਾ ਕਿ ਇਹ ਤਿਓਹਾਰ ਈਸਾਈ ਲੋਕਾਂ ਵੱਲੋਂ ਆਪਣੇ ਪਿੱਤਰਾਂ ਦੀ ਯਾਦ 'ਚ ਮਨਾਇਆ ਜਾਂਦਾ ਹੈ।



ਪੁਰਾਤਨ ਸਮੇਂ 'ਚ ਧੂਣੀ ਜਾਨਵਰਾਂ ਦੀਆਂ ਹੱਡੀਆਂ ਦੀ ਬਾਲੀ ਜਾਂਦੀ ਸੀ ਤੇ ਹੁਣ ਲੱਕੜਾਂ ਨਾਲ। ਹਾਲੋਵੀਨ ਤੋਂ ਅਗਲੇ ਦਿਨ ਮਤਲਬ ਪਹਿਲੀ ਨਵੰਬਰ ਨੂੰ 'ਆਲ ਹੈਲੋਅਸ ਡੇ' ਅਤੇ 2 ਨਵੰਬਰ ਨੂੰ 'ਆਲ ਸੋਲਜ਼ ਡੇ' (ਸਰਵ ਆਤਮਾ ਦਿਵਸ) ਮਨਾਇਆ ਜਾਂਦਾ ਹੈ। ਇਸ ਤਿਓਹਾਰ ਨੂੰ ਵਾਢੀ ਦੀ ਰੁੱਤ ਦੇ ਖਾਤਮੇ ਤੇ ਸਰਦ ਰੁੱਤ ਦੀ ਸ਼ੁਰੂਆਤ ਵਜੋਂ ਵੀ ਦੇਖਿਆ ਜਾਂਦੈ।

**ਇੰਦਰਜੀਤ ਚੁਗਾਵਾਂ**
ਫੋਨ: 559-779-9805

ਧੂਣੀ ਬਾਲਣ ਤੇ ਭੂਤਾਂ ਵਾਲੇ ਪਹਿਰਾਵੇ ਪਿੱਛੇ ਦਰਅਸਲ ਵਿਛੜੇ ਜਾਂ ਮਰੇ ਹੋਏ ਲੋਕਾਂ ਦਾ ਡਰ ਹੈ। ਮੰਨਿਆ ਜਾਂਦਾ ਹੈ ਕਿ ਅੱਗ ਤੋਂ ਭੂਤ ਡਰਦੇ ਹਨ ਤੇ ਭੂਤਾਂ ਦਾ ਪਹਿਰਾਵਾ ਵੀ 'ਭੂਤਾਂ ਨੂੰ ਬੁੱਧੂ' ਬਣਾਉਣ ਲਈ ਪਹਿਨਿਆ ਜਾਂਦਾ ਹੈ ਕਿ ਭੂਤਾਂ ਨੂੰ ਜਾਪੇ, ਇਹ ਤਾਂ ਸਾਡਾ ਈ ਕੋਈ ਭੈਣ-ਭਰਾ ਐ, ਤੇ ਭੂਤ ਆਪਣਾ ਸ਼ਿਕਾਰ ਭਾਲਣ ਲਈ ਅੱਗੇ ਤੁਰ ਜਾਂਦੇ ਐ! ਬਣ ਗਏ ਨਾ ਬੁੱਧੂ!!

ਇਹ ਦੇਖ ਕੇ ਮੈਂ ਸੋਚ ਰਿਹਾਂ ਹਾਂ ਕਿ ਅਮਰੀਕਾ-ਕੈਨੇਡਾ ਜਿਹੇ ਵਿਕਸਿਤ ਦੇਸ਼ਾਂ ਦੇ ਲੋਕ ਵੀ ਵਹਿਮਾਂ-ਭਰਮਾਂ ਦੇ ਮਾਮਲੇ 'ਚ ਸਾਡੇ ਲੋਕਾਂ ਤੋਂ ਕਿਸੇ ਤਰ੍ਹਾਂ ਘੱਟ ਨਹੀਂ। ਭੂਤਾਂ-ਚੁੜੇਲਾਂ ਤੋਂ ਇਨ੍ਹਾਂ ਨੂੰ ਵੀ ਸਾਡੇ ਲੋਕਾਂ ਵਾਂਗ ਈ ਡਰ ਲਗਦੈ। ਜੇ ਇਹ ਲੋਕ ਹਾਲੋਵੀਨ ਮਨਾਉਂਦੇ ਹਨ ਤਾਂ ਸਾਡੇ ਲੋਕ ਸਰਾਧ ਪੂਜਦੇ ਹਨ। ਸਰਾਧਾਂ 'ਚ ਹਿੰਦੂ ਲੋਕ ਪੰਡਿਤਾਂ ਨੂੰ ਘਰ ਬੁਲਾ ਕੇ ਖੀਰ-ਕੜਾਹ ਖੁਆਉਂਦੇ ਹਨ ਤੇ ਸਿੱਖ ਭਾਈਚਾਰੇ ਦੇ ਲੋਕ ਗੁਰਦੁਆਰੇ ਦੇ ਭਾਈ/ਗ੍ਰੰਥੀ ਨੂੰ ਘਰ ਬੁਲਾ ਕੇ ਪਿੱਤਰਾਂ ਦੇ ਨਾਂ ਦੀ ਅਰਦਾਸ ਕਰਵਾ ਕੇ ਉਸ ਨੂੰ ਤੇ ਪੰਜ ਸਿੰਘਾਂ ਨੂੰ ਖਾਣਾ ਖੁਆਉਂਦੇ ਹਨ, ਖੁਦ ਬਾਅਦ 'ਚ ਖਾਂਦੇ ਹਨ। ਪੰਡਿਤ/ਭਾਈ ਵੀ ਵਾਰੀ ਬੰਨ੍ਹ ਦਿੰਦੇ ਹਨ ਕਿ ਅੱਜ ਭਾਈ ਸੰਤ ਰਾਮ/ਸੰਤ ਸਿੰਘ ਦੇ ਘਰ ਜਾਣੈਂ ਤੇ ਭਲਕੇ ਬੰਤ ਰਾਮ/ਬੰਤ ਸਿੰਘ ਦੇ। ਖਾਣੇ ਦੇ ਨਾਲ ਨਗਦ ਨਾਮਾ ਵੀ ਉਨ੍ਹਾਂ ਨੂੰ ਦਿੱਤਾ ਜਾਂਦੈ, ਪਿੱਤਰਾਂ ਨੂੰ ਪਹੁੰਚਦਾ ਕਰਨ ਲਈ।

ਵੈਸੇ ਭੂਤਾਂ ਤੋਂ ਡਰ ਕਿਉਂ ਲਗਦੈ ਭਲਾ! ਭੂਤ ਹੁੰਦੇ ਵੀ ਆ ਕਿ ਨਹੀਂ? ਭੂਤ ਹੁੰਦੇ ਤਾਂ ਨਹੀਂ, ਪਰ ਹਰ ਬੰਦੇ ਦਾ ਆਪੋ-ਆਪਣਾ ਭੂਤ ਜਰੂਰ ਹੁੰਦੈ। ਸਕੂਲ ਪੜ੍ਹਦਿਆਂ ਦੱਸਿਆ ਗਿਆ ਸੀ ਕਿ ਸਮਾਂ ਤਿੰਨ ਹਿੱਸਿਆਂ 'ਚ ਵੰਡਿਆ ਜਾ ਸਕਦੈ-ਭੂਤ ਮਤਲਬ ਬੀਤਿਆ ਸਮਾਂ; ਵਰਤਮਾਨ, ਜੋ ਸਮਾਂ ਚੱਲ ਰਿਹੈ ਅਤੇ ਭਵਿੱਖ, ਜੋ ਸਮਾਂ ਅਜੇ ਆਉਣਾ ਹੈ। ਬੀਤਿਆ ਸਮਾਂ ਈ ਭੂਤ ਐ, ਜੋ ਤੁਹਾਡੇ ਨਾਲ ਹੋਈ ਬੀਤੀ ਹੈ, ਉਹ ਤੁਹਾਡੇ ਜ਼ਿਹਨ 'ਚ ਘਰ ਕਰ ਜਾਂਦੀ ਹੈ। ਜੇ ਉਹ ਸੁਖਾਵੇਂ ਐ ਤਾਂ ਉਸ ਦੀ ਯਾਦ ਆਉਣ 'ਤੇ ਤੁਸੀਂ ਅਨੰਦਿਤ ਹੋ ਉਠੋਗੇ, ਹਲਕੇ ਫੁੱਲ ਮਹਿਸੂਸ ਕਰੋਗੇ। ਜੇ ਦੁੱਖਦਾਈ ਹੈ ਤਾਂ ਯਾਦ ਆਉਣ 'ਤੇ ਤੁਸੀਂ ਪ੍ਰੇਸ਼ਾਨ ਹੋ ਉਠੋਗੇ। ਪ੍ਰੇਸ਼ਾਨ ਮਨੋ-ਅਵਸਥਾ 'ਚ ਕਦੇ ਨੀਂਦ ਨਹੀਂ ਆਉਂਦੀ। ਵਿਗਿਆਨਕ ਵਿਚਾਰਧਾਰਾ ਵਾਲਾ ਬੰਦਾ ਇਸ ਦਾ ਕੋਈ ਨਾ ਕੋਈ ਹੱਲ ਲੱਭ ਲੈਂਦਾ ਹੈ, ਪਰ ਆਮ ਸਮਝ ਵਾਲਾ ਮਨੁੱਖ ਅਜਿਹਾ ਨਹੀਂ ਕਰ ਪਾਉਂਦਾ। ਹਾਲਾਤ ਅੱਗੇ ਬੇਵੱਸ ਹੋ ਕੇ ਉਹ ਇਸ ਸਥਿਤੀ 'ਚੋਂ ਨਿਕਲਣ ਲਈ ਆਸਰਾ ਭਾਲਣ ਲੱਗ ਜਾਂਦੈ। ਸੁਪਨੇ 'ਚ ਉਸ ਨੂੰ ਮਨੋਕਲਪਿਤ ਡਰਾਉਣੀਆਂ ਚੀਜ਼ਾਂ ਨਜ਼ਰ ਆਉਣ ਲਗਦੀਆਂ ਹਨ ਤੇ ਫਿਰ ਕੋਈ 'ਸਿਆਣਾ' ਉਸ ਨੂੰ ਦੱਸਦਾ ਹੈ ਕਿ ਭਾਈ ਤੂੰ ਆਪਣੇ ਪਿੱਤਰਾਂ ਦਾ ਹਿੱਸਾ ਤਾਂ ਕਦੇ ਕੱਢਿਆ ਨਹੀਂ, ਉਹ ਤਾਂ ਭੁੱਖੇ ਤੁਰੇ ਫਿਰਦੇ ਐ! ਬਹੁਤ ਗੁੱਸੇ 'ਚ ਐ ਉਹ! ਹੁਣ ਤਾਂ ਭੁੱਲ ਬਖਸ਼ਾਉਣੀ ਪਊ ਭਾਈ! ਪਿੱਤਰਾਂ ਨੂੰ ਪੂਜੇ ਬਿਨਾ ਘਰ 'ਚ ਬਰਕਤ ਨਹੀਂ ਰਹਿੰਦੀ!

ਕਿਹੜਾ ਬੰਦਾ ਹੈ, ਜੋ ਇਹ ਚਾਹੁੰਦਾ ਹੈ ਕਿ ਉਸ ਦੇ ਘਰ ਬਰਕਤ ਨਾ ਰਹੇ! ਬਰਕਤ ਲਈ ਤਾਂ ਸਾਰੀ ਉਮਰ ਘਾਲਣਾ ਘਾਲਦਾ ਰਹਿੰਦੈ ਬੰਦਾ! ਪਿੱਤਰਾਂ ਨੂੰ ਨਾਰਾਜ਼ ਕਰਨ ਦਾ 'ਜੋਖਮ' ਕੋਈ ਨਹੀਂ ਉਠਾਉਣਾ ਚਾਹੁੰਦਾ।

ਇਸ ਤਰ੍ਹਾਂ ਮਨ ਵਿਚਲਾ ਇਹ ਡਰ ਸਰਾਧਾਂ ਦੌਰਾਨ ਪਿੱਤਰਾਂ ਦੀ ਪੂਜਾ ਕਰਨ ਲਈ ਮਜਬੂਰ ਕਰ ਦਿੰਦੈ। ਇਹ ਡਰ ਕੋਈ ਅੱਜ-ਕੱਲ੍ਹ ਦੀ ਗੱਲ ਨਹੀਂ ਹੈ। ਸਦੀਆਂ ਨਹੀਂ, ਯੁੱਗਾਂ ਯੁਗਾਂਤਰਾਂ ਤੋਂ ਚੱਲਿਆ ਆ ਰਿਹੈ ਇਹ ਸਿਲਸਿਲਾ।

ਸਾਡੀ ਬੇਬੇ ਆਖਰੀ ਸਰਾਧ ਵਾਲੇ ਦਿਨ ਭਾਈ ਜੀ ਨੂੰ ਘਰ ਬੁਲਾਉਂਦੀ ਸੀ। ਬੇਬੇ ਆਖਰੀ ਸਰਾਧ ਕਿਉਂ ਪੂਜਦੀ ਸੀ, ਇਹ ਬੇਬੇ ਨੂੰ ਵੀ ਨਹੀਂ ਸੀ ਪਤਾ ਤੇ ਅੱਗੋਂ ਇਹ ਸਿਲਸਿਲਾ ਜਾਰੀ ਰੱਖਣ ਵਾਲੀ ਸਾਡੇ ਬੀਜੀ ਨੂੰ ਵੀ ਨਹੀਂ।

ਉਸ ਦਿਨ ਖੀਰ-ਕੜਾਹ, ਇੱਕ ਦਾਲ, ਇੱਕ ਸਬਜ਼ੀ ਤੇ ਬੂੰਦੀ ਵਾਲਾ ਖੱਟਾ ਬਣਾਇਆ ਜਾਂਦਾ। ਅਸੀਂ ਨਿਆਣਿਆਂ ਨੇ ਅੱਡੀਆਂ ਚੁੱਕ ਚੁੱਕ ਕੇ ਦੇਖਣਾ ਕਿ ਭਾਈ ਜੀ ਆਉਂਦੇ ਕਿ ਨਹੀਂ! ਜਲਦੀ ਜਲਦੀ ਆਉਣ ਤੇ ਸਾਡੀ ਵਾਰੀ ਵੀ ਆਵੇ। ਭਾਈ ਜੀ ਵੱਲ ਦੇਖ ਕੇ ਉਨ੍ਹਾਂ ਦੇ ਹੱਥ ਧੁਆਉਣ ਦੌੜਨਾ ਤਾਂ ਜੋ ਹੋਰ ਦੇਰ ਨਾ ਹੋਵੇ! ਕਿਸੇ ਨਾ ਕਿਸੇ ਤਰ੍ਹਾਂ ਬਸ ਅਰਦਾਸ ਹੋ ਜਾਵੇ ਤੇ ਅਸੀਂ ਦੇਗਾਂ ਚੱਟਣ ਵਾਲੇ ਬਣੀਏ। ਬੇਬੇ ਤੋਂ ਬਾਅਦ ਇਹ 'ਵੱਡੀ ਜਿੰਮੇਵਾਰੀ' ਸਾਡੀ ਬੀਜੀ ਨੇ ਸਾਂਭ ਲਈ। ਜਦ ਇਸ ਸਾਰੇ ਮਾਮਲੇ ਦੀ ਸਮਝ ਆਈ ਤਾਂ ਮੈਂ ਹੌਲੀ ਹੌਲੀ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ, ਪਰ ਮੰਨੇ ਕੌਣ?

ਸਾਡੇ ਪਰਿਵਾਰ 'ਚ ਚੰਗੀ ਗੱਲ ਇਹ ਰਹੀ ਕਿ ਕੱਟੜਪੁਣਾ ਸਾਡੇ ਬਜੁਰਗਾਂ ਦੇ ਨੇੜੇ-ਤੇੜੇ ਵੀ ਨਹੀਂ ਫਟਕਿਆ। ਸ਼ਾਇਦ ਇਸ ਪਿੱਛੇ ਕਾਰਨ ਇਹ ਹੋਵੇ ਕਿ ਬਜੁਰਗ ਵੰਡ ਵੇਲੇ ਪਾਕਿਸਤਾਨ ਤੋਂ ਉਠ ਕੇ ਆਏ ਸਨ। ਮੇਰੀ ਆਪਣੀ ਸਮਝ ਹੈ ਕਿ ਜਿਨ੍ਹਾਂ ਲੋਕਾਂ 'ਚ ਸਮਾਜਕ ਗਤੀਸ਼ੀਲਤਾ ਹੁੰਦੀ ਐ, ਉਨ੍ਹਾਂ 'ਚ ਕੱਟੜਪੁਣਾ ਨਹੀਂ ਹੁੰਦਾ ਜਾਂ ਬਹੁਤ ਘੱਟ ਹੁੰਦੈ। ਸਾਡੇ ਬਜੁਰਗ ਪਹਿਲਾਂ ਆਪਣਾ ਜੱਦੀ ਪਿੰਡ ਗਾਖਲ, ਜਿਸ ਦੀ ਬਗਲ 'ਚ ਸਾਡਾ ਹੁਣ ਵਾਲਾ ਪਿੰਡ ਚੁਗਾਵਾਂ ਵਸਿਆ ਹੋਇਐ, ਛੱਡ ਕੇ ਬਾਰ ਆਬਾਦ ਕਰਨ ਗਏ ਸਨ ਤੇ ਛੇ-ਸੱਤ ਦਹਾਕਿਆਂ ਪਿੱਛੋਂ ਵੰਡ ਕਾਰਨ ਉਨ੍ਹਾਂ ਨੂੰ ਵਸਦੇ-ਰਸਦੇ ਘਰ ਛੱਡ ਕੇ ਵਾਪਸ ਪਰਤਣ ਲਈ ਮਜਬੂਰ ਕਰ ਦਿੱਤਾ ਗਿਆ ਸੀ। ਵਾਰ ਵਾਰ ਉਜੜਨ ਵਾਲੇ ਲੋਕ ਕਦੇ ਕੱਟੜ ਨਹੀਂ ਹੋ ਸਕਦੇ।

ਲਗਦੇ ਹੱਥ ਇੱਕ ਦਿਲਚਸਪ ਕਿੱਸਾ ਵੀ ਸੁਣ ਲਓ! ਸਾਡੀ ਜ਼ਮੀਨ ਦੇ ਚੜ੍ਹਦੇ ਪਾਸੇ ਵੱਲ ਪਿੰਡ ਗੱਦੋਵਾਲੀ ਹੈ। ਸੜਕਾਂ ਤਾਂ ਸੱਤਰਵਿਆਂ 'ਚ ਆ ਕੇ ਬਣੀਆਂ, ਪਹਿਲਾਂ ਖੇਤਾਂ ਦੇ ਵੱਟਾਂ-ਬੰਨਿਆਂ ਤੋਂ ਲੰਘ ਕੇ ਜਾਈਦਾ ਸੀ। ਗੱਦੋਵਾਲੀ ਦੇ ਗੁਰਦੁਆਰੇ ਦੀ ਸੇਵਾ ਸ਼ੁਰੂ ਤੋਂ ਸਾਡੇ ਪਿੰਡ ਦੇ ਇੱਕ ਪਰਿਵਾਰ ਦੇ ਹੱਥ ਐ। ਇਹ ਪਰਿਵਾਰ ਸਾਧਾਂ ਦਾ ਪਰਿਵਾਰ ਕਰਕੇ ਜਾਣਿਆਂ ਜਾਂਦਾ ਹੈ, ਜਿਸ ਦੀ ਤੀਜੀ ਪੀੜ੍ਹੀ ਵੀ ਇਹ ਸੇਵਾ ਨਿਭਾ ਰਹੀ ਹੈ। ਇਸ ਪਰਿਵਾਰ ਦਾ ਬਜੁਰਗ ਬਾਬਾ ਹਰਨਾਮ ਸਿੰਘ ਗੱਦੋਵਾਲੀ ਦੇ ਗੁਰਦੁਆਰੇ ਦੀ ਸੇਵਾ ਨਿਭਾਉਂਦੇ ਸਨ ਤੇ ਸਾਡੇ ਖੇਤਾਂ ਵਿਚ ਦੀ ਹੋ ਕੇ ਆਉਂਦੇ-ਜਾਂਦੇ ਸਨ। ਸਰਾਧਾਂ ਦੌਰਾਨ ਜਦ ਬਾਬੇ ਹਰਨਾਮ ਸਿੰਹੁ ਨੇ ਆਉਣਾ ਤਾਂ ਸਾਡੇ ਚਾਚਾ ਕੁੰਦਨ ਸਿੰਘ ਤੇ ਛੋਟੇ ਬਾਬਾ ਜੀ ਜੁਗਿੰਦਰ ਸਿੰਘ ਨੇ ਉਨ੍ਹਾਂ ਨੂੰ ਬਿਠਾ ਲੈਣਾ ਤੇ ਗੱਲਾਂ 'ਚ ਲਾ ਕੇ ਉਨ੍ਹਾਂ ਦੇ ਸਾਫੇ 'ਚ ਬੰਨ੍ਹਿਆ ਖੀਰ-ਕੜਾਹ ਖਾ ਜਾਣਾ। ਇੱਕ ਵਾਰ ਬਾਬੇ ਹਰਨਾਮ ਸਿੰਹੁ ਨੇ ਰਾਹ ਬਦਲ ਕੇ ਬਾਬੇ ਬਿਸ਼ਨ ਸਿੰਘ ਦੇ ਖੇਤਾਂ 'ਚੋਂ ਹੋ ਕੇ ਪਿੰਡ ਜਾਣ ਦੀ ਕੋਸ਼ਿਸ਼ ਕੀਤੀ ਤਾਂ ਇਹ ਦੋਵੇਂ ਜਣੇ ਉਥੋਂ ਬਾਬੇ ਨੂੰ ਘੇਰ ਕੇ ਡੇਰੇ 'ਤੇ ਲੈ ਆਏ। ਖਾਣਾ ਤਾਂ ਖੀਰ-ਕੜਾਹ ਸੀ ਤੇ ਕਹਿਣ ਇਹ ਕਿ ਭਾਈ ਜੀ ਅਸੀਂ ਤੁਹਾਨੂੰ ਗੁੱਸੇ ਨਹੀਂ ਹੋਣ ਦੇਣਾ। ਤੁਸੀਂ ਗੁੱਸੇ ਹੋ ਕੇ ਰਾਹ ਬਦਲ ਲਿਆ ਤੇ ਜੇ ਸਾਡੇ ਬਜੁਰਗਾਂ ਨੂੰ ਪਤਾ ਲੱਗ ਗਿਆ ਤਾਂ ਉਹ ਸਾਨੂੰ ਗੁੱਸੇ ਹੋਣਗੇ। ਜਦ ਖਾਣ ਲਈ ਕੜਾਹ ਵਾਲੀ ਪੋਟਲੀ ਖੋਲ੍ਹੀ ਤਾਂ ਕੜਾਹ ਦਾ ਰੰਗ ਦੇਖ ਕੇ ਚਾਚਾ ਕੁੰਦਨ ਸਿੰਹੁ ਕਹਿਣ ਲੱਗਾ ਕਿ ਭਾਈ ਜੀ ਕੜਾਹ ਨੂੰ ਤਾਂ ਸੇਕ ਵੱਧ ਲੱਗ ਗਿਆ, ਕਾਲਾ ਹੋ ਗਿਆ! ਅੱਗਿਓਂ ਬਾਬਾ ਹਰਨਾਮ ਸਿੰਹੁ ਆਖਣ ਲੱਗਾ, "ਇਹੀਓ ਖਾਣਾ ਪੈਣਾ, ਤੂੰ ਕਿਹੜਾ ਪੈਸੇ ਖਰਚੇ ਆ।" ਇਹ ਗੱਲ ਯਾਦ ਕਰਕੇ ਅੱਜ ਵੀ ਬਹੁਤ ਹਾਸਾ ਪੈਂਦੈ।

ਦੀਵਾਲੀ ਵਾਲੇ ਦਿਨ ਵੀ ਸ਼ਮਸ਼ਾਨਘਾਟ 'ਚ ਪਿੱਤਰਾਂ ਦੀ ਪੂਜਾ ਕਰਨ ਲਈ ਦੀਵੇ ਜਗਾਉਣੇ ਤੇ ਮਿਠਾਈ ਰੱਖਣ ਦੀ ਰਵਾਇਤ ਹੈ। ਬਜੁਰਗਾਂ ਦੇ ਨਾਲ ਜਾਣਾ ਤੇ ਉਨ੍ਹਾਂ ਨੂੰ ਅਜਿਹਾ ਕਰਦਿਆਂ ਦੇਖਣਾ। ਜਦ ਕਾਲਜ ਪੜ੍ਹਦਿਆਂ ਥੋੜ੍ਹੀ ਕੁ ਵਿਗਿਆਨਕ ਸੂਝ ਵਿਕਸਿਤ ਹੋਈ ਤਾਂ ਮਨ 'ਚ ਇਸ ਰਵਾਇਤ ਦਾ ਵਿਰੋਧ ਪੈਦਾ ਹੋਣਾ ਕੁਦਰਤੀ ਸੀ। ਭਾਪਾ ਜੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਇਹੋ ਕਿਹਾ ਕਿ ਪਤਾ ਤਾਂ ਮੈਨੂੰ ਵੀ ਆ, ਪਰ ਤੁਹਾਡੀ ਬੇਬੇ ਦੇ ਕਹਿਣ 'ਤੇ ਇਹ ਸਭ ਕਰਨਾ ਪੈਂਦੈ।

ਸਾਡੇ ਪਰਿਵਾਰ ਦੇ ਬਜੁਰਗ ਇਕੱਠੇ ਹੋ ਕੇ ਜਾਂਦੇ ਸਨ, ਇਸ ਕੰਮ ਲਈ ਸ਼ਮਸ਼ਾਨਘਾਟ। ਜਦ ਉਨ੍ਹਾਂ ਪੂਜਾ ਕਰਕੇ ਮੁੜਨਾ ਤਾਂ ਅਸੀਂ ਪਿੱਛੋਂ ਮਿਠਾਈ ਚੁੱਕ ਕੇ ਖਾ ਜਾਣੀ। ਜਦ ਸਾਡੇ ਇੱਕ




ਬਾਬਾ ਜੀ ਨੂੰ ਪਤਾ ਲੱਗਾ ਤਾਂ ਲੱਗ ਪਏ ਠੰਡਾ-ਤੱਤਾ ਬੋਲਣ, "ਕੰਜਰੋ, ਪਿੱਤਰਾਂ ਦਾ ਖਾਣਾ ਕਿਉਂ ਖਾਂਦੇ ਓਂ?" ਮੈਂ ਜੁਆਬ ਦਿੱਤਾ, "ਬਾਬਾ ਜੀ, ਅਸੀਂ ਪਿੱਤਰਾਂ ਦੀ ਪਸੰਦ ਦੀ ਚੀਜ਼ ਨਹੀਂ ਛੇੜੀ।" ਉਨ੍ਹਾਂ ਪੁੱਛਿਆ, "ਤੈਨੂੰ ਕਿਵੇਂ ਪਤੈ ਕਿ ਉਨ੍ਹਾਂ ਨੂੰ ਕਿਹੜੀ ਚੀਜ਼ ਪਸੰਦ ਐ?" ਮੇਰਾ ਜੁਆਬ ਸੀ, "ਪਕੌੜੇ! ਸ਼ਾਮ ਦੇ ਸਮੇਂ ਜਦ ਬੋਤਲ ਖੁੱਲ੍ਹੀ ਹੋਵੇ ਤਾਂ ਮਿਠਾਈ ਕੌਣ ਖਾਂਦੈ!" ਇਹ ਗੱਲ ਤਾਂ ਮੂੰਹੋਂ ਨਿਕਲ ਗਈ, ਪਰ ਅੰਦਰੋ ਅੰਦਰ ਡਰਾਂ ਕਿ ਹੁਣ ਖੁੰਬ ਠੱਪੀ ਗਈ ਸਮਝੋ! ਪਰ ਮੇਰੇ ਇਸ ਜੁਆਬ ਤੋਂ ਬਾਬੇ-ਚਾਚੇ ਸਭ ਹੱਸ ਪਏ ਤੇ ਅਸੀਂ ਵੀ ਖੁਸ਼ ਕਿ ਜੁੱਤੀਆਂ ਤੋਂ ਬਚਾਅ ਹੋ ਗਿਆ।

ਸਿੱਖ ਧਰਮ ਕਿੰਨਾ ਵੀ ਵਿਗਿਆਨਕ ਹੋਣ ਦਾ ਦਾਅਵਾ ਕਰੇ ਪਰ ਇਸ ਦੇ ਪੈਰੋਕਾਰ ਸਿੱਖ ਅਜੇ ਵੀ ਇਸ ਜਿੱਲ੍ਹਣ 'ਚੋਂ ਨਹੀਂ ਨਿਕਲ ਸਕੇ। ਉਹ ਅੱਜ ਵੀ ਉਥੇ ਖੜ੍ਹੇ ਹਨ, ਜਿੱਥੋਂ ਬਾਬੇ ਨਾਨਕ ਨੇ ਗੱਲ ਸ਼ੁਰੂ ਕੀਤੀ ਸੀ। ਮੈਂ ਬਹੁਤ ਸਾਰੇ ਗ੍ਰੰਥੀ ਸਿੰਘ ਦੇਖੇ ਹਨ, ਜੋ ਪਾਠ ਪੂਰੀ ਸੁਰ ਤੇ ਸ਼ਰਧਾ ਨਾਲ ਕਰਦੇ ਹਨ, ਗੁਰਬਾਣੀ ਦੀ ਵਿਆਖਿਆ ਵੀ ਸਹੀ ਕਰਦੇ ਹਨ, ਪਰ ਉਹ 'ਹੱਥ ਵੀ ਦੇਖ ਲੈਂਦੇ' ਹਨ ਤੇ 'ਉਪਾਅ' ਵੀ ਕਰ ਦਿੰਦੇ ਹਨ। ਦਰਬਾਰ ਸਾਹਿਬ, ਅੰਮ੍ਰਿਤਸਰ 'ਚ ਇਹ ਗੱਲ ਆਮ ਸੁਣੀ ਜਾ ਸਕਦੀ ਹੈ ਕਿ ਫਲਾਣੇ ਸਿੰਘ ਤੋਂ ਅਰਦਾਸ ਕਰਵਾਓ, ਉਹਦੀ ਕੀਤੀ ਅਰਦਾਸ ਕਦੇ ਅਜਾਈਂ ਨਹੀਂ ਜਾਂਦੀ! ਜਿਵੇਂ ਬੀਮਾ ਕੰਪਨੀ ਦੀ ਮਸ਼ਹੂਰੀ ਆਉਂਦੀ ਹੁੰਦੀ ਐ ਕਿ ਫਲਾਣੇ ਤੋਂ ਇੰਸ਼ੋਰੈਂਸ ਕਰਵਾਓ, ਉਹਦਾ ਕਲੇਮ ਕਦੇ ਨਹੀਂ ਡੁੱਬਾ! ਤੇ ਉਹ ਸਿੰਘ ਵੀ 'ਸੇਵਾ ਫਲ' ਹੱਥ ਆਉਂਦਿਆਂ ਹੀ ਅਰਦਾਸ ਕਰਨੀ ਸ਼ੁਰੂ ਕਰ ਦਿੰਦੇ ਹਨ, ਗੁਰੂ ਗ੍ਰੰਥ ਸਾਹਿਬ ਮੌਜੂਦ ਹੋਵੇ ਭਾਵੇਂ ਨਾ, ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ। ਸ਼ਰਧਾਵਾਨ ਵੀ ਖੁਸ਼ ਤੇ ਸਿੰਘ ਸਾਹਿਬ ਵੀ।

ਸਾਡੇ ਘਰ ਤੇ ਪਿੰਡ ਦੇ ਗੁਰਦੁਆਰੇ ਦੀ ਕੰਧ ਸਾਂਝੀ ਹੈ। ਇੱਕ ਵਾਰ ਗ੍ਰੰਥੀ ਸਿੰਘ ਸਰਾਧਾਂ ਤੇ ਨਰਾਤਿਆਂ ਦੌਰਾਨ ਹੁੰਦੇ ਪੂਜਾ ਪਾਠ ਨੂੰ ਮਨਮੱਤ ਆਖ ਕੇ ਹਟੇ ਸਨ। ਦਸਾਂ ਕੁ ਮਿੰਟਾਂ ਬਾਅਦ ਸਾਡੇ ਈ ਘਰੋਂ ਸੁਨੇਹਾ ਚਲਾ ਗਿਆ ਕਿ ਆ ਕੇ ਸਰਾਧ ਵਾਲੀ ਅਰਦਾਸ ਕਰ ਜਾਓ ਤੇ ਪ੍ਰਸ਼ਾਦਾ ਵੀ ਛਕ ਜਾਓ। ਜਦ ਉਹ ਘਰ ਆਏ ਤਾਂ ਮੈਂ ਕਿਹਾ, "ਮਨਜੀਤ ਸਿੰਹਾਂ, ਬਹੁਤ ਪਤੇ ਦੀਆਂ ਗੱਲਾਂ ਕੀਤੀਆਂ ਅੱਜ।" ਏਨਾ ਆਖ ਕੇ ਮੈਂ ਮੁਸਕਰਾਉਣ ਲੱਗ ਪਿਆ। ਭਾਈ ਜੀ ਮੇਰੇ ਤੋਂ ਕਾਫੀ ਛੋਟੇ ਹਨ ਉਮਰ 'ਚ, ਆਖਣ ਲੱਗੇ, "ਤੁਹਾਨੂੰ ਪਤਾ ਈ ਐ ਭਾਜੀ, ਸਭ ਚਲਦੈ!"

ਮੇਰਾ ਸੁਆਲ ਇਹ ਐ ਕਿ ਇਹ 'ਸਭ ਚਲਦੈ' ਕਿਉਂ ਐਂ? ਇਹਨੂੰ ਰੋਕੂ ਕੌਣ? ਜਦ ਘਰ ਦੀ ਜਿੰਮੇਵਾਰੀ ਮੇਰੀ ਹਮਸਫਰ ਪਰਮਜੀਤ ਦੇ ਹੱਥ ਆਈ ਤਾਂ 'ਇਹ ਸਭ ਚਲਦੈ' ਵਾਲਾ ਸਿਲਸਿਲਾ ਉਸ ਨੇ ਹਿੰਮਤ ਕਰਕੇ ਰੋਕ ਦਿੱਤਾ। ਸਾਡੇ ਬੀਜੀ ਨੇ ਇਸ ਗੱਲ ਦਾ ਬੁਰਾ ਮਨਾਇਆ, ਪਰ ਪਰਮਜੀਤ ਨੇ ਉਨ੍ਹਾਂ ਨੂੰ ਸ਼ਾਂਤ ਕਰਨ ਦਾ ਰਾਹ ਲੱਭ ਲਿਆ। ਆਖਰੀ ਸਰਾਧ ਵਾਲੇ ਦਿਨ ਉਸ ਨੇ ਕਿਸੇ ਨਾ ਕਿਸੇ ਗਰੀਬ ਨੂੰ ਖਾਣਾ ਖੁਆਉਣਾ ਤੇ ਨਾਲ ਈ ਕੱਪੜੇ ਦੇਣੇ ਸ਼ੁਰੂ ਕਰ ਦਿੱਤੇ। ਬੀਜੀ ਵੀ ਖੁਸ਼ ਤੇ ਪਰਮਜੀਤ ਵੀ।

ਖੁਦ ਹੀ ਅਜਿਹਾ ਨਹੀਂ ਕੀਤਾ, ਹੋਰਨਾਂ ਨੂੰ ਵੀ ਪ੍ਰੇਰਿਆ। ਲੋਕਾਂ ਨੂੰ ਮੰਦਿਰਾਂ, ਮਸੀਤਾਂ, ਗੁਰਦੁਆਰਿਆਂ 'ਚ ਚੜ੍ਹਾਵੇ ਚੜ੍ਹਾਉਣ ਦੀ ਥਾਂ ਸਰਕਾਰੀ ਸਕੂਲਾਂ ਨੂੰ ਦਾਨ ਦੇਣ ਤੇ ਉਨ੍ਹਾਂ ਦੀ ਦੇਖਭਾਲ 'ਚ ਭਾਈਵਾਲ ਬਣਨ ਲਈ ਪ੍ਰੇਰਤ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਸਾਰਥਕ ਨਤੀਜੇ ਵੀ ਸਾਹਮਣੇ ਆਏ, ਭਾਵੇਂ ਥੋੜ੍ਹੇ ਈ ਸਹੀ। ਖੜ੍ਹੇ ਪਾਣੀ 'ਚ ਢੀਮ ਮਾਰਨ 'ਤੇ ਛੱਲ ਤਾਂ ਪੈਦਾ ਹੋਵੇਗੀ ਹੀ। ਇਹ ਨਾ ਸੋਚੋ ਕਿ ਛੱਲ ਤਾਂ ਬਹੁਤ ਛੋਟੀ ਰਹਿ ਗਈ, ਸਗੋਂ ਇਹ ਸੋਚੋ ਕਿ ਤੁਸੀਂ ਪਾਣੀ ਨੂੰ ਖੜ੍ਹਾ ਨਹੀਂ ਰਹਿਣ ਦਿੱਤਾ। ਖੜ੍ਹਾ ਪਾਣੀ ਸੜ੍ਹਾਂਦ ਮਾਰਨ ਲੱਗ ਜਾਂਦਾ ਹੈ। ਕੋਈ ਵੱਡੀ ਛੱਲ ਪੈਦਾ ਕਰਨ ਵਾਲਾ ਵੀ ਜਰੂਰ ਆਏਗਾ। ਉਹ ਤੁਹਾਡੇ ਹੀ ਕਾਫਲੇ ਦਾ ਸਿਪਾਹ ਸਾਲਾਰ ਅਖਵਾਏਗਾ!

ਵੈਸੇ ਜ਼ਰਾ ਸੋਚੋ, ਭੂਤ (ਬੀਤਿਆ ਸਮਾਂ) ਤੁਹਾਡਾ ਆਪਣੈਂ ਤੇ ਆਪਣਿਆਂ ਤੋਂ ਡਰਨਾ ਕਾਹਦਾ! ਜੇ ਤੁਹਾਡਾ ਵਰਤਮਾਨ ਖੂਬਸੂਰਤ ਐ ਤਾਂ ਤੁਹਾਡਾ ਭੂਤ ਕਦੇ ਵੀ ਬਦਸੂਰਤ ਨਹੀਂ ਹੋ ਸਕਦਾ। ਇਹ ਵਰਤਮਾਨ ਈ ਐ, ਜਿਸ ਨੇ ਤੁਹਾਡਾ ਭਵਿੱਖ ਬਣਾਉਣੈਂ ਤੇ ਜਿਸ ਨੇ ਤੁਹਾਡਾ ਭੂਤ ਵੀ ਬਣਨੈਂ। ਜੇ ਤੁਸੀਂ ਕਿਸੇ ਦਾ ਹੱਕ ਨਹੀਂ ਮਾਰਿਆ, ਕਦੇ ਆਪਣੇ ਹਿੱਤ ਸਾਧਣ ਲਈ ਕਿਸੇ ਨੂੰ ਧੋਖਾ ਨਹੀਂ ਦਿੱਤਾ, ਕਦੇ ਨਿਮਾਣਿਆਂ ਨਿਤਾਣਿਆਂ ਦਾ ਸਾਥ ਦੇਣ ਤੋਂ ਮੁੱਖ ਨਹੀਂ ਮੋੜਿਆ, ਧੱਕੇਸ਼ਾਹੀ ਵਿਰੁਧ ਆਵਾਜ਼ ਬੁਲੰਦ ਕਰਨ ਦੀ ਜਿੰਮੇਵਾਰੀ ਨਿਭਾਉਣ ਤੋਂ ਪਾਸਾ ਨਹੀਂ ਵੱਟਿਆ ਤਾਂ ਬੇਫਿਕਰ ਹੋ ਜਾਓ, ਤੁਹਾਡਾ ਭੂਤ ਡਰਾਵਣਾ ਨਹੀਂ ਹੋਵੇਗਾ।

ਐਪਰ, ਜੇ ਤੁਸੀਂ ਮਨੁੱਖ ਵੀ ਅਖਵਾਉਂਦੇ ਹੋ ਤੇ ਪੂਰੀ ਤਰ੍ਹਾਂ ਪਤਾ ਹੁੰਦਿਆਂ ਵੀ ਬੇਕਿਰਕੀ ਨਾਲ ਲੁੱਟ ਕਰਨ ਵਾਲਿਆਂ ਦੇ ਬਗਲ-ਬੱਚੇ ਬਣਦੇ ਓ, ਜੇ ਵਹਿਸ਼ੀਆਨਾ ਪ੍ਰਵਿਰਤੀ ਵਾਲਿਆਂ ਦਾ ਸੰਗ ਮਾਣ ਕੇ ਫਖਰ ਮਹਿਸੂਸ ਕਰਦੇ ਓ, ਜੇ ਪਰਾਇਆ ਹੱਕ ਖਾ ਕੇ ਤੁਹਾਡੇ ਅੰਦਰ ਬੇਚੈਨੀ ਪੈਦਾ ਨਹੀਂ ਹੁੰਦੀ, ਜੇ ਕਿਸੇ ਵਿਅਕਤੀ ਦੀ ਮਜਬੂਰੀ ਦਾ ਫਾਇਦਾ ਉਠਾਉਣ 'ਚ ਤੁਹਾਨੂੰ ਜ਼ਰਾ ਜਿੰਨਾ ਵੀ ਤਰਸ ਨਹੀਂ ਆਉਂਦਾ, ਜੇ ਤੁਸੀਂ ਵਸਦੇ-ਰਸਦੇ ਘਰਾਂ 'ਚ ਚੁਆਤੀ ਲਾ ਕੇ ਅਨੰਦ ਮਾਣਦੇ ਓ, ਜੇ ਕਿਸੇ ਨੂੰ ਡਿਗਦਾ ਦੇਖ ਕੇ ਤੁਹਾਨੂੰ ਅਨੰਦ ਆਉਂਦੈ, ਜੇ ਤੁਸੀਂ ਸਮਰੱਥ ਹੁੰਦਿਆਂ ਵੀ ਕਿਸੇ ਕਮਜ਼ੋਰ ਵਿਅਕਤੀ ਦੀ ਮਦਦ ਲਈ ਅੱਗੇ ਨਹੀਂ ਆਉਂਦੇ, ਜੇ ਤੁਸੀਂ ਦੂਜਿਆਂ ਨੂੰ ਵੀ ਲਾਚਾਰ ਲੋਕਾਂ ਦੇ ਮਦਦਗਾਰ ਬਣਨੋਂ ਰੋਕਦੇ ਓਂ, ਜੇ ਤੁਸੀਂ ਬੇਸਿਰੀ ਭੀੜ ਦਾ ਹਿੱਸਾ ਬਣਨ 'ਚ ਆਤਮ ਗਿਲਾਨੀ ਮਹਿਸੂਸ ਨਹੀਂ ਕਰਦੇ ਤਾਂ ਤੁਹਾਡਾ ਭੂਤ ਦਿਨੋਂ ਦਿਨ ਡਰਾਵਣਾ ਰੂਪ ਧਾਰਦਾ ਜਾਵੇਗਾ ਤੇ ਤੁਹਾਨੂੰ ਚੈਨ ਨਾਲ ਨਹੀਂ ਸੌਣ ਦੇਵੇਗਾ! ਰਾਤਾਂ ਨੂੰ ਉਭੜਬਾਹੇ ਉਠ ਉਠ ਬੈਠੋਗੇ! ਠੰਢੀਆਂ ਰਾਤਾਂ ਨੂੰ ਵੀ ਪਸੀਨੇ ਨਾਲ ਗੜੁੱਚ ਹੋ ਜਾਵੋਗੇ! ਜੇਠ-ਹਾੜ ਦੀਆਂ ਰਾਤਾਂ 'ਚ ਕੰਬ ਕੰਬ ਉਠੋਗੇ! ਤੁਹਾਡੇ ਅੰਦਰਲਾ ਇਹ ਡਰ ਆਖਰੀ ਸਾਹ ਤੱਕ ਤੁਹਾਡਾ ਪਿੱਛਾ ਨਹੀਂ ਛੱਡੇਗਾ।

ਬਸ, ਇਹ ਗੱਲ ਯਾਦ ਰੱਖੋ ਕਿ ਤੁਹਾਡੇ ਹੱਥ ਵਿਚ ਚਾਨਣ ਵੀ ਹੈ, ਤੁਸੀਂ ਟੋਇਆਂ 'ਚ ਵੀ ਡਿਗਦੇ ਹੋ ਤਾਂ ਕਸੂਰਵਾਰ ਕੋਈ ਹੋਰ ਨਹੀਂ, ਤੁਸੀਂ ਖੁਦ ਹੋ!

ਜਦ ਤੁਹਾਡੇ ਹੱਥ ਵਿਚ ਚਾਨਣ ਹੈ ਤੇ ਸਾਹਮਣਿਓਂ ਹਨੇਰੇ 'ਚ ਤੁਰੇ ਆ ਰਹੇ ਬੰਦੇ ਨੂੰ ਤੁਸੀਂ ਰਾਹ ਨਹੀਂ ਦਿਖਾਉਂਦੇ ਅਤੇ ਉਸ ਦੇ ਡਿਗਣ 'ਤੇ ਉਸ ਦਾ ਮਜ਼ਾਕ ਉਡਾਉਂਦੇ ਓਂ ਤੇ ਆਪਣੀ ਸਿਆਣਪ ਦਾ ਢੰਡੋਰਾ ਪਿੱਟਦੇ ਓਂ ਤਾਂ ਸਭ ਤੋਂ ਵੱਡੇ ਦੋਸ਼ੀ ਤੁਸੀਂ ਹੋ, ਇਸ ਗੱਲ ਦਾ ਖਿਆਲ ਵੀ ਜਰੂਰ ਰੱਖਣਾ!

## ਮਿਨੀ ਕਹਾਣੀ

### ਵੱਡਾ ਝੂਠ

"ਪੁੱਤ ਰਮਨ, ਬਹੁਤ ਪੜ੍ਹ ਲਿਆ, ਚੱਲ ਹੁਣ ਸੌਂ ਜਾਹ।" ਮਨਪ੍ਰੀਤ ਨੇ ਪੜ੍ਹ ਰਹੀ ਆਪਣੀ ਬੇਟੀ ਨੂੰ ਕਿਹਾ।

ਅਸਲ ਵਿਚ ਉਹ ਚਾਹੁੰਦੀ ਸੀ ਕਿ ਲਾਈਟ ਬੰਦ ਹੋ ਜਾਵੇ ਤਾਂ ਸ਼ਾਇਦ ਉਸ ਨੂੰ ਨੀਂਦ ਆ ਜਾਵੇ। ਦਿਨ ਭਰ ਦੀ ਥਕਾਵਟ ਅਤੇ ਮਾਯੂਸੀ ਨੇ ਉਸ ਨੂੰ ਤੋੜ ਕੇ ਰੱਖ ਦਿੱਤਾ ਸੀ। ਹਰ ਵਾਰ ਵਾਂਗ ਉਹ ਦੋਵੇਂ ਮੀਆਂ-ਬੀਵੀ ਅੱਜ ਫਿਰ ਕਿਸੇ ਇੰਟਰਵਿਊ 'ਤੇ ਗਏ ਸਨ ਤੇ ਉਹ ਹੀ ਰੱਟਿਆ-ਰਟਾਇਆ ਜਵਾਬ ਮਿਲਿਆ ਸੀ। ਉਹ ਜਾਣ ਚੁਕੀ ਸੀ ਕਿ ਨੌਕਰੀਆਂ ਸਿਫਾਰਸ਼ਾਂ ਅਤੇ ਪੈਸਿਆਂ ਦੇ ਸਹਾਰੇ ਹੀ ਮਿਲਦੀਆਂ ਹਨ। ਆਪਣੀ ਕਾਬਲੀਅਤ ਅਤੇ ਸਰਟੀਫਿਕੇਟ ਸਭ ਵਿਅਰਥ ਲੱਗ ਰਹੇ ਸਨ। ਬਿਨਾ ਕੁਝ ਖਾਧਿਆਂ ਉਹ ਲੰਮੀ ਪੈ ਗਈ ਸੀ।

"ਨਹੀਂ ਮੰਮੀ, ਸਾਡੇ ਸਰ ਕਹਿੰਦੇ ਨੇ ਵੱਧ ਮਿਹਨਤ ਕਰੋਗੇ ਤਾਂ ਵੱਡੇ ਅਫਸਰ ਬਣੋਗੇ। ਮੈਂ ਵੱਧ ਨੰਬਰ ਲੈ...।" ਬੱਚੀ ਅਧਿਆਪਕਾਂ ਦੀ ਕਹੀ ਗੱਲ ਮਨ ਵਿਚ ਵਸਾਈ ਬੈਠੀ ਸੀ।

"ਸਭ ਬਕਵਾਸ ਹੈ, ਸਭ ਝੂਠ ਹੈ। ਮਾਸਟਰ ਝੂਠ ਬੋਲਦੇ ਨੇ।" ਬੱਚੀ ਦੀ ਗੱਲ ਕੱਟ ਉਹ ਵਿਚੋਂ ਹੀ ਬੋਲ ਪਈ ਸੀ।

"ਮਨਪ੍ਰੀਤ, ਇਹ ਕੀ ਕਹੀ ਜਾਂਦੀ ਏ। ਬੱਚੀ ਨੂੰ ਇਸ ਉਮਰ ਵਿਚ ਇਹ ਗੱਲਾਂ..।" ਉਸ ਦੇ ਪਤੀ ਨੇ ਟੋਕਦਿਆਂ ਕਿਹਾ।

"ਪਰ ਜਦੋਂ ਇਹ ਸਾਡੀ ਉਮਰ ਵਿਚ ਆ ਕੇ ਇਹ ਕੁਝ ਵੇਖੇਗੀ ਤਾਂ ਉਦੋਂ ਕਿੰਨਾ ਝਟਕਾ ਲੱਗੇਗਾ। ਰੱਬ ਜਿਹੇ ਮਾਸਟਰ ਵੀ ਝੂਠੇ ਹਨ। ਮੈਂ ਦਸਵੀਂ ਜਮਾਤ ਵਿਚ ਸਭ ਤੋਂ ਹੁਸ਼ਿਆਰ ਸਾਂ। ਸਭ ਨੂੰ ਪਤਾ ਸੀ ਮੈਂ ਪਹਿਲੇ ਨੰਬਰ 'ਤੇ ਆਵਾਂਗੀ। ਪੇਪਰਾਂ ਵੇਲੇ ਬਿਸ਼ਨੇ ਸਰਪੰਚ ਦੇ ਘਰੋਂ ਮਠਿਆਈ ਦੇ ਡੱਬੇ ਆਉਣ ਲੱਗੇ।

ਡਿਊਟੀ ਵਾਲੇ ਉਸ ਦੀ ਪੋਤਰੀ ਦੇ ਸਿਰ 'ਤੇ ਖੜ੍ਹ ਪੇਪਰ ਕਰਾਉਣ ਲੱਗੇ, ਮੈਂ ਵੇਖਦੀ ਰਹਿ ਗਈ। ਨਤੀਜੇ ਵਿਚ ਉਹ ਕੁੜੀ ਪਹਿਲੇ ਨੰਬਰ 'ਤੇ ਆਈ। ਅੱਗੇ ਵੀ ਇਹੋ ਕੁਝ ਹੁੰਦਾ ਰਿਹਾ। ਦਿਨ-ਰਾਤ ਕੀਤੀ ਮਿਹਨਤ ਕਿਸੇ ਕੰਮ ਨਾ ਆਈ। ਜਿੱਥੇ ਜਾਂਦੀ ਹਾਂ, ਬਸ...ਮੈਥੋਂ ਤਾਂ ਅਨਪੜ੍ਹ ਮਾਂ-ਪਿਉ ਚੰਗੇ ਸੀ, ਸਿਰ ਸਿੱਟ ਮਜਦੂਰੀ ਕਰਦੇ ਰਹੇ। ਮੈਥੋਂ ਤਾਂ ਉਹ ਵੀ ਨਹੀਂ ਹੋਣੀ। ਮਿਹਨਤ ਨਾਲ ਅੱਗੇ ਵਧਿਆ ਜਾਂਦਾ, ਸਭ ਤੋਂ ਵੱਡਾ ਝੂਠ ਹੈ। ਸਭ ਝੂਠੇ ਨੇ..।" ਕਲਪਦੀ ਹੋਈ ਮਨਪ੍ਰੀਤ ਹਫ ਗਈ ਸੀ। ਘਰ ਵਾਲਾ ਚੁੱਪ ਕਰਾ ਰਿਹਾ ਸੀ।

"ਪੁੱਤ ਗੱਲ ਤਾਂ ਇਹ ਜਵਾਂ ਸੱਚ ਸੀ ਪਰ ਕਹਿਣ ਵਾਲੇ ਹੀ ਝੂਠੇ ਹੋ ਗਏ।" ਸਹੁਰੇ ਨੇ ਧੀਰਜ ਦਿਵਾਉਣ ਲਈ ਕਿਹਾ। ਨੂੰਹ-ਪੁੱਤ ਦੀ ਹਾਲਤ ਵੇਖ ਮਾਂ-ਪਿਉ ਦੇ ਅਰਮਾਨ ਵੀ ਹੰਝੂਆਂ ਨਾਲ ਵਹਿ ਮਿੱਟੀ ਵਿਚ ਮਿਲ ਗਏ ਸਨ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

# ਲਸ਼ਕਰ ਦੀ ਚੜ੍ਹਾਈ ਤੇ ਉਤਰਾਈ

ਸ਼ਬਦ ਝਰੋਖਾ

ਬਲਜੀਤ ਬਾਸੀ
ਫੋਨ: 734-259-9353

ਪੰਜਾਬੀ ਵਿਚ ਅੱਜ ਕਲ੍ਹ ਲਸ਼ਕਰ ਸ਼ਬਦ ਬਹੁਤਾ ਕਰਕੇ ਇੱਕ ਦਹਿਸ਼ਤਗਰਦ ਜਥੇਬੰਦੀ ਲਸ਼ਕਰੇ-ਤਾਇਬਾ ਦੇ ਨਾਂ ਵਿਚ ਹੀ ਲਿਖਿਆ ਜਾਂ ਬੋਲਿਆ ਮਿਲਦਾ ਹੈ। ਪਾਕਿਸਤਾਨ ਆਧਾਰਤ ਇਹ ਜਥੇਬੰਦੀ ਪਹਿਲਾਂ ਅਫਗਾਨਿਸਤਾਨ ਨੂੰ ਸੋਵੀਅਤ ਰੂਸ ਤੋਂ ਮੁਕਤ ਕਰਾਉਣ ਤੇ ਹੁਣ ਭਾਰਤੀ ਕਸ਼ਮੀਰ ਨੂੰ ਪਾਕਿਸਤਾਨ ਵਿਚ ਮਿਲਾਉਣ ਲਈ ਦਹਿਸ਼ਤਗਰਦ ਕਾਰਵਾਈਆਂ ਕਰਦੀ ਹੈ। ਲਸ਼ਕਰੇ-ਤਾਇਬਾ ਦਾ ਅਰਥ ਹੈ, ਨੇਕਾਂ ਦੀ ਸੈਨਾ। ਫਾਰਸੀ ਤੱਯਬ ਦਾ ਮਤਲਬ ਹੁੰਦਾ ਹੈ-ਨੇਕ, ਪਵਿੱਤਰ ਤੇ ਲਸ਼ਕਰ, ਜੋ ਅਸੀਂ ਵਿਚਾਰਨ ਜਾ ਰਹੇ ਹਾਂ, ਇਥੇ ਸੈਨਾ ਦਾ ਅਰਥਾਵਾਂ ਹੈ। ਲੋਅ ਲਸ਼ਕਰ ਜਾਂ ਲਾਮ ਲਸ਼ਕਰ ਜੁੱਟਾਂ ਵਿਚ ਵੀ ਲਸ਼ਕਰ ਖੂਬ ਝਲਕਦਾ ਹੈ। ਫਾਰਸੀ ਵਲੋਂ ਆਇਆ ਇਹ ਸ਼ਬਦ ਸਾਡੀਆਂ ਅੱਖਾਂ ਸਾਹਮਣੇ ਕਿਸੇ ਲੜਾਕੂ ਮੁਹਿੰਮ ਲਈ ਤੁਰੀ, ਕਾਫਲੇ ਵਾਂਗ ਕਵਾਇਦ ਕਰਦੀ ਚੱਲ ਸੋ ਚੱਲ ਸੈਨਾ ਦਾ ਬਿੰਬ ਲਿਆਉਂਦਾ ਹੈ। ਇਸ ਲਸ਼ਕਰ ਵਿਚ ਸੈਨਾ ਤੋਂ ਇਲਾਵਾ ਹਾਥੀ ਘੋੜੇ, ਸਾਜ਼ੋਸਾਮਾਨ, ਅਸਲਾ, ਰਸਦ ਤੇ ਇਨ੍ਹਾਂ ਦੀ ਸੰਭਾਲ ਵਿਚ ਨਿਰੰਤਰ ਜੁਟੇ ਰੱਖਿਅਕ ਵੀ ਸ਼ਾਮਿਲ ਹੁੰਦੇ ਹਨ। ਉਂਜ ਪੰਜਾਬੀ ਵਿਚ ਇਹ ਸ਼ਬਦ ਫੌਜ, ਸੈਨਾ, ਕਟਕ, ਛਾਉਣੀ ਤੋਂ ਬਿਨਾ ਕਿਸੇ ਮਹਤਵਾਕਾਂਖੀ ਵਿਅਕਤੀ ਦੇ ਪਿਛੇ ਲੱਗੀ ਲਾਮਡੋਰੀ ਲਈ ਤੇ ਹੋਰ ਤਾਂ ਹੋਰ ਲੋਕਾਂ ਦੀ ਵਹੀਰ, ਹੇੜ, ਜਮਘਟੇ, ਭੀੜਭਾੜ ਆਦਿ ਦੇ ਅਰਥਾਂ ਵਿਚ ਵਰਤਿਆ ਮਿਲਦਾ ਹੈ। ਕਿਸੇ ਨੇਕ ਕੰਮ ਲਈ ਇਕੱਠੇ ਲੋਕਾਂ ਨੂੰ ਲੋਕਾਂ ਦਾ ਲਸ਼ਕਰ ਕਿਹਾ ਜਾਂਦਾ ਹੈ। ਫਾਰਸੀ ਵਿਚ ਲਸ਼ਕਰ ਸ਼ਬਦ ਨਾਲ ਅਨੇਕਾਂ ਸੰਯੁਕਤ ਸ਼ਬਦ ਬਣੇ ਮਿਲਦੇ ਹਨ ਜਿਵੇਂ ਸਰ ਲਸ਼ਕਰ: ਫੌਜ ਦਾ ਆਗੂ; ਰਾਹਨੁਮਾਈ ਲਸ਼ਕਰ: ਫੌਜ ਦਾ ਗਾਈਡ; ਬਰਕੀ ਲਸ਼ਕਰ: ਤਲਵਾਰ; ਲਸ਼ਕਰ ਸ਼ਿਕਨ: ਫੌਜਾਂ ਹਰਾਉਣ ਵਾਲਾ; ਲਸ਼ਕਰ ਗਾਹ: ਛਾਉਣੀ, ਫੌਜ ਦਾ ਡੇਰਾ ਜਾਂ ਪੜਾਅ ਆਦਿ।

ਉਰਦੂ ਜ਼ਬਾਨ ਨੂੰ ਲਸ਼ਕਰੀ ਬੋਲੀ ਜਾਂ ਨਿਰਾ ਲਸ਼ਕਰੀ ਵੀ ਕਿਹਾ ਜਾਂਦਾ ਹੈ। ਯਾਦ ਰਹੇ, ਉਰਦੂ ਸ਼ਬਦ ਵਿਚਲਾ ਉਰਦ ਤੁਰਕ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਮਤਲਬ ਫੌਜ ਹੁੰਦਾ ਹੈ। ਸਮਝਿਆ ਜਾਂਦਾ ਹੈ ਕਿ ਉਰਦੂ ਭਾਸ਼ਾ ਫੌਜਾਂ ਵਿਚ ਉਤਰੀ ਭਾਰਤੀ ਭਾਸ਼ਾਵਾਂ ਤੇ ਅਰਬੀ ਫਾਰਸੀ ਭਾਸ਼ਾਵਾਂ ਬੋਲਦੇ ਫੌਜੀਆਂ ਦੇ ਮੇਲ ਨਾਲ ਬਣੀ। ਲਸ਼ਕਰ ਦਾ ਇਕ ਅਰਥ ਫੌਜੀ ਹਮਲਾ ਜਾਂ ਚੜ੍ਹਾਈ ਵੀ ਹੋ ਗਿਆ ਹੈ। ਲਸ਼ਕਰ ਰਾਜਿਆਂ, ਬਾਦਸ਼ਾਹਾਂ ਪਾਸ ਹੀ ਹੋ ਸਕਦਾ ਹੈ, ਇਸ ਲਈ ਇਹ ਸ਼ਬਦ ਰਾਜਾ ਵੀ ਬਣ ਬੈਠਾ ਹੈ। ਕਬੀਰ ਜੀ ਨੇ ਪਰਮਾਤਮਾ ਨੂੰ ਇਹ ਸੰਗਿਆ ਦਿੱਤੀ, 'ਗਗਨ ਮੰਡਲ ਮਹਿ ਲਸਕਰੁ ਕਰੈ ਸੋ ਸੁਰਤਾਨੁ ਛਤ੍ਰ ਸਿਰਿ ਧਰੈ॥' ਗੁਰੂ ਨਾਨਕ ਨੇ ਇਹ ਸ਼ਬਦ ਫੌਜ ਦੇ ਅਰਥਾਂ ਵਿਚ ਵਰਤਿਆ ਹੈ, 'ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥' ਅਤੇ 'ਲਖ ਲਸਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਿਸਾਹੁ॥' ਸੂਫੀ ਤੇ ਕਿੱਸਾ ਕਾਵਿ ਵਿਚ ਵੀ ਇਸ ਸ਼ਬਦ ਦੀ ਟੌਹ ਹੈ। ਬੁਲ੍ਹੇ ਸ਼ਾਹ ਦੀ ਤਸਦੀਕ ਹੈ,

ਕਿੱਥੇ ਮੀਰ ਮਲਕ ਸੁਲਤਾਨਾਂ
ਸੱਭੇ ਛਡ ਗਏ ਟਿਕਾਣਾ,
ਕੋਈ ਮਾਰ ਨਾ ਬੈਠੇ ਠਾਣਾ
ਲਸ਼ਕਰ ਦਾ ਜਿਨਾਂ ਸ਼ੁਮਾਰ ਨਹੀਂ,
ਉਠ ਜਾਗ ਘੁਰਾੜੇ ਮਾਰ ਨਹੀਂ।

ਲਸਕਰ ਇੱਕ ਤਰ੍ਹਾਂ ਫੌਜਾਂ ਦਾ ਹੀ ਡੇਰਾ ਹੈ, ਇਸ ਲਈ ਇਹ ਸ਼ਬਦ ਛਾਉਣੀ ਦੇ ਅਰਥ ਵੀ ਧਾਰ ਗਿਆ। ਗਵਾਲੀਅਰ ਦੇ ਸਿੰਧੀਆ ਪਰਿਵਾਰ ਨੇ ਗਵਾਲੀਅਰ ਸ਼ਹਿਰ ਤੋਂ ਥੋੜ੍ਹਾ ਹਟਵੇਂ ਥਾਂ 'ਤੇ ਇਕ ਛਾਉਣੀ ਬਣਾਈ ਸੀ, ਜਿਸ ਦਾ ਨਾਂ ਹੀ ਲਸ਼ਕਰ ਵਜੋਂ ਪ੍ਰਚਲਿਤ ਹੋਇਆ। ਅੱਜ ਲਸ਼ਕਰ ਨਾਂ ਦਾ ਇਹ ਇੱਕ ਵੱਖਰਾ ਸ਼ਹਿਰ ਹੈ। ਲਸ਼ਕਰ ਤੋਂ ਬਣੇ ਲਸ਼ਕਰੀ ਦਾ ਅਰਥ ਫੌਜੀ ਹੈ, ਪਰ ਇਹ ਇਕ ਉਪ ਨਾਂ ਅਤੇ ਖਾਸ ਨਾਂ ਵਜੋਂ ਵੀ ਵਰਤਿਆ ਮਿਲਦਾ ਹੈ। ਪੰਜਾਬ ਵਿਚ ਦੋਰਾਹਾ ਨੇੜੇ ਇਕ ਸਰਾਏ ਲਸ਼ਕਰੀ ਖਾਨ ਹੈ। ਇਹ ਸ਼ੇਰ ਸ਼ਾਹ ਸੂਰੀ ਮਾਰਗ 'ਤੇ ਪੈਂਦੀ ਹੈ। ਇਹ 1667 ਈ. ਵਿਚ ਬਾਦਸ਼ਾਹ ਔਰੰਗਜ਼ੇਬ ਦੇ ਰਾਜ ਵਿਚ ਮੁਗਲ ਫੌਜ ਦੇ ਜਨਰਲ ਲਸ਼ਕਰੀ ਖਾਨ ਨੇ ਬਣਾਈ ਸੀ।




ਇਥੇ ਇਕ ਸ਼ਬਦ ਲਾਸਕਰ (lascar) ਦਾ ਵਿਸ਼ੇਸ਼ ਜ਼ਿਕਰ ਕਰਨਾ ਬਣਦਾ ਹੈ, ਜੋ ਇਸੇ ਲਸ਼ਕਰ ਦਾ ਹੀ ਯੂਰਪੀ ਰੁਪਾਂਤਰ ਹੈ, ਪਰ ਇਤਿਹਾਸਕ ਤੌਰ 'ਤੇ ਕੁਝ ਵੱਖਰੇ ਅਰਥ ਵਜੋਂ ਇਸਤੇਮਾਲ ਹੋਇਆ ਹੈ। 16ਵੀਂ-17ਵੀਂ ਸਦੀ ਵਿਚ ਯੂਰਪੀ ਸ਼ਕਤੀਆਂ ਦਾ ਦੱਖਣੀ ਏਸ਼ੀਆ, ਅਰਬ, ਪ੍ਰਸ਼ਾਂਤ ਮਹਾਸਾਗਰ ਦੇ ਦੇਸ਼ਾਂ ਅਤੇ ਅਫਰੀਕਾ ਉਤੇ ਵਪਾਰਕ ਤੇ ਸਿਆਸੀ ਗਲਬਾ ਹੋ ਗਿਆ। ਭਾਰਤ ਵਿਚ ਮੁੱਖ ਤੌਰ 'ਤੇ ਪੁਰਤਗੀਜ਼ਾਂ ਅਤੇ ਅੰਗਰੇਜ਼ਾਂ ਨੇ ਆਪਣੇ ਪੈਰ ਜਮਾਏ। ਸੁਰੂ ਤੇ ਠੰਡ ਦੇ ਗਿੱਝੇ ਗੋਰੇ ਜਹਾਜੀ ਨਾ ਤਾਂ ਇਸ ਖਿੱਤੇ ਦੇ ਗਰਮ ਜਲਵਾਯੂ ਅਤੇ ਸਮੁੰਦਰਾਂ ਦੇ ਗਰਮ ਪਾਣੀਆਂ ਨੂੰ ਝੱਲ ਸਕਦੇ ਸਨ ਤੇ ਨਾ ਹੀ ਸਮੁੰਦਰੀ ਮਾਰਗਾਂ ਦੀਆਂ ਹੋਰ ਦੁਸ਼ਵਾਰੀਆਂ। ਬੀਮਾਰ ਹੋਏ ਕਈ ਰਸਤੇ ਵਿਚ ਤੇ ਕਈ ਟਿਕਾਣਿਆਂ 'ਤੇ ਪਹੁੰਚ ਕੇ ਦਮ ਤੋੜ ਜਾਂਦੇ ਸਨ। ਇਸ ਲਈ ਉਨ੍ਹਾਂ ਨੂੰ ਆਪਣੇ ਜਹਾਜਾਂ ਲਈ ਇਸ ਖਿੱਤੇ ਦੇ ਹੀ ਮਾਹਰ ਜਹਾਜੀਆਂ ਦੀ ਲੋੜ ਪ੍ਰਤੀਤ ਹੋਈ ਤਾਂ ਦੇਸੀ ਮਲਾਹਾਂ ਤੋਂ ਬਿਨਾ ਹੋਰ ਹਰ ਤਰ੍ਹਾਂ ਦੇ ਕੰਮ ਜਿਵੇਂ ਮਿਸਤਰੀ, ਰਸੋਈਆ, ਸਮਾਨ ਢੋਣ ਵਾਲਾ ਕੁਲੀ, ਕੋਲੇ ਦੇ ਝੋਕੇ ਆਦਿਕ ਕੰਮ ਕਰਨ ਲਈ ਇਸ ਖਿੱਤੇ ਦੇ ਲੋਕਾਂ ਨੂੰ ਭਰਤੀ ਕਰ ਲਿਆ ਗਿਆ। ਇਹ ਲੋਕ ਰਸਤੇ ਵਿਚ ਸਮੁੰਦਰੀ ਡਾਕੂਆਂ ਤੋਂ ਵੀ ਬਚਾਅ ਕਰਦੇ ਸਨ। ਇਹ ਕੰਮ ਲਸ਼ਕਰ ਯਾਨਿ ਫੌਜੀ ਤੋਂ ਵੱਧ ਹੋਰ ਕੌਣ ਕਰ ਸਕਦਾ ਸੀ। ਪੁਰਤਗੀਜ਼ ਜਹਾਜ ਮਾਲਕਾਂ ਨੇ ਪਹਿਲਾਂ ਪਹਿਲ ਭਾਰਤ ਦੇ ਗੋਆ ਤੇ ਹੋਰ ਬਸਤੀਆਂ ਵਿਚ ਜਿਨ੍ਹਾਂ ਫੌਜੀਆਂ ਤੋਂ ਅਜਿਹਾ ਕੰਮ ਕਰਵਾਇਆ, ਉਨ੍ਹਾਂ ਲਈ ਲਾਸ਼ਕਰ ਸ਼ਬਦ ਦੀ ਵਰਤੋਂ ਕੀਤੀ। ਸ੍ਰੀਲੰਕਾ ਦੀਆਂ ਭਾਸ਼ਾਵਾਂ-ਤਾਮਿਲ ਤੇ ਸਿਨਹਾਲੀ ਵਿਚ ਲਸ਼ਕਰ ਸ਼ਬਦ ਦਾ ਲਸਕਾਰਿਨ ਜਿਹਾ ਰੁਪਾਂਤਰ ਹੈ। ਸ੍ਰੀਲੰਕਾ ਦੇ ਇਨ੍ਹਾਂ ਲਸਕਾਰਿਨਾਂ ਨੇ 16ਵੀਂ ਸਦੀ ਦੇ ਅਰੰਭ ਵਿਚ ਪੁਰਤਗੀਜ਼ਾਂ ਵਲੋਂ ਕਈ ਲੜਾਈਆਂ ਲੜੀਆਂ ਸਨ। ਪੁਰਤਗੀਜ਼ਾਂ ਨੇ ਸ੍ਰੀਲੰਕਾ ਦੇ ਇਸੇ ਲਾਸਕਾਰਿਨ ਸ਼ਬਦ ਨੂੰ ਆਪਣੇ ਲਹਿਜੇ ਅਨੁਸਾਰ ਲਾਸਕਰ ਉਚਾਰਿਆ ਤੇ ਦੇਸੀ ਲਸ਼ਕਰਾਂ ਲਈ ਵਰਤਿਆ। ਫਿਰ ਇਹੋ ਸ਼ਬਦ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਨੇ ਵੀ ਵਰਤਣਾ ਸ਼ੁਰੂ ਕਰ ਦਿੱਤਾ। ਫੌਜੀਆਂ ਅਤੇ ਮਲਾਹਾਂ ਤੋਂ ਇਲਾਵਾ ਇਹ ਸ਼ਬਦ ਦੇਸੀ ਨੌਕਰਾਂ ਲਈ ਵੀ ਵਰਤਿਆ ਜਾਣ ਲੱਗਾ।

ਜਹਾਜੀਆਂ ਵਜੋਂ ਭਾਵੇਂ ਲਾਸ਼ਕਰਾਂ ਦਾ ਤੋਰੀ ਫੁਲਕਾ ਚਲਦਾ ਰਿਹਾ, ਪਰ ਇਨ੍ਹਾਂ ਨਾਲ ਬਹੁਤ ਭੈੜਾ ਸਲੂਕ ਕੀਤਾ ਜਾਂਦਾ ਸੀ। ਇਹ ਵਿਚਾਰੇ ਇਕ ਤਰ੍ਹਾਂ ਨਾਲ ਬੰਧਕ ਮਜ਼ਦੂਰ ਹੀ ਸਨ। ਨੌਕਰੀ ਦੇਣ ਸਮੇਂ ਉਨ੍ਹਾਂ ਤੋਂ ਸਖਤ ਸ਼ਰਤਾਂ ਵਾਲੇ ਬਾਂਡ ਭਰਾਏ ਜਾਂਦੇ। ਸਮੁੰਦਰੀ ਜਹਾਜਾਂ ਵਿਚ ਇਨ੍ਹਾਂ ਤੋਂ ਹਰ ਤਰ੍ਹਾਂ ਦੇ ਘਟੀਆ ਅਤੇ ਔਖੇ ਕੰਮ ਕਰਵਾਏ ਜਾਂਦੇ। ਇਨ੍ਹਾਂ ਦੀ ਤਨਖਾਹ ਗੋਰੇ ਸਹਿਕਰਮੀਆਂ ਦੀ ਤਨਖਾਹ ਨਾਲੋਂ ਵੀਹਵਾਂ ਹਿੱਸਾ ਹੁੰਦੀ ਸੀ। ਖਾਣਾ ਘਟੀਆ ਤਾਂ ਹੁੰਦਾ ਹੀ ਸੀ, ਢਿੱਡ ਭਰਵਾਂ ਵੀ ਨਹੀਂ ਸੀ ਦਿੱਤਾ ਜਾਂਦਾ। ਸਮਾਂ ਬੀਤਣ ਨਾਲ ਭਾਰਤ ਤੋਂ ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿਚ ਲਾਸਕਰ ਬਰਤਾਨੀਆ ਜਾਣ ਲੱਗੇ। ਲੰਡਨ ਵਿਚ ਟੋਪੀਆਂ, ਪਗੜੀਆਂ ਤੇ ਪਜਾਮਾ ਪਹਿਨਣ ਵਾਲੇ ਇਨ੍ਹਾਂ ਅਜੂਬਿਆਂ ਨਾਲ ਨਸਲੀ ਵਿਤਕਰਾ ਹੁੰਦਾ। ਉਨ੍ਹਾਂ ਨੂੰ ਰਹਿਣ ਲਈ ਜਗਹ ਨਹੀਂ ਸੀ ਦਿੱਤੀ ਜਾਂਦੀ, ਉਨ੍ਹਾਂ ਦੇ ਪੈਸੇ ਖੋਹ ਲਏ ਜਾਂਦੇ। ਉਹ ਅਕਸਰ ਕਈ ਖੈਰਾਇਤੀ ਰਿਹਾਇਸ਼ਾਂ ਵਿਚ ਰਹਿੰਦੇ। ਉਨ੍ਹਾਂ ਨੂੰ ਅੰਗਰੇਜ਼ੀ ਬੋਲਣ ਦੀ ਵੀ ਸਮੱਸਿਆ ਆਉਂਦੀ। ਉਤੋਂ ਗੋਰੇ ਸ਼ਿਕਾਇਤਾਂ ਕਰਦੇ ਕਿ ਸਾਨੂੰ ਛੱਡ ਕੇ ਇਨ੍ਹਾਂ ਘਟੀਆ ਏਸ਼ੀਅਨਾਂ ਨੂੰ ਜਹਾਜਾਂ ਵਿਚ ਨੌਕਰੀਆਂ ਕਿਉਂ ਦਿੱਤੀਆਂ ਹਨ? ਪਰ ਉਨ੍ਹਾਂ ਨੂੰ ਸਮਝਾਇਆ ਜਾਂਦਾ ਕਿ ਇਨ੍ਹਾਂ ਵਰਗਾ ਗੁਲਾਮਾਨਾ ਕੰਮ ਤੁਸੀਂ ਨਹੀਂ ਕਰ ਸਕਦੇ। ਇਹ ਸਮੁੰਦਰ ਦੀ ਘੋਰ ਗਰਮੀ ਵਾਲੇ ਇਲਾਕੇ ਵਿਚ ਜਹਾਜ ਦੇ ਇੰਜਣਾਂ ਵਿਚ ਕੋਲਾ ਝੋਕ ਸਕਦੇ ਹਨ, ਇਨ੍ਹਾਂ ਜਿੰਨਾ ਮਿਹਨਤੀ, ਸਿਰੜੀ ਤੇ ਵਫਾਦਾਰ ਕੋਈ ਨਹੀਂ ਹੋ ਸਕਦਾ। ਕਿੱਡੀ ਵਿਡੰਬਨਾ ਹੈ ਕਿ ਇੱਕ ਪਾਸੇ ਲਸ਼ਕਰ ਰਾਜੇ ਦੀ ਪਦਵੀ ਧਾਰ ਲੈਂਦੇ ਹਨ ਤੇ ਦੂਜੇ ਪਾਸੇ ਨਿਰੇ ਗੁਲਾਮ! ਅਸਲ ਵਿਚ ਤਾਂ ਦੁਨੀਆਂ ਭਰ ਵਿਚ ਜਿੱਥੇ ਜਿੱਥੇ ਯੂਰਪੀ ਗੋਰੇ ਗਏ, ਉਥੇ ਉਥੇ ਦੀ ਭਾਸ਼ਾ ਵਿਚ ਇਹ ਸ਼ਬਦ ਕਿਸੇ ਨਾ ਕਿਸੇ ਰੂਪ ਵਿਚ ਮਿਲਦਾ ਹੈ।

ਲਸ਼ਕਰ ਸ਼ਬਦ ਦੀ ਵਿਉਤਪਤੀ ਬਾਰੇ ਕੋਈ ਇਕ ਮਤ ਨਹੀਂ ਮਿਲਦਾ। ਵਧੇਰੇ ਭੰਬਲਭੂਸਾ ਇਸ ਗੱਲ ਦਾ ਹੈ ਕਿ ਕੀ ਇਹ ਮੁਢਲੇ ਤੌਰ 'ਤੇ ਅਰਬੀ ਦਾ ਸ਼ਬਦ ਹੈ ਜਾਂ ਫਾਰਸੀ ਦਾ! ਇੱਕ ਮਤ ਅਨੁਸਾਰ ਇਹ ਫਾਰਸੀ ਦਾ ਹੀ ਮੂਲ ਸ਼ਬਦ ਹੈ, ਜਿਸ ਦਾ ਮਧਕਾਲੀ ਫਾਰਸੀ ਵਿਚ ਲਸ਼ਕਲ ਜਿਹਾ ਰੂਪ ਸੀ, ਜੋ ਅੱਗੇ ਜਾ ਕੇ ਲਸ਼ਕਰ ਬਣਿਆ। ਅਰਬੀ ਵਾਲਿਆਂ ਨੇ ਇਸ ਦੀ ਮੁਢਲੀ ਧੁਨੀ 'ਲ' ਨੂੰ ਅਰਬੀ ਆਰਟੀਕਲ 'ਅਲ' ਸਮਝਦਿਆਂ ਇਸ ਨੂੰ ਖਾਰਜ ਕਰ ਦਿੱਤਾ ਤੇ ਸ਼ਬਦ ਰਹਿ ਗਿਆ ਅਸਕਰ, ਜੋ ਅਰਬੀ ਅਤੇ ਫਾਰਸੀ ਭਾਸ਼ਾਵਾਂ ਵਿਚ ਫੌਜ, ਸੈਨਾ ਜਾਂ ਕਟਕ ਲਈ ਵਰਤਿਆ ਮਿਲਦਾ ਹੈ। ਇਸ ਸ਼ਬਦ ਦੇ ਹੋਰ ਅਰਥ ਬਣੇ ਸਮੂਹ, ਇਕੱਠ, ਮਹੈਣ। ਇਰਾਨ ਦੇ ਕੁਝ ਨਗਰਾਂ ਦਾ ਨਾਂ ਵੀ ਅਸਕਰ ਹੈ। ਉਸਮਾਨੀ ਸੈਨਾ ਨੂੰ 'ਅਸਕਰੀ ਇਸਲਾਮ' ਕਿਹਾ ਜਾਂਦਾ ਸੀ, ਅਰਥਾਤ ਜੋ ਇਸਲਾਮ ਦੀ ਖਾਤਰ ਲੜਦੀ ਸੀ। ਕਈ ਮੁਸਲਮਾਨ ਨਾਂਵਾਂ ਵਿਚ ਅਸਕਰ ਸ਼ਬਦ ਆਉਂਦਾ ਹੈ। ਇਰਾਨ, ਕੇਂਦਰੀ ਏਸ਼ੀਆ ਤੇ ਹੋਰ ਮੁਸਲਮਾਨ ਆਬਾਦੀ ਵਾਲੇ ਦੇਸ਼ਾਂ ਵਿਚ ਅਸਕਰ ਨਾਂ ਦੇ ਕਈ ਨਗਰ ਅਤੇ ਵਿਅਕਤੀ ਨਾਂ ਹਨ। ਕੁਰੂਕਸ਼ੇਤਰ ਦੇ ਇਕ ਪਿੰਡ ਦਾ ਮੁਢ ਅਸਕਰ ਅਲੀ ਨਾਂ ਦੇ ਫਕੀਰ ਤੋਂ ਬਝਿਆ ਦੱਸਿਆ ਜਾਂਦਾ ਹੈ। ਅਫਰੀਕੀ ਦੇਸ਼ਾਂ ਦੇ ਯੂਰਪੀ ਆਬਾਦੀਆਂ ਦੇ ਸਥਾਨਕ ਫੌਜੀਆਂ ਲਈ ਵੀ ਅਸਕਰੀ ਸ਼ਬਦ ਵਰਤਿਆ ਮਿਲਦਾ ਹੈ। ਫਲਸਤੀਨ ਵਿਚ ਇਕ ਸ਼ਰਨਾਰਥੀ ਕੈਂਪ ਦਾ ਨਾਂ ਅਸਕਰ ਹੈ।

ਲਸ਼ਕਰ ਸ਼ਬਦ ਦੀ ਦੂਜੀ ਵਿਆਖਿਆ ਅਨੁਸਾਰ ਅਰਬੀ ਅਸਕਰ ਦੇ ਅੱਗੇ ਅਰਬੀ ਆਰਟੀਕਲ ਅਲ ਲੱਗ ਕੇ ਬਣੇ 'ਅਲਅਸਕਰ' ਬਣਿਆ, ਜੋ ਫਾਰਸੀ ਵਿਚ ਆ ਕੇ ਹੌਲੀ ਹੌਲੀ ਲਸ਼ਕਰ ਦਾ ਰੂਪ ਧਾਰ ਗਿਆ। ਅਜਿਤ ਵਡਨੇਰਕਰ ਕੁਝ ਹੋਰ ਪਿੱਛੇ ਗਿਆ ਹੈ। ਉਸ ਅਨੁਸਾਰ ਇਸ ਸ਼ਬਦ ਦੀ ਮੁਢੀ ਹਿਬਰੂ 'ਸਿਖਰ' ਹੈ। ਬਾਈਬਲ ਵਿਚ ਸਮਾਰੀਆ ਖੇਤਰ ਵਿਚਲੇ ਸਿਖਰ ਨਾਂ ਦੇ ਇਕ ਕਸਬੇ ਦਾ ਜ਼ਿਕਰ ਆਉਂਦਾ ਹੈ। ਇਸ ਸ਼ਬਦ ਨੇ ਵਿਗੜ ਕੇ ਇਸਖਰ ਦਾ ਰੂਪ ਧਾਰਿਆ। ਇਹ ਸ਼ਬਦ ਹੋਰ ਅੱਗੇ ਹਿਬਰੂ ਅਰਬੀ ਦੀ ਵਿਚਲੀ ਕੜੀ ਅਰਮਾਇਕ ਭਾਸ਼ਾ ਵਿਚ ਦਾਖਲ ਹੋਇਆ ਤਾਂ ਇਸ ਨੇ ਬਸਤੀ ਜਾਂ ਘਿਰੇ ਹੋਏ ਥਾਂ ਦਾ ਅਰਥ ਗ੍ਰਹਿਣ ਕੀਤਾ। ਫਿਰ ਅਰਬੀ ਵਿਚ ਆ ਕੇ ਇਹ ਸਮੂਹ, ਸੰਗਠਨ ਦਾ ਅਰਥਾਵਾਂ ਬਣਿਆ ਤੇ ਅਖੀਰ ਫੌਜ ਬਣ ਕੇ ਸਾਹ ਲਿਆ।

# ਬਾਬਾ ਨਾਨਕ ਬਨਾਮ ਮਿਥਿਹਾਸਕ ਦੇਵਤਾ ਅਈਯੱਪਾ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਦਿਨਾਂ ਵਿਚ ਅਈਯੱਪਾ ਨਾਂ ਦੇ ਇਕ ਮਿਥਿਹਾਸਕ ਦੇਵਤੇ ਦੇ ਕਿੱਸੇ ਵੀ ਪੜ੍ਹਨ-ਸੁਣਨ ਨੂੰ ਮਿਲੇ। ਪੰਜਾਬੀ ਪਾਠਕਾਂ ਲਈ ਗੁਰੂ ਨਾਨਕ ਦੀ ਜੀਵਨੀ ਤੇ ਸਿਖਿਆਵਾਂ ਜਾਣਕਾਰੀ ਦੀਆਂ ਮੁਥਾਜ ਨਹੀਂ। ਅਈਯੱਪਾ ਭਾਰਤ ਦੇ ਦੱਖਣ ਵਿਚ ਪੈਂਦੇ ਰਾਜਾਂ ਦਾ ਦੇਵਤਾ ਹੈ। ਇਸ ਦੇ ਅਨੇਕਾਂ ਮੰਦਿਰ ਹਨ, ਪਰ ਸਭ ਤੋਂ ਪ੍ਰਸਿੱਧ ਮੰਦਿਰ ਕੇਰਲਾ ਦੀਆਂ ਸਬਰੀਮਾਲਾ ਪਹਾੜੀਆਂ ਉਤੇ ਸਥਿਤ ਹੈ। ਹਰ ਵਰ੍ਹੇ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂ ਨੰਗੇ ਪੈਰੀਂ ਤੁਰ ਕੇ ਇਸ ਦੇ ਦਰਸ਼ਨਾਂ ਲਈ ਜਾਂਦੇ ਹਨ। ਯਾਤਰੀਆਂ ਦੀ ਗਿਣਤੀ ਪੱਖੋਂ ਇਹ ਮੰਦਿਰ ਦੁਨੀਆਂ ਦੇ ਵੱਡੇ ਸਥਾਨਾਂ ਵਿਚ ਗਿਣਿਆ ਜਾਂਦਾ ਹੈ। ਇਸ ਦੇ ਦਰਵਾਜੇ 10 ਤੋਂ 50 ਵਰ੍ਹੇ ਦੀਆਂ 'ਉਪਜਾਊ' ਔਰਤਾਂ ਤੋਂ ਬਿਨਾ ਹਰ ਉਮਰ ਦੇ ਮਰਦਾਂ-ਔਰਤਾਂ ਲਈ ਖੁਲ੍ਹੇ ਹਨ। ਉਪਜਾਊ ਸ਼ਬਦ ਉਨ੍ਹਾਂ ਔਰਤਾਂ ਲਈ ਵਰਤਿਆ ਗਿਆ ਹੈ, ਜੋ ਆਪਣਾ ਮਾਸਕ ਧਰਮ ਨਿਭਾ ਰਹੀਆਂ ਹੁੰਦੀਆਂ ਹਨ। ਉਨ੍ਹਾਂ ਦਾ ਉਪਜਾਊ ਹੋਣਾ ਹੀ ਮਹਾਂ ਰੁਕਾਵਟ ਹੈ। ਇਹ ਕਿਹੋ ਜਿਹਾ ਜਤ ਸਤ ਹੈ, ਜੋ ਉਪਜਾਊ ਔਰਤ ਦੀ ਹਾਜ਼ਰੀ ਵਿਚ ਭੰਗ ਹੋ ਜਾਂਦਾ ਹੈ?

ਉਥੇ ਵਿਗਿਆਨੀ ਤੇ ਕਾਨੂੰਨਦਾਨ ਇਸ ਧਾਰਨਾ ਨਾਲ ਸਹਿਮਤ ਨਹੀਂ। ਇਸ ਦੀ ਛਾਣ ਬੀਣ ਕਰਦਿਆਂ 28 ਸਤੰਬਰ 2019 ਨੂੰ ਸੁਪਰੀਮ ਕੋਰਟ ਵਲੋਂ ਦਿੱਤੇ ਗਏ ਫੈਸਲੇ ਅਨੁਸਾਰ ਇਹ ਧਾਰਨਾ ਸਮਾਜਕ ਵਿਕਾਸ ਦੇ ਅਨੁਕੂਲ ਨਹੀਂ। ਉਰਦੂ ਅਖਾਣ 'ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਾ ਕਰਤੇ' ਇਸ ਰੂੜ੍ਹੀਵਾਦੀ ਧਾਰਨਾ ਉਤੇ ਪੂਰਾ ਉਤਰਦਾ ਹੈ। ਪਿਛਲੇ ਦਿਨੀਂ ਸੁਪਰੀਮ ਕੋਰਟ ਦੇ ਇਕ ਹੋਰ ਬੈਂਚ ਨੇ ਇਸ ਰੋਲ ਘਚੋਲੇ ਨੂੰ ਅੱਗੇ ਪਾਉਂਦਿਆਂ ਹੁਣ ਸੱਤ ਮੈਂਬਰੀ ਬੈਂਚ ਦੇ ਗਲ ਪਾ ਦਿੱਤਾ ਹੈ। ਇਹ ਧਾਰਨਾ ਇੰਨੀ ਗਲਤ ਹੈ ਕਿ ਵਡੇਰੇ ਬੈਂਚ ਦੇ ਗਲ ਪਾਉਣ ਵਾਲੀ ਜਸਟਿਸ ਗੋਗੋਈ ਦੀ ਸੋਚ ਵੀ ਸ਼ੰਕਾ ਦੇ ਘੇਰੇ ਵਿਚ ਆ ਗਈ ਹੈ। ਇਹ ਧਾਰਨਾ ਔਰਤ ਦੀ ਗੁਣਵਤਾ ਤੇ ਸ਼ਕਤੀ ਨੂੰ ਘਟਾਉਂਦੀ ਹੈ, ਜਿਸ ਬਾਰੇ ਸਿੱਖੀ ਮਰਿਆਦਾ ਨੂੰ ਉਜਾਗਰ ਕਰਦੀ ਆਸਾ ਦੀ ਵਾਰ ਸਪਸ਼ਟ ਹੈ,

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ
ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ
ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ॥



*ਮਿਥਿਹਾਸਕ ਦੇਵਤੇ ਅਈਯੱਪਾ ਦਾ ਇਕ ਚਿੱਤਰ*

ਸਮਝ ਨਹੀਂ ਆਉਂਦੀ ਕਿ ਅਈਯੱਪਾ ਨੂੰ ਪੂਜਣ ਵਾਲੇ ਉਨ੍ਹਾਂ ਦਾ ਸਦੀਵੀ ਸਾਥ ਦੇਣ ਵਾਲੀ ਔਰਤ ਨਾਲ ਵਿਤਕਰਾ ਕਿਉਂ ਕਰਦੇ ਹਨ। ਇਨ੍ਹੀਂ ਦਿਨੀਂ ਸਬਰੀਮਾਲਾ ਪਹੁੰਚੀ ਇੱਕ ਬਾਰਾਂ ਸਾਲ ਦੀ ਬੱਚੀ ਨੂੰ ਮੰਦਿਰ ਵਿਚ ਪ੍ਰਵੇਸ਼ ਕਰਨ ਤੋਂ ਰੋਕਿਆ ਗਿਆਂ ਤਾਂ ਉਸ ਦਾ ਰੋਣ ਨਿਕਲ ਗਿਆ। ਜੇ ਕੋਈ ਉਸ ਵੇਲੇ ਗੁਰੂ ਸਾਹਿਬ ਤੋਂ ਪਿੱਛੋਂ ਸਿੱਖੀ ਮਰਿਆਦਾ ਵਿਚ ਆਈਆਂ ਕੁਰੀਤੀਆਂ ਤੋਂ ਜਾਣੂ ਹੁੰਦਾ ਤਾਂ ਉਸ ਬੱਚੀ ਨੂੰ ਵਰਾਉਣ ਵਾਸਤੇ ਹਰਿਮੰਦਰ ਸਾਹਿਬ ਦਾ ਪ੍ਰਮਾਣ ਦੇ ਸਕਦਾ ਸੀ, ਜਿੱਥੇ ਸਿੱਖ ਬੀਬੀਆਂ ਨੂੰ ਕੀਰਤਨ ਕਰਨ ਦੀ ਮੁਕੰਮਲ ਮਨਾਹੀ ਹੈ। ਹੈ ਕੋਈ ਰੂੜ੍ਹੀਵਾਦ ਦਾ ਹੱਲ।

**ਕਰਤਾਰਪੁਰ ਲਾਂਘਾ ਤੇ ਸਿੰਧੀ ਮਰਿਆਦਾ:** ਇੰਦੌਰ ਦੇ ਭਾਜਪਾ ਸੰਸਦ ਮੈਂਬਰ ਸ਼ੰਕਰ ਲਾਲਵਾਨੀ ਨੇ ਕਰਤਾਰਪੁਰ ਸਾਹਿਬ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਲਈ ਪਾਸਪੋਰਟ ਦੀ ਸ਼ਰਤ ਹਟਾਉਣ ਦੀ ਮੰਗ ਕੀਤੀ ਹੈ। ਇਸ ਮੰਗ ਨੇ ਮੈਨੂੰ ਸਿੰਧੀ ਸਿੱਖਾਂ ਦੀ ਨਾਨਕ ਲੇਵਾ ਧਾਰਨਾ ਚੇਤੇ ਕਰਵਾ ਦਿੱਤੀ ਹੈ। ਛੇ ਦਹਾਕੇ ਪਹਿਲਾਂ ਭਾਰਤੀ ਖੇਤੀਬਾੜੀ ਖੋਜ ਕੌਂਸਲ ਵਿਚ ਕੰਮ ਕਰਦਿਆਂ ਮੇਰੀ ਆਪਣੇ ਸਹਿਕਰਮੀ ਲਾਲ ਕਰਮਚੰਦਾਨੀ ਨਾਲ ਏਨੀ ਮਿੱਤਰਤਾ ਹੋ ਗਈ ਕਿ ਅਸੀਂ ਦੋਹਾਂ ਨੇ ਕਿਸੇ ਵੱਡੀ ਅਸਾਮੀ ਲਈ ਸਰਵਿਸ ਕਮਿਸ਼ਨ ਅੱਗੇ ਪੇਸ਼ ਹੋਣਾ ਹੁੰਦਾ ਤਾਂ ਮੈਂ ਲਾਲ ਦੇ ਘਰ ਹੀ ਡੇਰਾ ਲਾ ਲੈਂਦਾ। ਤੁਰਨ ਤੋਂ ਪਹਿਲਾਂ ਦਾਦਾ (ਲਾਲ ਦੇ ਪਿਤਾ) ਨੇ ਸਾਨੂੰ ਦੋਹਾਂ ਨੂੰ ਹਦਾਇਤ ਕਰਨੀ ਕਿ ਪੂਜਾ ਕੋਨੇ ਵਿਚ ਰੱਖੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਅੱਗੇ ਨਤਮਸਤਕ ਹੋਏ ਬਿਨਾ ਘਰੋਂ ਨਹੀਂ ਨਿਕਲਣਾ। ਦਾਦਾ ਇਸ ਗੱਲ ਦੀ ਚਿੰਤਾ ਨਹੀਂ ਸੀ ਕਰਦੇ ਕਿ ਚੋਣ ਕਰਨ ਵਾਲੇ ਮੈਨੂੰ ਚੁਣਦੇ ਸਨ ਜਾਂ ਦਾਦਾ ਦੇ ਆਪਣੇ ਬੇਟੇ ਨੂੰ। ਦਾਦਾ ਦਾ ਮੱਤ ਸੀ ਕਿ ਅੰਤਿਮ ਫੈਸਲਾ ਤਾਂ ਗੁਰੂ ਸਾਹਿਬ ਨੇ ਕਰਨਾ ਹੈ। ਨਾਨਕ ਲੇਵਾ ਸਿੰਧੀਆਂ ਦੀ ਇਹ ਮਰਿਆਦਾ ਮਾਤ ਪਾਉਣ ਵਾਲੀ ਹੈ।

**ਅੰਤਿਕਾ: ਸੁਰਜੀਤ ਪਾਤਰ**

ਇਹ ਲਾਂਘਾ ਮੇਰੀ ਅੱਖੀਆਂ ਦੀ ਲੋਅ
ਇਹ ਲਾਂਘਾ ਤੇਰੇ ਮਿਲਣ ਦੀ ਸੋਅ
ਇਹ ਲਾਂਘਾ ਨਿਹੁੰ ਦੀ ਖੁਸ਼ਬੋ
ਇਹ ਲਾਂਘਾ ਮੇਰੀ ਅਰਜੋ।
ਇਸ ਲਾਂਘੇ ਤੇ ਚੰਨ ਦੀਆਂ ਰਿਸ਼ਮਾਂ
ਕਰਦੀਆਂ ਰੋਜ਼ ਕਸੀਦਾ
ਨੀਲਾ ਅੰਬਰ ਮੋਤੀਆਂ ਜੜੇ
ਚੰਦੋਏ ਵਰਗਾ ਕੀਹਦਾ।
ਇਸ ਲਾਂਘੇ ਦੇ ਜਗਦੇ ਤਾਰੇ
ਪਿਆਰ ਦੇ ਹਰਫਾਂ ਵਰਗੇ
ਲੰਘਣ ਏਥੋਂ ਪੌਣ ਦੇ ਬੁਲੇ
ਤੂੰ ਹੀ ਤੂੰ ਹੀ ਕਰਦੇ।
ਇਸ ਲਾਂਘੇ ਨੂੰ ਸਿਜਦਾ ਕਰਦੀਆਂ
ਸੂਰਜ ਦੀਆਂ ਸੁਆਵਾਂ
ਇਸ ਲਾਂਘੇ ਨੂੰ ਛਾਂਵਾਂ ਕਰਦੀਆਂ
ਮਾਂਵਾਂ ਦੀਆਂ ਦੁਆਵਾਂ।

# ਫਿਲਮ ਬਣਾਉਣ ਦੇ ਨਵੇਂ ਰੁਝਾਨ ਅਤੇ ਰਣਨੀਤੀਆਂ

ਅਮਰੀਕਾ ਦੀ ਫਿਲਮ ਇੰਡਸਟਰੀ 23 ਅਪਰੈਲ 1896 ਨੂੰ ਸ਼ੁਰੂ ਹੋਈ ਸੀ। ਉਸ ਪਿਛੋਂ ਹੁਣ ਤੱਕ ਫਿਲਮ ਉਦਯੋਗ ਵਿਚ ਕਈ ਅਹਿਮ ਤਬਦੀਲੀਆਂ ਆਈਆਂ। ਫਿਲਮੀ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਫਿਲਮਾਂ ਜਦੋਂ ਸਾਈਲੈਂਟ ਤੋਂ ਆਵਾਜ਼ ਦੀ ਦੁਨੀਆਂ ਵਿਚ ਦਾਖਲ ਹੋਈਆਂ ਤਾਂ ਇਹ ਇਕ ਵੱਡੀ ਪ੍ਰਾਪਤੀ ਮੰਨੀ ਗਈ। ਸਿਨੇਮਾ ਸਨਅਤ ਨੇ ਬਲੈਕ ਐਂਡ ਵਾਈਟ ਦੇ ਜ਼ਮਾਨੇ ਤੋਂ ਕਲਰ ਫਿਲਮੀ ਦੁਨੀਆਂ ਵਿਚ ਦਾਖਲਾ ਲਿਆ ਤਾਂ ਇਸ ਨੂੰ ਅਜੂਬਾ ਕਰਾਰ ਦਿੱਤਾ ਗਿਆ। ਫਿਲਮਾਂ

## ਸੈਮੀਨਾਰ ਰਿਪੋਰਟ

### ਸੁਰਿੰਦਰ ਸਿੰਘ ਭਾਟੀਆ

ਨੇ 70 ਐਮ. ਐਮ. ਸਿਨੇਮਾਸਕੋਪ ਤੋਂ ਸਫਰ ਤੈਅ ਕਰਦਿਆਂ 3-ਡੀ ਤੱਕ ਤਰੱਕੀ ਹਾਸਿਲ ਕੀਤੀ; ਪਰ ਪਿਛਲੇ ਇਕ ਦਹਾਕੇ ਵਿਚ ਡਿਜੀਟਲ ਯੁਗ ਨੇ ਫਿਲਮੀ ਦੁਨੀਆਂ ਵਿਚ ਇਕ ਵੱਡੀ ਕ੍ਰਾਂਤੀ ਲਿਆਂਦੀ ਹੈ। ਨਵੀਂਆਂ ਨਵੀਂਆਂ ਤਕਨੀਕਾਂ ਇਜਾਦ ਹੋਈਆਂ, ਫਿਲਮ ਬਣਾਉਣ ਦੇ ਢੰਗ-ਤਰੀਕਿਆਂ, ਐਡਿਟਿੰਗ, ਪੋਸਟ ਪ੍ਰੋਡਕਸ਼ਨ, ਡਿਸਟ੍ਰੀਬਿਊਸ਼ਨ ਮਾਰਕੀਟ ਆਦਿ ਫਿਲਮ ਦੇ ਹਰ ਵਿਭਾਗ ਵਿਚ ਬੜਾ ਕੁਝ ਬਦਲਿਆ ਹੈ।

ਇਸੇ ਸਿਲਸਿਲੇ ਵਿਚ ਪਿਛਲੇ ਦਿਨੀਂ ਇਕ ਫਿਲਮ ਸੈਮੀਨਾਰ 'ਨਿਊ ਟਰੈਂਡਸ ਐਂਡ ਸਟਰੈਟਿਜਿਜ਼ ਇਨ ਫਿਲਮ ਮੇਕਿੰਗ' (New Trends and Strategies in Film Making) ਆਰਟ ਥਿਏਟਰ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮ ਸਨਅਤ, ਫਿਲਮੀ ਚੈਨਲਾਂ ਦੇ ਐਡੀਟਰ, ਫਿਲਮੀ ਰਿਪੋਟਰ ਤੇ ਸਿਨੇ ਪ੍ਰੇਮੀ ਸ਼ਾਮਿਲ ਹੋਏ। ਇਸ ਦੇ ਪੈਨਲ ਵਿਚ ਹਾਲੀਵੁੱਡ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਡੇਵਿਡ ਵੈਦਰਸਬੀ ਅਤੇ ਨਿਰਦੇਸ਼ਕਾ ਪੈਮਲਾ ਸ਼ਰੋਡ ਐਡਰਸਨ ਸਨ। ਸੈਮੀਨਾਰ ਵਿਚ ਫਿਲਮ ਸੰਸਾਰ ਦੇ ਤੇਜੀ ਨਾਲ ਬਦਲਦੇ ਢਾਂਚੇ ਦੀ ਚਰਚਾ ਪ੍ਰਮੁਖ ਸੀ। ਜਿਥੇ ਦਰਸ਼ਕਾਂ ਨੇ ਪੈਨਲ ਮੈਂਬਰਾਂ ਨਾਲ ਸਵਾਲ-ਜਵਾਬ ਕੀਤੇ, ਉਥੇ ਦਰਸ਼ਕਾਂ ਨੇ ਆਪਣੇ ਵਿਚਾਰ ਵੀ ਖੁਲ੍ਹ ਕੇ ਪੇਸ਼ ਕੀਤੇ। ਸਟੇਜ ਸਕੱਤਰ ਦੀ ਭੂਮਿਕਾ ਸੀਰੀਗੋ ਮੀਮਸ ਨੇ ਨਿਭਾਈ।

ਅਜੋਕੇ ਤਕਨੀਕੀ ਦੌਰ ਵਿਚ ਫਿਲਮ ਬਣਾਉਣ ਲਈ ਇਕ ਫਿਲਮਸਾਜ਼ ਨੂੰ ਕਿਨ੍ਹਾਂ ਕਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ? ਸਵਾਲ ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਇਕ ਫਿਲਮਸਾਜ਼ ਲਈ ਅੱਜ ਦੇ ਡਿਜੀਟਲ ਮਾਹੌਲ ਵਿਚ ਹਾਲਾਤ ਪੂਰੀ ਤਰ੍ਹਾਂ ਬਦਲ ਗਏ ਹਨ। ਪਹਿਲੇ ਸਮੇਂ ਵਿਚ ਕੈਮਰੇ ਨੂੰ ਚਲਾਉਣ ਲਈ ਕਈ ਸਹਾਇਕਾਂ ਦੀ ਲੋੜ ਹੁੰਦੀ ਸੀ। ਜੇ ਏਰੀਅਲ ਸ਼ਾਟ ਲੈਣਾ ਹੈ ਤਾਂ ਏਅਰ ਕਰਾਫਟ ਮਾਊਂਟਿਡ ਕੈਮਰੇ ਦੀ ਲੋੜ ਹੁੰਦੀ ਸੀ ਤੇ ਕੈਮਰੇ ਵੀ ਕਾਫੀ ਭਾਰੇ ਹੁੰਦੇ ਸਨ, ਪਰ ਅੱਜ ਸਿਨੇਮੈਟੋਗ੍ਰਾਫਰ ਕਾਫੀ ਹਲਕੇ ਕੈਮਰਿਆਂ ਦੀ ਵਰਤੋਂ ਕਰ ਰਹੇ ਹਨ ਤੇ ਏਰੀਅਲ ਸ਼ਾਟ ਡਰੋਨ ਨਾਲ ਲਏ ਜਾਂਦੇ ਹਨ।

ਪਹਿਲੇ ਜ਼ਮਾਨੇ ਵਿਚ ਫਿਲਮ ਦੀਆਂ ਸ਼ੂਟ ਰੀਲਾਂ ਨੂੰ ਐਡਿਟਿੰਗ ਟੇਬਲ ਤੇ ਐਡੀਟਰ ਨੂੰ ਆਪ ਖੁਦ ਕੱਟਣਾ ਤੇ ਜੋੜਨਾ ਪੈਂਦਾ ਸੀ। ਹੁਣ ਐਡਿਟਿਗ ਲਈ ਨਵੇਂ ਸਾਫਟਵੇਅਰ ਮਾਰਕੀਟ ਵਿਚ ਮੌਜੂਦ ਹਨ। ਫਿਲਮ ਦੀ ਐਡਿਟਿੰਗ ਸ਼ੂਟਿੰਗ ਦੌਰਾਨ ਹੀ ਕੰਪਿਊਟਰ 'ਤੇ ਹੋ ਜਾਂਦੀ ਹੈ। ਕੰਪਿਊਟਰ ਗ੍ਰਾਫਿਕਸ ਜਿਹੇ ਤਕਨੀਕੀ ਖੇਤਰ ਵਿਚ ਅਜ ਸਪੈਸ਼ਲ ਵਿਜ਼ੂਅਲ ਇਫੈਕਟ ਦ੍ਰਿਸ਼ ਫਿਲਮਾਉਣ ਲਈ ਗਰੀਨ ਬੈਕਗਰਾਊਂਡ ਦੀ ਵਰਤੋਂ ਹੋਣ ਲੱਗ ਪਈ ਹੈ। ਵੱਡੇ ਵੱਡੇ ਫਿਲਮ ਸਟੂਡੀਓ ਵੀ ਡਿਜੀਟਲ ਤਕਨੀਕ, ਕੰਪਿਊਟਰ ਗ੍ਰਾਫਿਕਸ ਸਿਸਟਮ ਅਤੇ ਸਪੈਸ਼ਲ ਇਫੈਕਟ ਵਿਚ ਤਬਦੀਲ ਹੋ ਰਹੇ ਹਨ। ਸਪੈਸ਼ਲ ਇਫੈਕਟਸ ਫਿਲਮ ਦੇ ਤਕਨੀਕੀ ਪੱਖ ਤੋਂ ਬਹੁਤ ਅਹਿਮ ਹੋ ਗਏ ਹਨ ਤੇ ਦਰਸ਼ਕ ਬਹੁਤ ਪਸੰਦ ਕਰ ਰਹੇ ਹਨ। ਇਸ ਕਰਕੇ



(ਖੱਬਿਓਂ ਸੱਜੇ) ਹਾਲੀਵੁੱਡ ਫਿਲਮਸਾਜ਼ ਤੇ ਨਿਰਦੇਸ਼ਕ ਡੇਵਿਡ ਵੈਦਰਸਬੀ, ਨਿਰਦੇਸ਼ਕਾ ਪੈਮਲਾ ਸ਼ਰੋਡ ਐਡਰਸਨ, ਸੁਰਿੰਦਰ ਸਿੰਘ ਭਾਟੀਆ ਅਤੇ ਫਿਲਮ 'ਲੌਸਟ ਗਰਲ' ਦੇ ਡਾਇਰੈਕਟਰ ਐਡਵਰਡ ਜੇ. ਵਿਲਸਨ

ਅੱਜ ਫਿਲਮਾਂ ਵਿਚ ਆਧੁਨਿਕੀਕਰਨ ਦੀ ਦੌੜ ਵਧ ਰਹੀ ਹੈ। ਨਿਰਮਾਤਾ, ਨਿਰਦੇਸ਼ਕ ਤੇ ਕਲਾਕਾਰਾਂ ਨੂੰ ਨਵੇਂ ਤਕਨੀਕੀ ਕੰਮਾਂ ਦਾ ਗਿਆਨ ਹੋਣਾ ਬਹੁਤ ਜਰੂਰੀ ਹੋ ਗਿਆ ਹੈ। ਅੱਜ ਨਿਰਦੇਸ਼ਕ ਵੀ ਇਸ ਵਿਚ ਮੁਹਾਰਤ ਹਾਸਲ ਕਰ ਰਹੇ ਹਨ।

ਡੇਵਿਡ ਨੇ ਕਿੰਤੂ ਵੀ ਕੀਤਾ ਕਿ ਭਾਵੇਂ ਇਹ ਠੀਕ ਹੈ, ਡਿਜੀਟਲ ਦੌਰ ਨਾਲ ਨਵਾਂਪਣ ਆਇਆ ਹੈ, ਉਸ ਨਾਲ ਕੰਮ ਬਹੁਤ ਆਸਾਨ ਹੋ ਗਿਆ ਹੈ, ਪਰ ਇਸ ਨਾਲ ਇਕ ਘਾਟ ਇਹ ਵੀ ਹੈ ਕਿ ਹਰ ਰੋਜ ਨਵੀਂ ਤਕਨੀਕ ਮਾਰਕੀਟ ਵਿਚ ਆ ਰਹੀ ਹੈ। ਡਿਜੀਟਲ ਨੇ ਜਿਥੇ ਕਈ ਸਹੂਲਤਾਂ ਮੁਹੱਈਆ ਕੀਤੀਆਂ ਹਨ, ਉਥੇ ਨੁਕਸਾਨ ਵੀ ਕੀਤਾ ਹੈ। ਫਿਲਮ ਪ੍ਰੋਡਕਸ਼ਨ ਦੇ ਸਾਜੋਸਮਾਨ ਵਿਚ ਜਲਦੀ ਹੀ ਤਬਦੀਲੀ ਹੋ ਜਾਂਦੀ ਹੈ, ਦੂਜਾ ਇਹ ਸਾਰੇ ਬਹੁਤ ਮਹਿੰਗੇ ਹਨ। ਨਵੇਂ ਫਿਲਮਸਾਜ਼ ਦਾ ਬਜਟ ਤਾਂ ਪਹਿਲਾਂ ਹੀ ਘੱਟ ਹੁੰਦਾ ਹੈ, ਇਸ ਲਈ ਵਾਰ ਵਾਰ ਇਨ੍ਹਾਂ ਨੂੰ ਖਰੀਦਣਾ ਬਹੁਤ ਮੁਸ਼ਕਿਲ ਹੁੰਦਾ ਹੈ। ਜਿਥੇ ਨਵੀਂ ਤਕਨੀਕ ਨਾਲ ਫਿਲਮਸਾਜ਼ ਨੂੰ ਫਾਇਦਾ ਹੋਇਆ ਹੈ, ਉਥੇ ਤਬਦੀਲੀ ਹੋਣ ਕਾਰਨ ਪਹਿਲੇ ਖਰੀਦੇ ਕੈਮਰੇ ਦੀ ਵਰਤੋਂ ਘਟ ਜਾਂਦੀ ਹੈ। ਭਾਵੇਂ ਮੋਬਾਈਲ ਫੋਨ ਮੇਕਿੰਗ ਨੇ ਲਾਗਤ ਵਿਚ ਕਮੀ ਕੀਤੀ ਹੈ, ਫਿਰ ਵੀ ਇਫੈਕਟਸ ਦੇ ਖਰਚੇ ਵਧੇ ਹਨ।

ਡਿਜੀਟਲ ਸਮੇਂ ਵਿਚ ਫਿਲਮ ਡਿਸਟ੍ਰੀਬਿਊਸ਼ਨ ਖੇਤਰ ਵਿਚ ਕੀ ਤਬਦੀਲੀ ਆਈ ਹੈ ਤੇ ਇਕ ਫਿਲਮਸਾਜ਼ ਕੀ ਮਹਿਸੂਸ ਕਰ ਰਿਹਾ ਹੈ? ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਫਿਲਮ ਮੁਕੰਮਲ ਹੋਣ ਪਿਛੋਂ ਜੇ ਨਿਰਮਾਤਾ ਆਪ ਮੂਵੀ ਰਿਲੀਜ਼ ਨਹੀਂ ਕਰਦਾ ਤਾਂ ਡਿਸਟ੍ਰੀਬਿਊਟਰ ਦੀ ਲੋੜ ਪੈਂਦੀ ਹੈ। ਫਿਲਮ ਡਿਸਟ੍ਰੀਬਿਊਸ਼ਨ ਵਿਚ ਡਿਸਟ੍ਰੀਬਿਊਟਰ ਕੋਲ ਵੱਧ ਕੰਟਰੋਲ ਹੁੰਦਾ ਹੈ। ਫਿਲਮ ਨੂੰ ਸਿਨੇਮਾ ਘਰਾਂ ਵਿਚ ਲਾਉਣ ਲਈ ਉਹ ਕਈ ਕਮਰਸ਼ੀਅਲ ਪੱਖ ਵੇਖਦਾ ਹੈ ਤਾਂ ਜੋ ਲਾਭ ਹੋ ਸਕੇ। ਡਿਸਟ੍ਰੀਬਿਊਟਰ ਕਮਿਊਨਿਟੀ ਥਿਏਟਰ ਵਿਚ ਜਾਂ ਮਿਊਜ਼ੀਅਮ ਵਿਚ ਫਿਲਮ ਨਹੀਂ ਲਾਉਂਦਾ, ਉਹ ਆਪਣੇ ਪਸੰਦ ਦੇ ਥਿਏਟਰ ਵਿਚ ਮੂਵੀ ਰਿਲੀਜ਼ ਕਰਦਾ ਹੈ; ਇੰਜ ਤੁਹਾਡੀ ਫਿਲਮ ਅਸਲ ਦਰਸ਼ਕਾਂ ਤੱਕ ਨਹੀਂ ਪਹੁੰਚਦੀ।

ਪਹਿਲਾਂ ਕਈ ਨਿਰਮਾਤਾ ਹੀ ਫਿਲਮ ਰਿਲੀਜ਼ ਕਰ ਦਿੰਦੇ ਸਨ, ਪਰ ਤਜਰਬੇ ਦੀ ਘਾਟ ਕਾਰਨ ਘਾਟਾ ਪੈ ਜਾਂਦਾ ਸੀ। ਬਦਲੇ ਮਾਹੌਲ ਵਿਚ ਅੱਜ ਸੁਤੰਤਰ ਫਿਲਮਸਾਜ਼ ਵੀ ਖੁਦ ਫਿਲਮ ਰਿਲੀਜ਼ ਕਰ ਰਹੇ ਹਨ। ਸੈਲਫ ਡਿਸਟ੍ਰੀਬਿਊਸ਼ਨ ਜਾਂ ਸਟਰੀਮਿੰਗ ਰਾਹੀਂ ਫਿਲਮ ਜਲਦ ਦਰਸਕਾਂ ਤੱਕ ਪਹੁੰਚ ਜਾਂਦੀ ਹੈ। ਸਟਰੀਮਿੰਗ ਦੀ ਡਿਮਾਂਡ ਵੱਧ ਰਹੀ ਹੈ। ਸਟਰੀਮਿੰਗ ਲਈ ਲਿੰਕ ਦਾ ਕੋਡ ਹੀ ਭੇਜ ਦਿੱਤਾ ਜਾਂਦਾ ਹੈ। ਫਿਲਮਾਂ ਲਈ ਸ਼ੋਸ਼ਲ ਮੀਡੀਏ ਦਾ ਮਹੱਤਵ ਬਹੁਤ ਵੱਧ ਗਿਆ ਹੈ। ਨੈਟਵਰਕ ਨਾਲ ਵਪਾਰਕ ਲਾਭ ਵੀ ਹੁੰਦਾ ਹੈ। ਲੋਕ ਪ੍ਰੋਮੋ ਵੇਖ ਕੇ ਸਿਨੇਮਾ ਹਾਲ ਵਿਚ ਮੂਵੀ ਦੇਖਣ ਜਾਂਦੇ ਹਨ। ਪ੍ਰੋਮੋਸ਼ਨ ਦੇ ਢੰਗ ਤਰੀਕੇ ਵੀ ਬਦਲ ਗਏ ਹਨ। ਡਿਜੀਟਲ ਮੀਡੀਏ ਨੇ ਘਰ ਘਰ ਤੱਕ ਪਹੁੰਚ ਬਣਾ ਲਈ ਹੈ। ਇਸ ਵੇਲੇ ਨੈਟਫਲੈਕਸ ਦੇ ਕਰੀਬ 94 ਮਿਲੀਅਨ ਮੈਂਬਰ ਹਨ। ਨੈਟਫਲੈਕਸ, ਐਪਲ, ਅਮਾਜ਼ੋਨ, ਬੀ. ਬੀ. ਸੀ., ਹੁਲੋ, ਚਿਲ ਆਦਿ ਕਈ ਕੰਪਨੀਆਂ ਆਪ ਫਿਲਮਾਂ ਬਣਾ ਰਹੀਆਂ ਹਨ ਜਾਂ ਫਾਈਨਾਂਸ ਕਰ ਰਹੀਆਂ ਹਨ। ਕਈ ਫਿਲਮਾਂ ਨੇ ਵੱਡੇ ਇਨਾਮ ਵੀ ਪ੍ਰਾਪਤ ਕੀਤੇ ਹਨ।

ਸਟਰੀਮਿੰਗ ਨਾਲ ਕੌਮਾਂਤਰੀ ਆਮਦਨ ਵਿਚ ਚੋਖਾ ਵਾਧਾ ਹੋਇਆ ਹੈ। ਕੁਝ ਸਾਲ ਪਹਿਲਾਂ ਅਮਰੀਕਾ ਵਿਚ ਘਰੇਲੂ ਸਿਨੇਮਾ ਆਮਦਨ ਕੌਮਾਂਤਰੀ ਆਮਦਨ ਤੋਂ ਵੱਧ ਹੁੰਦੀ ਸੀ, ਪਰ ਹੁਣ ਡਿਜੀਟਲ ਲਿੰਕ ਰਾਹੀਂ ਫਿਲਮਸਾਜ਼ ਨੂੰ ਘਰੇਲੂ ਆਮਦਨ ਦੇ ਮੁਕਾਬਲੇ ਕੌਮਾਂਤਰੀ ਆਮਦਨ ਵਿਚ ਵੱਧ ਲਾਭ ਹੁੰਦਾ ਹੈ।

ਫਿਲਮ ਫੈਸੀਟਵਲ ਵਿਚ ਫਿਲਮ ਰਿਲੀਜ਼ ਕਰਨ ਬਾਰੇ ਉਨ੍ਹਾਂ ਕਿਹਾ ਕਿ ਇਸ ਨਾਲ ਫਿਲਮਾਂ ਨੂੰ ਚੰਗਾ ਹੁੰਗਾਰਾ ਮਿਲਦਾ ਹੈ। ਫੈਸਟੀਵਲ ਤਜਰਬੇਕਾਰ ਪ੍ਰਬੰਧਕ ਖੁਦ ਚਾਹੁੰਦੇ ਹਨ ਕਿ ਤਹਾਡੀ ਫਿਲਮ ਵੱਖਰੇ ਵਿਸ਼ੇ 'ਤੇ ਪ੍ਰਯੋਗਾਤਮਕ ਫਿਲਮ ਹੋਵੇ। ਫਿਲਮ ਫੈਸਟੀਵਲਾਂ ਦੀ ਗਿਣਤੀ ਬਹੁਤ ਹੈ। ਸੋ ਇਸ ਕਰਕੇ ਇਹ ਦੇਖਣਾ ਪੈਂਦਾ ਹੈ ਕਿ ਕਿਸ ਫੈਸਟੀਵਲ ਵਿਚ ਤੁਹਾਡੀ ਫਿਲਮ ਦੇ ਦਰਸ਼ਕ ਹਨ। ਨਵੇਂ ਨਿਰਮਾਤਾ ਨੂੰ ਫੈਸਟੀਵਲ ਵਿਚ ਫਿਲਮ ਭੇਜਣ ਦੀ ਮੁਸ਼ਕਿਲ ਹੈ, ਪਰ ਜਦੋਂ ਫਿਲਮਸਾਜ਼ ਵਜੋਂ ਨਾਮਣਾ ਖੱਟ ਲੈਂਦੇ ਹੋ ਤਾਂ ਫਿਲਮ ਫੈਸਟੀਵਲਾਂ ਦੇ ਪ੍ਰਬੰਧਕ ਖੁਦ ਹੀ ਤੁਹਾਥੋਂ ਫਿਲਮ ਦੀ ਮੰਗ ਕਰਦੇ ਹਨ ਤੇ ਫੀਸ ਵੀ ਕੋਈ ਨਹੀਂ ਲੈਂਦੇ, ਤਾਂ ਜੋ ਵੱਖ ਵੱਖ ਉਮਰ ਦੇ ਦਰਸ਼ਕਾਂ ਤੱਕ ਫਿਲਮ ਦਾ ਸੰਦੇਸ਼ ਪਹੁੰਚ ਸਕੇ। ਪਾਮੇਲਾ ਨੇ ਕਿਹਾ ਕਿ ਮੈਂ ਖੁਸ਼ਕਿਸਮਤ ਹਾਂ, ਮੈਨੂੰ ਫੈਸਟੀਵਲ ਵਿਚ ਫਿਲਮ ਭੇਜਣ ਦੀ ਫਰਮਾਇਸ਼ ਖੁਦ ਪ੍ਰਬੰਧਕ ਭੇਜਦੇ ਹਨ।

ਅਜੋਕੇ ਸਮੇਂ ਵਿਚ ਦਰਸ਼ਕਾਂ ਦੀ ਫਿਲਮ ਦੇਖਣ ਦੀ ਰੁਚੀ ਵਿਚ ਆਈ ਤਬਦੀਲੀ ਦੇ ਸਵਾਲ 'ਤੇ ਉਨ੍ਹਾਂ ਦੱਸਿਆ ਕਿ ਦਰਸ਼ਕਾਂ ਦੇ ਫਿਲਮ ਦੇਖਣ ਦੇ ਰੁਝਾਨ ਵਿਚ ਕਾਫੀ ਤਬਦੀਲੀ ਆਈ ਹੈ। ਦਰਸ਼ਕਾਂ ਲਈ ਵੀ ਜਰੂਰੀ ਨਹੀਂ ਕਿ ਥਿਏਟਰ ਵਿਚ ਜਾ ਕੇ ਹੀ ਮੂਵੀ ਦੇਖਣੀ ਹੈ। ਆਨ ਡਿਮਾਂਡ ਸਟਰੀਮਿੰਗ ਰਾਹੀਂ ਟੀ. ਵੀ. 'ਤੇ ਉਹ ਕਿਤੇ ਵੀ ਤੇ ਕਿਸੇ ਵੀ ਸਮੇਂ ਮੂਵੀ ਦੇਖ ਸਕਦੇ ਹਨ।

ਦਰਸ਼ਕਾਂ ਦੀ ਫਿਲਮ ਦੇਖਣ ਦੀ ਰੁਚੀ ਵਿਚ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲੀ ਹੈ। ਸਰਵੇ ਮੁਤਾਬਕ ਪੂਰੀ ਦੁਨੀਆਂ ਵਿਚ ਟੀਨਏਜ ਵਰਗ ਦੀ ਸਿਨੇਮਾ ਹਾਲ ਵਿਚ ਜਾ ਕੇ ਫਿਲਮ ਦੇਖਣ ਦੀ ਇੱਛਾ ਘਟਦੀ ਜਾ ਰਹੀ ਹੈ। ਅਮਰੀਕਾ ਵਿਚ 12 ਤੋਂ 24 ਸਾਲ ਉਮਰ ਵਰਗ 'ਚ ਸਿਨੇਮਾ ਦੇਖਣ ਦੀ ਰੁਚੀ ਘਟੀ ਹੈ, ਜੋ 2009 ਵਿਚ 34% ਸੀ ਅਤੇ 2016 ਵਿਚ ਘਟ ਕੇ 29% ਰਹਿ ਗਈ, ਤੇ ਹੁਣ 2019 ਵਿਚ ਇਸ ਵਿਚ ਹੋਰ ਕਮੀ ਆਈ ਹੈ; ਪਰ ਵੱਡੀ ਭਾਵ 55+ ਉਮਰ ਦੇ ਲੋਕਾਂ ਵਿਚ ਥਿਏਟਰ ਵਿਚ ਜਾ ਕੇ ਮੂਵੀ ਦੇਖਣ ਦਾ ਰੁਝਾਨ ਵਧਿਆ ਹੈ।

ਦਰਸ਼ਕਾਂ ਵਿਚ ਫੈਥ ਬੈਸ ਮੂਵੀ ਦੀ ਮੰਗ ਵਧੀ ਹੈ। ਇਨ੍ਹਾਂ ਫਿਲਮਾਂ ਨੇ ਚੋਖੀ ਕਮਾਈ ਕੀਤੀ ਹੈ, ਜਿਵੇਂ 'ਪੈਸ਼ਨ ਆਫ ਕ੍ਰਿਸਟ' 35 ਮਿਲੀਅਨ ਡਾਲਰ ਦੇ ਬਜਟ ਨਾਲ ਤਿਆਰ ਹੋਈ, ਪਰ ਇਸ ਨੇ 612 ਮਿਲੀਅਨ ਡਾਲਰ ਦੀ ਕਮਾਈ ਕੀਤੀ। 'ਗਾਡ ਇਜ਼ ਨਾਟ ਡੈਡ', 'ਵਾਰ ਰੂਮ', 'ਹੈਵਨ ਇਜ਼ ਫਾਰ ਰੀਅਲ', 'ਗੋਸਪਲ', 'ਮਰਾਈਕਲ ਫਰਾਮ ਹੈਵਨ' ਆਦਿ ਨੇ ਰਿਕਾਰਡ ਤੋੜ ਕਮਾਈ ਕੀਤੀ। ਇਨ੍ਹਾਂ ਫਿਲਮਾਂ ਨੇ ਆਨ ਡਿਮਾਂਡ ਸਟਰੀਮਿੰਗ ਤੇ ਹੋਮ ਵੀਡੀਓ 'ਤੇ ਵੀ ਰੱਜਵੀਂ ਕਮਾਈ ਕੀਤੀ।

ਜ਼ਿੰਦਗੀ ਦੀਆਂ ਸੱਚੀਆਂ ਘਟਨਾਵਾਂ 'ਤੇ ਬਣੀਆਂ ਫਿਲਮਾਂ ਵੱਧ ਸਫਲ ਹੋ ਰਹੀਆਂ ਹਨ। 1996 ਵਿਚ 7% ਫਿਲਮਾਂ ਦਾ ਨਿਰਮਾਣ ਹੋਇਆ ਸੀ, ਪਰ ਇਸ ਸਮੇਂ 30% ਫਿਲਮਾਂ ਬਣੀਆਂ ਹਨ, ਜੋ ਬਾਕਸ ਆਫਿਸ 'ਤੇ ਤਗੜਾ ਬਿਜਨਸ ਕਰ ਰਹੀਆਂ ਹਨ। 'ਡੀਪ ਵਾਟਰ ਹੋਰੀਜਨ', 'ਪਰਫੈਕਟ ਸਟਰੋਮ', 'ਐਵੈਟਰ', 'ਅਲੀ', 'ਅਮੈਰਿਕਨ ਗੈਂਗਸਟਰ' ਜਿਹੀਆਂ ਦਸਤਾਵੇਜ਼ੀ ਫਿਲਮਾਂ ਵੀ ਪਹਿਲਾਂ ਤੋਂ ਵੱਧ ਬਣ ਰਹੀਆਂ ਹਨ ਤੇ ਲੋਕ ਇਨ੍ਹਾਂ ਨੂੰ ਵੀ ਫੀਚਰ ਫਿਲਮਾਂ ਵਾਂਗ ਪਸੰਦ ਕਰ ਰਹੇ ਹਨ।

ਡਰਾਉਣੀਆਂ ਫਿਲਮਾਂ (ਹਾਰਰ ਮੂਵੀ) ਇਸ ਵੇਲੇ ਟਾਪ ਬਿਜਨਸ ਕਰ ਰਹੀਆਂ ਹਨ। 2016 ਵਿਚ ਅਜਿਹੀਆਂ 1028 ਫਿਲਮਾਂ ਬਣੀਆਂ ਸਨ, ਜੋ 2006 ਵਿਚ ਬਣੀਆਂ ਫਿਲਮਾਂ ਤੋਂ ਦੁੱਗਣੀਆਂ ਤੇ 1996 ਨਾਲੋਂ 4 ਗੁਣਾਂ ਵੱਧ ਸਨ। 2019 ਵਿਚ ਇਸ ਵਿਚ ਹੋਰ ਵੀ ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ ਘੱਟ ਡਰਾਉਣੀ ਇਮੇਜ਼ ਵਾਲੀਆਂ ਫਿਲਮਾਂ ਵੱਧ ਸਫਲ ਹੋਈਆਂ ਹਨ।




ਫਿਲਮ 'ਵਿਸ਼ ਆਈ ਵਾਜ਼ ਹੀਅਰ' ਦਾ ਪੋਸਟਰ

ਫਿਲਮ ਲਈ ਫਾਈਨਾਂਸ ਦੇ ਪ੍ਰਬੰਧ ਬਾਰੇ ਪੈਨਲ ਨੇ ਕਿਹਾ ਕਿ ਹੁਣ ਕਰਾਊਡ ਫੰਡਿੰਗ ਆਨ ਲਾਈਨ ਨਾਲ ਫਿਲਮਾਂ ਨੂੰ ਇੰਡੀ ਤੇ ਕਿਕ ਵਾਲਿਆਂ ਵਲੋਂ ਕਾਫੀ ਮਦਦ ਮਿਲ ਰਹੀ ਹੈ। ਮਿਸਾਲ ਵਜੋਂ ਮੂਵੀ 'ਵੀਰੋਨਿਕਾ ਮਾਰਸ' ਨੂੰ ਆਨ ਲਾਈਨ ਕਰੀਬ 5.7 ਮਿਲੀਅਨ ਡਾਲਰ ਲੋਕਾਂ ਨੇ ਇਕੱਠਾ ਕਰ ਕੇ ਦਿੱਤਾ। 'ਸੁਪਰ ਟਰੂਪਰ 2', 'ਵਿਸ਼ ਆਈ ਵਾਜ਼ ਹੇਅਰ' ਅਤੇ 'ਲੇਜ਼ਰ ਟੀਮ' ਨੂੰ ਵੀ ਚੋਖੀ ਰਕਮ ਆਨ ਲਾਈਨ ਰਾਹੀਂ ਸਿਨੇ ਪ੍ਰੇਮੀਆਂ ਵਲੋਂ ਨਿਰਮਾਤਾ ਨੂੰ ਫਿਲਮ ਬਣਾਉਣ ਲਈ ਦਿੱਤਾ ਗਿਆ। ਖਾਸ ਗੱਲ ਹੈ ਕਿ ਇਹ ਪੈਸੇ ਕਿਸੇ ਨੂੰ ਮੋੜਨੇ ਵੀ ਨਹੀਂ ਹਨ, ਇਸ 'ਤੇ ਕੋਈ ਵਿਆਜ ਵੀ ਨਹੀਂ ਹੈ ਅਤੇ ਫਿਲਮ 'ਤੇ ਕਿਸੇ ਦਾ ਕੰਟਰੋਲ ਵੀ ਨਹੀਂ, ਪਰ ਦਰਸ਼ਕਾਂ ਨੂੰ ਤੁਹਾਡੇ ਵਲੋਂ ਵਧੀਆ ਤੇ ਉਚੇ ਮਿਆਰ ਦੀ ਮੂਵੀ ਦੀ ਤਵੱਕੋ ਜਰੂਰ ਰਹਿੰਦੀ ਹੈ। ਫਾਈਨਾਂਸ ਲਈ ਇਕ ਹੋਰ ਤਰੀਕਾ ਫਿਲਮ ਗਰਾਂਟ ਲਈ ਅਪਲਾਈ ਕਰਨਾ ਚਾਹੀਦਾ ਹੈ। ਕਮਿਊਨਿਟੀ ਸਪੋਰਟ ਨਾਲ ਫੰਡ ਇਕੱਠਾ ਹੋ ਸਕੇ ਤਾਂ ਹੋਰ ਵੀ ਵਧੀਆ ਹੈ।

ਫਿਲਮ ਸਕੂਲ ਦੇ ਮਹੱਤਵ ਬਾਰੇ ਉਨ੍ਹਾਂ ਕਿਹਾ ਕਿ ਅੱਜ ਦੇ ਟਾਪ ਦੇ ਫਿਲਮਸਾਜ਼ ਕਦੀ ਵੀ ਫਿਲਮ ਸਕੂਲ ਨਹੀਂ ਗਏ, ਡਿਜੀਟਲ ਯੁਗ ਨੇ ਆਪਣੇ ਆਪ ਸਿੱਖਣ ਕਲਾ ਵਿਚ ਵਾਧਾ ਕੀਤਾ ਹੈ।

ਕੀ ਨਵੇਂ ਫਿਲਮਸਾਜ਼ ਨੂੰ ਫਿਲਮ ਸਕੂਲ ਦੀ ਪੜ੍ਹਾਈ ਫਾਇਦਾ ਦਿੰਦੀ ਹੈ ਜਾਂ ਤੁਸੀਂ ਕਿਸੇ ਸਕੂਲ ਤੋਂ ਪੜ੍ਹਾਈ ਕੀਤੀ ਹੈ? ਜਵਾਬ ਵਿਚ ਪੈਮਲਾ ਨੇ ਦਸਿਆ ਕਿ ਮੈਂ ਫਿਲਮ ਸਕੂਲ ਵਿਚ ਕੋਈ ਪੜ੍ਹਾਈ ਹਾਸਿਲ ਨਹੀਂ ਕੀਤੀ। ਮੈਂ ਸਾਊਥ ਸ਼ਿਕਾਗੋ ਵਿਚ ਰਹਿੰਦੀ ਹਾਂ ਤੇ ਉਥੇ ਹੀ ਇਕ ਸਕੂਲ ਵਿਚ ਪੜ੍ਹਾਉਂਦੀ ਸੀ, ਦੂਜਾ ਮੇਰਾ ਫੀਲਡ ਜਰਨਲਿਜ਼ਮ ਦਾ ਸੀ, ਸੋ ਉਸ ਦਾ ਮੈਨੂੰ ਫਾਇਦਾ ਮਿਲਿਆ। ਨਵੇਂ ਫਿਲਮਸਾਜ਼ ਲਈ ਫਿਲਮ ਸਕੂਲ ਫਾਇਦੇਮੰਦ ਹੈ। ਉਹ ਸਕੂਲ ਵਿਚੋਂ ਮੁਢਲੀਆਂ ਬਾਰੀਕੀਆਂ ਸਿੱਖ ਲੈਂਦੇ ਹਨ, ਜਿਸ ਜ਼ਰੀਏ ਵਧੀਆ ਫਿਲਮ ਬਣਾਉਣ ਦੇ ਸਮਰਥ ਹੋ ਜਾਂਦੇ ਹਨ।

ਨਿਰਮਾਤਾ ਨਿਰਦੇਸ਼ਕ ਦੇ ਇਸ ਮੁਕਾਮ 'ਤੇ ਪਹੁੰਚ ਕੇ ਕਿਸ ਨਵੀਂ ਚੀਜ ਦਾ ਪਤਾ ਲੱਗਾ, ਜੋ ਪਹਿਲਾ ਨਹੀਂ ਪਤਾ ਸੀ? ਦੇ ਜਵਾਬ ਵਿਚ ਉਨ੍ਹਾਂ ਦੱਸਿਆ ਕਿ ਅੱਜ ਇਹ ਫਰਕ ਹੈ, ਮਾਰਕੀਟਿੰਗ ਦੀ ਸਮਝ ਪਹਿਲਾਂ ਤੋਂ ਵੱਧ ਹੈ। ਪਹਿਲਾਂ ਇੰਨਾ ਪਤਾ ਨਹੀਂ ਸੀ ਕਿ ਫਿਲਮ ਕਿਸ ਤਰ੍ਹਾਂ ਪੇਸ਼ ਕਰਨੀ ਹੈ? ਪਹਿਲੀ ਫਿਲਮ ਰਿਲੀਜ਼ ਵੇਲੇ ਮਾਰਕੀਟਿੰਗ ਦਾ ਇੰਨਾ ਗਿਆਨ ਨਹੀਂ ਸੀ, ਪਰ ਹੁਣ ਸ਼ੋਸ਼ਲ ਮੀਡੀਏ ਦੀ ਵਰਤੋਂ ਵੱਧ ਕਰਨ ਲੱਗ ਪਏ ਹਾਂ।

ਇਸ ਮੌਕੇ ਫਿਲਮ 'ਲੌਸਟ ਗਰਲ' ਵੀ ਦਿਖਾਈ ਗਈ। ਫਿਲਮ ਦੇ ਡਾਇਰੈਕਟਰ ਐਡਵਰਡ ਜੇ. ਵਿਲਸਨ ਹਨ। ਫਿਲਮ ਵਿਚ ਐਕਟਰ ਸਿਮਸਨ ਹੈਂਡਰਸਨ ਨੇ 'ਜੈ' ਦੀ ਤੇ ਅਦਾਕਾਰਾ ਕ੍ਰਿਸਟੀਨਾ ਏਲੀਸ ਨੇ 'ਨੋਲਾ' ਦੀ ਭੂਮਿਕਾ ਨਿਭਾਈ ਹੈ। ਫਿਲਮ ਦੀ ਕਹਾਣੀ ਇਸ ਤਰ੍ਹਾਂ ਹੈ ਕਿ ਨੌਜਵਾਨ ਲੜਕੀ ਨੋਲਾ ਨੌਕਰੀ ਕਰ ਕੇ ਆਪਣੇ ਛੋਟੇ ਭਰਾ ਦੀ ਦੇਖ-ਰੇਖ ਕਰਦੀ ਹੈ, ਘਰ ਦਾ ਖਰਚਾ ਚਲਾਉਂਦੀ ਹੈ। ਉਸ ਦੀ ਮਾਂ ਕੋਈ ਕੰਮ ਨਹੀਂ ਕਰਦੀ, ਹਰ ਰੋਜ ਪਾਰਟੀਆਂ ਵਿਚ ਚਲੀ ਜਾਂਦੀ ਹੈ। ਜਦ ਉਹ ਮਾਂ ਨੂੰ ਅਜਿਹਾ ਕਰਨ ਤੋਂ ਰੋਕਦੀ ਹੈ ਤਾਂ ਝਗੜਾ ਹੁੰਦਾ ਹੈ। ਜ਼ਿੰਦਗੀ ਦੀ ਇਸੇ ਕਸ਼ਮਕਸ਼ ਦੌਰਾਨ ਨੋਲਾ ਇਕ ਨੌਜਵਾਨ ਜੈ ਦੇ ਸੰਪਰਕ ਵਿਚ ਆਉਂਦੀ ਹੈ। ਉਸ ਨੂੰ ਚੰਗਾ ਇਨਸਾਨ ਸਮਝ ਕੇ ਉਸ 'ਤੇ ਯਕੀਨ ਕਰ ਲੈਂਦੀ ਹੈ, ਪਰ ਪਿਛੋਂ ਪਤਾ ਚਲਦਾ ਹੈ ਕਿ ਜੈ ਇਕ ਡਰੱਗ ਡੀਲਰ ਹੈ ਤੇ ਕਈ ਗਰੋਹਾਂ ਨਾਲ ਉਸ ਦੀ ਦੁਸ਼ਮਣੀ ਹੈ। ਨੋਲਾ ਨੂੰ ਵੀ ਇਸ ਗੈਂਗ ਵਾਰ ਦੀ ਮਾਰ ਝੱਲਣੀ ਪੈਂਦੀ ਹੈ। ਉਹ ਇਸ ਮੁਸੀਬਤ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਹੈ। ਅੰਤ ਵਿਚ ਸਫਲ ਹੋ ਜਾਂਦੀ ਹੈ ਤੇ ਜੈ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ।

ਫਿਲਮ ਦੇ ਡਾਇਰੈਕਟਰ ਐਡਵਰਡ ਜੇ. ਵਿਲਸਨ ਨੇ ਕਿਹਾ ਕਿ ਉਹ ਸਾਊਥ ਸਾਈਡ ਸ਼ਿਕਾਗੋ ਵਿਚ ਰਹਿੰਦੇ ਹਨ ਤੇ ਇਸ ਸਮੱਸਿਆ ਨੂੰ ਅੱਖੀਂ ਦੇਖ ਚੁਕੇ ਹਨ। ਫਿਲਮ ਦੀ ਸਾਰੀ ਸ਼ੂਟਿੰਗ ਵੀ ਸਾਊਥ ਸਾਈਡ ਸ਼ਿਕਾਗੋ ਵਿਚ ਕੀਤੀ ਗਈ ਹੈ। ਫਿਲਮ ਇਹ ਸੰਦੇਸ਼ ਦਿੰਦੀ ਹੈ ਕਿ ਆਸ, ਉਮੀਦ ਤੇ ਹਿੰਮਤ ਨਾਲ ਤੁਸੀਂ ਹਰ ਸਮੱਸਿਆ ਵਿਚੋਂ ਨਿਕਲ ਸਕਦੇ ਹੋ। ਜੇ ਇੱਛਾ ਸ਼ਕਤੀ ਮਜਬੂਤ ਹੋਵੇ ਤਾਂ ਤੁਸੀਂ ਕਮਿਊਨਿਟੀ ਦੇ ਸਹਿਯੋਗ ਨਾਲ ਇਨ੍ਹਾਂ ਗਰੁਪਾਂ ਤੋਂ ਵੀ ਛੁਟਕਾਰਾ ਪਾ ਸਕਦੇ ਹੋ।


ਫਿਲਮ ਦੀ ਹੀਰੋਇਨ ਕ੍ਰਿਸਟੀਨਾ ਏਲੀਸ ਨੇ ਕਿਹਾ ਕਿ ਉਹ ਸਾਊਥ ਸ਼ਿਕਾਗੋ ਵਿਚ ਹੀ ਰਹੀ ਹੈ, ਇਸ ਤਰ੍ਹਾਂ ਦੇ ਮਾਹੌਲ ਤੋਂ ਜਾਣੂ ਹੈ ਤੇ ਜੋ ਕੁਝ ਦੇਖਿਆ ਹੈ, ਉਸ ਨਾਲ ਨੋਲਾ ਦਾ ਕਿਰਦਾਰ ਨਿਭਾਉਣ ਵਿਚ ਉਸ ਨੂੰ ਕਾਫੀ ਮਦਦ ਮਿਲੀ ਹੈ। ਐਕਟਰ ਸਿਮਸਨ ਹੈਂਡਰਸਨ ਨੇ ਵੀ ਇਸ ਗੱਲ ਦੀ ਹਾਮੀ ਭਰੀ। ਉਹ ਵੀ ਸਾਊਥ ਸ਼ਿਕਾਗੋ ਨਾਲ ਸਬਧੰਤ ਹੋਣ ਕਰਕੇ ਉਸ ਨੇ ਬਚਪਨ ਤੋਂ ਸਭ ਕੁਝ ਭਲੀ ਭਾਂਤ ਵਾਚਿਆ ਹੈ। ਇਹ ਸਭ 'ਜੈ' ਦਾ ਰੋਲ ਅਦਾ ਕਰਨ ਵਿਚ ਬਹੁਤ ਸਹਾਇਕ ਹੋਇਆ।




ਫਿਲਮ 'ਵੀਰੋਨਿਕਾ ਮਾਰਸ' ਦਾ ਪੋਸਟਰ

**Sistar Mortgage**

Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



**Michigan Truck Driving School**

6405 Middlebelt Road, Romulus, MI 48174

ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai **Cell:734-644-1010** Office:734-747-4298



ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ

**ਪੰਜਾਬੀ ਢਾਬਾ**

1480 N. State Road 1, Cambridge City, IN 47327

ਕੈਬਰਿਜ ਸਿਟੀ (ਇੰਡੀਆਨਾ) ਵਿਚ ਪੰਜਾਬੀ ਢਾਬੇ ਲਈ

**ਡਿਸ਼ਵਾਸ਼ਰ, ਹੈਲਪਰ, ਵੇਟਰ ਅਤੇ ਕੁਕ ਚਾਹੀਦੇ ਹਨ**

ਚੰਗੀ ਤਨਖਾਹ, ਖਾਣਾ ਮੁਫਤ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਮਨਜੀਤ ਨਾਗਰਾ
**ਫੋਨ: 317-750-1900**



**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**

***One of the Fastest Growing City in America and Best School System...***



- ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ

**Manjit Singh Nagra**
*Realtor/Broker*
**Cell: 317-750-1900**
6979 Hillsdale Court
Indianapolis, Indiana 46250

**Gurdeep (Garry) Chhokar**
Realtor/Broker
**Cell: 317-500-1247**

Star Alliance BROKERAGE



***We do all type of Home and Commercial Loan. Same day loan approval...***